

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Helpful in Easy and Accessible Home Loans at best Interest Rates.

CENTURY 21 SCHEETZ
RAYD@C21Scheetz.com



Twenty-Fourth Year of Publication ਮਿਡਵੈਸਟ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 30; July 29, 2023 20451 N. Plum Grove Rd., Palatine, IL 60074 Ph:847-359-0746, Fax:847-705-9388


# ਭਾਜਪਾ ਪੰਜਾਬ ’ਚ ਨਵਾਂ ਦਾਅ ਖੇਡਣ ਦੇ ਰੌਂਅ ’ਚ

**ਚੰਡੀਗੜ੍ਹ:** ਅਕਾਲੀ ਦਲ (ਬਾਦਲ) ਅਤੇ ਭਾਜਪਾ ਦਰਮਿਆਨ ਮੁੜ ਭਾਈਵਾਲੀ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ ਦੌਰਾਨ ਭਗਵਾ ਧਿਰ ਨਵਾਂ ਦਾਅ ਖੇਡਣ ਵਿਚ ਜੁਟ ਗਈ ਹੈ। ਭਾਜਪਾ ਨੇ ਅਕਾਲੀ ਦਲ ਉਤੇ ਦਬਾਅ ਵਧਾਉਣ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ ਹੈ।

ਕੌਮੀ ਜਮਹੂਰੀ ਮੋਰਚਾ (ਐਨ.ਡੀ.ਏ.) ਦੀ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਮਰਹੂਮ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸਤ ਦਾ ਵਾਰਿਸ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੂੰ ਦੱਸਣ ਪਿੱਛੋਂ ਪੰਜਾਬ ਦੀ ਲੀਡਰਸ਼ਿੱਪ ਵੀ ਟਕਸਾਲੀ ਆਗੂਆਂ ਨੂੰ ਸੁਖਬੀਰ ਦਾ ਸਾਥ ਛੱਡ ਕੇ ਭਾਜਪਾ ਦੇ ਹਮਾਇਤੀ ਅਕਾਲੀ ਧੜਿਆਂ ਨੂੰ ਸਮਰਥਨ ਦੀਆਂ ਸਲਾਹਾਂ ਦੇਣ ਲੱਗੀ ਹੈ। ਸੀਨੀਅਰ ਭਾਜਪਾ ਆਗੂ ਹਰਜੀਤ ਸਿੰਘ ਗਰੇਵਾਲ ਨੇ ਇਥੋਂ ਤੱਕ ਆਖ ਦਿੱਤਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਪਿੱਛੋਂ ਅਕਾਲੀ ਦਲ ਦਾ ਅਸਲ ਵਾਰਸ ਸੁਖਦੇਵ ਸਿੰਘ ਢੀਂਡਸਾ ਹੈ ਅਤੇ ਸੁਖਬੀਰ ਧੜੇ ਵਿਚ ਬਚੇ ਟਕਸਾਲੀ ਆਗੂਆਂ ਨੂੰ ਢੀਂਡਸਾ ਦਾ ਸਾਥ ਦੇਣਾ ਚਾਹੀਦਾ ਹੈ।

ਯਾਦ ਰਹੇ ਕਿ ਪਿਛਲੇ ਦਿਨੀਂ ਦੋਵਾਂ ਧਿਰਾਂ (ਅਕਾਲੀ ਦਲ-ਭਾਜਪਾ) ਨੇ ਨੇੜੇ ਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ ਪਰ ਸੀਟਾਂ ਦੀ ਵੰਡ ਨੂੰ ਲੈ ਕੇ ਤਾਣੀ ਉਲਝ ਗਈ ਸੀ। ਅਕਾਲੀ ਦਲ ਪਹਿਲਾਂ ਵਾਂਗ ‘ਵੱਡੇ ਭਰਾ’ ਵਜੋਂ ਗੱਠਜੋੜ ਦਾ ਹਿੱਸਾ ਬਣਨ ਦੀ ਇੱਛਾ ਰੱਖਦਾ ਹੈ ਪਰ ਭਾਜਪਾ ਅਕਾਲੀ ਦਲ ਦੀ ਮੌਜੂਦਾ ਹਾਲਤ ਨੂੰ ਅੱਗੇ ਰੱਖ ਕੇ ਉਸ ਦਾ ਵਜ਼ਨ ਤੋਲ ਰਹੀ ਹੈ। ਸਿਆਸੀ ਮਾਹਿਰ ਦਾ ਕਹਿਣਾ ਹੈ ਕਿ ਭਾਜਪਾ ਇਹ ਚੰਗੀ ਤਰ੍ਹਾਂ ਸਮਝਦੀ ਹੈ ਕਿ ਅਕਾਲੀ ਦਲ (ਬਾਦਲ) ਦਾ ਹੁਣ ਉਸ ਬਿਨਾਂ ਸਰਨ ਵਾਲਾ ਨਹੀਂ। ਇਸ ਲਈ ਸੁਖਬੀਰ ਦੀ ਅਗਵਾਈ ਨੂੰ ਚੁਣੌਤੀ ਦੇ ਕੇ ਦਬਾਅ ਬਣਾਇਆ ਜਾ ਰਿਹਾ ਹੈ। ਦਰਅਸਲ,



*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨਾਲ ਇਕ ਪੁਰਾਣੀ ਤਸਵੀਰ।*

ਪਾਰਟੀ ਅੰਦਰ ਸੁਖਬੀਰ ਦੀ ਅਗਵਾਈ ਨੂੰ ਲੈ ਕੇ ਪਹਿਲਾਂ ਹੀ ਬਾਗੀ ਸੁਰਾਂ ਤੇਜ਼ ਹੋ ਰਹੀਆਂ ਹਨ। ਵੱਡੀ ਗਿਣਤੀ ਟਕਸਾਲੀ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਗਏ ਹਨ। ਸੁਖਬੀਰ ਬਾਦਲ ਵੱਲੋਂ ਪਾਰਟੀ ਦੀ ਮਹਿਲਾ ਵਿੰਗ ਦੀ ਨਵੀਂ ਪ੍ਰਧਾਨ ਥਾਪੇ ਜਾਣ ਤੋਂ ਬਾਅਦ ਸਮੁੱਚਾ ਮਹਿਲਾ ਵਿੰਗ ਬਾਗੀ ਹੋ ਗਿਆ ਹੈ। ਮਹਿਲਾ ਆਗੂਆਂ ਦੀ ਬਗਾਵਤ ਤੋਂ ਬਾਅਦ ਸੁਖਦੇਵ ਸਿੰਘ ਢੀਂਡਸਾ ਵੀ ਅਕਾਲੀ ਦਲ ਦੇ ਹੋਰਨਾਂ ਆਗੂਆਂ ਨੂੰ ਜ਼ਮੀਰ ਮੁਤਾਬਕ ਫੈਸਲੇ ਲੈਣ ਦਾ ਹੋਕਾ ਦੇ ਰਹੇ ਹਨ।

ਸੂਬੇ ਵਿਚ ਪੌਣੇ ਤਿੰਨ ਦਹਾਕਿਆਂ ਦੇ ਸਮੇਂ ਤੋਂ ਬਾਅਦ ਪਹਿਲੀ ਵਾਰੀ ਅਜਿਹੀ ਸਥਿਤੀ ਬਣੀ ਹੋਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਕੌਮੀ ਸਿਆਸਤ ਵਿਚ ਪੂਰੀ ਤਰ੍ਹਾਂ ਬੇਅਸਰ ਦਿਖਾਈ ਦੇ ਰਿਹਾ ਹੈ। ਸੁਖਬੀਰ ਵਾਲੇ ਅਕਾਲੀ ਦਲ ਦੀ ਹਾਲਤ ਹੁਣ ਇਹ ਹੈ ਕਿ ਇਸ ਨੂੰ ਨਾ ਤਾਂ ਕਾਂਗਰਸ ਦੀ ਅਗਵਾਈ ਵਾਲੇ ‘ਇੰਡੀਆ’ ਗੱਠਜੋੜ ਨੇ ਮੂੰਹ ਲਾਇਆ ਅਤੇ ਨਾ ਹੀ ਭਾਰਤੀ ਜਨਤਾ ਪਾਰਟੀ ਨੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਨੇ ਨੇੜੇ ਲੱਗਣ ਦਿੱਤਾ। ਵਿਰੋਧੀ ਪਾਰਟੀਆਂ ਦੇ ਗੱਠਜੋੜ ਤੋਂ ਬਾਅਦ ਜਿਵੇਂ ਹੀ ਐਨ.ਡੀ.ਏ. ਦੇ ਰੁੱਸੇ ਭਾਈਵਾਲਾਂ ਨੂੰ ਮਨਾਉਣ ਦੀ ਕਵਾਇਦ ਸ਼ੁਰੂ ਕੀਤੀ ਤਾਂ ਅਕਾਲੀ ਆਗੂਆਂ ਨੂੰ ਆਸ ਦੀ ਕਿਰਨ ਦਿਖਾਈ ਦੇਣ ਲੱਗੀ ਸੀ ਕਿ ਪੁਰਾਣਾ ਭਾਈਵਾਲ ਇਕ ਵਾਰੀ ਮੁੜ ਗਿਲੇ ਸ਼ਿਕਵੇ ਭੁਲਾ ਕੇ ਉਸ ਨੂੰ ਗਲ ਲਾਵੇਗਾ ਪਰ ਹੋਇਆ ਇਸ ਦੇ ਉਲਟ; ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨਾਲ ਰਾਬਤਾ ਕਾਇਮ ਕਰਕੇ ਐਨ.ਡੀ.ਏ. ਦੀ ਮੀਟਿੰਗ ਵਿਚ ਪੁੱਜਣ ਲਈ ਸੱਦਾ ਦਿੱਤਾ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਜਿਸ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠਲੇ ਅਕਾਲੀ ਦਲ ਨੂੰ ਨਜ਼ਰਅੰਦਾਜ਼ ਕੀਤਾ ਹੈ, ਉਸ ਤੋਂ ਇਕ ਗੱਲ ਸਪੱਸ਼ਟ ਹੋ ਗਈ ਹੈ ਕਿ ਆਗਾਮੀ ਸੰਸਦੀ ਚੋਣਾਂ ਦੌਰਾਨ ਅਕਾਲੀਆਂ ਕੋਲ ਬਹੁਜਨ ਸਮਾਜ ਪਾਰਟੀ ਨਾਲ ਸਿਆਸੀ ਸਾਂਝ ਬਰਕਰਾਰ ਰੱਖਣ ਤੋਂ ਬਾਅਦ ਕੋਈ ਚਾਰਾ ਬਾਕੀ ਨਹੀਂ ਬਚਿਆ। ਅਕਾਲੀ ਦਲ ਨੂੰ ਸਪਸ਼ਟ ਸੁਨੇਹਾ ਮਿਲ ਗਿਆ ਹੈ ਕਿ ਜੇ ਭਾਜਪਾ ਦਾ ਭਾਈਵਾਲ ਬਣਨ ਹੈ ਤਾਂ ਉਸ ਦੀ ਭੂਮਿਕਾ ਛੋਟੇ ਭਰਾ ਵਾਲੀ ਹੋਵੇਗੀ।

## ਸੁਖਬੀਰ ਦੀ ਅਗਵਾਈ ਪਿੱਛੋਂ ਦਲ ਨੂੰ ਖੋਰਾ

**ਚੰਡੀਗੜ੍ਹ:** ਸੁਖਬੀਰ ਸਿੰਘ ਬਾਦਲ ਦੀ ਅਗਵਾਈ ਤੋਂ ਨਾਰਾਜ਼ ਕਈ ਕੱਦਾਵਰ ਆਗੂ ਅਕਾਲੀ ਦਲ ਨੂੰ ਅਲਵਿਦਾ ਆਖ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਅੰਦਰ ਬਗਾਵਤਾਂ ਦਾ ਅਮਲ 2017 ਦੀਆਂ ਚੋਣਾਂ ਹਾਰਨ ਤੋਂ ਬਾਅਦ ਸ਼ੁਰੂ ਹੋਇਆ ਸੀ। ਦਲ ਅੰਦਰ ਚੱਲ ਰਹੇ ਸੰਕਟ ਦੇ ਹੱਲ ਲਈ ਪਾਰਟੀ ਨੇ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਕਮੇਟੀ ਬਣਾ ਕੇ ਰਿਪੋਰਟ ਤਿਆਰ ਕੀਤੀ ਗਈ। ਇਸ ਕਮੇਟੀ ਦੀ ਰਿਪੋਰਟ ਵਿਚ ਸਪਸ਼ਟ ਤੌਰ ‘ਤੇ ਅਕਾਲੀ ਦਲ ਦੇ ਵਰਕਰਾਂ ਨੇ ਪਾਰਟੀ ਦੀ ਲੀਡਰਸ਼ਿਪ ਖਾਸ ਕਰ ਬਾਦਲਾਂ ਦੀ ਕਾਰਗੁਜ਼ਾਰੀ ‘ਤੇ ਸਵਾਲੀਆ ਨਿਸ਼ਾਨ ਲਾਇਆ ਸੀ। ਕਮੇਟੀ ਦੀ ਲੀਡਰਸ਼ਿਪ ਤਬਦੀਲੀ ਬਾਰੇ ਸਿਫਾਰਸ਼ ਨੂੰ ਹੇਠਲੇ ਪੱਧਰ ਤੱਕ ਹੀ ਲਾਗੂ ਕਰਕੇ ਸੁਖਬੀਰ ਦੀ ਕੁਰਸੀ ਬਚਾ ਲਈ ਗਈ।

ਦੇਖਿਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲੋਂ ਸਿਆਸੀ ਗੱਠਜੋੜ ਤੋੜਨ ਤੋਂ ਬਾਅਦ ਪਾਰਟੀ ਦਾ ਪੰਜਾਬ ਵਿਚ ਸਿਆਸੀ ਪ੍ਰਭਾਵ ਲਗਾਤਾਰ ਘਟ ਰਿਹਾ ਹੈ। 2022 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀਆਂ ਦਾ ਵੋਟ ਬੈਂਕ ਘੱਟ ਕੇ 18 ਫੀਸਦੀ ਤੱਕ ਰਹਿ ਗਿਆ ਸੀ ਜਦੋਂ ਕਿ ਭਾਜਪਾ ਨੇ ਗੁਜ਼ਾਰੇ ਜੋਗੀਆਂ ਵੋਟਾਂ ਹਾਸਲ ਕਰਨ ਤੋਂ ਬਾਅਦ ਸੰਗਰੂਰ ਅਤੇ ਜਲੰਧਰ ਸੰਸਦੀ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੌਰਾਨ ਵੀ ਪ੍ਰਭਾਵਸ਼ਾਲੀ ਵੋਟ ਬੈਂਕ ਹਾਸਲ ਕੀਤਾ ਸੀ ਜਦੋਂ ਕਿ ਅਕਾਲੀਆਂ ਨੂੰ ਇਨ੍ਹਾਂ ਚੋਣਾਂ ‘ਚ ਵੀ ਨਿਰਾਸ਼ਾ ਮਿਲੀ।

ਸ਼੍ਰੋਮਣੀ ਅਕਾਲੀ ਦਲ ਦੇ ਇਸ ਸਮੇਂ ਲੋਕ ਸਭਾ ਵਿਚ ਦੋ ਮੈਂਬਰ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਹਨ। ਇਸ ਪਾਰਟੀ ਦਾ ਰਾਜ ਸਭਾ ਵਿਚ ਕੋਈ ਮੈਂਬਰ ਨਹੀਂ। ਪੰਜਾਬ ਵਿਧਾਨ ਸਭਾ ਵਿਚ ਵੀ ਪਾਰਟੀ ਨੂੰ 3 ਸੀਟਾਂ ਨਾਲ ਹੀ ਸਬਰ ਕਰਨਾ ਪਿਆ ਸੀ। ਮੰਨਿਆ ਜਾ ਰਿਹਾ ਹੈ ਕਿ ਅਕਾਲੀ ਦਲ ਦੇ 2022 ਦੀਆਂ ਵਿਧਾਨ ਸਭਾ ਚੋਣਾਂ ‘ਚ ਹੋਈ ਇਤਿਹਾਸਕ ਤੇ ਨਮੋਸ਼ੀ ਭਰੀ ਹਾਰ ਤੋਂ ਬਾਅਦ ਨਿਘਾਰ ਦਾ ਅਮਲ ਜਾਰੀ ਰਹਿਣ ਕਾਰਨ ਸੁਖਬੀਰ ਬਾਦਲ ਦੀ ਪਾਰਟੀ ਉਪਰ ਪਕੜ ਹੋਰ ਵੀ ਘਟ ਸਕਦੀ ਹੈ। ਅਕਾਲੀ ਦਲ ਦੀਆਂ ਮਹਿਲਾ ਆਗੂਆਂ ਦੀ ਬਗਾਵਤ ਨੇ ਸੁਖਬੀਰ ਬਾਦਲ ਤੇ ਪਾਰਟੀ ਦੀਆਂ ਚੁਣੌਤੀਆਂ ਵਧਾ ਦਿੱਤੀਆਂ ਹਨ। ਪੰਜਾਬ ਦੀਆਂ ਬੀਬੀਆਂ ਨੂੰ ਦਿੱਲੀ ਇਕਾਈ ਦੀਆਂ ਬੀਬੀਆਂ ਦਾ ਵੀ ਸਾਥ ਮਿਲ ਗਿਆ। ਅਕਾਲੀ ਦਲ ਦੀ ਸੀਨੀਅਰ ਆਗੂ ਪਰਮਜੀਤ ਕੌਰ ਲਾਂਡਰਾ ਨੇ ਦਾਅਵਾ ਕੀਤਾ ਹੈ ਕਿ ਇਸਤਰੀ ਅਕਾਲੀ ਦਲ (ਦਿੱਲੀ ਸਟੇਟ) ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਬੀਬੀ ਰਣਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ ਸੀ ਜਿਸ ਵਿਚ ਦਿੱਲੀ ਇਕਾਈ ਦੀ ਕੋਰ ਕਮੇਟੀ ਦੀਆਂ ਬੀਬੀਆਂ ਨੇ ਸ਼ਮੂਲੀਅਤ ਕੀਤੀ। ਪੰਜਾਬ ਦੀਆਂ ਮਹਿਲਾ

*(ਬਾਕੀ ਸਫਾ 6 ‘ਤੇ)*


TBF THE BAINS FIRM




Manpreet S. Bains

Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*Personal Injury and Wrongful Death Attorneys*

Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury



WILLIAM E. WEISS
Of Counsel

Offices in San Francisco and Union City



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**




Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020




## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976




**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020

# ਸੜਕ ਹਾਦਸੇ ਵਿਚ ਪੰਜਾਬੀ ਨੌਜਵਾਨ ਦੀ ਮੌਤ



**ਫਿਸ਼ਰਜ਼, ਇੰਡੀਅਨਐਪੋਲਿਸ:** ਸ਼ਨਿਚਰਵਾਰ 22 ਜੁਲਾਈ ਨੂੰ ਇੱਥੋਂ ਦੀ 116 ਸਟਰੀਟ ਦੇ ਇੰਟਰਸੈਕਸ਼ਨ 'ਤੇ ਮੋਟਰਸਾਈਕਲ ਅਤੇ ਫੋਰਡ ਟਰੱਕ ਵਿਚਕਾਰ ਹੋਈ ਟੱਕਰ ਦੌਰਾਨ 21 ਸਾਲਾ ਨੌਜਵਾਨ ਜਸਨੂਰ ਸਿੰਘ ਔਲਖ ਦੀ ਮੌਤ ਹੋ ਗਈ। ਉਹ ਮੂਲ ਰੂਪ ਵਿਚ ਪੰਜਾਬ ਦੇ ਕੁੱਪ ਪਿੰਡ ਨਾਲ ਸਬੰਧਤ ਸੀ ਅਤੇ ਆਪਣੀ ਮਾਤਾ ਅਤੇ ਛੋਟੇ ਭਰਾ ਨਾਲ ਪਿਛਲੇ ਕਈ ਸਾਲਾਂ ਤੋਂ ਇੱਥੇ ਰਹਿ ਰਿਹਾ ਸੀ। ਜਸਨੂਰ ਦੀ ਮੌਤ ਨਾਲ ਪੰਜਾਬੀ ਭਾਈਚਾਰਾ ਡੂੰਘੇ ਸਦਮੇ ਵਿਚ ਹੈ।

ਪੁਲਿਸ ਵਿਭਾਗ ਅਨੁਸਾਰ ਹਾਦਸੇ ਵਿਚ ਜ਼ਖਮੀ ਹੋਣ ਮਗਰੋਂ ਜਸਨੂਰ ਨੂੰ ਕਰੀਬੀ ਹਸਪਤਾਲ ਵਿਚ ਲਿਜਾਇਆ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਟਰੱਕ ਡਰਾਈਵਰ ਦੀ ਸ਼ਨਾਖਤ 48 ਸਾਲਾ ਕ੍ਰਿਸਟੀਨਾ ਸੱਟਨ ਵਜੋਂ ਹੋਈ ਹੈ, ਜੋ ਜਾਂਚ ਵਿਚ ਪੁਲਿਸ ਦੀ ਮਦਦ ਕਰ ਰਿਹਾ ਹੈ। ਪੁਲਿਸ ਮਾਮਲੇ ਦੀ ਜਾਂਚ ਵਿਚ ਜੁਟੀ ਹੋਈ ਹੈ।

ਜ਼ਿਕਰਯੋਗ ਹੈ ਕਿ ਜਸਨੂਰ ਦੇ ਪਿਤਾ ਜੀ ਭਾਰਤ ਵਿਚ ਹਨ ਤੇ ਪਰਿਵਾਰ ਵਲੋਂ ਉਨ੍ਹਾਂ ਦੇ ਅਮਰੀਕਾ ਆਉਣ ਦੀ ਉਡੀਕ ਕੀਤੀ ਜਾ ਰਹੀ ਹੈ, ਜਿਸ ਤੋਂ ਬਾਅਦ ਜਸਨੂਰ ਦਾ ਸਸਕਾਰ ਕੀਤਾ ਜਾਵੇਗਾ।

# ਹਿਊਸਟਨ ਵਿਚ ਛੋਟਾ ਜਹਾਜ਼ ਤਬਾਹ, ਇਕ ਹਲਾਕ

ਟੈਕਸਸ ਦੇ ਹਿਊਸਟਨ ਸ਼ਹਿਰ ਵਿਚ ਇਕ ਛੋਟਾ ਜਹਾਜ਼ ਬਿਜਲੀ ਦੀ ਲਾਈਨ ਨਾਲ ਟਕਰਾਅ ਕੇ ਜ਼ਮੀਨ ਉਪਰ ਆ ਡਿੱਗਾ। ਇਸ ਘਟਨਾ ਵਿਚ ਇਕ ਵਿਅਕਤੀ ਮਾਰਿਆ ਗਿਆ। ਹੈਰਿਸ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਇਸ ਘਟਨਾ ਕਾਰਨ ਇਲਾਕੇ ਵਿਚ ਬਿਜਲੀ ਗੁੱਲ ਹੋ ਗਈ। ਹੈਰਿਸ ਕਾਊਂਟੀ ਸ਼ੈਰਿਫ ਐਡਗੋਂਜ਼ਾਲੇਜ਼ ਨੇ ਕਿਹਾ ਹੈ ਕਿ ਤਬਾਹ ਹੋਇਆ ਕਰਾਪ ਡਸਟਰ ਕਿਸਮ ਦਾ ਜਹਾਜ਼ ਹੈ ਜਿਸਦੀ ਵਰਤੋਂ ਫਸਲਾਂ ਉਪਰ ਕੀੜੇਮਾਰ ਦਵਾਈਆਂ ਛਿੜਕਣ ਜਾਂ ਹੋਰ ਸਮੱਗਰੀ ਲਿਜਾਣ ਲਈ ਕੀਤੀ ਜਾਂਦੀ ਹੈ। ਘਟਨਾ ਦੀ ਜਾਂਚ ਟੈਕਸਸ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਕਰ ਰਿਹਾ ਹੈ।

## Change of Name

This is to certify that I Jaspal Singh Lubana son of Sewa Singh resident of village Jhanda Lubana P/o Bhaini Mian Khan, Distt: Gurdaspur, Pin 143517 Punjab, India, now living at 3545 Brentwood Avenue, Indianapolis 46235, have changed my name to Jaspal Singh. All concerned please note.


## ਛੋਟੇ ਟਰੱਕ ਡਰਾਈਵਰਾਂ ਤੇ ਵੈਨ ਡਰਾਈਵਰਾਂ ਦੀ ਲੋੜ

174 ਵੈਸਟ ਸਟੇਵ ਮਿਲ ਰੋਡ ਰੋਜਰਸ (ਅਰਕਨਸਾਂਸ) ਵਿਖੇ ਛੋਟੇ ਟਰੱਕ ਡਰਾਈਵਰਾਂ, ਵੈਨ ਡਰਾਈਵਰਾਂ ਅਤੇ ਵੇਅਰਹਾਊਸ ਵਿਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ।

ਚਾਹਵਾਨ ਸੰਪਰਕ ਕਰਨ:

**ਸੁਖਪਾਲ ਸਿੰਘ ਚਾਂਦੀ; ਫੋਨ: 479-544-7066**

## Wanted Small Truck Drivers and Van Drivers

Small Truck drivers, Van drivers and Warehouse workers needed at 174 West Stave Mill Road Rogers (Arkansas).

**Contact: Sukhpal Singh Chandi**
**Phone: 479-544-7066**



## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency Call anytime at 847-673-3825



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੀ ਦੀ ਲੋੜ ਹੈ

USA based Sharma family looking for a suitable match for their son, age 31, 5'9", currently based in Punjab, India. He has done C.Ped and D.Ped from Punjab university. Pure vegetarian, does not smoke, nor drink. He is very loyal and a loving person and looking forward for someone with similar interest. Girl should be from USA or Canada. Contact us at 248-579-3135 or e-mail: Sharmaabpreet@gmail.com 30-33

Wanted suitable match for Ivy League MBA Jatt Sikh divorced man, age 40, height 5'10" settled in the Bay Area (California). Homeowner and working as a Senior Product Manager in big tech. Moved from Chandigarh (India) to the US 12 years ago. Looking in the US only. Caste no bar. Please contact us @ dhillonravi1983@gmail.com or 408-859-5613. 30-33

Ramgarhia Sikh Family looking for a suitable match for their 29 years old, 5' 11" Boy. Education: B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Please Contact us at: (559) 702- 6844. 30-33

Ramgarhia Sikh Family looking for a suitable match for their 29 years old, 5' 11" Boy. B. Com and well settled in Fresno, California, USA. Gotra: Khural & Bansal. Girl must be U.S. Citizen or Permanent resident. Contact us at: (559) 702- 6844. 29-32

## ਲੜਕੇ ਦੀ ਲੋੜ ਹੈ

Ramgarhia Sikh family looking for a suitable Ramgarhia Sikh Dhiman match for their beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact us at: manpreets1211@gmail.com 30-33

Jatt Sikh family looking for a suitable match (only from Jatt Sikh family) for their US born and raised beautiful Doctor daughter, age 30, height 5'.5", doing residency. Please contact at caprisingh8@yahoo.com to exchange information and phone numbers. Serious inquiries only. 30-33

Parjapat family Looking for a suitable Match for their daughter, USA citizen age 33, 5'4" Divorced, no kids, Degree in Accounting, well settled in California. Please contact us at 337-513-2504 or e-mail: beantsingh94553@yahoo.com 29-32

Jat Sikh well educated and well settled family seeking suitable match for their September, 2001 US born 5'4" daughter. Turban wearing keshadari boy and compatible humble family is preference but not limited to. She possesses AA degree in management and Supervision. Employed as Federal employee in Bay Area (California). Contact us @ Ph:510-861-6491 or e-mail at: pgrrealty@gmail.com 26-29

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com




## UMA TRAVELS

**2535 West Devon Ave., Chicago, IL 60659**

**For Delhi-Bombay Ahmedabad, Hydrabad-Madra**
**Call For Special Sale Fares**

**Call: 773-338-5603**

# ਮਨੀਪੁਰ 'ਚ ਹਿੰਸਾ ਅਤੇ ਔਰਤਾਂ ਨਾਲ ਬਦਸਲੂਕੀ ਦਾ ਮਾਮਲਾ ਭਖਿਆ

**ਨਵੀਂ ਦਿੱਲੀ:** ਮਨੀਪੁਰ 'ਚ ਹਿੰਸਾ ਅਤੇ ਔਰਤਾਂ ਨਾਲ ਬਦਸਲੂਕੀ ਦਾ ਮਾਮਲਾ ਭਖ ਗਿਆ ਹੈ। ਪੰਜਾਬ ਸਮੇਤ ਹੋਰ ਸੂਬਿਆਂ 'ਚ ਕਈ ਪਾਰਟੀਆਂ, ਜਥੇਬੰਦੀਆਂ ਅਤੇ ਆਮ ਲੋਕਾਂ ਵੱਲੋਂ ਮਨੀਪੁਰ ਦੀ ਖ਼ੌਫਨਾਕ ਘਟਨਾ ਦੇ ਵਿਰੋਧ 'ਚ ਪ੍ਰਦਰਸ਼ਨ ਕਰਦਿਆਂ ਮੋਮਬੱਤੀ ਮਾਰਚ ਕੱਢੇ ਗਏ। ਉਧਰ, ਹੁਕਮਰਾਨ ਭਾਜਪਾ ਅਤੇ ਵਿਰੋਧੀ ਧਿਰਾਂ ਵੱਲੋਂ ਬਣਾਈ ਗਈ ਨਵੀਂ ਜਥੇਬੰਦੀ 'ਇੰਡੀਆ' ਵੀ ਆਹਮੋ-ਸਾਹਮਣੇ ਆ ਗਏ ਹਨ। ਵਿਰੋਧੀ ਧਿਰਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸੰਸਦ 'ਚ ਮਨੀਪੁਰ ਮੁੱਦੇ 'ਤੇ ਚਰਚਾ ਕਰਵਾਈ ਜਾਵੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਿਆਨ ਦੇਣ।

ਭਾਜਪਾ ਰਾਜਸਥਾਨ, ਪੱਛਮੀ ਬੰਗਾਲ, ਬਿਹਾਰ ਅਤੇ ਹੋਰ ਗੈਰ-ਭਾਜਪਾਈ ਸੂਬਿਆਂ 'ਚ ਔਰਤਾਂ ਨਾਲ ਹੋ ਰਹੀ ਧੱਕੇਸ਼ਾਹੀ ਦੇ ਮੁੱਦੇ ਉਠਾ ਕੇ ਵਿਰੋਧੀ ਧਿਰਾਂ ਨੂੰ ਘੇਰਨ ਦੇ ਰੌਂਅ 'ਚ ਹੈ। ਭਾਜਪਾ ਨੇ ਸੰਸਦ ਪਰਿਸਰ 'ਚ ਮਹਾਤਮਾ ਗਾਂਧੀ ਦੇ ਬੁੱਤ ਅੱਗੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ ਜਿਸ 'ਚ ਪਾਰਟੀ ਦੇ ਸਾਰੇ ਸੰਸਦ ਮੈਂਬਰ ਅਤੇ ਕੇਂਦਰੀ ਮੰਤਰੀ ਵੀ ਹਾਜਰੀ ਭਰਨਗੇ। ਵਿਰੋਧੀ ਧਿਰਾਂ ਦੇ ਨਵੇਂ ਬਣੇ ਗੱਠਜੋੜ ਇੰਡੀਆ (ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਜ਼ਿਵ ਅਲਾਇੰਸ) ਦੇ ਆਗੂ ਵੀ ਭਾਜਪਾ ਨੂੰ ਘੇਰਨ ਦੀ ਰਣਨੀਤੀ ਬਣਾ ਰਹੇ ਹਨ। ਵਿਰੋਧੀ ਧਿਰਾਂ ਨੇ ਮਨੀਪੁਰ ਮੁੱਦੇ 'ਤੇ ਚਰਚਾ ਲਈ ਸੰਸਦ ਦੇ ਦੋਵੇਂ ਸਦਨਾਂ 'ਚ



ਨੋਟਿਸ ਦਿੱਤੇ ਹੋਏ ਹਨ। ਲੋਕ ਸਭਾ 'ਚ ਨਿਯਮ 193 ਅਤੇ ਰਾਜ ਸਭਾ 'ਚ ਨਿਯਮ 176 ਅਤੇ 267 ਤਹਿਤ ਨੋਟਿਸ ਦਿੱਤੇ ਗਏ ਹਨ। ਸਰਕਾਰ ਨੇ ਲੋਕ ਸਭਾ ਅਤੇ ਰਾਜ ਸਭਾ 'ਚ ਮਨੀਪੁਰ ਮੁੱਦੇ ਉਪਰ ਚਰਚਾ 'ਤੇ ਸਹਿਮਤੀ ਜਤਾਈ ਹੈ।

ਮਨੀਪੁਰ 'ਚ ਜਾਤੀ ਆਧਾਰਿਤ ਹਿੰਸਾ ਕਾਰਨ ਸੰਸਦ ਦੇ ਮਾਨਸੂਨ ਸੈਸ਼ਨ 'ਚ ਜਾਰੀ ਖੜੌਤ ਵਿਚਾਲੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਵਿਰੋਧੀ ਧਿਰ ਨੂੰ ਹੱਥ ਜੋੜ ਕੇ ਅਪੀਲ ਕੀਤੀ ਕਿ ਉਹ ਇਸ ਮੁੱਦੇ 'ਤੇ ਚਰਚਾ 'ਚ ਸ਼ਾਮਲ ਹੋਵੇ। ਉਨ੍ਹਾਂ ਵਿਰੋਧੀ ਧਿਰ ਨੂੰ ਅਪੀਲ ਕੀਤੀ ਕਿ ਉਹ ਪੂਰਬ-ਉੱਤਰੀ ਰਾਜ 'ਚ ਮਹਿਲਾਵਾਂ ਖਿਲਾਫ ਜ਼ੁਲਮ 'ਤੇ ਸਿਆਸਤ ਨਾ ਕਰਨ। ਵਿਰੋਧੀ ਪਾਰਟੀਆਂ ਨੇ ਮਨੀਪੁਰ ਦੀ ਸਥਿਤੀ ਨੂੰ ਲੈ ਕੇ ਭਲਕੇ ਸੰਸਦ 'ਚ ਸਾਂਝੇ ਤੌਰ 'ਤੇ ਰੋਸ ਮੁਜ਼ਾਹਰੇ ਦੀ ਯੋਜਨਾ ਬਣਾਈ ਹੈ। ਵਿਰੋਧੀ ਧਿਰ ਮੰਗ ਕਰ ਰਹੀ ਹੈ ਕਿ ਸੰਸਦ 'ਚ ਮਨੀਪੁਰ ਦੇ ਮੁੱਦੇ 'ਤੇ ਚਰਚਾ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਿਆਨ ਦੇਣ ਜਦਕਿ ਸਰਕਾਰ ਜੋਰ ਦੇ ਰਹੀ ਹੈ ਕਿ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਨਹੀਂ ਬਲਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਬੋਲਣਗੇ।

ਮਨੀਪੁਰ ਘਟਨਾ ਸਬੰਧੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖਿਆ ਹੈ। ਸੰਧਵਾਂ ਨੇ ਪੱਤਰ ਵਿਚ ਔਰਤਾਂ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਮਨੀਪੁਰ ਦੇ ਮੁੱਖ ਮੰਤਰੀ ਨੂੰ ਹਟਾਉਣ ਦੀ ਮੰਗ ਵੀ ਕੀਤੀ ਹੈ। ਸੰਧਵਾਂ ਨੇ ਲਿਖਿਆ ਕਿ ਮਨੀਪੁਰ ਹਿੰਸਾ ਲਈ ਉੱਥੇ ਦੇ ਮੁੱਖ ਮੰਤਰੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਉਹ ਔਰਤਾਂ ਵਿਰੁੱਧ ਹਿੰਸਾ ਦੇ ਇਸ ਘਿਨਾਉਣੇ ਕਾਰੇ ਨੂੰ ਰੋਕਣ ਵਿੱਚ ਅਸਫ਼ਲ ਰਹੇ ਹਨ। ਉਨ੍ਹਾਂ ਕਿਹਾ ਕਿ ਮਨੀਪੁਰ 'ਚ ਸਰਕਾਰ ਨੂੰ ਬਰਖ਼ਾਸਤ ਕਰ ਕੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।


## ਪ੍ਰਧਾਨ ਮੰਤਰੀ ਮਨੀਪੁਰ ਬਾਰੇ ਬਿਆਨ ਦੇਣ: ਫਾਰੂਕ

**ਸ੍ਰੀਨਗਰ:** ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲ੍ਹਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਸਦ 'ਚ ਮਨੀਪੁਰ ਦੇ ਹਾਲਾਤ ਬਾਰੇ ਬਿਆਨ ਦੇਣਾ ਚਾਹੀਦਾ ਹੈ ਅਤੇ ਵਿਰੋਧੀ ਪਾਰਟੀਆਂ ਨੂੰ ਇਸ ਮਾਮਲੇ 'ਚ ਆਪਣੇ ਵਿਚਾਰ ਪ੍ਰਗਟਾਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ, 'ਸਾਰੀ ਦੁਨੀਆ ਮਨੀਪੁਰ ਬਾਰੇ ਗੱਲ ਕਰ ਰਹੀ ਹੈ। ਪ੍ਰਧਾਨ ਮੰਤਰੀ ਨੇ ਇਸ ਮੁੱਦੇ 'ਤੇ ਟਿੱਪਣੀ ਕੀਤੀ ਹੈ ਅਤੇ ਬਹੁਤ ਸਖਤ ਸ਼ਬਦਾਂ ਦੀ ਵਰਤੋਂ ਕੀਤੀ ਪਰ ਉਨ੍ਹਾਂ ਨੂੰ ਇਸ ਬਾਰੇ ਸੰਸਦ 'ਚ ਬੋਲਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੂੰ ਵਿਰੋਧੀ ਪਾਰਟੀਆਂ ਦੀ ਗੱਲ ਵੀ ਸੁਣਨੀ ਚਾਹੀਦੀ ਹੈ। ਉਮੀਦ ਹੈ ਕਿ ਸਾਨੂੰ ਸੰਸਦ 'ਚ ਇਸ ਮੁੱਦੇ 'ਤੇ ਚਰਚਾ ਕਰਨ ਦੀ ਇਜਾਜ਼ਤ ਮਿਲੇਗੀ।'

## ਮਨੀਪੁਰ ਕਾਂਡ ਨਾਲ ਦੇਸ਼ ਦੁਨੀਆ ਅੱਗੇ ਸ਼ਰਮਸਾਰ ਹੋਇਆ : ਵੜਿੰਗ

**ਲੁਧਿਆਣਾ:** ਪੰਜਾਬ ਕਾਂਗਰਸ ਨੇ ਸੱਤਿਆਗ੍ਰਹਿ ਦੌਰਾਨ ਮੌਨ ਵਰਤ ਰੱਖਿਆ। ਸੱਤਿਆਗ੍ਰਹਿ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਨਵਜੋਤ ਸਿੰਘ ਸਿੱਧੂ ਸਣੇ ਵਧੇਰੇ ਵੱਡੇ ਆਗੂ ਮੌਜੂਦ ਸਨ। ਸੱਤਿਆਗ੍ਰਹਿ ਦੌਰਾਨ ਆਗੂਆਂ ਨੇ ਰਾਹੁਲ ਗਾਂਧੀ 'ਤੇ ਦਰਜ ਹੋਏ ਕੇਸ ਤੇ ਮਨੀਪੁਰ ਵਿਚ ਹੋਈ ਘਟਨਾ ਖ਼ਿਲਾਫ਼ ਮੌਨ ਵਰਤ ਰੱਖਿਆ। ਇਸ ਦੌਰਾਨ ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਰਾਸ਼ਟਰਪਤੀ ਤੋਂ ਮੰਗ ਕੀਤੀ ਹੈ ਕਿ ਮਨੀਪੁਰ ਦੀ ਸਰਕਾਰ ਨੂੰ ਤੁਰਤ ਬਰਖ਼ਾਸਤ ਕਰਕੇ ਦੋ ਲੜਕੀਆਂ ਨਾਲ ਵਹਿਸ਼ੀਆਨਾ ਕਾਰਾ ਕਰਨ ਵਾਲੇ ਮੁਲਜ਼ਮਾਂ ਨੂੰ ਸਖਤ ਸਜਾ ਦਿੱਤੀ ਜਾਵੇ।

## ਚੀਨ ਵੱਲੋਂ ਤਾਇਵਾਨ ਦੇ ਇਲਾਕੇ 'ਚ ਸ਼ਕਤੀ ਪ੍ਰਦਰਸ਼ਨ



**ਤੈਪੇਈ:** ਚੀਨ ਨੇ ਸ਼ਕਤੀ ਪ੍ਰਦਰਸ਼ਨ ਕਰਦਿਆਂ ਤਾਇਵਾਨ ਵੱਲ ਕਈ ਲੜਾਕੂ ਜਹਾਜ਼ ਭੇਜ ਦਿੱਤੇ। ਜ਼ਿਕਰਯੋਗ ਹੈ ਕਿ ਤਾਇਵਾਨ ਆਉਣ ਵਾਲੇ ਦਿਨਾਂ ਵਿਚ ਜੰਗੀ ਅਭਿਆਸ ਦੀ ਤਿਆਰੀ ਕਰ ਰਿਹਾ ਹੈ। ਇਹ ਅਭਿਆਸ ਟਾਪੂ ਮੁਲਕ ਵੱਲੋਂ ਆਪਣੀ ਰਾਖੀ ਖਾਤਰ ਕੀਤਾ ਜਾ ਰਿਹਾ ਹੈ ਤੇ ਕਿਸੇ ਵੀ ਤਰ੍ਹਾਂ ਦੀ ਘੁਸਪੈਠ ਨੂੰ ਰੋਕਣ ਵੱਲ ਸੇਧਿਤ ਹੈ। ਵੇਰਵਿਆਂ ਮੁਤਾਬਕ ਚੀਨ ਦੀ ਸੈਨਾ ਨੇ 37 ਹਵਾਈ ਜਹਾਜ਼ ਤੇ ਸੱਤ ਸਮੁੰਦਰੀ ਜਹਾਜ਼ ਤਾਇਵਾਨ ਵੱਲ ਭੇਜੇ ਹਨ। ਇਨ੍ਹਾਂ ਵਿਚ ਜੇ-10 ਤੇ ਜੇ-16 ਲੜਾਕੂ ਜਹਾਜ਼, ਐਚ-6 ਬੰਬਾਰ ਤੇ 22 ਹੋਰ ਜਹਾਜ਼ ਸ਼ਾਮਲ ਸਨ। ਇਨ੍ਹਾਂ ਤਾਇਵਾਨ ਦੇ ਸਮੁੰਦਰੀ ਖੇਤਰ ਨੂੰ ਪਾਰ ਕੀਤਾ ਹੈ। ਇਸ ਤੋਂ ਪਹਿਲਾਂ ਵੀ ਚੀਨ ਕਈ ਵਾਰ ਆਪਣੇ ਜੰਗੀ ਜਹਾਜ਼ਾਂ ਨੂੰ ਤਾਇਵਾਨ ਦੇ ਇਲਾਕਿਆਂ ਵਿਚ ਭੇਜ ਚੁੱਕਾ ਹੈ। ਕਈ ਅਮਰੀਕੀ ਆਗੂਆਂ ਦੇ ਤਾਇਵਾਨ ਦੌਰੇ ਦੌਰਾਨ ਵੀ ਚੀਨ ਨੇ ਸ਼ਕਤੀ ਪ੍ਰਦਰਸ਼ਨ ਕੀਤਾ ਹੈ।

# ਮਨੀਪੁਰ ਹਿੰਸਾ ਪੂਰੀ ਤਰ੍ਹਾਂ ਯੋਜਨਾਬੱਧ: ਫਿਓਨਾ ਬਰੂਸ



**ਇੰਡਲੈਂਡ:** ਮੀਡੀਆ ਰਿਪੋਰਟਾਂ ਅਨੁਸਾਰ ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਦੀ ਵਿਸ਼ੇਸ਼ ਦੂਤ ਤੇ ਸੰਸਦ ਮੈਂਬਰ ਫਿਓਨਾ ਬਰੂਸ ਨੇ ਮਨੀਪੁਰ ਦਾ ਮੁੱਦਾ ਹਾਊਸ ਆਫ ਕਾਮਨਜ 'ਚ ਚੁੱਕਦਿਆਂ ਕਿਹਾ ਕਿ ਮਨੀਪੁਰ ਹਿੰਸਾ ਪਹਿਲਾਂ ਤੋਂ ਤੈਅ ਤੇ ਪੂਰੀ ਤਰ੍ਹਾਂ ਯੋਜਨਾਬੱਧ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮਨੀਪੁਰ 'ਚ ਹੁਣ ਤੱਕ ਸੈਂਕੜੇ ਚਰਚ ਸਾੜੇ ਜਾ ਚੁੱਕੇ ਹਨ ਤੇ ਇਸ ਮੁੱਦੇ ਦੀ ਖੁੱਲ੍ਹ ਕੇ ਰਿਪੋਰਟਿੰਗ ਨਹੀਂ ਹੋ ਰਹੀ। ਉਨ੍ਹਾਂ ਬੀ.ਬੀ.ਸੀ. ਦੇ ਸਾਬਕਾ ਰਿਪੋਰਟਰ ਡੇਵਿਡ ਕੈਂਪਾਨੇਲ ਦੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਮਨੀਪੁਰ 'ਚ ਸੈਂਕੜੇ ਚਰਚ ਸਾੜੇ ਜਾਣ ਤੋਂ ਇਲਾਵਾ ਸੌ ਤੋਂ ਵੱਧ ਲੋਕ ਕਤਲ ਕੀਤੇ ਜਾ ਚੁੱਕੇ ਹਨ ਤੇ 50 ਹਜ਼ਾਰ ਤੋਂ ਵੱਧ ਲੋਕ ਬੇਘਰੇ ਹੋਏ ਹਨ। ਉਨ੍ਹਾਂ ਕਿਹਾ ਕਿ ਸਕੂਲਾਂ ਤੇ ਮਦਰੱਸਿਆਂ ਨੂੰ ਵੀ ਮਿੱਥ ਕੇ ਤੇ ਯੋਜਨਾਬੰਧ ਢੰਗ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸੇ ਦੌਰਾਨ ਚਰਚ ਕਮਿਸ਼ਨਰਜ ਦੇ ਨੁਮਾਇੰਦੇ ਤੇ ਸੰਸਦ ਮੈਂਬਰ ਐਂਡ੍ਰਿਊ ਸੇਲੌਸ ਨੇ ਕਿਹਾ ਕਿ ਇਹ ਰਿਪੋਰਟ ਆਰਚਬਿਸ਼ਪ ਦੇ ਧਿਆਨ 'ਚ ਲਿਆਂਦੀ ਜਾਵੇਗੀ।

## ਮਨੀਪੁਰ ਵਿਚ ਵਾਪਰੀ ਘਟਨਾ ਵਹਿਸ਼ੀਆਨਾ ਅਤੇ ਖੌਫਨਾਕ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਭਾਰਤ ਦੇ ਉੱਤਰ-ਪੂਰਬੀ ਸੂਬੇ ਮਨੀਪੁਰ 'ਚ ਦੋ ਮਹਿਲਾਵਾਂ ਦੀ ਨਗਨ ਪਰੇਡ ਦੀ ਵਾਇਰਲ ਹੋਈ ਵੀਡੀਓ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਇਸ ਘਟਨਾ ਨੂੰ ਭਿਆਨਕ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਮਨੀਪੁਰ 'ਚ ਦੋ ਮਹਿਲਾਵਾਂ ਦੀ ਨਗਨ ਪਰੇਡ ਦੀ ਘਟਨਾ ਦੋ ਮਹੀਨੇ ਪਹਿਲਾ ਵਾਪਰੀ ਸੀ ਪਰ ਪਿਛਲੇ ਹਫਤੇ ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਇਹ ਕੌਮੀ ਤੇ ਕੌਮਾਂਤਰੀ ਮਸਲਾ ਬਣ ਗਿਆ ਹੈ। ਪੁਲਿਸ ਨੇ ਇਸ ਮਾਮਲੇ 'ਚ ਕੁਝ ਗ੍ਰਿਫਤਾਰੀਆਂ ਵੀ ਕੀਤੀਆਂ ਹਨ। ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਇਸ ਘਟਨਾ ਨੂੰ 'ਵਹਿਸ਼ੀਆਨਾ' ਤੇ 'ਖ਼ੌਫਨਾਕ' ਕਰਾਰ ਦਿੰਦਿਆਂ ਪੀੜਤਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## ਟਮਾਟਰਾਂ ਨਾਲ ਭਰਿਆ ਟਰੱਕ ਲੁੱਟਣ ਦੇ ਦੋਸ਼ ਹੇਠ ਜੋੜਾ ਗ੍ਰਿਫਤਾਰ



**ਬੰਗਲੂਰੂ:** ਬੰਗਲੂਰੂ ਵਿਚ 2.5 ਟਨ (25 ਕੁਇੰਟਲ) ਟਮਾਟਰਾਂ ਨਾਲ ਭਰੇ ਇਕ ਟਰੱਕ ਨੂੰ ਲੁੱਟਣ ਦੇ ਦੋਸ਼ ਹੇਠ ਤਾਮਿਲਨਾਡੂ ਦੇ ਇਕ ਜੋੜੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਅਨੁਸਾਰ ਵੈਲੌਰ ਦਾ ਵਸਨੀਕ ਜੋੜਾ ਕੌਮੀ ਸ਼ਾਹਰਾਹ 'ਤੇ ਲੁੱਟ-ਖੋਹ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਗਰੋਹ ਦਾ ਮੈਂਬਰ ਹੈ ਅਤੇ ਉਸ ਨੇ ਅੱਠ ਜੁਲਾਈ ਨੂੰ ਚਿਤਰਦੁਰਗ ਜ਼ਿਲ੍ਹੇ ਦੇ ਚਿੱਕਾਜਾਲਾ ਵਿਚ ਹਿਰੀਯੁਰ ਦੇ ਇਕ ਕਿਸਾਨ ਮਲੇਸ਼ ਨੂੰ ਰੋਕਿਆ ਅਤੇ ਇਹ ਦਾਅਵਾ ਕਰਦਿਆਂ ਉਸ ਤੋਂ ਪੈਸੇ ਵਸੂਲਣ ਦੀ ਕੋਸ਼ਿਸ਼ ਕੀਤੀ ਕਿ ਉਸ ਦੇ ਟਰੱਕ ਨੇ ਉਨ੍ਹਾਂ ਦੀ ਗੱਡੀ ਨੂੰ ਟੱਕਰ ਮਾਰੀ ਹੈ। ਜਦੋਂ ਮਲੇਸ਼ ਨੇ ਪੈਸੇ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਜੋੜਾ ਕੁੱਟਮਾਰ ਕਰਨ ਮਗਰੋਂ 2.5 ਟਨ ਟਮਾਟਰਾਂ ਨਾਲ ਭਰਿਆ ਟਰੱਕ ਲੈ ਕੇ ਫਰਾਰ ਹੋ ਗਿਆ। ਪੁਲਿਸ ਨੇ ਭਾਸਕਰ (28) ਅਤੇ ਉਸ ਦੀ ਪਤਨੀ ਸਿੰਧੂਜਾ (26) ਨੂੰ ਗ੍ਰਿਫਤਾਰ ਕੀਤਾ, ਜਦਕਿ ਉਨ੍ਹਾਂ ਦੇ ਤਿੰਨ ਹੋਰ ਸਾਥੀ ਅਜੇ ਫਰਾਰ ਹਨ।

# ਭਾਰਤ-ਅਮਰੀਕਾ ਸਬੰਧ ਮਜ਼ਬੂਤ ਹੋਏ: ਵ੍ਹਾਈਟ ਹਾਊਸ



**ਸ਼ਿੰਗਟਨ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਮਰੀਕਾ ਦੀ ਕੀਤੀ ਗਈ ਇਤਿਹਾਸਕ ਫੇਰੀ ਦੇ ਇਕ ਮਹੀਨੇ ਬਾਅਦ ਅਮਰੀਕਾ ਦੇ ਸੰਸਦ ਮੈਂਬਰਾਂ ਤੇ ਅਮਰੀਕੀ ਰਾਸ਼ਟਰਪਤੀ ਦੇ ਦਫਤਰ ਵ੍ਹਾਈਟ ਹਾਊਸ ਨੇ ਬਿਆਨ ਜਾਰੀ ਕੀਤਾ ਕਿ ਭਾਰਤ ਤੇ ਅਮਰੀਕਾ ਦੇ ਸਬੰਧ ਪਹਿਲਾਂ ਤੋਂ ਜ਼ਿਆਦਾ ਮਜ਼ਬੂਤ ਹੋਏ ਹਨ। ਸੰਸਦ ਮੈਂਬਰਾਂ ਤੇ ਅਧਿਕਾਰੀਆਂ ਨੇ ਵ੍ਹਾਈਟ ਹਾਊਸ ਦੇ ਲਾਅਨ ਵਿਚ 21 ਜੂਨ ਨੂੰ 8 ਹਜ਼ਾਰ ਤੋਂ ਵੱਧ ਭਾਰਤੀ-ਅਮਰੀਕੀਆਂ ਦੀ ਮੌਜੂਦਗੀ ਅਤੇ ਅਮਰੀਕਾ ਦੀ ਸੰਸਦ ਵਿਚ ਪ੍ਰਧਾਨ ਮੰਤਰੀ ਮੋਦੀ ਦੇ ਅਹਿਮ ਸੰਬੋਧਨ ਨੂੰ ਸਰਾਹਿਆ। ਉਨ੍ਹਾਂ ਨੇ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵਿਚਾਲੇ ਮੁਲਾਕਾਤ ਤੋਂ ਬਾਅਦ ਜਾਰੀ ਕੀਤੇ ਸਾਂਝੇ ਬਿਆਨ ਵਿਚ ਦੋਹਾਂ ਦੇਸ਼ਾਂ ਦੇ ਸਬੰਧਾਂ ਦੇ ਅਹਿਮ ਪਹਿਲੂਆਂ (ਤੱਥਾਂ) ਬਾਰੇ ਵੀ ਗੱਲ ਕੀਤੀ।

ਅਮਰੀਕੀ ਸੈਨੇਟ ਵਿਚ ਬਹੁਮਤ ਦੇ ਨੇਤਾ ਸੈਨੇਟਰ ਚਕ ਸ਼ੂਮਰ ਨੇ ਕਿਹਾ, ''ਮੈਂ ਉਨ੍ਹਾਂ (ਪ੍ਰਧਾਨ ਮੰਤਰੀ ਮੋਦੀ) ਨੂੰ ਪਸੰਦ ਕਰਦਾ ਹਾਂ।' ਜ਼ਿਕਰਯੋਗ ਹੈ ਕਿ ਸ਼ੂਮਰ ਤੇ ਕਈ ਹੋਰ ਸੰਸਦ ਮੈਂਬਰ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਕਰਵਾਏ ਸਾਲਾਨਾ 'ਕਾਂਗਰਸ ਪਿਕਨਿਕ' ਲਈ ਵ੍ਹਾਈਟ ਹਾਊਸ ਦੇ ਲਾਅਨ ਵਿਚ ਇਕੱਠੇ ਹੋਏ ਸਨ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰਿਨ ਜੀਨ-ਪੀਅਰੇ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ, ''ਪਿਛਲੇ ਮਹੀਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਸਫਲ ਤੇ ਮਹੱਤਵਪੂਰਨ ਸੀ। ਭਾਰਤ ਨਾਲ ਸਬੰਧ ਪਹਿਲਾਂ ਨਾਲੋਂ ਕਿਤੇ ਵੱਧ ਮਜ਼ਬੂਤ ਹੋਏ ਹਨ ਅਤੇ ਜਿਵੇਂ ਕਿ ਅਸੀਂ ਜਾਣਦੇ ਹਾਂ, ਅਸੀਂ ਕਈ ਅਹਿਮ ਟੀਚਿਆਂ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿਚੋਂ ਕਈਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਵੱਲੋਂ ਅਮਰੀਕੀ ਕਾਂਗਰਸ ਦੀ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਨ ਦੀ ਕਾਰਵਾਈ ਦੀ ਅਗਵਾਈ ਕਰਨ ਵਾਲੇ 'ਇੰਡੀਆ ਕਾਕਸ' ਦੇ ਸਹਿ-ਅਧਿਕਾਰੀ ਰੋਅ ਖੰਨਾ ਨੇ ਦੱਸਿਆ ਕਿ ਰੱਖਿਆ, ਅਰਥਵਿਵਸਥਾ ਤੇ ਤਕਨੀਕੀ ਖੇਤਰਾਂ ਵਿਚ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਪ੍ਰਧਾਨ ਮੰਤਰੀ ਦੀ ਯਾਤਰਾ ਦਾ ਮੁੱਖ ਮੰਤਵ ਸੀ।

## ਸੁਸ਼ੀਲ ਰਿੰਕੂ ਵੱਲੋਂ ਕੇਜਰੀਵਾਲ ਨਾਲ ਮੁਲਾਕਾਤ

**ਨਵੀਂ ਦਿੱਲੀ:** ਲੋਕ ਸਭਾ ਹਲਕਾ ਜਲੰਧਰ ਤੋਂ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਤੋਂ ਬਾਅਦ ਸੁਸ਼ੀਲ ਕੁਮਾਰ ਰਿੰਕੂ ਨੇ ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਸ੍ਰੀ ਕੇਜਰੀਵਾਲ ਨੇ ਸੁਸ਼ੀਲ ਰਿੰਕੂ ਨੂੰ ਭਾਰਤੀ ਲੋਕਤੰਤਰ ਦੀ ਸਰਵਉੱਚ ਸੰਸਥਾ ਵਿਚ ਸ਼ਾਮਲ ਹੋਣ ਲਈ ਵਧਾਈ ਦਿੱਤੀ ਅਤੇ ਕਾਮਨਾ ਕੀਤੀ ਕਿ ਉਹ ਲੋਕ ਸਭਾ ਵਿਚ ਪੰਜਾਬੀਆਂ ਦੀ ਆਵਾਜ਼ ਬਣ ਕੇ ਉਨ੍ਹਾਂ ਦੇ ਅਹਿਮ ਮਸਲੇ ਚੁੱਕਣਗੇ। ਇਸ ਤੋਂ ਪਹਿਲਾਂ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਕੇਜਰੀਵਾਲ ਨੂੰ ਗੁਲਦਸਤਾ ਭੇਟ ਕੀਤਾ ਤੇ ਭਰੋਸਾ ਦਿਵਾਇਆ ਕਿ ਉਹ ਆਪਣੇ ਹਲਕੇ ਵਿਚ ਪੰਜਾਬ ਸਰਕਾਰ ਦੇ ਲੋਕ ਪੱਖੀ ਅਤੇ ਭਲਾਈ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਠੋਸ ਉਪਰਾਲੇ ਕਰਨਗੇ। ਉਨ੍ਹਾਂ ਕਿਹਾ ਕਿ ਕਈ ਕੌਮੀ ਮੁੱਦੇ ਹਨ, ਜਿਨ੍ਹਾਂ ਨੂੰ ਲੋਕ ਸਭਾ ਵਿਚ ਉਠਾਉਣ ਦੀ ਲੋੜ ਹੈ ਤਾਂ ਜੋ ਉੱਥੇ ਨੀਤੀਗਤ ਨਜ਼ਰੀਏ ਤੋਂ ਅਹਿਮ ਫੈਸਲੇ ਲਏ ਜਾ ਸਕਣ।

ਸ੍ਰੀ ਰਿੰਕੂ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਨੂੰ ਵਿਕਾਸ ਦੇ ਰਾਹ 'ਤੇ ਹੋਰ ਅੱਗੇ ਲਿਜਾਣ ਲਈ



ਮੋਹਰੀ ਪਹਿਲਕਦਮੀਆਂ ਕੀਤੀਆਂ ਹਨ। ਉਹ ਆਪਣੇ ਹਲਕੇ ਵਿਚ ਇਨ੍ਹਾਂ ਭਲਾਈ ਪ੍ਰੋਗਰਾਮਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਹਨ।

# 'ਇੰਡੀਆ' ਵਿਚ 'ਆਪ' ਦੀ ਹਾਜ਼ਰੀ ਨੇ ਪੰਜਾਬ ਕਾਂਗਰਸ ਦੇ ਆਗੂ ਸੋਚੀਂ ਪਾਏ

**ਚੰਡੀਗੜ੍ਹ:** ਦਿੱਲੀ ਵਿਚ ਸੇਵਾਵਾਂ ਦੇ ਕੰਟਰੋਲ ਨੂੰ ਲੈ ਕੇ ਕੇਂਦਰੀ ਆਰਡੀਨੈਂਸ ਦਾ ਵਿਰੋਧ ਕੀਤੇ ਜਾਣ ਦੇ ਕਾਂਗਰਸ ਹਾਈ ਕਮਾਨ ਦੇ ਫੈਸਲੇ 'ਤੇ 26 ਵਿਰੋਧੀ ਪਾਰਟੀਆਂ ਦੀ ਸ਼ਮੂਲੀਅਤ ਵਾਲੇ ਗੱਠਜੋੜ 'ਇੰਡੀਆ' ਵਿਚ 'ਆਪ' ਦੀ ਹਾਜ਼ਰੀ ਨਾਲ ਪੰਜਾਬ ਕਾਂਗਰਸ ਦੇ ਆਗੂ ਸੋਚੀਂ ਪੈ ਗਏ ਹਨ।

ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿਚ ਸਮੁੱਚੇ ਸਿਆਸੀ ਘਟਨਾਕ੍ਰਮ ਦੀ ਸਮੀਖਿਆ ਅਤੇ ਚਰਚਾ ਕੀਤੀ ਗਈ। ਸੀਨੀਅਰ ਪਾਰਟੀ ਆਗੂਆਂ ਨੇ ਵੜਿੰਗ ਅਤੇ ਬਾਜਵਾ ਨੂੰ ਸਲਾਹ ਦਿੱਤੀ ਕਿ ਨਵੇਂ ਗੱਠਜੋੜ 'ਇੰਡੀਆ' ਵਿਚ ਆਮ ਆਦਮੀ ਪਾਰਟੀ ਦੀ ਭਵਿੱਖੀ ਭੂਮਿਕਾ ਅਤੇ ਆਰਡੀਨੈਂਸ ਦੇ ਵਿਰੋਧ ਦੀ ਰਣਨੀਤੀ ਬਾਰੇ ਵਿਆਪਕ ਚਰਚਾ ਕੀਤੀ ਜਾਵੇ ਤੇ ਉਸ ਤੋਂ ਬਾਅਦ ਹੀ ਪੰਜਾਬ ਕਾਂਗਰਸ ਕੋਈ ਫੈਸਲਾ ਲਏ। ਮੀਟਿੰਗ ਵਿਚ ਸੁਖਜਿੰਦਰ ਸਿੰਘ ਰੰਧਾਵਾ, ਬ੍ਰਹਮ ਮਹਿੰਦਰਾ, ਭਾਰਤ ਭੂਸ਼ਨ ਆਸ਼ੂ, ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਰਾਣਾ ਕੇ.ਪੀ. ਸਿੰਘ, ਅਰੁਣਾ ਚੌਧਰੀ ਅਤੇ ਗੁਰਕੀਰਤ ਸਿੰਘ ਕੋਟਲੀ ਸਮੇਤ ਕਈ ਕਾਂਗਰਸੀ ਆਗੂਆਂ ਨੇ ਸ਼ਮੂਲੀਅਤ ਕੀਤੀ।



ਸੂਤਰਾਂ ਮੁਤਾਬਕ ਪੰਜਾਬ ਦੇ ਕਾਂਗਰਸੀ ਇਸ ਗੱਲੋਂ ਹੈਰਾਨ ਹਨ ਕਿ ਪਾਰਟੀ ਹਾਈ ਕਮਾਨ ਨੇ ਕੇਂਦਰੀ ਆਰਡੀਨੈਂਸ ਦਾ ਵਿਰੋਧ ਕਰਕੇ ਅਸਿੱਧੇ ਤੌਰ 'ਤੇ ਆਮ ਆਦਮੀ ਪਾਰਟੀ ਦੇ ਇਸ ਪ੍ਰਮੁੱਖ ਏਜੰਡੇ ਦੀ ਹਮਾਇਤ ਕੀਤੀ ਹੈ ਤੇ ਅਜਿਹਾ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਆਗੂਆਂ ਨੇ ਕਿਹਾ ਕਿ ਹਾਲ ਦੀ ਘੜੀ ਇਹੀ ਜਾਪਦਾ ਹੈ ਕਿ ਪਾਰਟੀ ਹਾਈ ਕਮਾਨ ਨੇ ਸਿਰਫ਼ ਸੰਸਦ ਵਿਚ ਆਰਡੀਨੈਂਸ ਦੇ ਵਿਰੋਧ ਦਾ ਫੈਸਲਾ ਕੀਤਾ ਹੈ ਤੇ ਕਾਂਗਰਸ ਦੇ ਇਸ ਫੈਸਲੇ ਤੋਂ ਖ਼ੁਸ਼ ਹੋ ਕੇ ਅਰਵਿੰਦ ਕੇਜਰੀਵਾਲ ਬੰਗਲੂਰੂ ਵਿਚ ਹੋਈ ਵਿਰੋਧੀ ਧਿਰਾਂ ਦੀ ਮੀਟਿੰਗ ਵਿਚ ਸ਼ਮੂਲੀਅਤ ਲਈ ਮੰਨ ਗਏ। ਕਾਂਗਰਸ ਦੇ ਸੀਨੀਅਰ ਆਗੂ ਨੇ ਦੱਸਿਆ ਕਿ ਪੰਜਾਬ ਕਾਂਗਰਸ ਵੱਲੋਂ ਪਾਰਟੀ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ, ਮੌਜੂਦਾ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਕੇ.ਸੀ.ਵੇਣੂਗੋਪਾਲ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਕਿ 'ਆਪ' ਦੀ ਹਮਾਇਤ ਪੰਜਾਬ ਵਿਚ ਪਾਰਟੀ ਨੂੰ ਭਾਰੀ ਪੈ ਸਕਦੀ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਗਠਨ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਕਾਂਗਰਸ ਦੇ ਤਿੰਨ ਮੰਤਰੀਆਂ ਸਮੇਤ ਦਰਜਨ ਦੇ ਕਰੀਬ ਆਗੂਆਂ ਨੂੰ ਭ੍ਰਿਸ਼ਟਾਚਾਰ ਅਤੇ ਹੋਰਨਾਂ ਮਾਮਲਿਆਂ ਵਿਚ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਕਾਂਗਰਸ ਦੇ ਦੋ ਦਰਜਨ ਦੇ ਕਰੀਬ ਆਗੂਆਂ ਖਿਲਾਫ਼ ਇਸ ਸਮੇਂ ਵਿਜੀਲੈਂਸ ਦੀ ਜਾਂਚ ਚੱਲ ਰਹੀ ਹੈ।

ਪੰਜਾਬ ਦੇ ਕਾਂਗਰਸੀ ਆਗੂਆਂ ਦਾ ਮੰਨਣਾ ਹੈ ਕਿ ਜੇਕਰ ਪੰਜਾਬ ਸਰਕਾਰ ਦੀ ਪ੍ਰਮੁੱਖ ਜਾਂਚ ਏਜੰਸੀ ਵਿਜੀਲੈਂਸ ਵੱਲੋਂ ਉਨ੍ਹਾਂ ਦੇ ਪਾਰਟੀ ਆਗੂਆਂ ਖਿਲਾਫ਼ ਮੁਹਿੰਮ ਜਾਰੀ ਰੱਖੀ ਗਈ ਤਾਂ ਆਉਂਦੀਆਂ ਸੰਸਦੀ ਚੋਣਾਂ ਦੌਰਾਨ ਪਾਰਟੀ ਨੂੰ ਭਾਰੀ ਸਿਆਸੀ ਨੁਕਸਾਨ ਹੋਵੇਗਾ। ਇਸੇ ਦੌਰਾਨ ਜੇਕਰ 'ਆਪ' ਦਾ ਕਾਂਗਰਸ ਨਾਲ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਗੱਠਜੋੜ ਹੁੰਦਾ ਵੀ ਹੈ ਤਾਂ ਵੀ ਕਾਂਗਰਸ ਨੂੰ ਸਿਆਸੀ ਤੌਰ 'ਤੇ ਨਫ਼ੇ ਦੀ ਥਾਂ ਨੁਕਸਾਨ ਹੀ ਹੋਣਾ ਹੈ। ਕਾਂਗਰਸੀ ਆਗੂਆਂ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ 'ਆਪ' ਦੇ ਸਿਆਸੀ ਉਭਾਰ ਨੇ ਕਾਂਗਰਸ ਦਾ ਨਵੀਂ ਦਿੱਲੀ, ਗੁਜਰਾਤ, ਉਤਰਾਖੰਡ ਅਤੇ ਗੋਆ ਆਦਿ ਸੂਬਿਆਂ ਵਿਚ ਭਾਰੀ ਨੁਕਸਾਨ ਕੀਤਾ ਹੈ ਤੇ ਇਸ ਤਰ੍ਹਾਂ ਦਾ ਨੁਕਸਾਨ ਹੋਰਨਾਂ ਸੂਬਿਆਂ ਵਿੱਚ ਵੀ ਹੋ ਸਕਦਾ ਹੈ।

ਇਸ ਦੌਰਾਨ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਨੇ 'ਆਪ' ਨਾਲ ਕੋਈ ਸਿਆਸੀ ਗਠਜੋੜ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸੰਵਿਧਾਨ ਨੂੰ ਬਚਾਉਣ ਲਈ ਲਗਾਤਾਰ ਕੌਮੀ ਪੱਧਰ 'ਤੇ ਲੜਾਈ ਲੜ ਰਹੀ ਹੈ। ਮੀਟਿੰਗ ਵਿਚ ਪੰਜਾਬ 'ਚ ਆਏ ਹੜ੍ਹਾਂ ਨੂੰ ਲੈ ਕੇ ਵੀ ਚਰਚਾ ਕੀਤੀ ਗਈ। ਕਾਂਗਰਸ ਨੇ 10,000 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕਰਦਿਆਂ ਪ੍ਰਭਾਵਿਤ ਕਿਸਾਨਾਂ ਨੂੰ 60,000 ਰੁਪਏ ਪ੍ਰਤੀ ਏਕੜ ਦੇਣ ਦੀ ਮੰਗ ਕੀਤੀ। ਪਾਰਟੀ ਨੇ ਘਰਾਂ ਦੇ ਨੁਕਸਾਨ ਦੀ ਪੂਰਤੀ ਲਈ ਵੀ ਢੁਕਵਾਂ ਮੁਆਵਜ਼ਾ ਮੰਗਿਆ।

## ਕਾਂਗਰਸ ਪਾਰਟੀ ਦੋਫਾੜ ਹੋਈ: ਮਜੀਠੀਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕਾਂਗਰਸ ਪਾਰਟੀ ਦੋਫਾੜ ਹੈ ਤੇ ਸੂਬੇ ਵਿਚ ਕਈ ਸੀਨੀਅਰ ਕਾਂਗਰਸੀ ਆਗੂ ਆਪਣੀ ਹੀ ਪਾਰਟੀ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਤੇ 'ਆਪ' ਆਗੂ ਅਰਵਿੰਦ ਕੇਜਰੀਵਾਲ ਦੀ ਧੋਖੇਬਾਜ਼ੀ ਵਾਲੀ ਖੇਡ ਕਾਰਨ ਹੋਏ ਅਪਮਾਨ ਤੋਂ ਬਾਅਦ ਆਪਣੇ ਆਪ ਨੂੰ ਸਹੀ ਪੇਸ਼ ਕਰਨ ਦਾ ਯਤਨ ਕਰ ਰਹੇ ਹਨ। ਸਾਬਕਾ ਮੰਤਰੀ ਨੇ ਕਿਹਾ ਕਿ ਕਈ ਕਾਂਗਰਸੀ ਆਗੂ ਆਮ ਆਦਮੀ ਪਾਰਟੀ ਨਾਲ ਹੋਏ ਸਮਝੌਤੇ ਤਹਿਤ ਭ੍ਰਿਸ਼ਟਾਚਾਰ ਦੇ ਕੇਸਾਂ ਤੋਂ ਲਾਭ ਲੈ ਸਕਦੇ ਹਨ ਪਰ ਅਜਿਹੇ ਬਹੁਤ ਸਾਰੇ ਹੋਰ ਆਗੂ ਹਨ ਜੋ ਆਪਣੀ ਹੀ ਪਾਰਟੀ ਵੱਲੋਂ ਕੀਤੇ ਧੋਖੇ ਤੋਂ ਔਖੇ ਹਨ।

# ਸਕੂਲਾਂ 'ਚ ਵਧੇਰੇ ਭਾਰਤੀ ਭਾਸ਼ਾਵਾਂ ਪੜ੍ਹਾਉਣ ਦੀ ਹਦਾਇਤ



**ਚੰਡੀਗੜ੍ਹ:** ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨੇ ਹਦਾਇਤ ਕੀਤੀ ਹੈ ਕਿ ਸਕੂਲ ਵੱਧ ਤੋਂ ਵੱਧ ਭਾਰਤੀ ਭਾਸ਼ਾਵਾਂ ਪੜ੍ਹਾਉਣ ਲਈ ਢੁਕਵੇਂ ਪ੍ਰਬੰਧ ਕਰਨ ਅਤੇ ਇਨ੍ਹਾਂ ਭਾਸ਼ਾਵਾਂ ਦੇ ਨਾਲ ਮਾਤ ਭਾਸ਼ਾ ਪੜ੍ਹਾਉਣਾ ਵੀ ਯਕੀਨੀ ਬਣਾਇਆ ਜਾਵੇ।

ਇਸ ਸਬੰਧੀ ਬੋਰਡ ਨੇ ਸਕੂਲਾਂ ਨੂੰ ਪੱਤਰ ਜਾਰੀ ਕੀਤਾ ਹੈ, ਜਿਸ ਵਿਚ ਆਖਿਆ ਗਿਆ ਹੈ ਕਿ ਸਕੂਲਾਂ 'ਚ ਭਾਰਤੀ ਭਾਸ਼ਾਵਾਂ ਪੜ੍ਹਾਉਣ ਦੇ ਰਾਹ ਵਿਚ ਆਉਣ ਵਾਲੀਆਂ ਚੁਣੌਤੀਆਂ ਦਾ ਹੱਲ ਲੱਭਿਆ ਜਾਵੇ ਅਤੇ ਮੌਜੂਦਾ ਪ੍ਰਬੰਧਾਂ, ਵਸੀਲਿਆਂ ਤੇ ਹੋਰ ਸਾਧਨਾਂ ਦੀ ਸਮੀਖਿਆ ਕੀਤੀ ਜਾਵੇ। ਜਾਣਕਾਰੀ ਅਨੁਸਾਰ ਦੇਸ਼ ਭਰ ਦੇ ਸਕੂਲਾਂ ਵਿਚ 22 ਭਾਰਤੀ ਭਾਸ਼ਾਵਾਂ ਪੜ੍ਹਾਉਣ 'ਤੇ ਵਿਚਾਰ ਹੋ ਰਿਹਾ ਹੈ। ਇਨ੍ਹਾਂ ਭਾਸ਼ਾਵਾਂ ਨੂੰ ਸੂਬਿਆਂ ਦੀ ਲੋੜ ਅਨੁਸਾਰ ਪੜ੍ਹਾਇਆ ਜਾਵੇਗਾ। ਇਸ ਲਈ ਕੇਂਦਰੀ ਸਿੱਖਿਆ ਮੰਤਰਾਲੇ ਤੇ ਸੀ.ਬੀ.ਐਸ.ਈ. ਦਾ ਮਕਸਦ ਵਿਦਿਆਰਥੀਆਂ ਨੂੰ ਭਾਸ਼ਾਈ ਵਿਭਿੰਨਤਾ ਜ਼ਰੀਏ ਦੂਜੇ ਸੂਬਿਆਂ ਦੇ ਸੱਭਿਆਚਾਰ ਬਾਰੇ ਜਾਣੂ ਕਰਵਾਉਣਾ ਤੇ ਅਕਾਦਮਿਕ ਪੱਖ ਤੋਂ ਮਜ਼ਬੂਤ ਕਰਨਾ ਹੈ। ਇਸ ਤੋਂ ਇਲਾਵਾ ਕੇਂਦਰ ਨੇ ਐਨ.ਸੀ.ਈ.ਆਰ.ਟੀ. ਨੂੰ 22 ਭਾਸ਼ਾਵਾਂ ਵਿਚ ਪੁਸਤਕਾਂ ਛਪਵਾਉਣ ਦੇ ਹੁਕਮ ਦਿੱਤੇ ਹਨ ਤਾਂ ਕਿ ਅਗਲੇ ਸਾਲ ਅਪਰੈਲ ਤੋਂ ਵਿਦਿਆਰਥੀਆਂ ਨੂੰ ਭਾਸ਼ਾਈ ਵਿਭਿੰਨਤਾ ਤਹਿਤ ਪੜ੍ਹਾਇਆ ਜਾ ਸਕੇ।

ਸੀ.ਬੀ.ਐਸ.ਈ. ਦੇ ਡਾਇਰੈਕਟਰ ਅਕਾਦਮਿਕ ਡਾ. ਜੋਸਫ ਇਮੈਨੂਅਲ ਨੇ ਸਕੂਲ ਮੁਖੀਆਂ ਨੂੰ ਪੱਤਰ ਜਾਰੀ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਸ਼ਡਿਊਲ 8 ਤਹਿਤ ਸਕੂਲ ਬਹੁ-ਭਾਸ਼ਾਵਾਂ ਵਿਚ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਪਹਿਲਕਦਮੀ ਕਰਨ। ਉਹ ਆਪਣੇ ਸਕੂਲ ਵਿਚ ਪ੍ਰੀ ਪ੍ਰਾਇਮਰੀ ਜਮਾਤਾਂ ਤੋਂ ਸੈਕੰਡਰੀ ਪੱਧਰ ਦੀਆਂ ਜਮਾਤਾਂ ਤੱਕ ਪੜ੍ਹਾਏ ਜਾਂਦੇ ਮਾਧਿਅਮ ਤੋਂ ਇਲਾਵਾ ਖੇਤਰੀ ਤੇ ਮਾਤ ਭਾਸ਼ਾ ਵਿਚ ਪੜ੍ਹਾਉਣ ਦੇ ਯਤਨ ਕਰਨ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਇਸ ਲਈ ਸਕੂਲਾਂ ਨੂੰ ਬਹੁ ਭਾਸ਼ਾਵਾਂ ਪੜ੍ਹਾਉਣ ਲਈ ਮਾਹਿਰ ਅਧਿਆਪਕਾਂ ਤੇ ਪੁਸਤਕਾਂ ਦੀ ਅਣਹੋਂਦ ਆਦਿ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੋ ਸ਼ਿਫਟਾਂ ਵਿਚ ਚੱਲਦੇ ਸਰਕਾਰੀ ਸਕੂਲਾਂ ਨੂੰ ਸਮੇਂ ਤੇ ਹੋਰ ਚੁਣੌਤੀਆਂ ਵੀ ਦਰਪੇਸ਼ ਹੋਣਗੀਆਂ ਪਰ ਇਸ ਲਈ ਕੇਂਦਰੀ ਸਿੱਖਿਆ ਮੰਤਰਾਲਾ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ ਸਕੂਲ ਹੋਰ ਸਕੂਲਾਂ ਨਾਲ ਰਾਬਤਾ ਬਣਾ ਕੇ ਉਨ੍ਹਾਂ ਦੇ ਹੋਰ ਭਾਸ਼ਾਵਾਂ ਦੇ ਮਾਹਿਰ ਅਧਿਆਪਕਾਂ ਨਾਲ ਗੱਲਬਾਤ ਕਰਨ ਤਾਂ ਕਿ ਮਾਤ ਭਾਸ਼ਾ ਨੂੰ ਹੁਲਾਰਾ ਮਿਲ ਸਕੇ।

## ਸਕੂਲੀ ਸਿੱਖਿਆ ਵਿਚ ਮਾਤ ਭਾਸ਼ਾ ਉਤੇ ਜ਼ੋਰ

**ਚੰਡੀਗੜ੍ਹ:** ਨਵੀਂ ਸਿੱਖਿਆ ਨੀਤੀ 2020 ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਵਿਦਿਆਰਥੀਆਂ ਨੂੰ ਘੱਟੋ-ਘੱਟ ਪੰਜਵੇਂ ਗਰੇਡ ਤੱਕ ਮਾਤਾ ਭਾਸ਼ਾ ਵਿਚ ਸਿੱਖਿਆ ਦੇਣੀ ਚਾਹੀਦੀ ਹੈ। ਇਸ ਤੋਂ ਇਲਾਵਾ ਮਾਤ ਭਾਸ਼ਾ ਨੂੰ ਸਕੂਲੀ ਸਿੱਖਿਆ ਤੋਂ ਬਾਅਦ ਉਚ ਸਿੱਖਿਆ ਤੱਕ ਲੈ ਕੇ ਜਾਣ ਦਾ ਟੀਚਾ ਦਿੱਤਾ ਹੈ। ਦੇਸ਼ ਭਰ ਦੇ ਸਕੂਲਾਂ ਵਿਚ 22 ਭਾਰਤੀ ਭਾਸ਼ਾਵਾਂ ਪੜ੍ਹਾਉਣ 'ਤੇ ਵਿਚਾਰ ਹੋ ਰਿਹਾ ਹੈ। ਇਨ੍ਹਾਂ ਭਾਸ਼ਾਵਾਂ ਨੂੰ ਸੂਬਿਆਂ ਦੀ ਲੋੜ ਅਨੁਸਾਰ ਪੜ੍ਹਾਇਆ ਜਾਵੇਗਾ।

## ਯੂ.ਪੀ.ਐਸ.ਸੀ. ਦੀ ਤਿਆਰੀ ਲਈ ਸਿਖਲਾਈ ਕੇਂਦਰ ਖੋਲ੍ਹੇਗੀ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਆਈ.ਏ.ਐਸ, ਆਈ.ਪੀ.ਐਸ, ਆਈ.ਆਰ.ਐਸ. ਤੇ ਅਜਿਹੀਆਂ ਹੋਰ ਕੇਂਦਰੀ ਸੇਵਾਵਾਂ 'ਚ ਪੰਜਾਬ ਦੀ ਨੁਮਾਇੰਦਗੀ ਵਧਾਉਣ ਲਈ ਯੂ.ਪੀ.ਐਸ.ਸੀ. ਦੀ ਤਿਆਰੀ ਕਰਵਾਉਣ ਵਾਸਤੇ ਅੱਠ ਅਤਿ-ਆਧੁਨਿਕ ਸਿਖਲਾਈ ਕੇਂਦਰ ਖੋਲ੍ਹਣ ਜਾ ਰਹੀ ਹੈ। ਇਨ੍ਹਾਂ ਸਿਖਲਾਈ ਕੇਂਦਰਾਂ ਨੂੰ ਸ਼ੁਰੂ ਕਰਨ ਲਈ ਰੱਖੀ ਮੀਟਿੰਗ ਦੀ ਅਗਵਾਈ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਸੇਵਾਵਾਂ ਤੇ ਯੂ.ਪੀ.ਐਸ.ਸੀ. ਵੱਲੋਂ ਲਈਆਂ ਜਾਂਦੀਆਂ ਪ੍ਰੀਖਿਆਵਾਂ 'ਚ ਸੂਬੇ ਦੇ ਘਟਦੇ ਅਨੁਪਾਤ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਵਿਦੇਸ਼ ਜਾਣ ਵੱਲ ਝੁਕਾਅ ਹੋਣ ਕਾਰਨ ਅਤੇ ਸੂਬੇ ਵਿਚ ਮਿਆਰੀ ਕੋਚਿੰਗ ਦੀ ਘਾਟ ਕਾਰਨ ਨੌਜਵਾਨ ਪ੍ਰੀਖਿਆਵਾਂ ਪਾਸ 'ਚ ਅਸਫਲ ਰਹਿ ਰਹੇ ਹਨ। ਸੂਬਾ ਸਰਕਾਰ ਇਸ ਰੁਝਾਨ ਨੂੰ ਬਦਲਣ ਲਈ ਵਚਨਬੱਧ ਹੈ, ਜਿਸ ਲਈ ਪੰਜਾਬ ਭਰ 'ਚ ਇਹ ਅੱਠ ਕੋਚਿੰਗ ਸੈਂਟਰ ਖੋਲ੍ਹੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕੇਂਦਰ ਨੌਜਵਾਨਾਂ ਨੂੰ ਯੂ.ਪੀ.ਐਸ.ਸੀ. ਦੀਆਂ ਪ੍ਰੀਖਿਆਵਾਂ ਪਾਸ ਕਰਨ ਲਈ ਮੁਫ਼ਤ ਮਿਆਰੀ ਸਿਖਲਾਈ ਦੇਣਗੇ।

## ਮੁੱਖ ਮੰਤਰੀ ਵੱਲੋਂ 72 ਪ੍ਰਿੰਸੀਪਲਾਂ ਦਾ ਬੈਚ ਸਿੰਗਾਪੁਰ ਲਈ ਰਵਾਨਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ 72 ਪ੍ਰਿੰਸੀਪਲਾਂ ਦੇ ਤੀਜੇ ਤੇ ਚੌਥੇ ਬੈਚ ਨੂੰ 'ਸਿੰਗਾਪੁਰ ਪ੍ਰਿੰਸੀਪਲਜ਼ ਟਰੇਨਿੰਗ ਅਕੈਡਮੀ' ਲਈ ਰਵਾਨਾ ਕੀਤਾ। ਇਸ ਮੌਕੇ ਮਾਨ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਵਿਚ ਪੰਜਾਬ ਨਵੀਂ ਕ੍ਰਾਂਤੀ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਨੂੰ ਵਿਦੇਸ਼ਾਂ 'ਚ ਸਿਖਲਾਈ ਲਈ ਭੇਜਿਆ ਜਾ ਰਿਹਾ ਹੈ ਜਦੋਂ ਕਿ ਵਿਦਿਆਰਥੀ ਇਸਰੋ 'ਚ ਚੰਦਰਯਾਨ-3 ਲਾਂਚਿੰਗ ਵਰਗੇ ਸ਼ਾਨਦਾਰ ਮੌਕਿਆਂ ਦੇ ਗਵਾਹ ਬਣ ਰਹੇ ਹਨ। ਉਨ੍ਹਾਂ ਕਿਹਾ ਕਿ 'ਸਕੂਲ ਆਫ ਐਮੀਨੈਂਸ' ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਵਿਦਿਅਕ ਤੇ ਸਿਲੇਬਸ ਤੋਂ ਬਾਹਰੀ ਗਤੀਵਿਧੀਆਂ ਦੇ ਕੇਂਦਰ ਵਜੋਂ ਉਭਰਿਆ ਹੈ। ਇਨ੍ਹਾਂ ਉਪਰਾਲਿਆਂ ਦਾ ਉਦੇਸ਼ ਸੂਬੇ ਵਿਚ ਵਿਦੇਸ਼ ਜਾ ਰਹੇ ਨੌਜਵਾਨਾਂ ਦੇ ਰੁਝਾਨ ਨੂੰ ਖਤਮ ਕਰਨਾ ਤੇ ਨੌਜਵਾਨਾਂ ਦੀ ਊਰਜਾ ਨੂੰ ਸਾਕਾਰਾਤਮਕ ਦਿਸ਼ਾ ਵੱਲ ਲਿਜਾਣਾ ਹੈ। ਉਹ ਦਿਨ ਦੂਰ ਨਹੀਂ, ਜਦੋਂ ਸੂਬੇ ਦੇ ਵਿਦਿਆਰਥੀ ਹਰ ਖੇਤਰ 'ਚ ਮੱਲਾਂ ਮਾਰਨਗੇ ਤੇ ਸੂਬੇ ਦਾ ਨਾਂ ਰੌਸ਼ਨ ਕਰਨਗੇ। ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਸਿਖਲਾਈ ਦੌਰਾਨ ਇਹ ਪ੍ਰਿੰਸੀਪਲ ਵਿਦੇਸ਼ਾਂ 'ਚ ਪ੍ਰਚਲਿਤ ਆਧੁਨਿਕ ਅਧਿਆਪਨ ਮੁਹਾਰਤ ਹਾਸਲ ਕਰਨਗੇ।

# ਹਰਿਆਣਾ ਨੂੰ ਜ਼ਮੀਨ: ਕਾਂਗਰਸ ਵੱਲੋਂ ਰਾਜਪਾਲ ਤੱਕ ਪਹੁੰਚ



**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਦੇ ਵਫ਼ਦ ਨੇ ਚੰਡੀਗੜ੍ਹ ਵਿਚ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਕਾਂਗਰਸੀ ਆਗੂਆਂ ਨੇ ਰਾਜਪਾਲ ਨੂੰ ਦੋ ਮੰਗ ਪੱਤਰ ਸੌਂਪ ਕੇ ਚੰਡੀਗੜ੍ਹ ਵਿਚ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ 10 ਏਕੜ ਜ਼ਮੀਨ ਦੇਣ ਦੇ ਫੈਸਲੇ ਨੂੰ ਤੁਰਤ ਰੱਦ ਕਰਨ ਦੀ ਮੰਗ ਕੀਤੀ। ਇਸ ਦੇ ਨਾਲ ਹੀ ਪੰਜਾਬ 'ਚ ਆਏ ਹੜ੍ਹਾਂ ਕਰਕੇ ਹੋਏ ਨੁਕਸਾਨ ਦੀ ਭਰਪਾਈ ਲਈ ਕੇਂਦਰ ਸਰਕਾਰ ਤੋਂ ਵਾਧੂ ਫੰਡ ਜਾਰੀ ਕਰਵਾਉਣ ਦੀ ਮੰਗ ਕੀਤੀ। ਵਫ਼ਦ 'ਚ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਭਾਰਤ ਭੂਸ਼ਣ ਆਸ਼ੂ, ਰਾਣਾ ਕੇਪੀ ਤੇ ਗੁਰਕੀਰਤ ਸਿੰਘ ਕੋਟਲੀ ਸ਼ਾਮਲ ਸਨ।

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਜਾਣਬੁੱਝ ਕੇ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਕਰ ਰਹੀ ਹੈ। ਪੰਜਾਬ ਦੇ ਹੱਕਾਂ ਦੀ ਰਾਖੀ ਕਰਨਾ ਰਾਜਪਾਲ ਦਾ ਫਰਜ਼ ਹੈ। ਇਸ ਦੌਰਾਨ ਉਨ੍ਹਾਂ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਲਈ ਅਲਾਟ ਕੀਤੀ ਜ਼ਮੀਨ ਦਾ ਸਖ਼ਤ ਵਿਰੋਧ ਕੀਤਾ ਅਤੇ ਕਿਹਾ ਕਿ ਉਹ ਚੰਡੀਗੜ੍ਹ ਦਾ ਇਕ ਇੰਚ ਵੀ ਕਿਸੇ ਹੋਰ ਸੂਬੇ ਨੂੰ ਨਹੀਂ ਜਾਣ ਦੇਣਗੇ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਜੇਕਰ ਇਹ ਫੈਸਲਾ ਵਾਪਸ ਨਾ ਲਿਆ ਗਿਆ ਤਾਂ ਕਾਂਗਰਸ ਪਾਰਟੀ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਦੀ ਰਾਖੀ ਲਈ ਸੂਬਾ ਤੇ ਕੇਂਦਰ ਸਰਕਾਰ ਨਾਲ ਕਾਨੂੰਨੀ ਲੜਾਈ ਲੜੇਗੀ।

ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੁੱਖ ਮੰਤਰੀ ਨੂੰ ਸੂਬੇ 'ਚ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਫੰਡਾਂ ਦੀ ਵੰਡ ਬਾਰੇ ਵਿਚਾਰ-ਵਟਾਂਦਰਾ ਕਰਨ ਦੇ ਨਾਲ-ਨਾਲ ਬਾਕੀ ਸਾਲ ਦੇ ਬਜਟ ਖਰਚਿਆਂ ਬਾਰੇ ਚਰਚਾ ਕਰਨ ਲਈ ਐਮਰਜੈਂਸੀ ਬਜਟ ਸੈਸ਼ਨ ਬੁਲਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਸੂਬੇ ਦੇ ਲੋਕਾਂ ਨੂੰ ਸੰਕਟ ਦੀ ਸਥਿਤੀ 'ਚੋਂ ਜਲਦੀ ਤੋਂ ਜਲਦੀ ਬਾਹਰ ਕੱਢਣ ਲਈ ਸੱਤਾਧਾਰੀ ਸਰਕਾਰ ਨੂੰ ਪੂਰੀ ਮਦਦ ਦੇਣ ਲਈ ਤਿਆਰ ਹੈ।

## ਕਾਂਗਰਸੀ ਰਾਜਪਾਲ ਦੀ ਥਾਂ 'ਆਪਣੇ' ਮੁੱਖ ਮੰਤਰੀ ਕੋਲ ਜਾਣ: ਮਜੀਠੀਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਾਂਗਰਸ ਨੂੰ ਆਖਿਆ ਕਿ ਉਹ ਹੜ੍ਹ ਪੀੜਤਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਰਾਜਪਾਲ ਕੋਲ ਜਾਣ ਦੇ ਡਰਾਮੇਬਾਜ਼ੀ ਵਾਲੇ ਦੌਰੇ ਕਰਕੇ ਪੰਜਾਬੀਆਂ ਨਾਲ ਧੋਖਾ ਕਰਨਾ ਬੰਦ ਕਰਨ। ਉਨ੍ਹਾਂ ਨੂੰ 'ਆਪਣੇ' ਮੁੱਖ ਮੰਤਰੀ ਭਗਵੰਤ ਮਾਨ ਕੋਲ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਉਹ ਨਾ ਸਿਰਫ ਐਲਾਨ ਕਰਨ ਬਲਕਿ ਸੂਬੇ ਦੇ ਹੜ੍ਹ ਮਾਰੇ ਲੋਕਾਂ ਲਈ ਰਾਹਤ ਪ੍ਰਦਾਨ ਕਰਨ। ਮਜੀਠੀਆ ਨੇ ਸੀਨੀਅਰ ਕਾਂਗਰਸੀ ਆਗੂਆਂ ਪ੍ਰਤਾਪ ਸਿੰਘ ਬਾਜਵਾ ਤੇ ਸੁਖਪਾਲ ਸਿੰਘ ਖਹਿਰਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਾਵੇਂ ਉਹ ਸਾਡਾ ਵਿਰੋਧ ਕਰਦੇ ਹਨ ਪਰ ਫਿਰ ਵੀ ਉਨ੍ਹਾਂ ਦੀ ਸ਼ਲਾਘਾ ਕਰਨੀ ਬਣਦੀ ਹੈ ਕਿਉਂਕਿ ਉਨ੍ਹਾਂ ਨੇ ਘੱਟੋ ਘੱਟ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਦਾ ਯਤਨ ਤਾਂ ਕੀਤਾ ਹੈ ਪਰ ਜਿਸ ਤਰੀਕੇ ਉਨ੍ਹਾਂ ਦੀ ਪਾਰਟੀ ਨੇ ਉਨ੍ਹਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ, ਉਸ ਲਈ ਉਹ ਉਨ੍ਹਾਂ ਨਾਲ ਹਮਦਰਦੀ ਪ੍ਰਗਟ ਕਰਦੇ ਹਨ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਾਜਪਾਲ ਨੇ ਮੁੱਖ ਮੰਤਰੀ ਨੂੰ ਮੋੜਵਾਂ ਪੱਤਰ ਭੇਜਿਆ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੋੜਵਾਂ ਪੱਤਰ ਲਿਖਦਿਆਂ ਸਰਕਾਰ ਵੱਲੋਂ 19 ਅਤੇ 20 ਜੂਨ ਨੂੰ ਬੁਲਾਏ ਗਏ ਦੋ ਰੋਜ਼ਾ ਸੈਸ਼ਨ ਦੇ ਅਸੰਵਿਧਾਨਕ ਹੋਣ ਦੇ ਸਟੈਂਡ ਨੂੰ ਸਹੀ ਕਰਾਰ ਦਿੱਤਾ ਹੈ। ਰਾਜਪਾਲ ਦੇ ਇਸ ਜਵਾਬ ਨਾਲ ਦੋ ਰੋਜ਼ਾ ਸੈਸ਼ਨ ਦੌਰਾਨ ਵਿਧਾਨ ਸਭਾ ਵੱਲੋਂ ਪਾਸ ਕੀਤੇ ਬਿੱਲਾਂ ਦੇ ਕਾਨੂੰਨੀ ਰੂਪ ਧਾਰਨ ਕਰਨ ਬਾਰੇ ਬਣਿਆ ਰੇੜਕਾ ਬਰਕਰਾਰ ਹੈ।

ਸ੍ਰੀ ਪੁਰੋਹਿਤ ਨੇ ਆਪਣੇ ਪੱਤਰ ਦੇ ਨਾਲ ਵਿਧਾਨ ਸਭਾ ਸੈਸ਼ਨ ਦੇ ਕਾਨੂੰਨੀ ਅਤੇ ਸੰਵਿਧਾਨਕ ਨਾ ਹੋਣ ਬਾਰੇ ਦਿੱਤੀ ਗਈ ਕਾਨੂੰਨੀ ਸਲਾਹ ਦਾ ਖਰੜਾ ਵੀ ਮੁੱਖ ਮੰਤਰੀ ਨੂੰ ਭੇਜ ਦਿੱਤਾ ਹੈ। ਰਾਜਪਾਲ ਨੇ ਪੱਤਰ 'ਚ ਕਿਹਾ ਹੈ, "ਮੇਰੇ ਪੱਤਰਾਂ ਨੂੰ ਤੁਸੀਂ ਪ੍ਰੇਮ ਪੱਤਰ ਆਖ ਕੇ ਭਾਵੇਂ ਰੱਦ ਕਰ ਦਿੱਤਾ ਹੈ ਪਰ ਸੰਵਿਧਾਨ ਦੀ ਧਾਰਾ 167 ਤਹਿਤ ਰਾਜਪਾਲ ਵੱਲੋਂ ਮੰਗੀ ਗਈ ਸੂਚਨਾ ਮੁਹੱਈਆ ਕਰਾਉਣ ਲਈ ਸਰਕਾਰ ਪਾਬੰਦ ਹੈ।" ਉਨ੍ਹਾਂ ਕਿਹਾ ਕਿ ਸੂਚਨਾ ਨਾ ਦੇਣਾ ਸੰਵਿਧਾਨ ਦੀ ਧਾਰਾ 167 ਦੀ ਸਪੱਸ਼ਟ ਉਲੰਘਣਾ ਹੈ। ਸ੍ਰੀ ਪੁਰੋਹਿਤ ਨੇ ਕਿਹਾ ਹੈ ਕਿ ਅਸੈਂਬਲੀ ਵਿਚ ਬਹਿਸ ਦੌਰਾਨ ਤੁਸੀਂ (ਮੁੱਖ ਮੰਤਰੀ) ਰਾਜਪਾਲ (ਪੁਰੋਹਿਤ) ਬਾਰੇ ਭੜਾਸ ਕੱਢੀ ਹੈ, ਜਿਸ ਨੂੰ ਲੋਕਾਂ ਨੇ ਪਸੰਦ ਨਹੀਂ ਕੀਤਾ। ਰਾਜਪਾਲ ਨੇ ਮੁੱਖ ਮੰਤਰੀ ਨੂੰ ਮੁਖ਼ਾਤਬ ਹੁੰਦਿਆਂ ਕਿਹਾ,"ਤੁਹਾਨੂੰ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਮੈਂ, ਰਾਜਪਾਲ ਵਜੋਂ ਰਾਸ਼ਟਰਪਤੀ ਦੁਆਰਾ ਨਿਯੁਕਤ ਇਕ ਸੰਵਿਧਾਨਕ ਅਥਾਰਿਟੀ ਹਾਂ ਅਤੇ ਮੈਨੂੰ ਇਕ ਨਿਆਂਪੂਰਨ, ਨਿਰਪੱਖ ਅਤੇ ਇਮਾਨਦਾਰ ਪ੍ਰਸ਼ਾਸਨ ਯਕੀਨੀ ਬਣਾਉਣ ਦੀ ਡਿਊਟੀ ਸੌਂਪੀ ਗਈ ਹੈ।" ਉਨ੍ਹਾਂ ਕਿਹਾ ਕਿ ਸਰਕਾਰ ਵਿਚ ਭ੍ਰਿਸ਼ਟਾਚਾਰ ਹੋਣ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ।

'ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੈਨੂੰ ਬਿਨਾਂ ਕਿਸੇ ਦੇਰੀ ਦੇ ਚਿੱਠੀਆਂ ਦਾ ਜਵਾਬ ਜਲਦੀ ਤੋਂ ਜਲਦੀ ਦਿਓ। ਨਹੀਂ ਤਾਂ ਇਸ ਨੂੰ ਸੰਵਿਧਾਨ ਦੀ ਘੋਰ ਉਲੰਘਣਾ ਮੰਨਿਆ ਜਾਵੇਗਾ।' ਰਾਜਪਾਲ ਨੇ ਮਾਰਚ 'ਚ ਬਜਟ ਇਜਲਾਸ ਨੂੰ ਜੂਨ ਵਿਚ ਲਗਾਤਾਰਤਾ ਵਜੋਂ ਬੁਲਾਏ ਜਾਣ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਸਦਨ ਦੀ ਕਾਰਵਾਈ ਜਾਂ ਕਹਿ ਲਓ ਕਿ ਵਿਧਾਨ ਸਭਾ ਦੇ ਸੈਸ਼ਨ ਨੂੰ ਅਨਮਿਥੇ ਸਮੇਂ ਲਈ ਮੁਲਤਵੀ ਕਰਨਾ ਮਾਨਯੋਗ ਸਪੀਕਰ ਦੇ ਅਧਿਕਾਰ ਵਿਚ ਹੈ ਪਰ ਇਕ ਵਾਰ ਜਦੋਂ ਸੈਸ਼ਨ ਦਾ ਕੰਮਕਾਰ ਖਤਮ ਹੋ ਜਾਂਦਾ ਹੈ ਤਾਂ ਸੈਸ਼ਨ ਨੂੰ ਅਸਥਾਈ ਤੌਰ 'ਤੇ ਕਾਇਮ ਨਹੀਂ ਰੱਖਿਆ ਜਾ ਸਕਦਾ ਹੈ।

## ਜਾਇਦਾਦ ਦੇ ਦਸਤਾਵੇਜ਼ਾਂ ਲਈ ਪੋਰਟਲ ਲਾਂਚ

**ਚੰਡੀਗੜ੍ਹ:** ਸਰਕਾਰ ਨੇ ਮਾਲ ਵਿਭਾਗ ਨਾਲ ਸਬੰਧਤ ਜ਼ਮੀਨ ਜਾਇਦਾਦ ਦੇ ਦਸਤਾਵੇਜ਼ਾਂ ਦੀ ਤਸਦੀਕ ਲਈ ਆਨਲਾਈਨ ਪੋਰਟਲ ਲਾਂਚ ਕੀਤਾ ਹੈ। ਪੋਰਟਲ ਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਮਾਨ ਨੇ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਪਰਵਾਸੀ ਭਾਰਤੀਆਂ ਦੀ ਸਹੂਲਤ ਲਈ ਜਾਇਦਾਦ ਨੂੰ ਵੇਚਣ, ਖਰੀਦਣ, ਕਿਰਾਏ 'ਤੇ ਦੇਣ ਤੇ ਕਬਜ਼ਾ ਲੈਣ ਦੀ ਸਾਰੀ ਪ੍ਰਕਿਰਿਆ ਡਿਜੀਟਲ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਬਿਨੈਕਾਰ ਦਸਤਾਵੇਜ਼ਾਂ ਦੀ ਤਸਦੀਕ ਲਈ ਪੋਰਟਲ 'ਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਪੋਰਟਲ 'ਤੇ ਦਸਤਾਵੇਜ਼ ਅਪਲੋਡ ਕਰਨ, ਲੋੜ ਪੈਣ 'ਤੇ ਅਦਾਇਗੀ ਕਰਨ, ਫੀਸਾਂ ਦਾ ਜੋੜ, 29 ਸਥਾਨਾਂ ਲਈ ਸਲਾਟ ਬੁਕਿੰਗ, ਐਸ.ਐਮ.ਐਸ. ਤੇ ਈ-ਮੇਲ ਰਾਹੀਂ ਜਾਣਕਾਰੀ ਤੇ ਫੀਸ ਜਮ੍ਹਾਂ ਕਰਵਾਉਣ 'ਤੇ ਰਸੀਦ ਦੀ ਸਹੂਲਤ ਦਿੱਤੀ ਗਈ ਹੈ।

## ਸਰਕਾਰ ਅੰਗਰੇਜ਼ੀ 'ਚ ਹੱਥ ਤੰਗ ਵਾਲੇ ਨੌਜਵਾਨਾਂ ਲਈ ਕਲਾਸਾਂ ਸ਼ੁਰੂ ਕਰੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਨੌਜਵਾਨਾਂ ਨੂੰ ਅੰਗਰੇਜ਼ੀ ਭਾਸ਼ਾ ਵਿਚ ਮਾਹਿਰ ਬਣਾਉਣ ਲਈ ਬ੍ਰਿਟਿਸ਼ ਕੌਂਸਲ ਐਜੂਕੇਸ਼ਨ ਇੰਡੀਆ ਪ੍ਰਾਈਵੇਟ ਲਿਮਟਿਡ ਨਾਲ ਸਮਝੌਤਾ ਕੀਤਾ ਹੈ। ਇਸ ਸਮਝੌਤੇ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਉਚੇਰੀ ਸਿੱਖਿਆ ਵਿਭਾਗ ਦੇ ਡਾਇਰੈਕਟਰ ਡਾ. ਅਮਰਪਾਲ ਸਿੰਘ ਅਤੇ ਬ੍ਰਿਟਿਸ਼ ਕੌਂਸਲ ਦੇ ਐਮਡੀ ਡੰਕਨ ਵਿਲਸਨ ਨੇ ਦਸਤਖ਼ਤ ਕਰਕੇ ਨੇਪਰੇ ਚਾੜ੍ਹਿਆ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਸ ਸਮਝੌਤੇ ਨਾਲ ਉਚੇਰੀ ਸਿੱਖਿਆ ਵਿਭਾਗ ਅਧੀਨ ਸਰਕਾਰੀ ਕਾਲਜਾਂ ਦੇ ਵਿਦਿਆਰਥੀਆਂ ਲਈ 'ਇੰਗਲਿਸ਼ ਫਾਰ ਵਰਕ' ਲਈ ਸਿਖਲਾਈ ਕੋਰਸ ਸ਼ੁਰੂ ਕੀਤਾ ਜਾਵੇਗਾ। ਇਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਣ 'ਚ ਸਹਾਇਤਾ ਮਿਲੇਗੀ ਅਤੇ ਉਨ੍ਹਾਂ ਨੂੰ ਸਨਅਤੀ ਤੇ ਸੇਵਾ ਖੇਤਰ 'ਚ ਨੌਕਰੀਆਂ ਦੇ ਵੱਧ ਮੌਕੇ ਮਿਲਣਗੇ। ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਕਾਲਜਾਂ ਦੇ 5 ਹਜ਼ਾਰ ਵਿਦਿਆਰਥੀਆਂ ਨੂੰ ਲਾਭ ਮਿਲੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਪ੍ਰੋਜੈਕਟ ਦੇ ਹਿੱਸੇ ਵਜੋਂ ਵਿਦਿਆਰਥੀ ਕੰਮ ਲਈ ਅੰਗਰੇਜ਼ੀ ਦੇ ਇਕ 'ਲੈਵਲ' ਦੀ ਪੜ੍ਹਾਈ ਕਰਨਗੇ, ਜਿਸ ਨਾਲ ਅੰਗਰੇਜ਼ੀ ਜਾਣਨ ਕਰ ਕੇ ਉਨ੍ਹਾਂ 'ਚ ਰੁਜ਼ਗਾਰ ਪੱਖੀ ਮੁਹਾਰਤ ਪੈਦਾ ਹੋਵੇਗੀ। ਉਨ੍ਹਾਂ ਕਿਹਾ ਕਿ 'ਇੰਗਲਿਸ਼ ਫਾਰ ਵਰਕ' ਇਕ ਅਜਿਹਾ ਮਿਸ਼ਰਤ ਕੋਰਸ ਹੈ, ਜਿਸ 'ਚ ਕੰਮ ਵਰਗੇ ਅਸਲ ਹਾਲਾਤ 'ਚ ਵਰਤੀ ਜਾਣ ਵਾਲੀ ਅੰਗਰੇਜ਼ੀ ਭਾਸ਼ਾ ਸਿੱਖਣ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਸ 'ਚ ਲਿਸਨਿੰਗ (ਸੁਣਨ), ਰੀਡਿੰਗ (ਪੜ੍ਹਨ), ਰਾਈਟਿੰਗ (ਲਿਖਣ) ਤੇ ਸਪੀਕਿੰਗ (ਬੋਲਣ) ਸਮੇਤ ਵਿਆਕਰਨ, ਮੁਹਾਰਨੀ ਅਤੇ ਸ਼ਬਦਾਵਲੀ 'ਤੇ ਧਿਆਨ ਦਿੱਤਾ ਜਾਵੇਗਾ। ਇਹ ਪ੍ਰੋਜੈਕਟ ਵਿਦਿਅਕ ਸੈਸ਼ਨ 2023-24 ਤੋਂ ਸੂਬੇ ਦੇ ਸਰਕਾਰੀ ਕਾਲਜਾਂ 'ਚ ਪੰਜ ਹਜ਼ਾਰ ਵਿਦਿਆਰਥੀਆਂ ਲਈ ਪਾਇਲਟ ਪ੍ਰੋਜੈਕਟ ਵਜੋਂ ਸ਼ੁਰੂ ਹੋਵੇਗਾ।

## ਅਕਾਲੀ ਦਲ ਦੀਆਂ ਬਾਗੀ ਬੀਬੀਆਂ ਦਾ ਕਾਫਲਾ ਹੋਰ ਲੰਮਾ ਹੋਇਆ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਮਹਿਲਾ ਵਿੰਗ ਦੀ ਨਵੀਂ ਮੁਖੀ ਥਾਪੇ ਜਾਣ ਮਗਰੋਂ ਅਕਾਲੀ ਦਲ ਦੀਆਂ ਬਾਗੀ ਹੋਈਆਂ ਬੀਬੀਆਂ ਦਾ ਕਾਫਲਾ ਲੰਮਾ ਹੁੰਦਾ ਜਾ ਰਿਹਾ ਹੈ। ਪਾਰਟੀ ਦੀ ਪੰਜਾਬ ਦੀਆਂ ਬੀਬੀਆਂ ਨੇ ਦਿੱਲੀ ਇਕਾਈ ਦੀਆਂ ਬੀਬੀਆਂ ਦਾ ਸਾਥ ਹਾਸਲ ਕਰਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਗਈ ਇਸ ਨਿਯੁਕਤੀ ਨੂੰ ਮੁੜ ਚੁਣੌਤੀ ਦਿੱਤੀ ਹੈ।

ਅਕਾਲੀ ਦਲ ਦੀ ਸੀਨੀਅਰ ਆਗੂ ਪਰਮਜੀਤ ਕੌਰ ਲਾਂਡਰਾ ਨੇ ਦੱਸਿਆ ਕਿ ਇਸਤਰੀ ਅਕਾਲੀ ਦਲ (ਦਿੱਲੀ ਸਟੇਟ) ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਬੀਬੀ ਰਣਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਦਿੱਲੀ ਇਕਾਈ ਦੀ ਕੋਰ ਕਮੇਟੀ ਦੀਆਂ ਬੀਬੀਆਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿਚ ਚਰਚਾ ਕੀਤੀ ਗਈ ਕਿ ਸ਼੍ਰੋਮਣੀ ਅਕਾਲੀ ਦਲ ਸਿਰਮੌਰ ਜਥੇਬੰਦੀ ਹੈ ਜਿਸ ਦਾ ਇਤਿਹਾਸ ਸ਼ਾਨਾਮੱਤਾ ਤੇ ਕੁਰਬਾਨੀਆਂ ਵਾਲਾ ਹੈ। ਉਨ੍ਹਾਂ ਕਿਹਾ ਕਿ ਇਸ ਪਾਰਟੀ ਦੇ ਆਪਣੇ ਪੰਥਕ ਸਿਧਾਂਤ ਤੇ ਪਰਪੱਕ ਵਿਚਾਰਧਾਰਾ ਹੈ, ਜਿਸ ਤੋਂ ਪਾਰਟੀ ਪਿਛਲੇ ਕੁਝ ਸਮੇਂ ਤੋਂ ਥਿੜਕ ਰਹੀ ਹੈ। ਇਹੀ ਕਾਰਨ ਹੈ ਕਿ ਕੁਝ ਦਿਨ ਪਹਿਲਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸਤਰੀ ਅਕਾਲੀ ਦਲ ਦੀ ਗੈਰ ਅਕਾਲੀ, ਗੈਰ ਪੰਥਕ, ਆਂਗਣਵਾੜੀ ਵਰਕਰ ਦੀ ਬਤੌਰ ਪ੍ਰਧਾਨ ਨਿਯੁਕਤੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮਹਿਲਾ ਆਗੂਆਂ ਦੀ ਤਰਜ਼ 'ਤੇ ਪਾਰਟੀ ਦੇ ਤਾਨਾਸ਼ਾਹੀ ਹੁਕਮ ਨੂੰ ਰੱਦ ਕਰਦਿਆਂ ਇਸਤਰੀ ਅਕਾਲੀ ਦਲ ਦੀ ਦਿੱਲੀ ਇਕਾਈ ਨੇ ਸੁਖਬੀਰ ਸਿੰਘ ਬਾਦਲ ਦੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਉਨ੍ਹਾਂ ਸੁਖਬੀਰ ਤੋਂ ਇਹ ਮੰਗ ਵੀ ਕੀਤੀ ਹੈ ਕਿ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ।

## ਵਿਜੀਲੈਂਸ ਵੱਲੋਂ ਮਨਪ੍ਰੀਤ ਬਾਦਲ ਤੋਂ ਪੁੱਛ-ਪੜਤਾਲ

**ਬਠਿੰਡਾ:** ਪਲਾਟ ਮਾਮਲੇ ਵਿਚ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਰਹੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਕੋਲੋਂ ਵਿਜੀਲੈਂਸ ਬਿਊਰੋ ਨੇ ਤਕਰੀਬਨ ਪੰਜ ਘੰਟੇ ਪੁੱਛ-ਪੜਤਾਲ ਕੀਤੀ। ਮਨਪ੍ਰੀਤ ਬਾਦਲ ਸਵੇਰੇ 11.30 ਵਜੇ ਦੇ ਕਰੀਬ ਇੱਥੇ ਵਿਜੀਲੈਂਸ ਦਫਤਰ ਪੁੱਜੇ। ਇਸ ਮੌਕੇ ਉਨ੍ਹਾਂ ਦੇ ਵੱਡੀ ਗਿਣਤੀ ਸਮਰਥਕ ਸਥਾਨਕ ਸਰਕਟ ਹਾਊਸ ਪੁੱਜੇ ਹੋਏ ਸਨ। ਜ਼ਿਕਰਯੋਗ ਹੈ ਕਿ ਸਾਬਕਾ ਵਿਧਾਇਕ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਰੂਪ ਚੰਦ ਸਿੰਗਲਾ ਵੱਲੋਂ ਇਕ ਪਲਾਟ ਦੇ ਮਾਮਲੇ ਵਿਚ ਕੀਤੀ ਗਈ ਸ਼ਿਕਾਇਤ 'ਤੇ ਮਨਪ੍ਰੀਤ ਬਾਦਲ ਨੂੰ ਵਿਜੀਲੈਂਸ ਜਾਂਚ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੰਗਲਾ ਨੇ ਦੋਸ਼ ਲਗਾਏ ਸਨ ਕਿ ਕਾਂਗਰਸ ਸਰਕਾਰ ਦੌਰਾਨ ਵਿੱਤ ਮੰਤਰੀ ਹੁੰਦਿਆਂ ਮਨਪ੍ਰੀਤ ਬਾਦਲ ਨੇ ਆਪਣੇ ਅਹੁਦੇ ਦਾ ਫਾਇਦਾ ਉਠਾਉਂਦੇ ਹੋਏ ਮਹਿੰਗੇ ਭਾਅ ਦੇ ਪਲਾਟ ਨੂੰ ਸਸਤੇ ਭਾਅ ਖਰੀਦ ਕੇ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਇਆ ਸੀ।

## ਪੰਜਾਬ ਸਰਕਾਰ ਨਦੀਆਂ ਤੇ ਦਰਿਆਵਾਂ ਦੀ ਸਫਾਈ ਖੁਦ ਕਰਵਾਏਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਹਰ ਸਾਲ ਮਾਨਸੂਨ ਦੀ ਆਮਦ ਤੋਂ ਪਹਿਲਾਂ ਸੂਬੇ ਦੀਆਂ ਨਦੀਆਂ, ਦਰਿਆਵਾਂ ਤੇ ਨਾਲਿਆਂ ਦੀ ਸਫਾਈ ਲਈ ਕਰੋੜਾਂ ਰੁਪਏ ਦੇ ਟੈਂਡਰ ਜਾਰੀ ਕੀਤੇ ਜਾਂਦੇ ਹਨ ਪਰ ਕਰੋੜਾਂ ਰੁਪਏ ਖਰਚਣ ਦੇ ਬਾਵਜੂਦ ਇਨ੍ਹਾਂ ਦੀ ਸਫਾਈ ਯਕੀਨੀ ਨਹੀਂ ਬਣਾਈ ਜਾਂਦੀ, ਜਿਸ ਕਰਕੇ ਹਰ ਵਾਰ ਮਾਨਸੂਨ ਦੇ ਸੀਜ਼ਨ 'ਚ ਹੜ੍ਹਾਂ ਦਾ ਖਤਰਾ ਬਣਿਆ ਰਹਿੰਦਾ ਹੈ। ਹੁਣ ਪੰਜਾਬ ਸਰਕਾਰ ਨੇ ਸੂਬੇ ਦੇ ਨਦੀਆਂ, ਦਰਿਆਵਾਂ ਤੇ ਨਾਲਿਆਂ ਦੀ ਸਫਾਈ ਨਿੱਜੀ ਠੇਕੇਦਾਰਾਂ ਤੋਂ ਕਰਵਾਉਣ ਦੀ ਥਾਂ ਖੁਦ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਨਿੱਜੀ ਠੇਕੇਦਾਰ ਤੋਂ 44 ਲੱਖ ਰੁਪਏ 'ਚ ਕਰਵਾਇਆ ਜਾਣ ਵਾਲਾ ਕੰਮ ਸਿਰਫ਼ 9.11 ਲੱਖ ਰੁਪਏ 'ਚ ਮੁਕੰਮਲ ਹੋ ਜਾਵੇਗਾ।

ਸੂਬੇ ਦੀਆਂ ਨਦੀਆਂ ਤੇ ਦਰਿਆਵਾਂ ਦੀ ਸਫਾਈ ਲਈ ਪੰਜਾਬ ਸਰਕਾਰ ਨੇ 3.15 ਕਰੋੜ ਰੁਪਏ ਦੀਆਂ ਚਾਰ ਨਵੀਆਂ ਮਸ਼ੀਨਾਂ ਖਰੀਦੀਆਂ ਹਨ। ਇਸ ਤੋਂ ਇਲਾਵਾ ਵੀ ਸੂਬਾ ਸਰਕਾਰ ਆਉਣ ਵਾਲੇ ਸਮੇਂ ਵਿਚ ਹੋਰ ਮਸ਼ੀਨਾਂ ਖਰੀਦਣ ਜਾ ਰਹੀ ਹੈ। ਜਾਣਕਾਰੀ ਅਨੁਸਾਰ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਤਰਨ ਤਾਰਨ ਤੇ ਅੰਮ੍ਰਿਤਸਰ ਵਿਚ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਇਨ੍ਹਾਂ ਨੂੰ ਪਟਿਆਲਾ, ਸੰਗਰੂਰ, ਮਾਨਸਾ ਤੇ ਸੂਬੇ ਦੇ ਹੋਰ ਇਲਾਕਿਆਂ ਵਿਚ ਭੇਜਿਆ ਜਾਵੇਗਾ। ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦਰਿਆਵਾਂ ਦੀ ਸਫਾਈ ਲਈ ਨਵੀਆਂ ਮਸ਼ੀਨਾਂ ਖਰੀਦਣ ਪੁਸ਼ਟੀ ਕਰਦਿਆਂ ਕਿਹਾ ਕਿ 'ਆਪ' ਸਰਕਾਰ ਨੇ 18-18 ਘੰਟੇ ਲਗਾ ਕੇ ਦਰਿਆਵਾਂ ਤੇ ਨਾਲਿਆਂ ਦੀ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

## ਭਾਜਪਾ ਪੰਜਾਬ 'ਚ ਨਵਾਂ ਦਾਅ ਖੇਡਣ ਦੇ ਰੌਂਅ 'ਚ

*(ਪਹਿਲੇ ਸਫੇ ਦੀ ਬਾਕੀ)*

ਆਗੂਆਂ ਦੀ ਤਰਜ਼ 'ਤੇ ਪਾਰਟੀ ਦੇ ਤਾਨਾਸ਼ਾਹੀ ਹੁਕਮ ਨੂੰ ਰੱਦ ਕਰਦਿਆਂ ਇਸਤਰੀ ਅਕਾਲੀ ਦਲ ਦੀ ਦਿੱਲੀ ਇਕਾਈ ਨੇ ਸੁਖਬੀਰ ਸਿੰਘ ਬਾਦਲ ਦੇ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕੀਤੀ ਹੈ। ਅਕਾਲੀ ਦਲ ਵਿਚ ਤਾਜ਼ਾ ਹਿਲਜੁਲ ਅਤੇ ਇਸ ਦੇ ਪੁਰਾਣੇ ਭਾਈਵਾਲ (ਭਾਜਪਾ) ਵੱਲੋਂ ਬਣਾਈ ਜਾ ਰਣਨੀਤੀ ਸੁਖਬੀਰ ਲਈ ਆਉਂਦੇ ਦਿਨਾਂ ਵਿਚ ਵੱਡੀ ਚੁਣੌਤੀ ਬਣ ਸਕਦੀ ਹੈ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਮੌਜੂਦਾ ਬਣ ਰਹੇ ਹਾਲਾਤ ਸਾਫ ਇਸ਼ਾਰਾ ਕਰ ਰਹੇ ਹਨ ਕਿ ਸੁਖਬੀਰ ਬਾਦਲ ਵਾਲੇ ਧੜੇ ਕੋਲ ਭਾਜਪਾ ਅੱਗੇ ਗੋਡਿਆਂ ਭਾਰ ਹੋਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਣਾ।

## ਮੁੱਖ ਮੰਤਰੀ ਨੇ ਹੜ੍ਹਾਂ ਦੀ ਮਾਰ ਹੇਠ ਆਇਆ ਆਪਣਾ ਜ਼ਿਲ੍ਹਾ ਵਿਸਾਰਿਆ: ਜਾਖੜ

**ਸੰਗਰੂਰ:** ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਪਹਿਲਾਂ 218 ਕਰੋੜ ਰੁਪਏ ਤਾਂ ਲੋਕਾਂ 'ਚ ਵੰਡ ਦਿਓ, ਗਿਰਦਾਵਰੀਆਂ ਬਾਅਦ ਵਿਚ ਹੁੰਦੀਆਂ ਰਹਿਣਗੀਆਂ। ਉਨ੍ਹਾਂ ਕਿਹਾ ਕਿ ਹੜ੍ਹਾਂ ਦਾ ਪਾਣੀ ਤਾਂ ਛੇ ਮਹੀਨੇ ਨਹੀਂ ਸੁੱਕਣਾ, ਉਹ ਗਿਰਦਾਵਰੀਆਂ ਕਦੋਂ ਕਰਾਉਣਗੇ। ਜਾਖੜ ਘੱਗਰ ਦੀ ਮਾਰ ਹੇਠ ਆਏ ਮੂਨਕ ਤੇ ਖਨੌਰੀ ਦੇ ਹੜ੍ਹ ਪ੍ਰਭਾਵਿਤ ਇਲਾਕੇ 'ਚ ਹਾਲਾਤ ਦਾ ਜਾਇਜ਼ਾ ਲੈਣ ਮਗਰੋਂ ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ।

ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਦੇ ਆਪਣੇ ਜ਼ਿਲ੍ਹੇ ਦੇ ਪਿੰਡਾਂ 'ਚ ਅਜੇ ਵੀ ਗੋਡੇ-ਗੋਡੇ ਪਾਣੀ ਖੜ੍ਹਾ ਹੈ ਅਤੇ ਕਰੀਬ 47 ਹਜ਼ਾਰ ਏਕੜ ਰਕਬਾ ਪਾਣੀ ਦੀ ਲਪੇਟ ਵਿਚ ਹੈ। ਇਹੋ ਜਿਹੇ ਹਾਲਾਤ ਵਿਚ ਮੱਕੀ, ਮੂੰਗੀ ਅਤੇ ਹੋਰ ਫਸਲਾਂ ਦੀ ਗੱਲ ਛੱਡੋ, ਕਣਕ ਦੀ ਬਿਜਾਈ ਵੀ ਨਹੀਂ ਹੋਣੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਾਵੇਂ ਵੱਖ-ਵੱਖ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜਾ ਰਹੇ ਹਨ ਪਰ ਉਨ੍ਹਾਂ ਆਪਣਾ ਜ਼ਿਲ੍ਹਾ ਵਿਸਾਰ ਦਿੱਤਾ ਹੈ।

ਜਾਖੜ ਨੇ ਕਿਹਾ ਕਿ ਉਹ ਮੁੱਖ ਮੰਤਰੀ ਤੋਂ 218 ਕਰੋੜ ਰੁਪਏ ਦਾ ਹਿਸਾਬ ਨਹੀਂ ਮੰਗਦੇ, ਇਹ ਹਿਸਾਬ ਤਾਂ ਲੋਕ ਖੁਦ ਲੈ ਲੈਣਗੇ ਪਰ ਉਹ ਸਰਕਾਰ ਦੀ ਕਾਰਗੁਜ਼ਾਰੀ ਦਾ ਹਿਸਾਬ ਮੰਗਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਹੜ੍ਹਾਂ ਤੋਂ ਬਚਾਅ ਲਈ ਪੁਖਤਾ ਪ੍ਰਬੰਧ ਕਰਨ 'ਚ ਸਰਕਾਰ ਨੇ ਅਣਗਹਿਲੀ ਵਰਤੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਪ੍ਰਸਾਰਨ ਲਈ ਵੈੱਬ ਚੈਨਲ ਸ਼ੁਰੂ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਪੂਰੇ ਸੰਸਾਰ ਤੱਕ ਪਹੁੰਚਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਵੈੱਬ ਚੈਨਲ 'ਐੱਸ.ਜੀ.ਪੀ.ਸੀ. ਸ੍ਰੀ ਅੰਮ੍ਰਿਤਸਰ' ਸ਼ੁਰੂ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣਾ ਨਿੱਜੀ ਸੈਟੇਲਾਈਟ ਚੈਨਲ ਸਥਾਪਤ ਕੀਤੇ ਜਾਣ ਤੱਕ ਪੀ.ਟੀ.ਸੀ. ਚੈਨਲ ਦੀ ਮਦਦ ਨਾਲ ਗੁਰਬਾਣੀ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਵੀ ਜਾਰੀ ਰੱਖਿਆ ਜਾਵੇਗਾ। ਵੈੱਬ ਚੈਨਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਲੈਪਟਾਪ ਰਾਹੀਂ ਲਾਂਚ ਕੀਤਾ। ਇਸ ਦੌਰਾਨ ਸਮਾਗਮ ਦਾ ਸਿੱਧਾ ਪ੍ਰਸਾਰਨ ਵੀ ਕੁਝ ਸਮੇਂ ਲਈ ਦਿਖਾਇਆ ਗਿਆ। ਇਹ ਚੈਨਲ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਆਰੰਭ ਕਰੇਗਾ ਜੋ ਯੂਟਿਊਬ ਅਤੇ ਫੇਸਬੁੱਕ 'ਤੇ ਉਪਲਬਧ ਹੋਵੇਗਾ। ਚੈਨਲ ਦੀ ਸ਼ੁਰੂਆਤ ਗੁਰਮਤਿ ਰਵਾਇਤ ਅਨੁਸਾਰ ਅਖੰਡ ਪਾਠ ਦਾ ਭੋਗ ਪਾ ਕੇ ਕੀਤੀ ਗਈ। ਇਸ ਮਗਰੋਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ 'ਚ ਵਿਸ਼ੇਸ਼ ਸਮਾਗਮ ਕੀਤਾ ਗਿਆ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਵੈੱਬ ਚੈਨਲ ਦੀ ਆਰੰਭਤਾ ਮੌਕੇ ਸੰਗਤ ਨੂੰ ਵਧਾਈ ਦਿੰਦਿਆਂ ਆਖਿਆ ਕਿ ਜਲਦੀ ਹੀ ਸੈਟੇਲਾਈਟ ਚੈਨਲ ਵੀ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਦੇ ਸਾਰੇ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਹੀ ਰਹਿਣਗੇ ਅਤੇ ਹੋਰ ਕੋਈ ਚੈਨਲ ਇਸ ਨੂੰ ਨਹੀਂ ਚਲਾ ਸਕੇਗਾ। ਉਨ੍ਹਾਂ ਕਿਹਾ ਕਿ ਫਿਲਹਾਲ ਸੰਗਤ ਦੀ ਮੰਗ ਅਨੁਸਾਰ ਪੀ.ਟੀ.ਸੀ. ਚੈਨਲ ਨੂੰ ਗੁਰਬਾਣੀ ਪ੍ਰਸਾਰਨ ਕਰਨ ਲਈ ਅਧਿਕ੍ਰਿਤ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਅਧਿਕਾਰਤ ਯੂਟਿਊਬ ਅਤੇ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਗੁਰਬਾਣੀ ਪ੍ਰਸਾਰਨ ਲਈ ਚੁਣੀ ਕੰਪਨੀ ਨੂੰ ਅਦਾ ਕੀਤੇ ਜਾਣ ਵਾਲੇ 12 ਲੱਖ ਰੁਪਏ ਦੇ ਮਾਸਿਕ ਖਰਚੇ ਦਾ ਭੁਗਤਾਨ ਪੀ.ਟੀ.ਸੀ. ਵੱਲੋਂ ਕੀਤਾ ਜਾਵੇਗਾ। ਵੈੱਬ ਚੈਨਲ ਦਾ ਨਾਂ ਬਦਲਣ ਬਾਰੇ ਉਨ੍ਹਾਂ ਕਿਹਾ ਕਿ ਇਹ ਵਿਦਵਾਨਾਂ ਦੇ ਸੁਝਾਅ ਅਤੇ ਤਖਤਾਂ ਦੇ ਜਥੇਦਾਰਾਂ ਨਾਲ ਵਿਚਾਰ-ਵਟਾਂਦਰੇ ਮਗਰੋਂ ਕੀਤਾ ਗਿਆ ਹੈ, ਕਿਉਂਕਿ ਭਵਿੱਖ ਵਿਚ ਜੇਕਰ ਚੈਨਲ ਨਾਲ ਸਬੰਧਤ ਕੋਈ ਕਾਨੂੰਨੀ ਪੇਚੀਦਗੀ ਬਣਦੀ ਹੈ ਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਨਾਂ ਇਸ ਵਿਚੋਂ ਬਾਹਰ ਰਹੇਗਾ। ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਚੈਨਲ ਸ਼ੁਰੂ ਹੋਣ ਲਈ ਸੰਗਤ ਨੂੰ ਵਧਾਈ ਦਿੱਤੀ।

### ਸਾਰੇ ਹੱਕ ਸ਼੍ਰੋਮਣੀ ਕਮੇਟੀ ਕੋਲ ਰਹਿਣਗੇ: ਧਾਮੀ

**ਅੰਮ੍ਰਿਤਸਰ:** ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਬੰਦ ਕਰਨ ਦੀ ਸਖ਼ਤ ਤਾੜਨਾ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਸਿੱਖ ਸੰਸਥਾ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਨੇ ਸਰਕਾਰੀ ਚਾਲਾਂ ਦਾ ਹਮੇਸ਼ਾ ਮੂੰਹ ਤੋੜ ਜਵਾਬ ਦਿੱਤਾ ਹੈ। ਪ੍ਰਧਾਨ ਨੇ ਕਿਹਾ ਕਿ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰੇ। ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਕੁਝ ਮੁਲਾਜ਼ਮਾਂ ਵੱਲੋਂ ਬਣਾਈ ਗਈ ਯੂਨੀਅਨ ਨੂੰ ਵੀ ਉਨ੍ਹਾਂ ਸਿੱਖ ਸੰਸਥਾ ਦੀ ਮਰਿਆਦਾ ਦੇ ਉਲਟ ਕਰਾਰ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਯੂਨੀਅਨ ਦੀ ਰਜਿਸਟ੍ਰੇਸ਼ਨ ਕਰਵਾਉਣ ਦੀ ਯੋਜਨਾ ਵੀ ਪੰਜਾਬ ਸਰਕਾਰ ਵੱਲੋਂ ਹੀ ਰਚੀ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੀਆਂ ਪਰੰਪਰਾਵਾਂ ਦੇ ਉਲਟ ਕਿਸੇ ਨੂੰ ਵੀ ਕਾਰਜ ਕਰਨ ਦੀ ਇਜਾਜ਼ਤ ਨਹੀਂ ਦੇਵੇਗੀ।

# ਗੁਰਬਾਣੀ ਪ੍ਰਸਾਰਨ ਮਾਮਲਾ: ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਆਹਮੋ-ਸਾਹਮਣੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਰਬਾਰ ਸਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਅਤੇ ਕੀਰਤਨ ਦੇ ਪ੍ਰਸਾਰਨ ਦੇ ਮਾਮਲੇ 'ਤੇ ਇਕ ਵਾਰੀ ਮੁੜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਵਾਲਾਂ ਦੇ ਘੇਰੇ ਵਿਚ ਲਿਆ ਹੈ। ਮਾਨ ਨੇ ਆਪਣੇ ਟਵੀਟ ਵਿਚ ਕਿਹਾ "ਹੈਰਾਨੀ ਦੀ ਗੱਲ ਹੈ ਕਿ ਐਸ.ਜੀ.ਪੀ.ਸੀ. ਇਕ ਨਿੱਜੀ ਚੈਨਲ ਨੂੰ ਹੀ ਬੇਨਤੀ ਕਰ ਰਹੀ ਹੈ ਕਿ ਤੁਸੀਂ ਪਵਿੱਤਰ ਗੁਰਬਾਣੀ ਦਾ ਪ੍ਰਸਾਰਨ ਕਰਦੇ ਰਹੋ। ਉਨ੍ਹਾਂ ਸਵਾਲ ਕੀਤਾ ਕਿ ਬਾਕੀ ਚੈਨਲਾਂ ਨੂੰ ਕਿਉਂ ਨਹੀਂ।

ਉਧਰ, ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਸਿੱਖ ਸੰਸਥਾ ਨੂੰ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਨੇ ਸਰਕਾਰੀ ਚਾਲਾਂ ਦਾ ਹਮੇਸ਼ਾ ਮੂੰਹ ਤੋੜ ਜਵਾਬ ਦਿੱਤਾ ਹੈ। ਪ੍ਰਧਾਨ ਨੇ ਕਿਹਾ ਕਿ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰੇ। ਉਧਰ, ਮੁੱਖ ਮੰਤਰੀ ਨੇ ਆਪਣੇ ਟਵੀਟ ਰਾਹੀਂ ਕਿਹਾ ਕਿ 'ਕੀ ਚੈਨਲ ਰਾਹੀਂ ਇਕ ਪਰਿਵਾਰ ਨੂੰ ਮੁੜ ਅਨਿਸ਼ਚਿਤ ਸਮੇਂ ਲਈ ਗੁਰਬਾਣੀ ਦੇ ਅਧਿਕਾਰ ਦੇ ਦਿੱਤੇ ਜਾਣਗੇ?' ਇਸ ਤਰ੍ਹਾਂ ਨਾਲ ਮੁੱਖ ਮੰਤਰੀ ਨੇ ਆਪਣੇ ਇਸ ਟਵੀਟ ਰਾਹੀਂ ਬਾਦਲ ਪਰਿਵਾਰ 'ਤੇ ਵੀ ਨਿਸ਼ਾਨਾ ਸੇਧਿਆ ਹੈ।

ਉਨ੍ਹਾਂ ਕਿਹਾ ਕਿ ਸਾਰੇ ਚੈਨਲਾਂ ਨੂੰ ਮੁਫ਼ਤ ਅਤੇ ਫਰੀ-ਟੂ-ਏਅਰ ਦੀ ਵਿਵਸਥਾ ਕਰਨੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਸਰਕਾਰ ਨੂੰ ਇਹ ਮੌਕਾ ਮਿਲਦਾ ਹੈ ਤਾਂ 24 ਘੰਟਿਆਂ ਵਿਚ ਸਾਰੇ ਪ੍ਰਬੰਧ ਕਰ ਦਿੱਤੇ ਜਾਣਗੇ। ਬਾਦਲ ਪਰਿਵਾਰ ਦੀ ਮਾਲਕੀ ਵਾਲੇ ਪੀ.ਟੀ.ਸੀ. ਚੈਨਲ 'ਤੇ ਪਿਛਲੇ ਕਈ ਦਹਾਕਿਆਂ ਤੋਂ ਕੀਰਤਨ ਤੇ ਗੁਰਬਾਣੀ ਦਾ ਪ੍ਰਸਾਰਨ ਹੁੰਦਾ ਆ ਰਿਹਾ ਹੈ। ਬਾਦਲਾਂ ਦੇ ਸਿਆਸੀ ਵਿਰੋਧੀਆਂ ਵੱਲੋਂ ਲਗਾਤਾਰ ਇਸ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੰਜਾਬ ਵਿਚ ਸੱਤਾ ਦੀ



ਵਾਗਡੋਰ ਆਮ ਆਦਮੀ ਪਾਰਟੀ ਦੇ ਹੱਥ ਆਉਣ ਤੋਂ ਬਾਅਦ ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਬਾਦਲ ਪਰਿਵਾਰ ਚੁਫੇਰਿਓਂ ਘਿਰਿਆ ਦਿਖਾਈ ਦੇ ਰਿਹਾ ਹੈ। ਸ਼੍ਰੋਮਣੀ ਕਮੇਟੀ ਅਤੇ ਪੀ.ਟੀ.ਸੀ. ਚੈਨਲ ਦਰਮਿਆਨ ਹੋਏ ਇਕਰਾਰਨਾਮੇ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ ਜੁਲਾਈ ਮਹੀਨੇ ਦੇ ਆਰੰਭ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਇਕ ਮੀਟਿੰਗ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਤੋਂ ਗੁਰਬਾਣੀ ਅਤੇ ਕੀਰਤਨ ਦੇ ਪ੍ਰਸਾਰਨ ਦੀ ਟੈਂਡਰ ਪ੍ਰਕਿਰਿਆ ਵਿੱਚੋਂ ਲਾਂਭੇ ਹੋਣ ਦੀ ਗੱਲ ਕਹੀ ਸੀ। ਬਾਦਲ ਨੇ ਮੀਟਿੰਗ ਦੌਰਾਨ ਸਪਸ਼ਟ ਕੀਤਾ ਕਿ ਦਰਬਾਰ ਸਾਹਿਬ ਤੋਂ ਕੀਰਤਨ ਅਤੇ ਗੁਰਬਾਣੀ ਦੇ ਪ੍ਰਸਾਰਨ ਤੋਂ ਬਾਦਲ ਪਰਿਵਾਰ ਕੋਈ ਵਪਾਰਕ ਲਾਹਾ ਨਹੀਂ ਲੈ ਰਿਹਾ ਮਹਿਜ਼ ਸੇਵਾ ਭਾਵਨਾ ਨਾਲ ਹੀ ਇਹ ਕਾਰਜ ਕਰਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਕੋਈ ਇਤਰਾਜ਼ ਹੈ ਤਾਂ ਸ਼੍ਰੋਮਣੀ ਕਮੇਟੀ ਆਪਣੇ ਤੌਰ 'ਤੇ ਗੁਰਬਾਣੀ ਅਤੇ ਕੀਰਤਨ ਦੇ ਪ੍ਰਸਾਰਨ ਨੂੰ ਲੋਕਾਂ ਤੱਕ ਲਿਜਾਣ ਲਈ ਨਿਰਪੱਖ ਤਰੀਕਾ ਅਪਣਾਵੇ ਤੇ ਪੀ.ਟੀ.ਸੀ. ਪ੍ਰਕਿਰਿਆ ਵਿਚ ਹਿੱਸਾ ਨਹੀਂ ਲਵੇਗਾ।

### ਇਕੋ ਚੈਨਲ ਨੂੰ ਕਿਉਂ ਪੁੱਛਿਆ ਜਾ ਰਿਹੈ: ਭਗਵੰਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮਨੁੱਖਤਾ ਦੇ ਹਿੱਤਾਂ ਦੀ ਖਾਤਰ ਸੁਹਿਰਦ ਪਹੁੰਚ ਅਪਣਾਉਣ ਦੀ ਬਜਾਏ ਸ਼੍ਰੋਮਣੀ ਕਮੇਟੀ ਗੁਰਬਾਣੀ ਦੇ ਮੁਫਤ ਪ੍ਰਸਾਰਨ ਦੇ ਮਸਲੇ ਨੂੰ ਬਿਨਾਂ ਵਜ੍ਹਾ ਲਮਕਾ ਕੇ ਬਾਦਲ ਪਰਿਵਾਰ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਜਦੋਂ ਬਹੁਤ ਸਾਰੇ ਚੈਨਲ ਗੁਰਬਾਣੀ ਪ੍ਰਸਾਰਨ ਕਰਨ ਲਈ ਤਿਆਰ ਹਨ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਇਕ ਹੀ ਨਿੱਜੀ ਚੈਨਲ ਨੂੰ ਪ੍ਰਸਾਰਨ ਕਰਨ ਦੀ ਅਪੀਲ ਕਿਉਂ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਿਸੇ ਹੋਰ ਚੈਨਲ ਨੂੰ ਪ੍ਰਸਾਰਨ ਕਰਨ ਲਈ ਕਿਉਂ ਨਹੀਂ ਕਹਿ ਰਹੀ। ਉਨ੍ਹਾਂ ਕਿਹਾ ਕਿ ਅਕਾਲ ਤਖਤ ਦੇ ਸਾਬਕਾ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਇਕ ਸਾਲ ਪਹਿਲਾਂ ਗੁਰਬਾਣੀ ਦਾ ਮੁਫਤ ਪ੍ਰਸਾਰਨ ਕਰਨ ਲਈ ਕਿਹਾ ਸੀ ਪਰ ਕਮੇਟੀ ਉਸ ਸਮੇਂ ਤੋਂ ਹੱਥ 'ਤੇ ਹੱਥ ਧਰ ਕੇ ਬੈਠੀ ਹੈ।

# ਸੀਨੀਅਰ ਆਗੂ ਨੇ ਅਕਾਲੀ ਦਲ ਦੀ ਕਾਰਜਸ਼ੈਲੀ 'ਤੇ ਸਵਾਲ ਚੁੱਕੇ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਸੰਸਦੀ ਸਕੱਤਰ ਬਾਬੂ ਪ੍ਰਕਾਸ਼ ਚੰਦ ਗਰਗ ਨੇ ਜਿਥੇ ਪਾਰਟੀ ਦੀ ਡਿੱਗ ਰਹੀ ਸ਼ਾਖ 'ਤੇ ਚਿੰਤਾ ਪ੍ਰਗਟ ਕੀਤੀ ਹੈ, ਉਥੇ ਬਗੈਰ ਕਿਸੇ ਦਾ ਨਾਮ ਲਏ ਪਾਰਟੀ ਦੇ ਕੁੱਝ ਆਗੂਆਂ 'ਤੇ ਆਪਣੇ ਸਵਾਰਥ ਲਈ ਪਾਰਟੀ ਦੀਆਂ ਮਾਣਮੱਤੀਆਂ ਪਰੰਪਰਾਵਾਂ ਨੂੰ ਛਿੱਕੇ ਟੰਗਣ ਦਾ ਦੋਸ਼ ਲਾਇਆ ਹੈ।

ਬਾਬੂ ਪ੍ਰਕਾਸ਼ ਚੰਦ ਗਰਗ ਨੇ ਕਿਹਾ ਕਿ ਪਾਰਟੀ ਵਿਚ ਅਜਿਹੇ ਹਾਲਾਤ ਪੈਦਾ ਹੋ ਗਏ ਹਨ ਕਿ ਜਿਹੜਾ ਵੀ ਸੀਨੀਅਰ ਆਗੂ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਸੋਚ ਸਮਝ ਕੇ ਫੈਸਲਾ ਲੈਣ ਦੀ ਸਲਾਹ ਦਿੰਦਾ ਹੈ, ਉਸ ਨੂੰ ਪਾਰਟੀ ਵਿਰੋਧੀ ਜਾਂ ਗ਼ਦਾਰ ਕਰਾਰ ਦੇ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਲਈ ਸੱਤਾਧਾਰੀ ਧਿਰ ਭਾਜਪਾ ਵੱਲੋਂ ਐੱਨ.ਡੀ.ਏ. ਨੂੰ ਦੁਬਾਰਾ ਮਜ਼ਬੂਤ ਕਰਨ ਲਈ ਦਿੱਲੀ ਵਿਚ ਚਰਚਾ ਕੀਤੀ ਗਈ ਪਰ ਕਿਸੇ ਵੀ ਧਿਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਸੱਦਾ ਨਾ ਦਿੱਤਾ ਗਿਆ। ਇਸ ਤੋਂ ਇਲਾਵਾ ਐੱਨ.ਡੀ.ਏ. ਦੀ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ ਦੀ ਮਹਾਨ ਸ਼ਖਸੀਅਤ ਪ੍ਰਕਾਸ਼ ਸਿੰਘ ਬਾਦਲ ਦਾ ਵਾਰਿਸ ਕਹਿਣਾ ਪਾਰਟੀ ਨੂੰ ਆਪਣੀਆਂ ਗਲਤੀਆਂ ਸੁਧਾਰ ਕੇ ਮਜ਼ਬੂਤ ਕਰਨ ਵੱਲ ਇਸ਼ਾਰਾ ਸੀ।

ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਦੀ ਨਿਯੁਕਤੀ ਨੇ ਪਾਰਟੀ ਦੀਆਂ ਉੱਚ ਅਹੁਦਿਆਂ 'ਤੇ ਕੰਮ ਕਰ ਰਹੀਆਂ ਸੀਨੀਅਰ ਬੀਬੀਆਂ ਵਿਚ ਨਿਰਾਸਤਾ ਲਿਆਂਦੀ ਹੈ। ਪਾਰਟੀ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ।

### ਜਾਗਦੀ ਜ਼ਮੀਰ ਵਾਲੇ ਬਾਗੀ ਬੀਬੀਆਂ ਤੋਂ ਸੇਧ ਲੈਣ: ਢੀਂਡਸਾ

**ਚੰਡੀਗੜ੍ਹ:** ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਅਕਾਲੀ ਆਗੂਆਂ ਨੂੰ ਵੀ ਜ਼ਮੀਰ ਮੁਤਾਬਕ ਫੈਸਲੇ ਕਰਨ ਲਈ ਕਿਹਾ ਹੈ। ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੇ ਫੈਸਲੇ ਖ਼ਿਲਾਫ਼ ਅਸਤੀਫ਼ਾ ਦੇਣ ਵਾਲੀਆਂ ਇਸਤਰੀ ਅਕਾਲੀ ਦਲ ਦੀਆਂ ਬੀਬੀਆਂ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਜੋ ਕੰਮ ਵੱਡੇ-ਵੱਡੇ ਆਗੂ ਨਾ ਕਰ ਸਕੇ, ਉਹ ਜੁਝਾਰੂ ਬੀਬੀਆਂ ਨੇ ਕਰ ਦਿਖਾਇਆ।

# ਐਨ.ਆਈ.ਏ. ਵੱਲੋਂ ਖਾਲਿਸਤਾਨੀ ਜਥੇਬੰਦੀਆਂ ਦੇ ਕੌਮਾਂਤਰੀ ਨੈੱਟਵਰਕ ਦਾ ਖੁਲਾਸਾ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ (ਐਨ.ਆਈ.ਏ) ਨੇ ਪਾਬੰਦੀ ਅਧੀਨ ਖਾਲਿਸਤਾਨੀ ਜਥੇਬੰਦੀਆਂ ਬੀ.ਕੇ.ਆਈ. ਤੇ ਕੇ.ਟੀ.ਐਫ. ਨਾਲ ਸਬੰਧਤ ਤਿੰਨ 'ਅਤਿਵਾਦੀਆਂ' ਖਿਲਾਫ ਚਾਰਜਸ਼ੀਟ ਦਾਇਰ ਕੀਤੀ ਹੈ। ਦੋਸ਼ ਪੱਤਰ ਵਿਚ ਏਜੰਸੀ ਨੇ ਉਨ੍ਹਾਂ ਦੇ ਕੌਮਾਂਤਰੀ ਸੰਪਰਕਾਂ ਦਾ ਖੁਲਾਸਾ ਕੀਤਾ ਹੈ ਜਿਸ ਰਾਹੀਂ ਉਹ ਆਪਣੀਆਂ ਗਤੀਵਿਧੀਆਂ ਲਈ ਭਰਤੀ ਕਰਦੇ ਹਨ ਤੇ ਅਤਿਵਾਦ ਫੈਲਾਉਣ ਵਾਲੇ ਭਾਰਤ ਅਧਾਰਿਤ ਅਨਸਰਾਂ ਨਾਲ ਰਾਬਤਾ ਕਰਦੇ ਹਨ।

ਐੱਨ.ਆਈ.ਏ. ਦੇ ਇਕ ਅਧਿਕਾਰੀ ਨੇ ਦੱਸਿਆ ਕਿ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਤੇ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐਫ.) ਲਈ ਕੰਮ ਕਰ ਰਹੇ ਛੇ ਹੋਰਾਂ ਦਾ ਨਾਂ ਵੀ ਚਾਰਜਸ਼ੀਟ ਵਿਚ ਦਰਜ ਕੀਤਾ ਗਿਆ ਹੈ ਜਿਸ ਨੂੰ ਇਕ ਵਿਸ਼ੇਸ਼ ਅਦਾਲਤ ਵਿਚ ਦਾਖਲ ਕੀਤਾ ਗਿਆ ਹੈ। ਚਾਰਜਸ਼ੀਟ ਵਿਚ ਇਨ੍ਹਾਂ ਦੋ ਜਥੇਬੰਦੀਆਂ ਲਈ ਪੈਸੇ ਇਕੱਠੇ ਕਰਨ ਦੀ ਗੁੰਝਲਦਾਰ ਪ੍ਰਕਿਰਿਆ ਦਾ ਵੀ ਖੁਲਾਸਾ ਕੀਤਾ ਗਿਆ ਹੈ। ਏਜੰਸੀ ਨੇ ਦੱਸਿਆ ਕਿ ਉਹ ਬੀ.ਕੇ.ਆਈ. ਤੇ ਕੇ.ਟੀ.ਐਫ. ਨਾਲ ਸਬੰਧਤ 16 ਹੋਰ ਫਰਾਰ ਤੇ ਗ੍ਰਿਫਤਾਰ ਮੁਲਜ਼ਮਾਂ ਦੇ ਸੰਪਰਕਾਂ ਦੀ ਵੀ ਜਾਂਚ ਕਰ ਰਹੀ ਹੈ। ਏਜੰਸੀ ਦੇ ਤਰਜਮਾਨ ਨੇ ਕਿਹਾ




ਕਿ ਗੈਂਗਸਟਰਾਂ ਤੋਂ ਅਤਿਵਾਦੀ ਤੇ ਨਸ਼ਾ ਤਸਕਰ ਬਣੇ ਤਿੰਨ ਜਣੇ- ਹਰਵਿੰਦਰ ਸਿੰਘ ਸੰਧੂ ਉਰਫ 'ਰਿੰਦਾ', ਲਖਬੀਰ ਸਿੰਘ ਸੰਧੂ ਉਰਫ 'ਲੰਡਾ' (ਬੀ.ਕੇ.ਆਈ.) ਤੇ ਅਰਸ਼ਦੀਪ ਸਿੰਘ ਡਾਲਾ ਉਰਫ ਅਰਸ਼ ਡਾਲਾ (ਕੇ.ਟੀ.ਐਫ.) ਨੇ ਮੁਲਕ ਤੋਂ ਬਾਹਰ ਵਿਦੇਸ਼ਾਂ ਵਿਚ ਟਿਕਾਣਾ ਬਣਾ ਕੇ ਦਹਿਸ਼ਤੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲਿਆਂ ਦਾ ਆਪਣਾ ਇਕ ਨੈੱਟਵਰਕ ਬਣਾ ਲਿਆ ਹੈ। ਇਨ੍ਹਾਂ ਵੱਲੋਂ ਭਾਰਤ ਵਿਚ ਅਜਿਹੀਆਂ ਸਾਜ਼ਿਸ਼ਾਂ ਨੂੰ ਸਿਰੇ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਐੱਨ.ਆਈ.ਏ. ਮੁਤਾਬਕ ਰਿੰਦਾ ਬੀ.ਕੇ.ਆਈ. ਦਾ ਬੇਹੱਦ ਅਹਿਮ ਮੈਂਬਰ ਹੈ ਤੇ ਸਰਗਰਮ ਖਾਲਿਸਤਾਨੀ ਹੈ। ਉਨ੍ਹਾਂ ਕਿਹਾ ਕਿ ਉਹ ਸਾਲ 2018-19 ਵਿਚ ਗੈਰਕਾਨੂੰਨੀ ਢੰਗ ਨਾਲ ਪਾਕਿਸਤਾਨ ਫਰਾਰ ਹੋ ਗਿਆ ਸੀ ਤੇ ਇਸ ਵੇਲੇ ਆਈ.ਐੱਸ.ਆਈ. ਦੀ ਸਰਪ੍ਰਸਤੀ ਹੇਠ ਉੱਥੇ ਹੀ ਰਹਿ ਰਿਹਾ ਹੈ। ਭਾਰਤ ਖਿਲਾਫ ਅਤਿਵਾਦੀ ਗਤੀਵਿਧੀਆਂ ਵਿਚ ਉਸ ਦੀ ਸ਼ਮੂਲੀਅਤ ਹੈ। ਏਜੰਸੀ ਨੇ ਕਿਹਾ ਕਿ 'ਪਾਕਿਸਤਾਨ ਤੋਂ ਭਾਰਤ ਨੂੰ ਹੁੰਦੀ ਹਥਿਆਰਾਂ, ਧਮਾਕਾਖੇਜ ਸਮੱਗਰੀ ਤੇ ਨਸ਼ਿਆਂ ਦੀ ਤਸਕਰੀ ਵਿਚ ਰਿੰਦਾ ਸ਼ਾਮਲ ਹੈ। ਉਹ ਬੀ.ਕੇ.ਆਈ. ਲਈ ਭਰਤੀ ਵੀ ਕਰਦਾ ਹੈ, ਹੱਤਿਆਵਾਂ ਵਿਚ ਵੀ ਸ਼ਾਮਲ ਹੈ ਤੇ ਪੰਜਾਬ ਅਤੇ ਮਹਾਰਾਸ਼ਟਰ ਵਿਚ ਫਿਰੌਤੀਆਂ ਰਾਹੀਂ ਬੀ.ਕੇ.ਆਈ. ਲਈ ਫੰਡ ਇਕੱਠੇ ਕਰਦਾ ਹੈ।' ਐੱਨ.ਆਈ.ਏ. ਮੁਤਾਬਕ ਰਿੰਦਾ ਮਈ 2022 ਵਿਚ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਹੋਏ ਆਰ.ਪੀ.ਜੀ. ਹਮਲੇ ਵਿਚ ਵੀ ਸ਼ਾਮਲ ਸੀ। ਰਿੰਦਾ, ਲੰਡਾ ਤੇ ਡਾਲਾ ਨੂੰ ਭਾਰਤ ਸਰਕਾਰ ਨੇ ਅਤਿਵਾਦੀ ਐਲਾਨਿਆ ਹੋਇਆ ਹੈ। ਮੋਗਾ ਦਾ ਰਹਿਣ ਵਾਲਾ ਡਾਲਾ ਖਤਰਨਾਕ ਗੈਂਗਸਟਰ ਸੀ ਤੇ ਕੁਝ ਸਮਾਂ ਪਹਿਲਾਂ ਕੈਨੇਡਾ ਚਲਾ ਗਿਆ ਸੀ ਜਿੱਥੇ ਉਹ ਕੇ.ਟੀ.ਐਫ. ਦੇ ਮੁਖੀ ਹਰਦੀਪ ਸਿੰਘ ਨਿੱਝਰ ਦੇ ਸੰਪਰਕ ਵਿਚ ਆਇਆ ਸੀ। ਏਜੰਸੀ ਮੁਤਾਬਕ ਇਨ੍ਹਾਂ ਦੋਵਾਂ ਨੇ ਅਤਿਵਾਦੀ ਗੈਂਗ ਬਣਾਉਣ ਲਈ ਨੌਜਵਾਨਾਂ ਨੂੰ ਆਪਣੇ ਨਾਲ ਜੋੜਿਆ, ਤੇ ਇਨ੍ਹਾਂ ਰਾਹੀਂ ਫਿਰੌਤੀਆਂ ਮੰਗ ਕੇ ਕੇ.ਟੀ.ਐਫ. ਲਈ ਫੰਡ ਇਕੱਠੇ ਕੀਤੇ। ਅਤਿਵਾਦੀ ਗੈਂਗਾਂ ਰਾਹੀਂ ਹੀ ਇਨ੍ਹਾਂ ਪੰਜਾਬ ਵਿਚ ਵਿਸ਼ੇਸ਼ ਭਾਈਚਾਰਿਆਂ ਦੇ ਕਾਰੋਬਾਰੀਆਂ ਤੇ ਆਗੂਆਂ ਦੀ ਮਿੱਥ ਕੇ ਹੱਤਿਆ ਕਰਨ ਦੀ ਯੋਜਨਾ ਵੀ ਬਣਾਈ।

ਅਧਿਕਾਰੀਆਂ ਮੁਤਾਬਕ ਤਰਨ ਤਾਰਨ ਨਾਲ ਸਬੰਧਤ ਲੰਡਾ ਪਹਿਲਾਂ ਅਪਰਾਧਕ ਤੇ ਗੈਂਗਸਟਰ ਗਤੀਵਿਧੀਆਂ ਵਿਚ ਸ਼ਾਮਲ ਸੀ ਤੇ 2017 ਵਿਚ ਕੈਨੇਡਾ ਚਲਾ ਗਿਆ ਜਿੱਥੇ ਉਹ ਰਿੰਦਾ ਦੇ ਸੰਪਰਕ ਵਿਚ ਆਇਆ। ਲੰਡਾ ਨੇ ਬੀ.ਕੇ.ਆਈ. ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ ਤੇ ਕਈ ਦਹਿਸ਼ਤੀ ਘਟਨਾਵਾਂ ਵਿਚ ਮੁੱਖ ਮੁਲਜ਼ਮ ਵਜੋਂ ਉੱਭਰਿਆ। ਇਨ੍ਹਾਂ ਘਟਨਾਵਾਂ ਵਿਚ ਮੁਹਾਲੀ ਤੇ ਤਰਨ ਤਾਰਨ ਵਿਚ ਪੰਜਾਬ ਪੁਲਿਸ ਦੇ ਟਿਕਾਣਿਆਂ ਉਤੇ ਹੋਏ ਆਰ.ਪੀ.ਜੀ. ਹਮਲੇ ਸ਼ਾਮਲ ਹਨ। ਏਜੰਸੀ ਮੁਤਾਬਕ ਉਹ ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਦਿਲਬਾਗ ਸਿੰਘ ਦੀ ਪਿਛਲੇ ਸਾਲ ਅਗਸਤ ਵਿਚ ਘੜੀ ਗਈ ਹੱਤਿਆ ਦੀ ਸਾਜ਼ਿਸ਼ ਦਾ ਵੀ ਮੁੱਖ ਮੁਲਜ਼ਮ ਸੀ। ਏਜੰਸੀ ਨੇ ਕਿਹਾ ਕਿ ਵਿਦੇਸ਼ ਬੈਠੇ ਹੋਰਾਂ ਨੂੰ ਵੀ ਚਾਰਜਸ਼ੀਟ ਕੀਤਾ ਗਿਆ ਹੈ ਜਿਨ੍ਹਾਂ ਵਿਚ ਬੀ.ਕੇ.ਆਈ. ਨਾਲ ਸਬੰਧਤ ਹਰਜੋਤ ਸਿੰਘ ਸ਼ਾਮਲ ਹੈ। ਉਹ ਇਸ ਵੇਲੇ ਅਮਰੀਕਾ ਵਿਚ ਹੈ। ਇਸ ਤੋਂ ਇਲਾਵਾ ਨਾਭਾ ਜੇਲ੍ਹ 'ਚੋਂ ਭੱਜਣ ਦੇ ਕੇਸ ਵਿਚ ਸ਼ਾਮਲ ਕਸ਼ਮੀਰ ਸਿੰਘ ਗਲਵੱਡੀ ਦਾ ਨਾਂ ਵੀ ਚਾਰਜਸ਼ੀਟ ਵਿਚ ਹੈ ਤੇ ਉਸ ਦੇ ਨੇਪਾਲ ਵਿਚ ਹੋਣ ਦਾ ਸ਼ੱਕ ਹੈ। ਲੰਡਾ ਦੇ ਭਰਾ ਤਰਸੇਮ ਨੂੰ ਵੀ ਚਾਰਜਸ਼ੀਟ ਕੀਤਾ ਗਿਆ ਹੈ ਤੇ ਉਹ ਦੁਬਈ ਵਿਚ ਹੈ। ਆਸਟਰੇਲੀਆ ਵਿਚ ਲੁਕਿਆ ਗੁਰਜੰਟ ਸਿੰਘ ਕੇ.ਟੀ.ਐਫ. ਦੇ ਵਿਦੇਸ਼ੀ ਨੈੱਟਵਰਕ ਦਾ ਹਿੱਸਾ ਹੈ ਤੇ ਚਾਰਜਸ਼ੀਟ ਵਿਚ ਉਸ ਦਾ ਵੀ ਨਾਂ ਹੈ।

### ਉੱਤਰ ਭਾਰਤ 'ਚ ਵੱਡੇ ਗੈਂਗਾਂ ਨਾਲ ਸੰਪਰਕ ਦਾ ਦਾਅਵਾ

**ਨਵੀਂ ਦਿੱਲੀ:** ਬੁਲਾਰੇ ਨੇ ਕਿਹਾ ਕਿ ਵਿਦੇਸ਼ ਬੈਠੇ ਅਜਿਹੇ ਤੱਤਾਂ ਦੇ ਗੁੰਝਲਦਾਰ ਨੈੱਟਵਰਕ ਰਾਹੀਂ ਇਹ ਸਾਰੇ ਭਾਰਤ ਵਿਚ ਅਤਿਵਾਦੀ ਕਾਰਵਾਈਆਂ ਕਰਨ ਲਈ ਵਿਅਕਤੀਆਂ ਨੂੰ ਭਰਤੀ ਕਰਦੇ ਹਨ ਤੇ ਸ਼ਹਿ ਦਿੰਦੇ ਹਨ, ਫਿਰੌਤੀਆਂ ਮੰਗਦੇ ਹਨ ਤੇ ਸਰਹੱਦ ਪਾਰੋਂ ਹਥਿਆਰਾਂ ਤੇ ਨਸ਼ਿਆਂ ਦੀ ਤਸਕਰੀ ਕਰਦੇ ਹਨ।' ਉਨ੍ਹਾਂ ਕਿਹਾ ਕਿ ਉੱਤਰ ਭਾਰਤ ਵਿਚ ਇਨ੍ਹਾਂ ਦੇ ਕਈ ਵੱਡੇ ਗੈਂਗਾਂ ਨਾਲ ਵੀ ਸੰਪਰਕ ਹਨ, ਜਿਨ੍ਹਾਂ ਵਿਚ ਸਥਾਨਕ ਗੈਂਗਸਟਰ, ਸੰਗਠਿਤ ਅਪਰਾਧਕ ਸਿੰਡੀਕੇਟ ਤੇ ਨੈੱਟਵਰਕ ਸ਼ਾਮਲ ਹਨ।

# ਜਾਇਦਾਦ ਲਈ ਨੌਕਰ ਨੇ ਕਰਵਾਈ ਸੀ ਐਨ.ਆਰ.ਆਈ. ਦੀ ਹੱਤਿਆ

**ਲੁਧਿਆਣਾ:** ਪਿੰਡ ਲਲਤੋਂ ਕਲਾਂ ਇਲਾਕੇ 'ਚ ਕੁਝ ਦਿਨ ਪਹਿਲਾਂ ਹੋਏ ਐਨ.ਆਰ.ਆਈ. ਬਨਿੰਦਰਦੀਪ ਸਿੰਘ ਦੇ ਕਤਲ ਮਾਮਲੇ ਵਿਚ ਪੁਲਿਸ ਨੇ ਬਨਿੰਦਰਦੀਪ ਸਿੰਘ ਦੇ ਨੌਕਰ ਬਲ ਸਿੰਘ ਸਣੇ ਛੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਕਤਲ ਕਾਂਡ ਦੇ ਮਾਸਟਰ ਮਾਈਂਡ ਬਲ ਸਿੰਘ ਨੇ ਐਨ.ਆਰ.ਆਈ. ਅਤੇ ਉਸ ਦੇ ਪਰਿਵਾਰ ਦੀ ਜਾਇਦਾਦ 'ਤੇ ਕਬਜ਼ਾ ਕਰਨ ਲਈ ਇਸ ਸਾਰੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ।

ਉਨ੍ਹਾਂ ਦੱਸਿਆ ਕਿ ਬਲ ਸਿੰਘ ਨੇ ਇਸ ਕਤਲ ਕਾਂਡ ਨੂੰ ਅੰਜਾਮ ਦੇਣ ਲਈ ਬਾਕੀ ਮੁਲਜ਼ਮਾਂ ਨਾਲ ਤਿੰਨ ਲੱਖ 'ਚ ਸੌਦਾ ਤੈਅ ਕੀਤਾ ਸੀ। ਉਨ੍ਹਾਂ ਨੂੰ ਹੁਣ ਤੱਕ ਉਹ 2.70 ਲੱਖ ਰੁਪਏ ਦੇ ਚੁੱਕਿਆ ਸੀ। ਪੁਲਿਸ ਨੇ ਇਸ ਮਾਮਲੇ 'ਚ ਬਲ ਸਿੰਘ ਤੋਂ ਇਲਾਵਾ ਦੁੱਗਰੀ ਦੀ ਸੀ.ਆਰ.ਪੀ.ਐੱਫ. ਕਲੋਨੀ ਦੇ ਵਸਨੀਕ ਜਗਰਾਜ ਸਿੰਘ ਉਰਫ ਜੱਗਾ, ਜਗਦੇਵ ਨਗਰ ਵਾਸੀ ਜਸਪ੍ਰੀਤ ਸਿੰਘ ਉਰਫ਼ ਜੱਸੀ, ਪਿੰਡ ਮਹਿਮੂਦਪੁਰਾ ਵਾਸੀ ਸੋਹੇਲ ਅਲੀ, ਸ਼ਹੀਦ ਭਗਤ ਸਿੰਘ ਨਗਰ ਵਾਸੀ ਦੇਵ ਰਾਜ ਉਰਫ ਕਾਲੂ ਤੇ ਸ਼ਹੀਦ ਭਗਤ ਸਿੰਘ ਨਗਰ ਵਾਸੀ ਵਰਿੰਦਰ ਸਿੰਘ ਉਰਫ਼ ਵਿੱਕੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ ਵਾਰਦਾਤ ਲਈ ਵਰਤਿਆ ਮੋਟਰਸਾਈਕਲ, ਤੇਜ਼ਧਾਰ ਹਥਿਆਰ ਤੇ 1.80 ਲੱਖ ਨਕਦੀ ਬਰਾਮਦ ਕਰ ਲਈ ਹੈ।

ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਬਲ ਸਿੰਘ ਮੂਲ ਰੂਪ 'ਚ ਮੱਧ ਪ੍ਰਦੇਸ਼ ਦਾ ਰਹਿਣ ਵਾਲਾ ਹੈ ਪਰ ਹੁਣ ਕਾਫੀ ਸਮੇਂ ਤੋਂ ਉਹ ਐੱਨ.ਆਰ.ਆਈ. ਬਨਿੰਦਰਦੀਪ ਸਿੰਘ ਦੇ ਪਰਿਵਾਰ ਨਾਲ ਹੀ ਰਹਿੰਦਾ ਸੀ। ਕਰੀਬ 15 ਸਾਲ ਤੋਂ ਨਾਲ ਰਹਿਣ ਕਾਰਨ ਹਰ ਕੋਈ ਉਸ ਨੂੰ ਪਰਿਵਾਰਕ ਮੈਂਬਰ ਹੀ ਮੰਨਦਾ ਸੀ। ਬਲ ਸਿੰਘ ਨੂੰ ਲੱਗਦਾ ਸੀ ਕਿ ਬਨਿੰਦਰਦੀਪ ਤੋਂ ਬਾਅਦ ਸਾਰੀ ਜਾਇਦਾਦ ਉਸ ਨੂੰ ਹੀ ਮਿਲੇਗੀ, ਜਿਸ ਕਰਕੇ ਉਸ ਨੇ ਬਨਿੰਦਰਦੀਪ ਨੂੰ ਰਸਤੇ 'ਚੋਂ ਹਟਾਉਣ ਲਈ ਉਸ ਦਾ ਕਤਲ ਕਰਵਾ ਦਿੱਤਾ।




## ਦੋ ਹਫਤੇ ਪਹਿਲਾਂ ਕੈਨੇਡਾ ਗਏ ਨੌਜਵਾਨ ਦੀ ਮੌਤ

**ਗੁਰਦਾਸਪੁਰ:** ਕੈਨੇਡਾ ਵਿਚ 23 ਦਿਨ ਪਹਿਲਾਂ ਪੜ੍ਹਾਈ ਕਰਨ ਗਏ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਇੱਥੋਂ ਦੇ ਮੁਹੱਲਾ ਇਸਲਾਮਾਬਾਦ ਦੇ ਨੌਜਵਾਨ ਰਜਤ ਮਹਿਰਾ (28) ਦੇ ਪਿਤਾ ਅਸ਼ਵਨੀ ਮਹਿਰਾ ਅਤੇ ਭਰਾ ਅਤੁਲ ਮਹਿਰਾ ਨੇ ਦੱਸਿਆ ਕਿ ਰਜਤ 23 ਦਿਨ ਪਹਿਲਾਂ ਹੀ ਐਮ.ਬੀ.ਏ. ਦੀ ਪੜ੍ਹਾਈ ਕਰਨ ਲਈ ਕੈਨੇਡਾ ਗਿਆ ਸੀ। ਉਨ੍ਹਾਂ ਨੂੰ ਫੋਨ 'ਤੇ ਸੂਚਨਾ ਮਿਲੀ ਕਿ ਰਜਤ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ।

## ਵਿਦੇਸ਼ ਭੇਜਣ ਬਹਾਨੇ ਠੱਗਣ ਵਾਲਿਆਂ ਖਿਲਾਫ ਕੇਸ

**ਭਗਤਾ ਭਾਈ:** ਸਥਾਨਕ ਥਾਣੇ ਦੀ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਮ 'ਤੇ 25 ਲੱਖ ਦੀ ਠੱਗੀ ਮਾਰਨ ਦੇ ਦੋਸ਼ ਹੇਠ ਤਿੰਨ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਸ ਮਾਮਲੇ ਸਬੰਧੀ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ। ਜਾਣਕਾਰੀ ਅਨੁਸਾਰ ਗੁਰਚਰਨ ਕੌਰ ਪਤਨੀ ਅੰਮ੍ਰਿਤਪਾਲ ਸਿੰਘ ਵਾਸੀ ਪੂਹਲਾ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਕੇ ਦੋਸ਼ ਲਾਇਆ ਹੈ ਕਿ ਤਿੰਨ ਵਿਅਕਤੀਆਂ ਨੇ ਉਨ੍ਹਾਂ ਦੀ ਨੂੰਹ ਵੀਰਪਾਲ ਕੌਰ ਨੂੰ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਉਨ੍ਹਾਂ ਨਾਲ 25 ਲੱਖ ਦੀ ਠੱਗੀ ਮਾਰੀ ਹੈ। ਇਸ ਮਾਮਲੇ ਵਿਚ ਗੁਰਚਰਨ ਕੌਰ ਦੀ ਸ਼ਿਕਾਇਤ 'ਤੇ ਪੁਲਿਸ ਨੇ ਜਰਮਨਦੀਪ ਸਿੰਘ, ਨਰਿੰਦਰ ਸਿੰਘ ਅਤੇ ਮੱਖਣ ਸਿੰਘ ਦੇ ਖ਼ਿਲਾਫ਼ ਧਾਰਾ 420, 120 ਬੀ ਤਹਿਤ ਕੇਸ ਦਰਜ ਕਰ ਲਿਆ ਹੈ। ਪੁਲਿਸ ਅਧਿਕਾਰੀ ਨੇ ਕਿਹਾ ਕਿ ਕਾਰਵਾਈ ਕੀਤੀ ਜਾ ਰਹੀ ਹੈ।

# ਅਮਰੂਦਾਂ ਦਾ ਮੁਆਵਜ਼ਾ: ਸਾਬਕਾ ਪੀ.ਸੀ.ਐੱਸ. ਅਧਿਕਾਰੀ ਜਗਦੀਸ਼ ਜੌਹਲ ਗ੍ਰਿਫਤਾਰ

**ਮੁਹਾਲੀ:** ਮੁਹਾਲੀ ਵਿਚ ਅਮਰੂਦਾਂ ਦੇ ਬਾਗ ਦਿਖਾ ਕੇ ਮੁਆਵਜ਼ਾ ਲੈਣ ਲਈ ਹੋਏ ਬਹੁ-ਕਰੋੜੀ ਘੁਟਾਲੇ ਦੇ ਮਾਮਲੇ 'ਚ ਪੰਜਾਬ ਵਿਜੀਲੈਂਸ ਬਿਊਰੋ ਨੇ ਗਮਾਡਾ ਦੇ ਤਤਕਾਲੀ ਲੈਂਡ ਐਕੁਜ਼ੀਸ਼ਨ ਕੁਲੈਕਟਰ (ਐੱਲ.ਏ.ਸੀ.) ਸੇਵਾਮੁਕਤ ਪੀ.ਸੀ.ਐੱਸ. ਅਧਿਕਾਰੀ ਜਗਦੀਸ਼ ਸਿੰਘ ਜੌਹਲ ਨੂੰ ਮੁਹਾਲੀ 'ਚੋਂ ਗ੍ਰਿਫ਼ਤਾਰ ਕਰ ਲਿਆ। ਗਮਾਡਾ ਦੇ ਮੁਆਵਜ਼ਾ ਘੁਟਾਲੇ ਵਿਚ ਇਹ 20ਵੀਂ ਗ੍ਰਿਫ਼ਤਾਰੀ ਹੈ।

ਮੁਹਾਲੀ ਦੇ ਪਿੰਡ ਬਾਕਰਪੁਰ ਵਿਚ ਗਮਾਡਾ ਵੱਲੋਂ ਐਕੁਆਇਰ ਕੀਤੀ ਗਈ ਜ਼ਮੀਨ ਦੇ ਬਦਲੇ ਜਾਰੀ ਕੀਤੇ ਕਰੋੜਾਂ ਰੁਪਏ ਦੇ ਮੁਆਵਜ਼ੇ ਦੌਰਾਨ ਗਮਾਡਾ ਅਧਿਕਾਰੀਆਂ ਅਤੇ ਹੋਰਨਾਂ ਵਿਅਕਤੀਆਂ ਨੇ ਇਸ ਜ਼ਮੀਨ ਵਿਚ ਅਮਰੂਦਾਂ ਦਾ ਬਾਗ ਲੱਗਿਆ ਦਿਖਾ ਕੇ ਕਰੋੜਾਂ ਰੁਪਏ ਦਾ ਮੁਆਵਜ਼ਾ ਲੈ ਕੇ ਸਰਕਾਰੀ ਖ਼ਜ਼ਾਨੇ ਨੂੰ ਰਗੜਾ ਲਗਾਇਆ ਹੈ।



ਵਿਜੀਲੈਂਸ ਅਨੁਸਾਰ ਜਗਦੀਸ਼ ਜੌਹਲ ਨੇ ਮਾਲ ਰਿਕਾਰਡ ਅਨੁਸਾਰ ਜ਼ਮੀਨ ਮਾਲਕਾਂ ਦੇ ਨਾਂ ਅਤੇ ਜ਼ਮੀਨ ਦਾ ਹਿੱਸਾ ਸਹੀ ਨਾ ਹੋਣ ਦੇ ਬਾਵਜੂਦ ਬਾਗ਼ਬਾਨੀ ਵਿਭਾਗ ਦੀ ਮੁਲਾਂਕਣ ਰਿਪੋਰਟ ਦੇ ਆਧਾਰ 'ਤੇ ਨਾਜਾਇਜ਼ ਅਦਾਇਗੀਆਂ ਨੂੰ ਮਨਜ਼ੂਰੀ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ।

ਇਸ ਮਾਮਲੇ ਵਿਚ ਪਿਛਲੇ ਦਿਨੀਂ ਗਮਾਡਾ ਵਿਚ ਤਾਇਨਾਤ ਰਹੇ ਦੋ ਸੇਵਾਮੁਕਤ ਪਟਵਾਰੀਆਂ ਸੁਰਿੰਦਰਪਾਲ ਸਿੰਘ ਅਤੇ ਸੁਰਿੰਦਰਪਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁੱਛ-ਪੜਤਾਲ ਦੌਰਾਨ ਇਨ੍ਹਾਂ ਪਟਵਾਰੀਆਂ ਨੇ ਖ਼ੁਲਾਸਾ ਕੀਤਾ ਸੀ ਕਿ ਸ਼ੁਰੂ ਵਿਚ ਉਨ੍ਹਾਂ ਨੇ ਬਾਗ਼ਬਾਨੀ ਵਿਭਾਗ ਦੀ ਮੁਲਾਂਕਣ ਰਿਪੋਰਟ ਵਿਚ ਦਰਸਾਏ ਗਏ ਜ਼ਮੀਨ ਮਾਲਕਾਂ ਦੇ ਨਾਂ ਅਤੇ ਜ਼ਮੀਨ ਦੇ ਹਿੱਸੇ ਵਜੋਂ ਭੁਗਤਾਨ ਫਾਰਮ ਨੂੰ ਤਸਦੀਕ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਕਿਉਂਕਿ ਇਹ ਮਾਲ ਰਿਕਾਰਡ ਅਨੁਸਾਰ ਅਸਲ ਮਾਲਕਾਂ ਅਤੇ ਉਨ੍ਹਾਂ ਦੇ ਜ਼ਮੀਨ ਦੇ ਹਿੱਸੇ ਤੋਂ ਵੱਖਰੇ ਸਨ।

ਉਨ੍ਹਾਂ ਕਿਹਾ ਕਿ ਜਗਦੀਸ਼ ਸਿੰਘ ਜੌਹਲ ਨੇ ਆਪਣਾ ਰਸੂਖ ਵਰਤਦਿਆਂ ਮਾਲ ਰਿਕਾਰਡ ਦੀ ਅਣਦੇਖੀ ਕਰਕੇ ਬਾਗ਼ਬਾਨੀ ਵਿਭਾਗ ਦੀ ਮੁਲਾਂਕਣ ਰਿਪੋਰਟ ਅਨੁਸਾਰ ਅਦਾਇਗੀਆਂ ਦੀ ਪ੍ਰਵਾਨਗੀ ਦੇਣ ਲਈ ਨੋਟਿੰਗ ਤਿਆਰ ਕਰਨ ਲਈ ਦਬਾਅ ਪਾਇਆ ਸੀ। ਇਸ ਤਰ੍ਹਾਂ ਵੱਖ-ਵੱਖ ਲਾਭਪਾਤਰੀਆਂ ਨੂੰ ਲਗਭਗ 124 ਕਰੋੜ ਰੁਪਏ ਜਾਰੀ ਕੀਤੇ ਗਏ। ਹਾਲਾਂਕਿ ਅਸਲ ਲਾਭਪਾਤਰੀਆਂ ਨੂੰ ਅਦਾਇਗੀਆਂ ਯਕੀਨੀ ਬਣਾਉਣ ਲਈ ਗਮਾਡਾ ਦੇ ਮੁੱਖ ਪ੍ਰਸ਼ਾਸਕ ਨੇ ਆਦੇਸ਼ ਦਿੱਤੇ ਸਨ ਕਿ ਐਲਏਸੀ. ਅਮਰੂਦ ਦੇ ਬਾਗ਼ਾਂ ਦਾ ਨਿਰੀਖਣ ਕਰਨ ਲਈ ਖ਼ੁਦ ਦੌਰਾ ਕਰੇਗਾ ਪਰ ਇਸ ਅਧਿਕਾਰੀ ਨੇ ਜਾਣਬੁੱਝ ਕੇ ਇਨ੍ਹਾਂ ਹੁਕਮਾਂ ਨੂੰ ਨਜ਼ਰਅੰਦਾਜ਼ ਕੀਤਾ ਅਤੇ ਨਾਜਾਇਜ਼ ਲਾਭਪਾਤਰੀਆਂ ਨਾਲ ਮਿਲੀਭੁਗਤ ਕਰਕੇ ਅਦਾਇਗੀਆਂ ਜਾਰੀ ਕੀਤੀਆਂ।

## 13.71 ਲੱਖ ਨਸ਼ੀਲੇ ਕੈਪਸੂਲਾਂ ਸਣੇ ਪੰਜ ਕਾਬੂ



**ਬਰਨਾਲਾ:** ਪੁਲਿਸ ਦੇ ਸੀ.ਆਈ.ਏ. ਸਟਾਫ ਨੇ ਪੰਜ ਮੁਲਜ਼ਮਾਂ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ 13 ਲੱਖ 57 ਹਜ਼ਾਰ ਨਸ਼ੀਲੇ ਕੈਪਸੂਲ, 13,540 ਨਸ਼ੀਲੀਆਂ ਗੋਲੀਆਂ, ਦੋ ਕਾਰਾਂ ਅਤੇ ਇਕ ਛੋਟਾ ਹਾਥੀ ਬਰਾਮਦ ਕੀਤਾ ਹੈ। ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਮਲਿਕ ਨੇ ਦੱਸਿਆ ਕਿ ਪੁਲਿਸ ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ 16 ਜੁਲਾਈ ਨੂੰ ਇਲਾਕੇ 'ਚ ਨਾਕਾ ਲਾਇਆ। ਇਸ ਦੌਰਾਨ ਥਾਣੇਦਾਰ ਕੁਲਦੀਪ ਸਿੰਘ ਦੀ ਅਗਵਾਈ ਹੇਠ ਪੁਲਿਸ ਨੇ ਰਾਜ ਸਿੰਘ ਉਰਫ਼ ਰਾਜੂ ਨੂੰ 850 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਸੀ। ਰਾਜ ਸਿੰਘ ਤੋਂ ਪੁੱਛ-ਪੜਤਾਲ ਦੌਰਾਨ ਉਨ੍ਹਾਂ ਬਰਨਾਲਾ ਵਾਸੀ ਵਿੱਕੀ ਸਿੰਘ, ਹਰਵਿੰਦਰ ਸਿੰਘ ਤੇ ਬਠਿੰਡਾ ਵਾਸੀ ਵਿਵੇਕ ਅਤੇ ਪਦਮ ਕੁਮਾਰ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ 13 ਲੱਖ 57 ਹਜ਼ਾਰ ਨਸ਼ੀਲੇ ਕੈਪਸੂਲ, 13540 ਨਸ਼ੀਲੀਆਂ ਗੋਲੀਆਂ, ਦੋ ਕਾਰਾਂ ਅਤੇ ਇਕ ਛੋਟਾ ਹਾਥੀ ਬਰਾਮਦ ਕੀਤੇ।

# ਗਿਆਸਪੁਰਾ ਗੈਸ ਕਾਂਡ: ਸਾਰੇ ਵਿਭਾਗਾਂ ਨੂੰ ਕਲੀਨ ਚਿੱਟ

**ਲੁਧਿਆਣਾ:** ਗਿਆਸਪੁਰਾ ਗੈਸ ਲੀਕ ਕਾਂਡ 'ਚ ਹੋਈਆਂ 11 ਮੌਤਾਂ ਦੇ ਮਾਮਲੇ 'ਚ ਜ਼ਿਲ੍ਹਾ ਪ੍ਰਸ਼ਾਸਨ ਨੇ ਆਪਣੀ ਜਾਂਚ ਮੁਕੰਮਲ ਕਰ ਲਈ ਹੈ। ਇਸ ਜਾਂਚ 'ਚ ਕਿਸੇ ਵੀ ਵਿਭਾਗ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ। ਸਾਰੇ ਵਿਭਾਗਾਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਹੈ। ਪ੍ਰਸ਼ਾਸਨ ਦੀ ਜਾਂਚ ਰਿਪੋਰਟ ਅਨੁਸਾਰ ਸੀਵਰੇਜ 'ਚੋਂ ਨਿਕਲੀ ਗੈਸ ਕਾਰਨ ਇਹ ਹਾਦਸਾ ਵਾਪਰਿਆ ਸੀ। ਇਸ ਸਬੰਧੀ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀ ਟੀਮ ਵੱਲੋਂ ਜਾਂਚ ਜਾਰੀ ਹੈ।

ਐਸ.ਡੀ.ਐੱਮ. ਹਰਜਿੰਦਰ ਸਿੰਘ ਨੇ ਦੱਸਿਆ ਕਿ ਜਾਂਚ ਟੀਮ ਵਿਚ ਹਰ ਵਿਭਾਗ ਦੇ ਅਧਿਕਾਰੀ ਸ਼ਾਮਲ ਸਨ। ਰਿਪੋਰਟ ਅਨੁਸਾਰ ਹਾਦਸੇ ਵਾਲੇ ਦਿਨ ਕੋਈ ਵੀ ਫੈਕਟਰੀ ਯੂਨਿਟ ਕੰਮ ਨਹੀਂ ਕਰ ਰਹੀ ਸੀ। ਜਾਂਚ ਵਿਚ ਹਾਦਸੇ 'ਚ ਹੋਈਆਂ ਮੌਤ ਦਾ ਕਾਰਨ ਐਚਟੂਐਸ ਗੈਸ ਦੱਸੀ ਜਾ ਰਹੀ ਹੈ। ਇਸ ਵਿਚ ਕੋਈ ਵੀ ਵਿਭਾਗ ਸਿੱਧੇ ਤੌਰ 'ਤੇ 11 ਲੋਕਾਂ ਦੀਆਂ ਮੌਤਾਂ ਲਈ ਜ਼ਿੰਮੇਵਾਰ ਨਹੀਂ ਸਾਬਤ ਹੋ ਰਿਹਾ ਪਰ ਸਾਰੇ ਵਿਭਾਗਾਂ ਨੂੰ ਆਪਣੇ ਪੱਧਰ 'ਤੇ ਜ਼ਿੰਮੇਵਾਰੀ ਜਰੂਰ ਸਮਝਣੀ ਚਾਹੀਦੀ ਹੈ। ਜੋ ਕਮੀਆਂ ਰਹਿ ਗਈਆਂ ਹਨ, ਵਿਭਾਗਾਂ ਨੂੰ ਉਨ੍ਹਾਂ 'ਤੇ ਧਿਆਨ ਦੇਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਦੇ ਸੀਵਰੇਜ ਸਿਸਟਮ ਗੈਰਕਾਨੂੰਨੀ ਹਨ ਅਤੇ ਬਿਲਡਿੰਗਾਂ ਦੇ ਨਕਸ਼ੇ ਨਹੀਂ ਹਨ, ਉਨ੍ਹਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੋ ਲੋਕ ਰਾਤ ਸਮੇਂ ਸੀਵਰੇਜ 'ਚ ਕੈਮੀਕਲ ਪਾਉਂਦੇ ਹਨ, ਉਨ੍ਹਾਂ 'ਤੇ ਵੀ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਆਪਣੀ ਜਾਂਚ ਜਰੂਰ ਪੂਰੀ ਕਰ ਲਈ ਹੈ ਪਰ ਬਾਕੀ ਉਚ ਪੱਧਰੀ ਟੀਮਾਂ ਦੀ ਆਪਣੇ ਪੱਧਰ 'ਤੇ ਜਾਂਚ ਹਾਲੇ ਵੀ ਜਾਰੀ ਹੈ।



# ਕਿਸਾਨਾਂ ਵੱਲੋਂ ਪੰਜਾਬ ਦੇ ਪਾਣੀਆਂ ਤੇ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਮਹਾਂ ਰੈਲੀ ਦੀ ਤਿਆਰੀ

**ਮੁਹਾਲੀ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਨੇ ਪੰਜਾਬ ਦੇ ਪਾਣੀਆਂ, ਸੰਘੀ ਢਾਂਚੇ ਦੀ ਮਜ਼ਬੂਤੀ ਅਤੇ ਵਾਤਾਵਰਨ ਦੇ ਮੁੱਦੇ 'ਤੇ ਮੁਹਾਲੀ ਵਿਚ ਕਿਸਾਨਾਂ ਦੀ ਮਹਾਂ ਰੈਲੀ ਕਰਨ ਦਾ ਐਲਾਨ ਕੀਤਾ ਹੈ। ਮੁਹਾਲੀ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ ਨੇ ਪਿਛਲੇ ਦਿਨੀਂ ਧਾਰਾ 144 ਲਾਗੂ ਕਰ ਕੇ ਮੁਹਾਲੀ ਜ਼ਿਲ੍ਹੇ ਦੀ ਹੱਦ ਅੰਦਰ ਰੋਸ ਧਰਨੇ ਅਤੇ ਪ੍ਰਦਰਸ਼ਨਾਂ 'ਤੇ ਮੁਕੰਮਲ ਰੋਕ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ ਪਰ ਪੰਜਾਬ ਦੇ ਕਿਸਾਨ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੇ ਬਾਵਜੂਦ ਮੁਹਾਲੀ ਵਿਚ 5 ਅਗਸਤ ਨੂੰ ਮਹਾਰੈਲੀ ਕਰਨ ਲਈ ਬਜ਼ਿੱਦ ਹਨ।

ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਾਲੇ ਵਫ਼ਦ ਨੇ ਮੁਹਾਲੀ ਦੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਕਿਸਾਨ ਮਹਾਂ ਰੈਲੀ ਬਾਰੇ ਅਗਾਊਂ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਹਮਖ਼ਿਆਲ ਕਿਸਾਨ ਜਥੇਬੰਦੀਆਂ ਨਾਲ ਮਿਲ ਕੇ 5 ਅਗਸਤ ਨੂੰ ਇੱਥੋਂ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਦੇ ਸਾਹਮਣੇ ਪੁੱਡਾ ਗਰਾਊਂਡ ਫੇਜ਼-8 ਵਿਚ ਮਹਾਂ ਰੈਲੀ ਕੀਤੀ ਜਾ ਰਹੀ ਹੈ। ਇਸ ਦੌਰਾਨ ਉਨ੍ਹਾਂ ਮੁਹਾਲੀ ਜ਼ਿਲ੍ਹੇ ਦੇ ਸੱਤ ਪਿੰਡਾਂ ਵਿਚ 2019 'ਚ ਗੜੇਮਾਰੀ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਹੁਣ ਤੱਕ ਨਾ ਮਿਲਣ ਦਾ ਮੁੱਦਾ ਵੀ ਚੁੱਕਿਆ। ਡੀ.ਸੀ ਆਸ਼ਿਕਾ ਜੈਨ ਨੇ ਕਿਸਾਨਾਂ ਨੂੰ ਲੋੜੀਂਦੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

# ਫਰੀਦਕੋਟ ਦੇ ਡਾਕਟਰ ਨੂੰ ਅਮਰੀਕੀ ਸਿਹਤ ਖੇਤਰ ਵਿਚ ਮਿਲੀ ਅਹਿਮ ਜ਼ਿੰਮੇਵਾਰੀ

**ਰਿਚਮੰਡ:** ਵਰਜੀਨੀਆ ਦੇ ਗਵਰਨਰ ਗਲੇਨ ਯੰਗਕਿਨ ਨੇ ਭਾਰਤੀ-ਅਮਰੀਕੀ ਡਾਕਟਰ ਬਿਮਲਜੀਤ ਸਿੰਘ ਸੰਧੂ ਨੂੰ ਸਿਹਤ ਖੇਤਰ ਵਿਚ ਮਹੱਤਵਪੂਰਨ ਪ੍ਰਸ਼ਾਸਨਿਕ ਅਹੁਦੇ ਲਈ ਨਿਯੁਕਤ ਕੀਤਾ ਹੈ। ਸ੍ਰੀ ਸੰਧੂ ਨੇ ਵਰਜੀਨੀਆ ਕਾਮਨਵੈਲਥ ਯੂਨੀਵਰਸਿਟੀ ਹੈਲਥ ਸਿਸਟਮ ਅਥਾਰਿਟੀ ਦੇ ਬੋਰਡ ਮੈਂਬਰ ਵਜੋਂ ਸਹੁੰ ਚੁੱਕੀ। ਫਰੀਦਕੋਟ ਜ਼ਿਲ੍ਹੇ ਦੇ ਵਾਸੀ ਸ੍ਰੀ ਸੰਧੂ ਸਾਲ 2004 ਵਿਚ ਅਮਰੀਕਾ ਆਏ ਸਨ। ਵਰਜੀਨੀਆ ਕਾਮਨਵੈਲਥ ਯੂਨੀਵਰਸਿਟੀ ਹੈਲਥ ਸਿਸਟਮ ਅਥਾਰਿਟੀ ਸਿਹਤ ਪ੍ਰਣਾਲੀ, ਮੈਡੀਕਲ ਸਕੂਲ, ਨਰਸਿੰਗ ਸਕੂਲ ਅਤੇ ਫਾਰਮੇਸੀ ਸਕੂਲ ਦੇ ਸਮੁੱਚੇ ਸੰਚਾਲਨ ਦੀ ਨਿਗਰਾਨੀ ਕਰਨ ਲਈ ਜ਼ਿੰਮੇਵਾਰ ਹੈ। ਰਿਚਮੰਡ 'ਚ ਹਲਫਦਾਰੀ ਸਮਾਗਮ ਮਗਰੋਂ ਸੰਧੂ ਨੇ ਕਿਹਾ ਕਿ ਇਹ ਵੱਡੀ ਜ਼ਿੰਮੇਵਾਰੀ ਹੈ ਅਤੇ ਉਨ੍ਹਾਂ ਦਾ ਧਿਆਨ ਵਰਜੀਨੀਆ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਦੇਣ ਵੱਲ ਰਹੇਗਾ।

**ਵਰਜੀਨੀਆ ਕਾਮਨਵੈਲਥ ਯੂਨੀਵਰਸਿਟੀ ਹੈਲਥ ਸਿਸਟਮ ਅਥਾਰਿਟੀ ਦੇ ਬੋਰਡ ਮੈਂਬਰ ਵਜੋਂ ਸਹੁੰ ਚੁੱਕੀ**

# ਹਲਵਾਰਾ ਤੋਂ ਉਡਾਣਾਂ ਸ਼ੁਰੂ ਹੋਣ ਦੀ ਉਮੀਦ ਜਾਗੀ

**ਗੁਰੂਸਰ ਸੁਧਾਰ:** ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦਾ ਨਿਰਮਾਣ ਤੇਜੀ ਨਾਲ ਚੱਲ ਰਿਹਾ ਹੈ ਜਿਸ ਕਾਰਨ ਇਸ ਸਾਲ ਦੇ ਅੰਤ ਤੱਕ ਹਵਾਈ ਉਡਾਣਾਂ ਸ਼ੁਰੂ ਹੋਣ ਦੀ ਉਮੀਦ ਜਾਗੀ ਹੈ। ਟਰਮੀਨਲ ਦੇ ਨਿਰਮਾਣ ਕਾਰਜਾਂ ਨੂੰ ਅੰਤਿਮ ਛੋਹਾਂ ਦੇਣ ਵਿਚ ਜੁਟੀ ਕੰਪਨੀ ਦੇ ਅਧਿਕਾਰੀਆਂ ਨੇ ਆਸ ਪ੍ਰਗਟਾਈ ਹੈ ਕਿ ਸਰਕਾਰ ਵੱਲੋਂ ਤੈਅ ਕੀਤੀ ਸਮਾਂ ਸੀਮਾ ਦੇ ਅੰਦਰ ਹੀ ਟਰਮੀਨਲ ਦੇ ਨਿਰਮਾਣ ਦਾ ਕੰਮ 31 ਜੁਲਾਈ ਤੱਕ ਪੂਰਾ ਕਰ ਲਿਆ ਜਾਵੇਗਾ।




ਹਵਾਈ ਅੱਡੇ ਦੀ ਇਮਾਰਤ ਦੀ ਚਾਰਦੀਵਾਰੀ ਅਤੇ ਛੱਤ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਇਮਾਰਤ ਵਿਚਲੇ ਫ਼ਰਸ਼ ਅਤੇ ਡਾਊਨ ਸੀਲਿੰਗ ਦਾ ਕੰਮ ਨਿਬੇੜਨ ਲਈ ਕਾਰੀਗਰ ਦਿਨ-ਰਾਤ ਜੁਟੇ ਹਨ, ਰੰਗ-ਰੋਗਨ ਦਾ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ। ਹਿਮਾਚਲ ਪ੍ਰਦੇਸ਼ ਦੀ ਨਿਰਮਾਣ ਕੰਪਨੀ ਸਿਨਰਜੀ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਸਹਾਇਕ ਇੰਜੀਨੀਅਰ ਚਰਨਜੀਤ ਸਿੰਘ ਅਨੁਸਾਰ ਸਰਕਾਰ ਵੱਲੋਂ ਤੈਅ ਸਮਾਂ ਸੀਮਾ ਦੇ ਅੰਦਰ-ਅੰਦਰ ਸਾਰੇ ਕਾਰਜ ਮੁਕੰਮਲ ਹੋ ਜਾਣਗੇ। ਕੰਪਨੀ ਦੇ ਪ੍ਰੋਜੈਕਟ ਮੈਨੇਜਰ ਰਾਜਿੰਦਰ ਕੁਮਾਰ ਅਨੁਸਾਰ ਹਵਾਈ ਅੱਡੇ ਦੀਆਂ ਅੰਦਰੂਨੀ ਸੜਕਾਂ ਉਪਰ ਅੰਤਿਮ ਠੋਸ ਪਰਤ ਵੀ ਪਾ ਦਿੱਤੀ ਗਈ ਹੈ, ਸੜਕਾਂ ਨੂੰ ਆਪਸ ਵਿਚ ਜੋੜਨ ਦਾ ਕੰਮ ਜਾਰੀ ਹੈ। ਜ਼ਿਕਰਯੋਗ ਹੈ ਕਿ ਪਿਛਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ 2018 ਵਿਚ ਕੇਂਦਰ ਸਰਕਾਰ ਨੇ ਹਵਾਈ ਅੱਡਾ ਬਣਾਉਣ ਲਈ ਹਰੀ ਝੰਡੀ ਦਿੱਤੀ ਸੀ। 162 ਏਕੜ ਜ਼ਮੀਨ ਗ੍ਰਹਿਣ ਕਰਨ ਤੋਂ ਲੈ ਕੇ ਟਰਮੀਨਲ ਦੀ ਉਸਾਰੀ ਦਾ ਕੰਮ ਮੁਕੰਮਲ ਕਰਨ ਲਈ ਸਾਰਾ ਭਾਰ ਸੂਬਾ ਸਰਕਾਰ ਨੇ ਚੁੱਕਿਆ ਸੀ।

# ਡੇਰਾ ਸਿਰਸਾ ਮੁਖੀ 'ਤੇ ਭਾਜਪਾ ਸਰਕਾਰ ਮਿਹਰਬਾਨ, ਜਥੇਦਾਰ ਨੇ ਚੁੱਕੇ ਸਵਾਲ

**ਅੰਮ੍ਰਿਤਸਰ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ 'ਤੇ ਹਰਿਆਣਾ ਦੀ ਭਾਜਪਾ ਸਰਕਾਰ ਪੂਰੀ ਤਰ੍ਹਾਂ ਮਿਹਰਬਾਨ ਹੈ। ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਬੰਦ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ 30 ਦਿਨਾਂ ਦੀ ਪੈਰੋਲ ਮਿਲ ਗਈ ਹੈ। ਇਸ ਦੌਰਾਨ ਉਹ ਉੱਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ ਦੇ ਬਰਨਾਵਾ ਆਸ਼ਰਮ 'ਚ ਰਹੇਗਾ। ਉਧਰ, ਗੁਰਮੀਤ ਰਾਮ ਰਹੀਮ ਨੂੰ ਇਕ ਵਾਰ ਮੁੜ ਪੈਰੋਲ ਮਿਲਣ 'ਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ ਹੈ।

ਜਥੇਦਾਰ ਨੇ ਦੋਸ਼ ਲਾਇਆ ਕਿ ਸਰਕਾਰਾਂ ਦੀ ਇਹ ਪੱਖਪਾਤੀ ਨੀਤੀ ਸਿੱਖਾਂ ਨੂੰ ਦੇਸ ਵਿਚ ਬੇਗਾਨਗੀ ਅਤੇ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਹੈ। ਇਕ ਪਾਸੇ ਗੰਭੀਰ ਦੋਸ਼ਾਂ ਹੇਠ ਸਜਾ ਕੱਟ ਰਹੇ ਡੇਰਾ ਮੁਖੀ ਨੂੰ ਵਾਰ ਵਾਰ ਪੈਰੋਲ ਦਿੱਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਸਜਾਵਾਂ ਦੀ ਮਿਆਦ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ ਜੋ ਮਨੁੱਖੀ ਹੱਕਾਂ ਦੀ ਵੱਡੀ ਉਲੰਘਣਾ ਹੈ ਜਿਸ ਕਾਰਨ ਸਮੁੱਚੇ ਸਿੱਖ ਜਗਤ ਵਿਚ ਸਰਕਾਰਾਂ ਪ੍ਰਤੀ ਭਾਰੀ ਨਾਰਾਜ਼ਗੀ ਅਤੇ ਰੋਸ ਹੈ।



ਸ੍ਰੀ ਧਾਮੀ ਨੇ ਕਿਹਾ ਕਿ ਸਰਕਾਰਾਂ ਦੀ ਇਹ ਦੋਹਰੀ ਨੀਤੀ ਸਿੱਖਾਂ ਅੰਦਰ ਬੇਵਿਸ਼ਵਾਸੀ ਦਾ ਮਾਹੌਲ ਸਿਰਜ ਰਹੀ ਹੈ। ਜੇਕਰ ਕਾਤਲ ਅਤੇ ਬਲਾਤਕਾਰ ਦੇ ਸੰਗੀਨ ਜ਼ੁਲਮਾਂ ਦੇ ਦੋਸ਼ੀ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਸਕਦੀ ਹੈ ਤਾਂ ਫਿਰ ਬੰਦੀ ਸਿੰਘਾਂ ਦੀ ਰਿਹਾਈ ਕਿਉਂ ਨਹੀਂ ਕੀਤੀ ਜਾ ਰਹੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰਾਂ ਵੱਲੋਂ ਆਪਣੇ ਸਿਆਸੀ ਹਿੱਤਾਂ ਲਈ ਗੁਰਮੀਤ ਰਾਮ ਰਹੀਮ ਦੇ ਘਿਨੌਣੇ ਅਪਰਾਧਾਂ ਨੂੰ ਅੱਖੋਂ-ਪਰੋਖੇ ਕਰਕੇ ਉਸ ਨੂੰ ਵਾਰ-ਵਾਰ ਛੱਡਿਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਡੇਰਾ ਮੁਖੀ ਦੀ ਪੈਰੋਲ ਨੂੰ ਤੁਰੰਤ ਰੱਦ ਕਰਕੇ ਉਸ ਨੂੰ ਜੇਲ੍ਹ ਵਿਚ ਬੰਦ ਕੀਤਾ ਜਾਵੇ।

ਜ਼ਿਕਰਯੋਗ ਹੈ ਕਿ ਡੇਰਾ ਮੁਖੀ ਦਾ 15 ਅਗਸਤ ਨੂੰ ਜਨਮ ਦਿਨ ਹੁੰਦਾ ਹੈ। ਇਸ ਵਾਰ ਉਹ ਉੱਤਰ ਪ੍ਰਦੇਸ਼ ਦੇ ਬਰਨਾਵਾ ਆਸ਼ਰਮ ਵਿਚ ਹੀ ਆਪਣੇ ਸਮਰਥਕਾਂ ਨਾਲ ਜਨਮ ਦਿਨ ਮਨਾਏਗਾ। ਅਦਾਲਤ ਵੱਲੋਂ ਸਜਾ ਸੁਣਾਏ ਜਾਣ ਤੋਂ ਬਾਅਦ ਉਹ ਪਹਿਲੀ ਵਾਰ ਜੇਲ੍ਹ ਤੋਂ ਬਾਹਰ ਆਪਣਾ ਜਨਮ ਦਿਨ ਮਨਾਉਣ ਜਾ ਰਿਹਾ ਹੈ। ਡੇਰਾ ਸਿਰਸਾ ਦੇ ਪ੍ਰਬੰਧਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅਦਾਲਤ ਤੋਂ ਪੈਰੋਲ ਮਿਲਣ ਉਪਰੰਤ ਉਹ ਬਰਨਾਵਾ ਆਸ਼ਰਮ ਵਿਚ ਪਹੁੰਚ ਗਿਆ ਹੈ।

## ਡੇਰਾ ਮੁਖੀ ਨੂੰ ਸੱਤਵੀਂ ਵਾਰ ਪੈਰੋਲ

**ਚੰਡੀਗੜ੍ਹ:** ਅਦਾਲਤ ਵੱਲੋਂ ਡੇਰਾ ਮੁਖੀ ਨੂੰ ਸੱਤਵੀਂ ਵਾਰ ਪੈਰੋਲ ਦਿੱਤੀ ਗਈ ਹੈ। ਇਸ ਤੋਂ ਪਹਿਲਾਂ 21 ਜਨਵਰੀ 2023 'ਚ ਡੇਰਾ ਸਿਰਸਾ ਮੁਖੀ ਨੂੰ 40 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਉਸ ਤੋਂ ਪਹਿਲਾਂ ਅਕਤੂਬਰ 2022 'ਚ 40 ਦਿਨ, ਜੂਨ 2022 'ਚ 30 ਦਿਨ, ਫਰਵਰੀ 2022 'ਚ 21 ਦਿਨ ਤੇ ਮਈ 2021 'ਚ ਇਕ ਦਿਨ ਲਈ ਅਤੇ ਅਕਤੂਬਰ 2020 'ਚ ਇਕ ਦਿਨ ਲਈ ਪੈਰੋਲ ਦਿੱਤੀ ਗਈ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਡੇਰਾ ਸਿਰਸਾ ਦੇ ਮੁਖੀ ਨੂੰ ਪੈਰੋਲ ਦੌਰਾਨ ਸਿਰਸਾ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

# ਹੜ੍ਹਾਂ ਕਾਰਨ ਬੰਦ ਹੋਇਆ ਕਰਤਾਰਪੁਰ ਲਾਂਘਾ ਮੁੜ ਖੁੱਲ੍ਹਿਆ



ਚੰਡੀਗੜ੍ਹ: ਕਰਤਾਰਪੁਰ ਲਾਂਘੇ ਰਾਹੀਂ ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਾ ਦਰਬਾਰ ਸਾਹਿਬ ਦੀ ਯਾਤਰਾ ਮੁੜ ਸ਼ੁਰੂ ਹੋ ਗਈ। ਪਹਿਲਾਂ ਰਾਵੀ ਦਰਿਆ ਵਿਚ ਪਾਣੀ ਵਧਣ ਕਾਰਨ ਇਸ ਯਾਤਰਾ ਨੂੰ ਰੋਕ ਦਿੱਤਾ ਗਿਆ ਸੀ। ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਦੀ ਯਾਤਰਾ ਮੁੜ ਸ਼ੁਰੂ ਹੋ ਗਈ ਹੈ। ਪੰਜ ਦਿਨਾਂ ਦੇ ਮੁਅੱਤਲ ਸਮੇਂ ਦੌਰਾਨ ਕੁੱਲ 700 ਸ਼ਰਧਾਲੂ ਪਾਕਿਸਤਾਨ ਵਿਚ ਸਿੱਖ ਗੁਰਧਾਮ ਦੇ ਦਰਸ਼ਨ ਨਹੀਂ ਕਰ ਸਕੇ। ਹੁਣ ਉਨ੍ਹਾਂ ਨੂੰ ਨਵੇਂ ਸਿਰੇ ਤੋਂ ਅਰਜ਼ੀ ਦੇਣੀ ਪਵੇਗੀ।

ਯਾਦ ਰਹੇ ਕਿ ਰਾਵੀ ਦਰਿਆ 'ਚ ਪਾਣੀ ਦਾ ਪੱਧਰ ਵਧਣ ਕਾਰਨ ਡੇਰਾ ਬਾਬਾ ਨਾਨਕ 'ਚ ਕਰਤਾਰਪੁਰ ਲਾਂਘਾ ਇਸ ਦੀ ਮਾਰ ਹੇਠ ਆ ਗਿਆ ਸੀ ਅਤੇ ਇਸ ਦੇ ਨਾਲ ਹੀ ਗੁਰਦਾਸਪੁਰ ਪ੍ਰਸ਼ਾਸਨ ਨੇ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ਰੋਕ ਦਿੱਤੀ ਸੀ। ਇਸ ਸਬੰਧੀ ਲੈਂਡ ਪੋਰਟ ਅਥਾਰਿਟੀ ਦੇ ਜਨਰਲ ਮੈਨੇਜਰ ਨੂੰ ਪੱਤਰ ਵੀ ਭੇਜਿਆ ਗਿਆ ਸੀ। ਇਸੇ ਦੌਰਾਨ ਘੱਗਰ ਅਤੇ ਰਾਵੀ ਦੀ ਮਾਰ ਹੇਠ ਸੈਂਕੜੇ ਪਿੰਡ ਅਤੇ ਹਜ਼ਾਰਾਂ ਏਕੜ ਫ਼ਸਲ ਆ ਚੁੱਕੀ ਹੈ। ਰਾਵੀ ਦਰਿਆ ਵਿਚ ਪਾਣੀ ਦਾ ਪੱਧਰ ਲਗਾਤਾਰ ਵਧਣ ਕਰਕੇ ਸਰਹੱਦੀ ਖੇਤਰ ਵੀ ਪਾਣੀ ਵਿਚ ਡੁੱਬ ਗਿਆ ਹੈ।

# ਬੇਅਦਬੀ ਕੇਸ 'ਚ ਪੰਜ ਸਾਲ ਦੀ ਕੈਦ

**ਸ੍ਰੀ ਆਨੰਦਪੁਰ ਸਾਹਿਬ:** ਅਦਾਲਤ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਵਿਖੇ ਬੇਅਦਬੀ ਕਰਨ ਵਾਲੇ ਪਰਮਜੀਤ ਸਿੰਘ ਨੂੰ ਦੋਸ਼ੀ ਠਹਿਰਾਉਂਦਿਆਂ ਪੰਜ ਸਾਲ ਕੈਦ ਅਤੇ 10 ਹਜ਼ਾਰ ਰੁਪਏ ਜਰਮਾਨੇ ਦੀ ਸਜਾ ਸੁਣਾਈ ਹੈ।



ਜਾਣਕਾਰੀ ਅਨੁਸਾਰ ਦੋ ਸਾਲ ਪਹਿਲਾਂ 2021 ਵਿਚ ਮੁਲਜ਼ਮ ਪਰਮਜੀਤ ਸਿੰਘ ਨੇ ਸਵੇਰੇ ਕਰੀਬ ਸਾਢੇ ਚਾਰ ਵਜੇ ਕੀਰਤਨੀ ਜਥੇ ਦੇ ਕੋਲ ਬੈਠ ਕੇ ਸਿਗਰਟ ਪੀਤੀ ਅਤੇ ਧੂੰਆਂ ਪਾਠੀ ਸਿੰਘਾਂ ਵੱਲ ਛੱਡ ਦਿੱਤਾ ਸੀ ਤੇ ਬਾਅਦ ਵਿਚ ਉਸ ਨੇ ਸਿਗਰਟ ਪਾਠੀ ਸਿੰਘਾਂ ਵੱਲ ਸੁੱਟ ਦਿੱਤੀ ਸੀ। ਮੁਲਜ਼ਮ ਨੂੰ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਕਾਬੂ ਕਰ ਕੇ ਪੁਲਿਸ ਹਵਾਲੇ ਕੀਤਾ ਗਿਆ ਸੀ।

ਜ਼ਿਲ੍ਹਾ ਅਤੇ ਸੈਸ਼ਨ ਜੱਜ ਰੂਪਨਗਰ ਦੀ ਅਦਾਲਤ ਵੱਲੋਂ ਮੁਲਜ਼ਮ ਖ਼ਿਲਾਫ਼ 17 ਮਈ ਨੂੰ ਦੋਸ਼ ਤੈਅ ਕੀਤੇ ਗਏ ਸਨ ਅਤੇ ਅਦਾਲਤ ਨੇ ਮੁਲਜ਼ਮ ਨੂੰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ 3 ਸਾਲ ਅਤੇ ਅੱਗ ਲਗਾ ਕੇ ਨੁਕਸਾਨ ਪਹੁੰਚਾਉਣ ਦੇ ਦੋਸ਼ ਅਧੀਨ 5 ਸਾਲ ਦੀ ਸਜਾ ਸੁਣਾਈ ਹੈ। ਦੋਵਾਂ ਧਾਰਾਵਾਂ ਅਧੀਨ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਹੈ।

ਉਥੇ ਹੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਅਦਾਲਤ ਵੱਲੋਂ ਦੋਸ਼ੀ ਨੂੰ ਸੁਣਾਈ ਸਜਾ ਨੂੰ ਨਾਕਾਫੀ ਦੱਸਦਿਆਂ ਆਖਿਆ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਫਾਂਸੀ ਦੀ ਸਜਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀਆਂ ਦੀਆਂ ਘਟਨਾਵਾਂ ਦਾ ਲਗਾਤਾਰ ਵਾਪਰਨਾ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ ਅਤੇ ਇਸ ਵਰਤਾਰੇ ਪਿੱਛੇ ਵੱਡੀਆਂ ਸ਼ਕਤੀਆਂ ਕੰਮ ਕਰ ਰਹੀਆਂ ਹਨ।

# ਵਿਰਾਸਤ ਨੂੰ ਸੰਭਾਲਣ ਲਈ ਮਿਸ਼ਨ ਫੁਲਕਾਰੀ ਸ਼ੁਰੂ

**ਡੇਰਾਬੱਸੀ:** ਪੰਜਾਬ ਸਰਕਾਰ ਨੇ ਪੇਂਡੂ ਦਸਤਕਾਰੀ ਉਦਯੋਗ ਨੂੰ ਮੁੜ ਸੁਰਜੀਤ ਕਰਨ ਦੇ ਯਤਨਾਂ ਤਹਿਤ ਰਾਜ ਭਰ ਵਿਚ ਪੰਜ ਥਾਵਾਂ 'ਤੇ 125 ਮਹਿਲਾ ਕਾਰੀਗਰਾਂ ਨੂੰ ਨੈਸ਼ਨਲ ਇੰਸਟੀਚਿਊਟ ਆਫ ਫੈਸ਼ਨ ਤਕਨਾਲੋਜੀ ਨਾਲ ਸਾਂਝ ਪਾ ਕੇ ਸਿਖਲਾਈ ਦੇਣ ਦੀ ਸ਼ੁਰੂਆਤ ਕੀਤੀ ਹੈ। ਇਹ ਖੁਲਾਸਾ ਵਿਸ਼ੇਸ਼ ਮੁੱਖ ਸਕੱਤਰ (ਸਹਿਕਾਰਤਾ) ਅਨੁਰਾਗ ਅਗਰਵਾਲ ਨੇ ਡੇਰਾਬੱਸੀ ਨੇੜਲੇ ਪਿੰਡ ਮਹਿਮਦਪੁਰ ਵਿਚ ਪਹਿਲੇ ਸਿਖਲਾਈ ਸੈਸ਼ਨ ਦੌਰਾਨ ਕੀਤਾ।

ਉਨ੍ਹਾਂ ਸੈਸ਼ਨ ਦਾ ਉਦਘਾਟਨ ਕਰਨ ਉਪਰੰਤ ਦੱਸਿਆ ਕਿ ਇਨ੍ਹਾਂ ਕਾਰੀਗਰਾਂ ਦੁਆਰਾ ਤਿਆਰ ਕੀਤਾ ਗਿਆ ਸਾਮਾਨ ਰਾਜ ਸਰਕਾਰ ਦੀ ਪ੍ਰਮੁੱਖ ਸਹਿਕਾਰੀ ਸੰਸਥਾ ਮਾਰਕਫੈੱਡ ਵਲੋਂ ਆਪਣੇ ਆਨਲਾਈਨ ਈ-ਕਾਮਰਸ ਪੋਰਟਲ ਦੇ ਨਾਲ-ਨਾਲ ਸੈਕਟਰ 22-ਸੀ, ਚੰਡੀਗੜ੍ਹ ਸਥਿਤ ਆਪਣੇ ਸਟੋਰ 'ਤੇ ਵੇਚਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮਹਿਲਾ ਕਾਰੀਗਰਾਂ ਦੀ ਮਦਦ ਲਈ ਰਜਿਸਟਰਾਰ,



ਸਹਿਕਾਰੀ ਸਭਾਵਾਂ, ਪੰਜਾਬ ਅਤੇ ਪ੍ਰਬੰਧਕੀ ਨਿਰਦੇਸ਼ਕ, ਮਾਰਕਫੈੱਡ ਦੀ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਵੇਲੇ ਪੰਜਾਬ ਦੀਆਂ ਰਵਾਇਤੀ ਵਸਤੂਆਂ, ਕਲਾ ਨੂੰ ਪੰਜਾਬ ਅੰਦਰ ਮੌਜੂਦ ਪ੍ਰਤਿਭਾ ਨੂੰ ਉਭਾਰ ਕੇ ਅਤੇ ਪੰਜਾਬ ਦੇ ਇਸ ਉਤਪਾਦ ਦਾ ਮੰਡੀਕਰਨ ਕਰਕੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਉਤਸ਼ਾਹਿਤ ਕਰਨ ਦੀ ਲੋੜ ਹੈ ਕਿਉਂਕਿ ਫੁਲਕਾਰੀ ਜਿਹੇ ਉਤਪਾਦਾਂ ਦੀ ਦੁਨੀਆ ਭਰ ਵਿੱਚ ਬਹੁਤ ਮੰਗ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਮਾਰਕਫੈੱਡ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ ਕਿ ਉਹ ਇਨ੍ਹਾਂ ਉਤਪਾਦਾਂ ਦਾ ਮੰਡੀਕਰਨ ਕਰਨ ਅਤੇ ਇਨ੍ਹਾਂ ਕਾਰੀਗਰਾਂ ਨੂੰ ਉਨ੍ਹਾਂ ਵੱਲੋਂ ਤਿਆਰ ਕੀਤੇ ਉਤਪਾਦਾਂ ਦਾ ਚੰਗਾ ਮਿਹਨਤਾਨਾ ਦਿਵਾਉਣ ਵਿਚ ਮਦਦ ਕਰਨ।

# ਅੰਮ੍ਰਿਤਪਾਲ ਸਿੰਘ ਦੀ ਪਤਨੀ ਨੂੰ ਇੰਗਲੈਂਡ ਜਾਣ ਤੋਂ ਫਿਰ ਰੋਕਿਆ

**ਅੰਮ੍ਰਿਤਸਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੇ ਦੱਸਿਆ ਕਿ ਉਸ ਨੂੰ ਤੀਜੀ ਵਾਰ ਹਵਾਈ ਅੱਡੇ ਤੋਂ ਮੋੜਿਆ ਗਿਆ ਹੈ ਅਤੇ ਇੰਗਲੈਂਡ ਆਪਣੇ ਘਰ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਉਹ ਬ੍ਰਿਟਿਸ਼ ਨਾਗਰਿਕ ਹੈ ਅਤੇ ਅੰਮ੍ਰਿਤਪਾਲ ਸਿੰਘ ਨਾਲ ਵਿਆਹ ਵਾਸਤੇ ਭਾਰਤ ਆਈ ਸੀ।

ਜਾਣਕਾਰੀ ਅਨੁਸਾਰ ਉਹ ਇੰਗਲੈਂਡ ਜਾਣ ਵਾਸਤੇ ਦਿੱਲੀ ਹਵਾਈ ਅੱਡੇ ਗਈ ਸੀ, ਜਿੱਥੋਂ ਉਸ ਨੂੰ ਮੋੜ ਦਿੱਤਾ ਗਿਆ। ਇਸ ਸਬੰਧੀ ਜਾਰੀ ਇਕ ਬਿਆਨ ਵਿਚ ਕਿਰਨਦੀਪ ਕੌਰ ਨੇ ਦਾਅਵਾ ਕੀਤਾ ਕਿ ਉਸ ਨੂੰ ਇੰਗਲੈਂਡ ਜਾਣ ਤੋਂ ਤੀਜੀ ਵਾਰ ਰੋਕਿਆ ਗਿਆ ਹੈ। ਇਸ ਤੋਂ ਪਹਿਲਾਂ ਉਸ ਨੂੰ ਅਪਰੈਲ ਵਿਚ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਇੰਗਲੈਂਡ ਜਾਣ ਵੇਲੇ ਰੋਕ ਦਿੱਤਾ ਗਿਆ ਸੀ। ਉਸ ਨੇ ਦੱਸਿਆ ਕਿ ਠੀਕ ਇਕ ਮਹੀਨਾ ਪਹਿਲਾਂ 14 ਜੁਲਾਈ ਨੂੰ ਉਸ ਨੇ ਇੰਗਲੈਂਡ ਵਾਸਤੇ ਆਪਣੀ ਹਵਾਈ ਟਿਕਟ ਬੁੱਕ ਕਰਵਾਈ ਸੀ। ਉਸ ਨੇ ਦਾਅਵਾ ਕੀਤਾ ਕਿ 14 ਜੁਲਾਈ ਤੱਕ ਉਸ ਨੂੰ ਇਹ ਆਖਿਆ ਗਿਆ ਕਿ ਉਸ ਦੀ ਵਾਪਸੀ ਵਿਚ ਕੋਈ ਅੜਿੱਕਾ ਨਹੀਂ ਹੈ ਪਰ ਹਵਾਈ ਅੱਡੇ ਵਿਚ ਬੋਰਡਿੰਗ ਤੋਂ ਕੁਝ ਘੰਟੇ ਪਹਿਲਾਂ ਉਸ ਨੂੰ ਜਾਣ ਤੋਂ ਰੋਕ ਦਿੱਤਾ ਗਿਆ। ਉਸ ਨੂੰ 18 ਜੁਲਾਈ ਤੱਕ ਉਡੀਕ ਕਰਨ ਵਾਸਤੇ ਆਖਿਆ ਗਿਆ ਸੀ। ਉਸ ਨੇ ਦੱਸਿਆ ਕਿ ਕਿਸੇ ਵੀ ਵੱਡੇ ਅਧਿਕਾਰੀ ਨੇ ਉਸ ਨਾਲ ਸਪਸ਼ਟ ਤੌਰ 'ਤੇ ਕੋਈ ਗੱਲ ਨਹੀਂ ਕੀਤੀ।

# ਪਾਕਿਸਤਾਨ ਤੋਂ ਦੋ ਹਿੰਦੂ ਜਥੇ ਭਾਰਤ ਪੁੱਜੇ

**ਅਟਾਰੀ:** ਭਾਰਤ ਸਥਿਤ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਲਈ ਪਾਕਿਸਤਾਨ ਤੋਂ ਦੋ ਹਿੰਦੂ ਜਥੇ ਭਾਰਤ ਪੁੱਜੇ। ਇਕ ਜਥਾ ਗਿਰਧਾਰੀ ਦੀ ਅਗਵਾਈ ਹੇਠ ਪੁੱਜਿਆ ਜਿਸ ਵਿਚ 27 ਸ਼ਰਧਾਲੂ ਸ਼ਾਮਲ ਹਨ ਜਦਕਿ ਮਾਰੋ ਦੀ ਅਗਵਾਈ 'ਚ 33 ਮੈਂਬਰ ਵਾਹਗਾ-ਅਟਾਰੀ ਸਰਹੱਦ ਰਸਤੇ ਭਾਰਤ ਪੁੱਜੇ। ਇਸ ਮੌਕੇ ਜਥਿਆਂ ਦੀ ਅਗਵਾਈ ਕਰ ਰਹੇ ਗਿਰਧਾਰੀ ਤੇ ਮਾਰੋ ਨੇ ਦੱਸਿਆ ਕਿ ਉਹ 25 ਦਿਨਾਂ ਦੇ ਵੀਜ਼ੇ 'ਤੇ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਆਏ ਹਨ। ਉਨ੍ਹਾਂ ਕਿਹਾ ਕਿ ਦੋਵੇਂ ਹਿੰਦੂ ਜਥੇ ਹਰਿਦੁਆਰ ਸਥਿਤ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨਗੇ। ਅਟਾਰੀ ਸਰਹੱਦ 'ਤੇ ਇਮੀਗ੍ਰੇਸ਼ਨ ਤੇ ਕਸਟਮ ਵਿਭਾਗ ਦੀ ਪ੍ਰਕਿਰਿਆ ਮੁਕੰਮਲ ਕਰਨ ਉਪਰੰਤ ਪਾਕਿਸਤਾਨੀ ਹਿੰਦੂ ਜਥੇ ਅਟਾਰੀ ਸਰਹੱਦ ਤੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਪੁੱਜੇ ਜਿੱਥੋਂ ਉਹ ਰੇਲ ਗੱਡੀ ਰਾਹੀਂ ਹਰਿਦੁਆਰ ਜਾਣਗੇ।

## ਬਟਾਲਾ ਦਾ ਬੈਂਕ ਮੁਲਾਜ਼ਮ ਕਰੋੜਪਤੀ ਬਣਿਆ

**ਚੰਡੀਗੜ੍ਹ:** ਨਾਗਾਲੈਂਡ ਸਰਕਾਰ ਦੀ ਡੀਅਰ ਨਰਮਦਾ ਸੈਟਰਡੇਅ ਵੀਕਲੀ ਲਾਟਰੀ ਦੇ ਡਰਾਅ ਵਿਚ ਬਟਾਲਾ ਦੇ ਰੁਪਿੰਦਰਜੀਤ ਸਿੰਘ ਨੇ ਇਕ ਕਰੋੜ ਰੁਪਏ ਦਾ ਇਨਾਮ ਜਿੱਤਿਆ ਹੈ। ਉਸ ਦੀ ਲਾਟਰੀ ਦਾ ਟਿਕਟ ਨੰਬਰ 35ਐੱਚ 64184 ਸੀ। ਡਰਾਅ 15 ਜੁਲਾਈ ਨੂੰ ਕੱਢਿਆ ਗਿਆ। ਇਹ ਲਾਟਰੀ ਬਟਾਲਾ ਦੇ ਸਟਾਕਿਸਟ ਸੰਜੈ ਲਾਟਰੀ ਏਜੰਸੀ ਵੱਲੋਂ ਵੇਚੀ ਗਈ ਸੀ। ਜਾਣਕਾਰੀ ਅਨੁਸਾਰ ਰੁਪਿੰਦਰ ਬਟਾਲਾ ਦੇ ਖੇਤੀਬਾੜੀ ਸਹਿਕਾਰੀ ਬੈਂਕ ਵਿਚ ਬਤੌਰ ਕਲਰਕ ਕੰਮ ਕਰਦਾ ਹੈ। ਜਦੋਂ ਉਸ ਨੂੰ ਪਤਾ ਲੱਗਿਆ ਕਿ ਉਸ ਦੀ ਇਕ ਕਰੋੜ ਰੁਪਏ ਦੀ ਲਾਟਰੀ ਨਿਕਲੀ ਹੈ ਤਾਂ ਰੁਪਿੰਦਰ ਤੇ ਉਸ ਦੇ ਪਰਿਵਾਰ ਦਾ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ।

# ਗੁਰਬਾਣੀ ਸੋਧ ਬਿੱਲ: ਮਾਨ ਨੇ ਮੁਤਵਾਜ਼ੀ ਜਥੇਦਾਰ ਨੂੰ ਸਪਸ਼ਟੀਕਰਨ ਭੇਜਿਆ

**ਅੰਮ੍ਰਿਤਸਰ:** ਗੁਰਬਾਣੀ ਸੋਧ ਬਿੱਲ ਰਾਹੀਂ ਸਿੱਖ ਧਰਮ ਵਿਚ ਦਖਲਅੰਦਾਜੀ ਦੇ ਮਾਮਲੇ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਦੋ ਨੁਮਾਇੰਦਿਆਂ ਦੇ ਰਾਹੀਂ ਆਪਣਾ ਸਪਸ਼ਟੀਕਰਨ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੂੰ ਭੇਜਿਆ ਹੈ। ਸ੍ਰੀ ਮਾਨ ਨੂੰ ਸਪਸ਼ਟੀਕਰਨ ਦੇਣ ਵਾਸਤੇ ਮੁਤਵਾਜ਼ੀ ਜਥੇਦਾਰ ਵੱਲੋਂ ਤੀਜੀ ਵਾਰ ਸ੍ਰੀ ਅਕਾਲ ਤਖਤ 'ਤੇ ਸੱਦਿਆ ਗਿਆ ਸੀ ਅਤੇ ਸਪਸ਼ਟੀਕਰਨ ਦੇਣ ਦਾ ਆਖਰੀ ਮੌਕਾ ਸੀ।

ਮੁੱਖ ਮੰਤਰੀ ਵੱਲੋਂ ਸਪਸ਼ਟੀਕਰਨ ਭੇਜਣ ਦੇ ਫੈਸਲੇ ਨਾਲ ਅਸਿੱਧੇ ਰੂਪ ਵਿਚ ਮੁਤਵਾਜ਼ੀ ਜਥੇਦਾਰ ਨੂੰ ਸਰਕਾਰ ਵੱਲੋਂ ਬਤੌਰ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਵਜੋਂ ਮਾਨਤਾ ਦੇ ਦਿੱਤੀ ਗਈ ਹੈ। ਮੁੱਖ ਮੰਤਰੀ ਵੱਲੋਂ ਭੇਜਿਆ ਗਿਆ ਇਹ ਸਪਸ਼ਟੀਕਰਨ ਇਕ ਪੱਤਰ ਦੇ ਰੂਪ ਵਿਚ ਹੈ, ਜੋ ਲਿਫਾਫੇ ਵਿਚ ਬੰਦ ਸੀ। ਇਸ ਪੱਤਰ ਨੂੰ ਲੈ ਕੇ ਦੋ ਵਿਧਾਇਕ ਕਰਮਵੀਰ ਸਿੰਘ ਘੁੰਮਣ ਅਤੇ ਸਰਵਣ ਸਿੰਘ ਧੁੰਨ ਇੱਥੇ ਸ੍ਰੀ ਅਕਾਲ ਤਖਤ ਦੇ ਸਕੱਤਰ ਦੇ ਬਾਹਰ ਪੁੱਜੇ ਸਨ। ਉਨ੍ਹਾਂ ਵੱਲੋਂ ਮੁੱਖ ਮੰਤਰੀ ਦੁਆਰਾ ਭੇਜਿਆ ਗਿਆ ਇਹ ਪੱਤਰ ਭਾਈ ਮੰਡ ਨੂੰ ਸੌਂਪ ਦਿੱਤਾ ਗਿਆ। ਮੁੱਖ ਮੰਤਰੀ ਵੱਲੋਂ ਭੇਜਿਆ ਗਿਆ ਪੱਤਰ ਪ੍ਰਾਪਤ ਕਰਨ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਭਾਈ ਮੰਡ ਨੇ ਦੱਸਿਆ ਕਿ ਉਹ ਇਸ ਮਾਮਲੇ ਵਿਚ ਆਪਣੇ ਬਾਕੀ 4 ਸਾਥੀਆਂ ਨਾਲ ਵਿਚਾਰ ਵਟਾਂਦਰਾ ਕਰਨਗੇ। ਪੰਚ ਪ੍ਰਧਾਨੀ ਪ੍ਰਥਾ ਮੁਤਾਬਕ ਇਸ ਸਪਸ਼ਟੀਕਰਨ 'ਤੇ ਵਿਚਾਰ



ਕੀਤਾ ਜਾਵੇਗਾ ਅਤੇ ਵਿਚਾਰਨ ਮਗਰੋਂ ਇਸ ਸਬੰਧੀ ਅਗਲਾ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੂੰ ਸਿੱਖ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜੀ ਦੇ ਦੋਸ਼ ਹੇਠ ਆਪਣਾ ਸਪਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖਤ ਤੇ ਤਲਬ ਕੀਤਾ ਗਿਆ ਸੀ। ਉਨ੍ਹਾਂ ਨੂੰ ਸਪਸ਼ਟੀਕਰਨ ਦੇਣ ਵਾਸਤੇ ਤਿੰਨ ਮੌਕੇ ਦਿੱਤੇ ਗਏ ਹਨ।

ਤੀਜੇ ਮੌਕੇ ਸਮੇਂ ਉਨ੍ਹਾਂ ਨੇ ਆਪਣੇ ਦੋ ਨੁਮਾਇੰਦਿਆਂ ਦੇ ਰਾਹੀਂ ਆਪਣਾ ਸਪਸ਼ਟੀਕਰਨ ਭੇਜਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਧਾਰਮਿਕ ਮਾਮਲਿਆਂ ਵਿਚ ਸਰਕਾਰਾਂ ਨੂੰ ਦਖਲਅੰਦਾਜੀ ਕਰਨ ਦਾ ਕੋਈ ਹੱਕ ਨਹੀਂ ਹੈ। ਮੁੱਖ ਮੰਤਰੀ ਦਾ ਪੱਤਰ ਲੈ ਕੇ ਆਏ ਵਿਧਾਇਕ ਸਰਵਣ ਸਿੰਘ ਧੁੰਨ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਭਾਈ ਮੰਡ ਦੇ ਨਾਂ 'ਤੇ ਇਹ ਪੱਤਰ ਭੇਜਿਆ ਗਿਆ ਹੈ, ਜੋ ਉਨ੍ਹਾਂ ਨੂੰ ਸੌਂਪ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਨੂੰ ਸਮਰਪਿਤ ਹਨ।

# ਪੰਜਾਬ 'ਚ ਦਲ-ਬਦਲੂਆਂ ਦੀ ਤਾਜਪੋਸ਼ੀ ਤੋਂ ਭਾਜਪਾ ਦੇ ਟਕਸਾਲੀ ਆਗੂ ਔਖੇ

**ਚੰਡੀਗੜ੍ਹ:** ਸੁਨੀਲ ਜਾਖੜ ਨੂੰ ਸੂਬਾ ਪ੍ਰਧਾਨ ਬਣਾਉਣਾ ਪੰਜਾਬ ਭਾਜਪਾ ਦੇ ਟਕਸਾਲੀ ਆਗੂਆਂ ਵਿਚ ਨਿਰਾਸ਼ਾ ਦਾ ਸਬੱਬ ਬਣਦਾ ਜਾਪ ਰਿਹਾ ਹੈ। ਸੁਨੀਲ ਜਾਖੜ ਨੂੰ ਸੂਬਾ ਪ੍ਰਧਾਨ ਬਣਾ ਕੇ ਭਾਜਪਾ ਹਾਈਕਮਾਨ ਨੇ ਇਹ ਸੰਕੇਤ ਦਿੱਤੇ ਹਨ ਕਿ ਉਹ ਪਾਰਟੀ ਬਦਲਣ ਵਾਲਿਆਂ ਨੂੰ ਬਣਦੀ ਮਾਨਤਾ ਦੇਵੇਗੀ।

ਪੰਜਾਬ ਭਾਜਪਾ ਦੇ ਟਕਸਾਲੀ ਆਗੂ ਇਸ ਵਰਤਾਰੇ ਤੋਂ ਪਰੇਸ਼ਾਨ ਜਾਪ ਰਹੇ ਹਨ। ਭਾਜਪਾ ਦੇ ਨਵੇਂ ਬਣੇ ਪ੍ਰਧਾਨ ਨੂੰ ਹਾਲੇ ਤੱਕ ਭਾਜਪਾ ਦੇ ਪੁਰਾਣੇ ਆਗੂਆਂ ਤੇ ਵਰਕਰਾਂ ਨੇ ਸਵੀਕਾਰ ਨਹੀਂ ਕੀਤਾ ਹੈ, ਜਿਸ ਲਈ ਹਾਲੇ ਹੋਰ ਸਮਾਂ ਲੱਗ ਸਕਦਾ ਹੈ। ਇਸ ਮਾਮਲੇ ਵਿਚ ਭਾਜਪਾ ਦੇ ਸੂਬਾ ਪ੍ਰਧਾਨ ਵਜੋਂ ਹਟਾਏ ਗਏ ਅਸ਼ਵਨੀ ਸ਼ਰਮਾ ਨੇ ਵੀ ਚੁੱਪ ਵੱਟ ਲਈ ਹੈ, ਜੋ ਕਈ ਸਵਾਲ ਖੜ੍ਹੇ ਕਰ ਰਹੀ ਹੈ। ਚੇਤੇ ਰਹੇ, ਭਾਜਪਾ ਲੀਡਰਸ਼ਿਪ ਨੇ ਸੂਬੇ ਵਿਚ ਅਸ਼ਵਨੀ ਸ਼ਰਮਾ ਨੂੰ ਪ੍ਰਧਾਨ ਵਜੋਂ ਹਟਾ ਕੇ ਸੁਨੀਲ ਜਾਖੜ ਨੂੰ ਸੂਬਾ ਪ੍ਰਧਾਨ ਬਣਾ ਦਿੱਤਾ ਹੈ, ਜਿਸ ਕਾਰਨ ਪਾਰਟੀ



ਦੇ ਟਕਸਾਲੀ ਵਰਕਰ ਨਿਰਾਸ਼ ਹਨ। ਇਹ ਵੀ ਚਰਚਾ ਹੈ ਕਿ ਅਸ਼ਵਨੀ ਸ਼ਰਮਾ ਤੱਕ ਆਮ ਆਦਮੀ ਪਾਰਟੀ ਵੱਲੋਂ ਪਹੁੰਚ ਕੀਤੀ ਗਈ ਹੈ ਤੇ ਉਨ੍ਹਾਂ ਨੂੰ ਮੰਤਰੀ ਬਣਾਉਣ ਦੀ ਵੀ ਪੇਸ਼ਕਸ਼ ਕੀਤੀ ਗਈ ਹੈ। ਦੱਸਣਾ ਬਣਦਾ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਭਾਜਪਾ ਦੇ ਦੋ ਵਿਧਾਇਕ ਹਨ, ਜਿਨ੍ਹਾਂ ਵਿਚ ਅਸ਼ਵਨੀ ਸ਼ਰਮਾ ਪਠਾਨਕੋਟ ਅਤੇ ਜੰਗੀ ਲਾਲ ਮੁਕੇਰੀਆਂ ਤੋਂ ਵਿਧਾਇਕ ਹਨ।

ਸ੍ਰੀ ਸ਼ਰਮਾ ਨੇ ਭਾਜਪਾ ਨੂੰ ਛੱਡਣ ਦੀਆਂ ਖਬਰਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਉਹ ਸ਼ੁਰੂ ਤੋਂ ਹੀ ਭਾਜਪਾ ਦੇ ਸਿਧਾਂਤਾਂ ਉਤੇ ਚਲਦੇ ਆਏ ਹਨ ਜਿਸ ਬਾਰੇ ਸਾਰੇ ਭਲੀ-ਭਾਂਤ ਜਾਣੂ ਹਨ। ਇਸ ਕਰ ਕੇ ਉਹ ਅਜਿਹਾ ਕਦਮ ਚੁੱਕਣ ਬਾਰੇ ਕਦੇ ਸੋਚ ਵੀ ਨਹੀਂ ਸਕਦੇ। ਇਹ ਵੀ ਪਤਾ ਲੱਗਾ ਹੈ ਕਿ ਅਜਿਹੀਆਂ ਕਨਸੋਆਂ ਮਿਲਣ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਵੱਲੋਂ ਉਨ੍ਹਾਂ ਨਾਲ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ।

ਦੂਜੇ ਪਾਸੇ ਭਗਵਾਂ ਪਾਰਟੀ ਦੇ ਵਰਕਰਾਂ ਨੂੰ ਇਹ ਭਲੀ-ਭਾਂਤ ਪਤਾ ਹੈ ਕਿ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਸੁਨੀਲ ਜਾਖੜ ਸਾਰੇ ਜ਼ਿਲ੍ਹਿਆਂ ਵਿਚ ਆਪਣੀ ਟੀਮ ਬਣਾਉਣਗੇ ਤੇ ਅਸ਼ਵਨੀ ਸ਼ਰਮਾ ਨਾਲ ਜੁੜੇ ਵੱਡੀ ਗਿਣਤੀ ਵਰਕਰ ਵੀ ਸ਼ਰਮਾ ਦਾ ਹੀ ਸਾਥ ਦੇਣਗੇ ਤੇ ਪਾਰਟੀ ਛੱਡਣ ਦੀ ਨੌਬਤ ਤੋਂ ਬਾਅਦ ਸਮੀਕਰਨ ਬਦਲ ਸਕਦੇ ਹਨ।

ਭਾਜਪਾ ਦੇ ਇਕ ਆਗੂ ਨੇ ਦੱਸਿਆ ਕਿ ਨਗਰ ਨਿਗਮ, ਪੰਚਾਇਤ ਤੇ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ ਅਤੇ ਅਜਿਹੀ ਹਾਲਤ ਵਿਚ ਭਾਜਪਾ ਵੱਡੇ ਪੱਧਰ 'ਤੇ ਵਰਕਰਾਂ ਵੱਲੋਂ ਪਾਰਟੀ ਛੱਡਣ ਦਾ ਖਤਰਾ ਮੁੱਲ ਨਹੀਂ ਲੈਣਾ ਚਾਹੇਗੀ। ਇਸ ਲਈ ਸੰਭਵ ਹੈ ਕਿ ਪਾਰਟੀ ਦੇ ਕੇਂਦਰੀ ਆਗੂ ਕੋਈ ਨਾ ਕੋਈ ਹੱਲ ਲੱਭ ਲੈਣ ਅਤੇ ਸਾਰਿਆਂ ਵਿਚਕਾਰ ਤਾਲਮੇਲ ਬਿਠਾ ਲੈਣ। ਉਨ੍ਹਾਂ ਸਵੀਕਾਰ ਕੀਤਾ ਕਿ ਪੰਜਾਬ ਭਾਜਪਾ ਇਸ ਵਕਤ ਔਖੇ ਸਮਿਆਂ ਵਿਚੋਂ ਲੰਘ ਰਹੀ ਹੈ ਪਰ ਨਾਲ ਹੀ ਆਸ ਪ੍ਰਗਟਾਈ ਕਿ ਇਹ ਔਖਾ ਸਮਾਂ ਵੀ ਲੰਘ ਜਾਵੇਗਾ ਅਤੇ ਪਾਰਟੀ ਪੰਜਾਬ ਵਿਚ ਪੱਕੇ ਪੈਰੀਂ ਹੋ ਜਾਵੇਗੀ।

## ਕਤਲ ਕਾਂਡ: ਰਿਸ਼ਵਤ ਲੈਣ ਦੇ ਦੋਸ਼ 'ਚ ਡੀ.ਐਸ.ਪੀ. ਨੂੰ ਜੇਲ੍ਹ ਭੇਜਿਆ

**ਫ਼ਰੀਦਕੋਟ:** ਕਤਲ ਕਾਂਡ ਵਿਚ ਕਥਿਤ 20 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਫ਼ਰੀਦਕੋਟ ਦੇ ਡੀ.ਐਸ.ਪੀ. ਸੁਸ਼ੀਲ ਕੁਮਾਰ ਨੂੰ ਜੁਡੀਸ਼ਲ ਮੈਜਿਸਟਰੇਟ ਫਰੀਦਕੋਟ ਨੇ ਤਿੰਨ ਦਿਨ ਦਾ ਪੁਲਿਸ ਰਿਮਾਂਡ ਖਤਮ ਹੋਣ ਤੋਂ ਬਾਅਦ ਅਦਾਲਤੀ ਹਿਰਾਸਤ ਤਹਿਤ 14 ਦਿਨਾਂ ਲਈ ਜੇਲ੍ਹ ਭੇਜਣ ਦਾ ਹੁਕਮ ਦਿੱਤਾ ਹੈ। ਇਸੇ ਤਰ੍ਹਾਂ ਅਦਾਲਤ ਨੇ ਇਸ ਮਾਮਲੇ ਵਿਚ ਲੋੜੀਂਦੇ ਐੱਸ.ਪੀ. ਗਗਨੇਸ਼ ਕੁਮਾਰ ਅਤੇ ਇੰਸਪੈਕਟਰ ਖੇਮ ਚੰਦ ਪਰਾਸਰ ਦੇ ਗ੍ਰਿਫਤਾਰੀ ਵਾਰੰਟ ਵੀ ਜਾਰੀ ਕੀਤੇ ਹਨ। ਸੂਚਨਾ ਅਨੁਸਾਰ ਸੰਤ ਦਿਆਲ ਦਾਸ ਦੇ ਕਤਲ ਦੇ ਮੁੱਖ ਮੁਲਜ਼ਮ ਨੂੰ ਪੁਲਿਸ ਅਧਿਕਾਰੀਆਂ ਨੇ ਪਹਿਲਾਂ ਇਕ ਕਰੋੜ ਰੁਪਏ ਰਿਸ਼ਵਤ ਲੈ ਕੇ ਕਲੀਨ ਚਿੱਟ ਦੇ ਦਿੱਤੀ ਅਤੇ ਜਦੋਂ ਹਾਈ ਕੋਰਟ ਨੇ ਕਲੀਨ ਚਿੱਟ ਬਾਰੇ ਪੁੱਛ-ਪੜਤਾਲ ਸ਼ੁਰੂ ਕੀਤੀ ਤਾਂ ਜਰਨੈਲ ਦਾਸ ਨੂੰ ਮੁੜ ਮੁਲਜ਼ਮ ਵਜੋਂ ਨਾਮਜ਼ਦ ਕਰਨ ਲਈ ਕਥਿਤ ਮੁੱਦਈ ਧਿਰ ਤੋਂ 50 ਲੱਖ ਰੁਪਏ ਰਿਸ਼ਵਤ ਮੰਗੀ, ਜਿਸ 'ਚੋਂ 20 ਲੱਖ ਰੁਪਏ ਪੁਲਿਸ ਅਧਿਕਾਰੀਆਂ ਨੇ ਲੈ ਲਏ। ਵਿਜੀਲੈਂਸ ਬਿਊਰੋ ਹਾਲੇ ਤੱਕ ਰਿਸ਼ਵਤ ਵਾਲੇ ਵੀਹ ਲੱਖ ਰੁਪਏ ਬਰਾਮਦ ਨਹੀਂ ਕਰ ਸਕੀ। ਪੁਲਿਸ ਅਧਿਕਾਰੀਆਂ ਨੇ ਪੜਤਾਲ ਦੌਰਾਨ ਕਤਲ ਕੇਸ ਦੀ ਫਾਈਲ ਹੀ ਗੁੰਮ ਕਰ ਦਿੱਤੀ ਸੀ। ਇਸ ਮਾਮਲੇ ਵਿਚ ਸਿਟੀ ਪੁਲਿਸ ਫਰੀਦਕੋਟ ਨੇ ਡੀ.ਐੱਸ.ਪੀ. ਸੁਸ਼ੀਲ ਕੁਮਾਰ ਅਤੇ ਸਬ-ਇੰਸਪੈਕਟਰ ਖੇਮ ਚੰਦ ਪਰਾਸਰ ਨੂੰ ਕਤਲ ਕੇਸ ਦੀ ਫਾਈਲ ਗੁੰਮ ਕਰਨ ਸਬੰਧੀ ਦਰਜ ਕੇਸ 'ਚ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਹੈ।

## ਜੱਜ ਦੀ ਨੌਕਰਾਣੀ 'ਤੇ ਤਸ਼ੱਦਦ ਕਰਨ ਵਾਲੇ ਦੋ ਥਾਣੇਦਾਰਾਂ 'ਤੇ ਪਰਚਾ ਦਰਜ

**ਗੁਰਦਾਸਪੁਰ:** ਇੱਥੇ ਇਕ ਮਹਿਲਾ ਜੱਜ ਦੇ ਘਰ ਹੋਈ ਚੋਰੀ ਦੇ ਮਾਮਲੇ 'ਚ ਨੌਕਰਾਣੀ 'ਤੇ ਅਣਮਨੁੱਖੀ ਤਸ਼ੱਦਦ ਕਰਨ ਵਾਲੇ ਦੋ ਸਹਾਇਕ ਸਬ ਇੰਸਪੈਕਟਰਾਂ ਮੰਗਲ ਸਿੰਘ ਤੇ ਅਸ਼ਵਨੀ ਕੁਮਾਰ ਖਿਲਾਫ ਘਟਨਾ ਤੋਂ ਤਿੰਨ ਹਫਤੇ ਬਾਅਦ ਕੇਸ ਦਰਜ ਹੋ ਗਿਆ ਹੈ। ਇਹ ਕਾਰਵਾਈ ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਕੀਤੀ ਗਈ ਹੈ।

ਜਿਕਰਯੋਗ ਹੈ ਕਿ ਪੀੜਤ ਲੜਕੀ ਜੱਜ ਦੇ ਘਰ ਵਿਚ ਹੀ ਕੰਮ ਕਰਦੀ ਸੀ ਤੇ ਪੁਲਿਸ ਇਸ ਨੂੰ ਪੁੱਛ-ਪੜਤਾਲ ਲਈ ਹਿਰਾਸਤ 'ਚ ਲਿਆ ਸੀ। ਮਾਮਲੇ ਵਿਚ ਇਨ੍ਹਾਂ ਦੋਵਾਂ ਤੋਂ ਇਲਾਵਾ ਥਾਣਾ ਸਿਟੀ ਗੁਰਦਾਸਪੁਰ ਦੇ ਤਤਕਾਲੀ ਮੁਖੀ ਗੁਰਮੀਤ ਸਿੰਘ ਅਤੇ ਜੱਜ ਦੀ ਸੁਰੱਖਿਆ ਵਿਚ ਤਾਇਨਾਤ ਸਰਵਣ ਸਿੰਘ ਪਹਿਲਾਂ ਹੀ ਮੁਅੱਤਲ ਕੀਤੇ ਜਾ ਚੁੱਕੇ ਹਨ। ਇਸ ਤੋਂ ਇਲਾਵਾ ਮਾਮਲੇ ਦੀ ਵਿਭਾਗੀ ਜਾਂਚ ਐੱਸ.ਪੀ ਰੈਂਕ ਦੇ ਅਧਿਕਾਰੀ ਵੱਲੋਂ ਕੀਤੀ ਜਾ ਰਹੀ ਹੈ। ਪੀੜਤ ਲੜਕੀ ਨੇ ਦੋਸ਼ ਲਗਾਇਆ ਸੀ ਕਿ ਚੋਰੀ ਦੀ ਘਟਨਾ ਤੋਂ ਬਾਅਦ ਬੀਤੀ 2 ਜੁਲਾਈ ਨੂੰ ਪੁੱਛ-ਪੜਤਾਲ ਲਈ ਇਨ੍ਹਾਂ ਪੁਲਿਸ ਅਧਿਕਾਰੀਆਂ ਨੇ ਉਸ ਨੂੰ ਘਰੋਂ ਚੁੱਕ ਲਿਆ ਸੀ ਅਤੇ ਪੁਲਿਸ ਸਟੇਸ਼ਨ ਦੇ ਰਿਹਾਇਸ਼ੀ ਕੁਆਰਟਰਾਂ ਵਿਚ ਬਿਨਾ ਮਹਿਲਾ ਪੁਲਿਸ ਮੁਲਾਜ਼ਮਾਂ ਦੀ ਮੌਜੂਦਗੀ 'ਚ ਉਸ ਦੇ ਗੁਪਤ ਅੰਗਾਂ 'ਤੇ ਕਰੰਟ ਤੱਕ ਲਗਾਇਆ ਗਿਆ ਸੀ। ਹਸਪਤਾਲ ਵਿਚ ਦਾਖਲ ਕਰਨ ਵਾਲੇ ਡਾਕਟਰ ਰਾਜ ਮਸੀਹ ਨੇ ਐਮ.ਐਲ.ਆਰ. ਵਿਚ ਜ਼ਿਕਰ ਕੀਤਾ ਸੀ ਕਿ ਪੀੜਤ ਲੜਕੀ ਮਮਤਾ ਦੇ ਸਰੀਰ ਦੇ ਵੱਖ-ਵੱਖ ਹਿੱਸਿਆਂ 'ਤੇ ਸੱਟਾਂ ਦੇ 13 ਨਿਸ਼ਾਨ ਪਾਏ ਗਏ ਹਨ।

## ਟੌਲ ਪਲਾਜ਼ੇ ਦੇ ਮੈਨੇਜਰ ਕੋਲੋਂ 23.30 ਲੱਖ ਲੁੱਟ ਕੇ ਫਰਾਰ

**ਫਿਲੌਰ:** ਇਥੇ ਲਾਡੋਵਾਲ ਟੌਲ ਪਲਾਜ਼ਾ ਦੇ ਮੈਨੇਜਰ ਦੀ ਕਾਰ ਨੂੰ ਲੁਟੇਰਿਆਂ ਨੇ ਘੇਰ ਕੇ ਸਥਾਨਕ ਬੱਸ ਅੱਡੇ ਕੋਲੋਂ 23.30 ਲੱਖ ਰੁਪਏ ਲੁੱਟ ਲਏ ਅਤੇ ਫਰਾਰ ਹੋ ਗਏ। ਮੈਨੇਜਰ ਆਪਣੇ ਡਰਾਈਵਰ ਨਾਲ ਲਾਡੋਵਾਲ ਤੋਂ ਸਥਾਨਕ ਪੰਜਾਬ ਨੈਸ਼ਨਲ ਬੈਂਕ 'ਚ ਪੈਸੇ ਜਮ੍ਹਾਂ ਕਰਵਾਉਣ ਆ ਰਿਹਾ ਸੀ ਕਿ ਗੱਡੀ ਵਿਚ ਸਵਾਰ ਪੰਜ ਹਥਿਆਰਬੰਦ ਨੌਜਵਾਨਾਂ ਨੇ ਨਗਦੀ ਲੁੱਟ ਲਈ ਅਤੇ ਫਰਾਰ ਹੋ ਗਏ।

ਇਸ ਤੋਂ ਪਹਿਲਾ ਲੁਟੇਰਿਆਂ ਦੀਆਂ ਦੋ ਗੱਡੀਆਂ ਆਈਆਂ। ਇਕ ਗੱਡੀ ਮੈਨੇਜਰ ਦੀ ਗੱਡੀ ਅੱਗੇ ਲੱਗ ਗਈ ਅਤੇ ਦੂਜੀ ਗੱਡੀ ਉਸ ਦੇ ਪਿੱਛੇ ਲੱਗ ਗਈ। ਪਤਾ ਲੱਗਾ ਹੈ ਕਿ ਮੈਨੇਜਰ ਦੇ ਡਰਾਈਵਰ ਨੇ ਆਪਣੀ ਗੱਡੀ ਨੂੰ ਅੰਦਰੋਂ ਲਾਕ ਕਰ ਲਿਆ ਸੀ। ਲੁਟੇਰਿਆਂ ਨੇ ਮੈਨੇਜਰ ਦੀ ਗੱਡੀ ਨੂੰ ਘੇਰਦੇ ਹੋਏ ਉਸ ਦੇ ਅੰਦਰ ਪਿਆ 23.30 ਲੱਖ ਦਾ ਕੈਸ਼ ਕੱਢ ਲਿਆ ਅਤੇ ਫਰਾਰ ਹੋ ਗਏ।

## ਨਸ਼ਿਆਂ ਦੇ ਮੁੱਦੇ ਉਤੇ ਪੰਜਾਬ ਸਰਕਾਰ ਦੀ ਘੇਰਾਬੰਦੀ ਦੀ ਤਿਆਰੀ




**ਮਾਨਸਾ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਨੇ ਨਸ਼ਿਆਂ ਖ਼ਿਲਾਫ਼ ਪਹਿਲਾਂ ਵੀ ਵਿਧਾਨ ਸਭਾ ਵਿਚ ਮਾਮਲਾ ਉਠਾਇਆ ਅਤੇ ਹੁਣ ਵੀ ਪੰਜਾਬ ਦੇ ਲੋਕਾਂ ਨੂੰ ਨਸ਼ਾ ਮੁਕਤ ਕਰਨ ਲਈ ਸੱਤਾਧਾਰੀ ਧਿਰ ਨੂੰ ਵਿਧਾਨ ਸਭਾ ਵਿਚ ਘੇਰਨਗੇ।

ਉਹ ਇਥੇ ਨਸ਼ਿਆਂ ਖ਼ਿਲਾਫ਼ ਵਿੱਢੇ ਸੰਘਰਸ਼ ਲਈ ਕਈ ਦਿਨਾਂ ਤੋਂ ਦਿੱਤੇ ਜਾ ਰਹੇ ਧਰਨੇ ਵਿਚ ਸ਼ਾਮਲ ਹੋਏ ਅਤੇ ਧਰਨੇ ਵਿਚ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਨਸ਼ਿਆਂ ਪ੍ਰਤੀ ਗੰਭੀਰ ਹੁੰਦੀ ਤਾਂ ਮਾਨਸਾ ਦੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦੀ ਕਰਨ ਦੀ ਕਦੇ ਲੋੜ ਨਹੀਂ ਸੀ ਪੈਣੀ। ਨਸ਼ਿਆਂ ਦਾ ਮੁੱਦਾ ਪੰਜਾਬ ਦੀ ਗੰਭੀਰ ਸਮੱਸਿਆ ਹੈ, ਜਿਸ ਨੇ ਰੰਗਲੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਨੂੰ ਰੋਕਣ ਦੇ ਨਾਂ 'ਤੇ ਵੋਟਾਂ ਹਾਸਲ ਕੀਤੀਆਂ ਸਨ ਪਰ ਇਹ ਸਰਕਾਰ ਇਸ ਸਮੱਸਿਆ ਨੂੰ ਹੱਲ ਨਹੀਂ ਕਰ ਰਹੀ ਜਿਸ ਕਰਕੇ ਅਜਿਹੀ ਸਰਕਾਰ ਨਾਲ ਕਾਂਗਰਸ ਦਾ ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਕੋਈ ਸਮਝੌਤਾ ਨਹੀਂ ਹੋ ਸਕਦਾ। ਇਸ ਮਾਮਲੇ ਸਬੰਧੀ ਪਾਰਟੀ ਹਾਈਕਮਾਂਡ ਨੂੰ ਜਾਣੂ ਕਰਵਾਇਆ ਜਾਵੇਗਾ। ਸ੍ਰੀ ਵੜਿੰਗ ਨੇ ਕਿਹਾ ਕਿ ਪਰਵਿੰਦਰ ਸਿੰਘ ਨੂੰ ਨਸ਼ਿਆਂ ਵਿਰੁੱਧ ਜ਼ੋਰਦਾਰ ਸੰਘਰਸ਼ ਕਰਨਾ ਚਾਹੀਦਾ ਹੈ ਪਰ ਕਿਸੇ ਵੀ ਸੂਰਤ ਵਿਚ ਕਾਨੂੰਨ ਨੂੰ ਆਪਣੇ ਹੱਥ ਵਿਚ ਨਹੀਂ ਲੈਣਾ ਚਾਹੀਦਾ।

### ਪਰਵਿੰਦਰ ਸਿੰਘ ਦੇ ਹੱਕ ਵਿਚ ਨਿੱਤਰੇ ਖਹਿਰਾ

**ਮਾਨਸਾ:** ਨਸ਼ਾ ਵਿਰੋਧੀ ਮੁਹਿੰਮ ਦੇ ਆਗੂ ਪਰਵਿੰਦਰ ਸਿੰਘ ਝੋਟਾ ਦੀ ਜੇਲ੍ਹ ਵਿਚੋਂ ਰਿਹਾਈ ਲਈ ਜ਼ਿਲ੍ਹਾ ਕਚਹਿਰੀ ਵਿਚ ਧਰਨਾ ਜਾਰੀ ਹੈ। ਇਸ ਦੌਰਾਨ ਸੀਨੀਅਰ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਸੇਵਾਮੁਕਤ ਫੌਜੀ ਭੀਮ ਸਿੰਘ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਐਕਸ਼ਨ ਕਮੇਟੀ ਵੱਲੋਂ ਸੁਖਪਾਲ ਸਿੰਘ ਖਹਿਰਾ ਤੋਂ ਮੰਗ ਕੀਤੀ ਗਈ ਕਿ ਪਰਵਿੰਦਰ ਝੋਟਾ ਦਾ ਮਾਮਲਾ ਪੰਜਾਬ ਵਿਧਾਨ ਸਭਾ ਵਿਚ ਉਠਾਇਆ ਜਾਵੇ, ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਪੁਲਿਸ ਮੁਲਾਜ਼ਮਾਂ ਦੀ ਸ਼ਮੂਲੀਅਤ ਦੀ ਜਾਂਚ ਕੀਤੀ ਜਾਵੇ ਅਤੇ ਇਸ ਧੰਦੇ ਵਿਚ ਸ਼ਾਮਲ ਪਾਏ ਜਾਣ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਖ਼ਿਲਾਫ਼ ਕੇਸ ਦਰਜ ਕਰਕੇ ਉਨ੍ਹਾਂ ਵੱਲੋਂ ਬਣਾਈ ਜਾਇਦਾਦ ਨੂੰ ਕੁਰਕ ਕੀਤਾ ਜਾਵੇ।

### ਚਿੱਟੇ ਦੀ ਓਵਰਡੋਜ਼ ਕਾਰਨ ਦੋ ਮੌਤਾਂ

**ਫ਼ਿਰੋਜ਼ਪੁਰ:** ਕਸਬਾ ਮੱਲਾਂਵਾਲਾ 'ਚ ਚਿੱਟੇ ਦੀ ਓਵਰਡੋਜ਼ ਕਾਰਨ 18 ਸਾਲਾ ਨੌਜਵਾਨ ਹਰਮਨਦੀਪ ਸਿੰਘ ਦੀ ਮੌਤ ਹੋ ਗਈ। ਉਸ ਦੇ ਪਿਤਾ ਨਸੀਬ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ 20 ਜੁਲਾਈ ਦੀ ਰਾਤ ਨੂੰ ਗੁਰਜੀਤ ਸਿੰਘ ਤੇ ਗੁਰਦਿੱਤਾ ਸਿੰਘ ਉਸ ਦੇ ਲੜਕੇ ਨੂੰ ਖੱਚਰ ਵਾਲਾ ਪਿੰਡ 'ਚ ਮੇਲਾ ਵੇਖਣ ਲਈ ਲੈ ਕੇ ਗਏ ਸਨ। ਅਗਲੇ ਦਿਨ ਉਸ ਦੀ ਲਾਸ਼ ਬੱਸ ਅੱਡੇ ਨੇੜਿਓਂ ਮਿਲੀ। ਲਾਸ਼ ਕੋਲ ਸਰਿੰਜ ਵੀ ਪਈ ਸੀ। ਇਸ ਦੌਰਾਨ ਮਾਨਸਾ ਵਿਚ ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਕੁਲਦੀਪ ਕੁਮਾਰ (32) ਪੁੱਤਰ ਲਛਮਣ ਦਾਸ, ਵਾਰਡ ਨੰਬਰ 9 ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਉਸ ਦੇ ਭਰਾ ਦੀ ਨਸ਼ੇ ਦੀ ਓਵਰਡੋਜ ਕਾਰਨ ਮੌਤ ਹੋ ਗਈ ਸੀ।

## ਨਸ਼ਾ ਤਸਕਰਾਂ ਨਾਲ ਸਬੰਧਾਂ ਦੇ ਦੋਸ਼ ਹੇਠ ਅਕਾਲੀ ਆਗੂ ਗ੍ਰਿਫਤਾਰ

**ਅੰਮ੍ਰਿਤਸਰ:** ਪੁਲਿਸ ਦੇ ਸੀ.ਆਈ.ਏ. ਸਟਾਫ ਨੇ ਅਕਾਲੀ ਆਗੂ ਤੇਜਬੀਰ ਸਿੰਘ ਨੂੰ ਨਸ਼ਾ ਤਸਕਰਾਂ ਨਾਲ ਕਥਿਤ ਸਬੰਧਾਂ ਦੇ ਦੋਸ਼ ਹੇਠ ਪਿੰਡ ਨੰਗਲੀ ਤੋਂ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਤਿੰਨ ਦਿਨ ਪਹਿਲਾਂ ਹਾਊਸਿੰਗ ਬੋਰਡ ਕਲੋਨੀ ਦੇ ਰਹਿਣ ਵਾਲੇ ਗੁਰਜੀਤ ਸਿੰਘ ਨੂੰ 100 ਗ੍ਰਾਮ ਹੈਰੋਇਨ ਅਤੇ 3 ਲੱਖ ਰੁਪਏ ਦੀ ਡਰੱਗ ਮਨੀ ਸਣੇ ਗ੍ਰਿਫਤਾਰ ਕੀਤਾ ਸੀ। ਉਸ ਕੋਲੋਂ ਪੁੱਛ-ਪੜਤਾਲ ਦੌਰਾਨ ਇਸ ਅਕਾਲੀ ਆਗੂ ਦਾ ਨਾਮ ਸਾਹਮਣੇ ਆਇਆ, ਜਿਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

ਪੁਲਿਸ ਨੇ ਤੇਜਬੀਰ ਸਿੰਘ ਨੂੰ ਡਿਊਟੀ ਮੈਜਿਸਟ੍ਰੇਟ ਦੇ ਸਾਹਮਣੇ ਪੇਸ਼ ਕੀਤਾ, ਜਿੱਥੋਂ ਉਸ ਨੂੰ ਹੋਰ ਪੁੱਛ-ਪੜਤਾਲ ਲਈ ਪੁਲਿਸ ਰਿਮਾਂਡ 'ਤੇ ਭੇਜਿਆ ਗਿਆ ਹੈ। ਪੁਲਿਸ ਅਨੁਸਾਰ ਉਸ ਦੇ ਗੈਂਗਸਟਰ ਬਲਵਿੰਦਰ ਸਿੰਘ ਉਰਫ ਡੌਨੀ ਅਤੇ ਪੁਰਤਗਾਲ ਸਥਿਤ ਮਨਪ੍ਰੀਤ ਸਿੰਘ ਮੰਨੂ ਨਾਲ ਸਬੰਧਾਂ ਬਾਰੇ ਜਾਂਚ ਕੀਤੀ ਜਾਵੇਗੀ।

ਸਥਾਨਕ ਪੁਲਿਸ ਨੇ ਉਸ ਦੀ ਗ੍ਰਿਫਤਾਰੀ ਨੂੰ ਲੈ ਕੇ ਫਿਲਹਾਲ ਚੁੱਪ ਧਾਰੀ ਹੋਈ ਹੈ ਪਰ ਇਕ ਪੁਲਿਸ ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਅਗਸਤ 2021 ਵਿਚ ਮਜੀਠਾ ਰੋਡ ਦੇ ਇਕ ਨਿੱਜੀ ਹਸਪਤਾਲ ਵਿਚ ਗੈਂਗਸਟਰ ਰਾਣਾ ਕੰਦੋਵਾਲੀਆ ਨੂੰ ਗੋਲੀਆਂ ਮਾਰ ਕੇ ਹੱਤਿਆ ਕਰਨ ਦੀ ਵਾਪਰੀ ਘਟਨਾ ਸਮੇਂ ਇਹ ਵਿਅਕਤੀ ਵੀ ਗੈਂਗਵਾਰ ਵਿਚ ਜ਼ਖਮੀ ਹੋ ਗਿਆ ਸੀ। ਇਹ ਵਿਅਕਤੀ ਅਕਾਲੀ ਦਲ ਬਾਦਲ ਨਾਲ ਸਬੰਧਤ ਵਿਦਿਆਰਥੀ ਜਥੇਬੰਦੀ ਸਟੂਡੈਂਟਸ ਆਰਗ਼ੇਨਾਈਜ਼ੇਸ਼ਨ ਆਫ ਇੰਡੀਆ ਨਾਲ ਜੁੜਿਆ ਰਿਹਾ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ



ਕਿਹਾ ਕਿ ਨਸ਼ਿਆਂ ਦੇ ਮਾਮਲੇ ਵਿਚ ਫੜੇ ਗਏ ਤੇਜਬੀਰ ਸਿੰਘ ਦਾ ਹੁਣ ਅਕਾਲੀ ਦਲ ਨਾਲ ਕੋਈ ਸਬੰਧ ਨਹੀਂ ਹੈ ਅਤੇ ਉਹ ਆਮ ਆਦਮੀ ਪਾਰਟੀ ਨਾਲ ਸਬੰਧਤ ਹੈ। ਇਥੇ ਮੀਡੀਆ ਨਾਲ ਗੱਲ ਕਰਦਿਆਂ ਸ੍ਰੀ ਵਲਟੋਹਾ ਨੇ ਦੱਸਿਆ ਕਿ ਤੇਜਬੀਰ ਸਿੰਘ ਨੂੰ 19 ਅਪਰੈਲ 2021 ਨੂੰ ਅੰਮ੍ਰਿਤਸਰ ਦਿਹਾਤੀ ਦਾ ਐੱਸ.ਓ.ਆਈ. ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ, ਹਫਤੇ ਬਾਅਦ ਹੀ ਜਥੇਬੰਦੀ ਦਾ ਢਾਂਚਾ ਭੰਗ ਕਰ ਦਿੱਤਾ ਗਿਆ ਸੀ। ਮਗਰੋਂ ਉਹ ਐਸ.ਓ.ਆਈ. ਦਾ ਜ਼ਿਲ੍ਹਾ ਪ੍ਰਧਾਨ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਤੇਜਬੀਰ ਸਿੰਘ ਪਹਿਲਾਂ ਕਾਂਗਰਸ ਤੇ ਫਿਰ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦੇ ਨੇੜੇ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਤੇਜਬੀਰ ਵਧੇਰੇ ਕਰ ਕੇ ਹਲਕਾ ਰਾਜਾਸਾਂਸੀ ਦੇ 'ਆਪ' ਆਗੂ ਦੇ ਨਾਲ ਹੀ ਰਹਿੰਦਾ ਹੈ।

### ਤੇਜਬੀਰ ਦੇ ਸੁਖਬੀਰ ਤੇ ਮਜੀਠੀਆ ਨਾਲ ਸਬੰਧ: ਕੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਅਕਾਲੀ ਦਲ ਦੀ ਵਿਦਿਆਰਥੀ ਜਥੇਬੰਦੀ ਐਸ.ਓ.ਆਈ. ਦੇ ਜ਼ਿਲ੍ਹਾ ਪ੍ਰਧਾਨ ਤੇਜਬੀਰ ਸਿੰਘ ਗਿੱਲ ਦੀ ਗ੍ਰਿਫਤਾਰੀ ਮਗਰੋਂ ਸ਼੍ਰੋਮਣੀ ਅਕਾਲੀ ਦਲ 'ਤੇ ਤਿੱਖਾ ਹਮਲਾ ਕੀਤਾ ਹੈ। ਕੰਗ ਨੇ ਚੰਡੀਗੜ੍ਹ ਵਿਚ ਪਾਰਟੀ ਦਫ਼ਤਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤੇਜਬੀਰ ਸਿੰਘ ਗਿੱਲ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਨਜਦੀਕੀ ਸਬੰਧ ਹਨ। ਉਨ੍ਹਾਂ ਤੇਜਬੀਰ ਸਿੰਘ ਗਿੱਲ ਦੀਆਂ ਬਿਕਰਮ ਮਜੀਠੀਆ ਤੇ ਸੁਖਬੀਰ ਬਾਦਲ ਨਾਲ ਤਸਵੀਰਾਂ ਦਿਖਾਉਂਦਿਆਂ ਕਿਹਾ ਕਿ ਇਹ ਤਸਵੀਰ ਸਾਬਤ ਕਰਦੀ ਹੈ ਕਿ ਅਕਾਲੀ ਦਲ ਦੇ ਆਗੂ ਨਸ਼ੇ ਦੇ ਸੌਦਾਗਰਾਂ ਦੀ ਖੁੱਲ੍ਹੇਆਮ ਸਰਪ੍ਰਸਤੀ ਕਰਦੇ ਹਨ।

# ਹੜ੍ਹਾਂ ਨਾਲ ਤਬਾਹੀ ਪਿੱਛੋਂ ਜ਼ਿੰਦਗੀ ਨੂੰ ਮੁੜ ਲੀਹੇ ਪਾਉਣ ਲਈ ਜੱਦੋ-ਜਹਿਦ

**ਚੰਡੀਗੜ੍ਹ:** ਪੰਜਾਬ ਵਿਚ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ। ਹੜ੍ਹਾਂ ਦਾ ਪਾਣੀ ਘਟਣ ਕਾਰਨ ਹੁਣ ਜ਼ਿੰਦਗੀ ਮੁੜ ਲੀਹ ਉਤੇ ਪਰਤਣ ਲੱਗੀ ਹੈ। ਜਾਣਕਾਰੀ ਅਨੁਸਾਰ ਹੁਣ ਤੱਕ ਸੂਬੇ ਦੇ 19 ਜ਼ਿਲ੍ਹਿਆਂ ਦੇ 1460 ਦੇ ਕਰੀਬ ਪਿੰਡ ਹੜ੍ਹਾਂ ਤੋਂ ਪ੍ਰਭਾਵਿਤ ਹੋ ਚੁੱਕੇ ਹਨ, ਜਦੋਂ ਕਿ 40 ਜਣਿਆਂ ਦੀ ਮੌਤ ਹੋ ਚੁੱਕੀ ਹੈ। ਮੌਜੂਦਾ ਸਮੇਂ ਘੱਗਰ ਕਰ ਕੇ ਸਰਦੂਲਗੜ੍ਹ ਤੇ ਆਲੇ-ਦੁਆਲੇ ਦੇ ਲੋਕਾਂ ਨੂੰ ਸੰਤਾਪ ਭੋਗਣਾ ਪਿਆ।

ਪੰਜਾਬ 'ਚ ਹੜ੍ਹਾਂ ਤੋਂ ਪ੍ਰਭਾਵਿਤ 26,800 ਲੋਕਾਂ ਨੂੰ ਸਰਕਾਰੀ ਏਜੰਸੀਆਂ ਤੇ ਗੈਰ ਸਰਕਾਰੀ ਸੰਸਥਾਵਾਂ ਨੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ। ਸੂਬੇ ਵਿਚ ਕੁੱਲ 155 ਰਾਹਤ ਕੈਂਪ ਚੱਲ ਰਹੇ ਹਨ, ਜਿਨ੍ਹਾਂ ਵਿਚ 4560 ਲੋਕਾਂ ਦਾ ਆਰਜ਼ੀ ਵਸੇਬਾ ਕੀਤਾ ਗਿਆ ਹੈ। ਇਸ ਵੇਲੇ ਤਰਨ ਤਾਰਨ, ਫਿਰੋਜ਼ਪੁਰ, ਫਤਹਿਗੜ੍ਹ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਕਪੂਰਥਲਾ, ਪਟਿਆਲਾ, ਮੋਗਾ, ਲੁਧਿਆਣਾ, ਐਸ.ਏ.ਐਸ. ਨਗਰ, ਜਲੰਧਰ, ਸੰਗਰੂਰ, ਐੱਸ.ਬੀ.ਐਸ. ਨਗਰ, ਫਾਜ਼ਿਲਕਾ, ਗੁਰਦਾਸਪੁਰ, ਮਾਨਸਾ, ਬਠਿੰਡਾ ਅਤੇ ਪਠਾਨਕੋਟ ਸਮੇਤ 19 ਜ਼ਿਲ੍ਹੇ ਹੜ੍ਹਾਂ ਨਾਲ ਪ੍ਰਭਾਵਿਤ ਹਨ।

ਹਰਿਆਣਾ ਦੇ ਚਾਂਦਪੁਰਾ ਤੋਂ ਲੈ ਕੇ ਪੰਜਾਬ ਦੇ ਸਰਦੂਲਗੜ੍ਹ ਤੱਕ ਘੱਗਰ ਦਰਿਆ ਦੇ 60-70 ਕਿਲੋਮੀਟਰ ਦੇ ਖੇਤਰ 'ਚ ਇਕ ਦਰਜਨ ਤੋਂ ਵੱਧ ਪਾੜ ਪੈਣ ਕਾਰਨ ਮਾਨਸਾ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਬੁਢਲਾਡਾ, ਸਰਦੂਲਗੜ੍ਹ ਅਤੇ ਰਤੀਆ (ਹਰਿਆਣਾ) ਦੇ ਦਰਜਨਾਂ ਪਿੰਡਾਂ ਦੇ ਸਾਰੇ ਸੜਕੀ ਸੰਪਰਕ ਟੁੱਟ ਗਏ। ਹੜ੍ਹਾਂ ਤੋਂ ਪ੍ਰਭਾਵਿਤ ਇਨ੍ਹਾਂ ਪਿੰਡਾਂ 'ਚ ਸਿਰਫ ਕਿਸ਼ਤੀ ਰਾਹੀਂ ਹੀ ਪਹੁੰਚਿਆ ਜਾ ਸਕਦਾ ਸੀ। ਜਾਣਕਾਰੀ ਅਨੁਸਾਰ ਬੁਢਲਾਡਾ ਹਲਕੇ ਦੇ ਪਿੰਡ ਬੀਰੇਵਾਲਾ ਡੋਗਰਾ, ਰਿਉਂਦ ਕਲਾਂ, ਰਿਉਂਦ ਖੁਰਦ, ਕੁਲਰੀਆਂ, ਗੋਰਖਨਾਥ, ਮੰਡੇਰ ਅਤੇ ਹਰਿਆਣਾ ਦੇ ਪਿੰਡ ਬੱਬਣਪੁਰ, ਬਾਦਲਗੜ੍ਹ, ਚਾਂਦਪੁਰਾ, ਬਾਹਮਣਵਾਲਾ, ਲੁਠੇਰਾ, ਨੰਗਲ, ਸਰਦਾਰੇਵਾਲਾ ਅਤੇ ਰੋਜ਼ਾਵਾਲੀ 'ਚ ਫਸਲਾਂ ਦਾ 100 ਫੀਸਦੀ ਨੁਕਸਾਨ ਹੋਇਆ ਹੈ। ਧਰਾਤਲ ਤੋਂ ਜ਼ਿਆਦਾ ਨੀਵੇਂ ਹੋਣ ਕਾਰਨ ਪਿੰਡ ਬੀਰੇਵਾਲਾ ਡੋਗਰਾ, ਰਿਉਂਦ ਕਲਾਂ, ਰਿਉਂਦ ਖੁਰਦ, ਸਾਧੂਵਾਲਾ ਅਤੇ ਫੂਸਮੰਡੀ ਵਿੱਚ 6-6 ਫੁੱਟ ਪਾਣੀ ਜਮ੍ਹਾਂ ਹੋ ਗਿਆ। ਹੜ੍ਹਾਂ ਤੋਂ ਪ੍ਰਭਾਵਿਤ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਪੀਣ ਵਾਲੇ ਪਾਣੀ, ਮੱਛਰ, ਸਿਹਤ ਸਹੂਲਤਾਂ ਤੇ ਪਸ਼ੂਆਂ ਲਈ ਹਰੇ ਚਾਰੇ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ।

ਦੋ ਹਫਤੇ ਪਹਿਲਾਂ ਪਏ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਕਰਕੇ ਚਮਕੌਰ ਸਾਹਿਬ ਦੇ ਇਲਾਕੇ ਖਾਸਕਰ ਬੇਟ ਤੇ ਮੰਡ ਖੇਤਰ 'ਚ ਭਾਰੀ ਤਬਾਹੀ ਹੈ। ਇਲਾਕੇ 'ਚ ਵਗਦੀਆਂ ਸੀਸਵਾਂ ਤੇ ਬੁੱਦਕੀ ਨਦੀਆਂ ਦਾ ਬੰਨ੍ਹ ਕਈ ਥਾਂ ਤੋਂ ਟੁੱਟਿਆ ਹੈ ਤੇ ਪਿੰਡ ਕਮਾਲਪੁਰ ਨੇੜੇ ਨਦੀ ਸਦੀ ਪੁਰਾਣੇ ਬੰਨ੍ਹ ਨੂੰ ਤੋੜ ਕੇ ਸਰਹਿੰਦ ਨਹਿਰ ਵਿਚ ਵੀ ਦਾਖਲ ਹੋ ਚੁੱਕੀ ਹੈ, ਜਿੱਥੇ ਕਿ ਹੁਣ ਪ੍ਰਸ਼ਾਸਨ ਵੱਲੋਂ ਕਈ ਮਸ਼ੀਨਾਂ ਸਮੇਤ ਸੈਂਕੜੇ ਮਜ਼ਦੂਰ ਲਗਾ ਕੇ ਬੰਨ੍ਹ ਲਗਾਇਆ ਗਿਆ।

ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਕਈ ਦਹਾਕਿਆਂ ਤੋਂ ਇਨ੍ਹਾਂ ਨਾਲਿਆਂ, ਨਦੀਆਂ ਤੇ ਸਤਲੁਜ ਦੇ ਧੁੱਸੀ ਬੰਨ੍ਹ ਦੀ ਸਰਕਾਰੀ ਪੱਧਰ ਉਤੇ ਕੋਈ ਖਾਸ ਮੁਰੰਮਤ ਜਾਂ ਸਫਾਈ ਨਹੀਂ ਹੋਈ। ਇਸੇ ਕਾਰਨ ਸੀਸਵਾਂ ਨਦੀ ਦੇ ਟੁੱਟਣ ਕਾਰਨ ਮੰਡ ਖੇਤਰ ਦੇ ਪਿੰਡਾਂ ਟੱਪਰੀਆਂ ਘੜੀਸਪੁਰ, ਰਾਮਗੜ੍ਹ-ਬੂਥਗੜ੍ਹ , ਚੁਪਕੀ ਅਤੇ ਸੁਰਤਾਪੁਰ ਦਾ ਭਾਰੀ ਨੁਕਸਾਨ ਹੋਇਆ ਹੈ।

**ਕਟਾਰੂਚੱਕ ਨੇ ਹੜ੍ਹ ਪੀੜਤਾਂ ਲਈ ਇਕ ਮਹੀਨੇ ਦੀ ਤਨਖਾਹ ਦਿੱਤੀ:** ਸੂਬੇ ਵਿਚ ਹੜ੍ਹਾਂ ਦੀ ਲਪੇਟ ਵਿਚ ਆਏ ਲੋਕਾਂ ਨਾਲ ਇਕਜੁੱਟਤਾ ਪ੍ਰਗਟਾਉਂਦਿਆਂ ਖ਼ੁਰਾਕ, ਸਿਵਲ ਸਪਲਾਈ, ਖ਼ਪਤਕਾਰ ਮਾਮਲੇ, ਜੰਗਲਾਤ ਤੇ ਜੰਗਲੀ ਜੀਵ ਸੰਭਾਲ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਆਪਣੀ ਇਕ ਮਹੀਨੇ ਦੀ ਤਨਖ਼ਾਹ (ਕੁੱਲ 1,10,000 ਰੁਪਏ) ਹੜ੍ਹ ਪੀੜਤਾਂ ਨੂੰ ਦਾਨ ਵਜੋਂ ਦਿੱਤੀ। ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਰਾਹਤ ਚੈੱਕ ਸੌਂਪਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਵਚਨਬੱਧ ਅਤੇ ਜ਼ਿੰਮੇਵਾਰ ਹੈ।



## ਸਰਹੱਦੀ ਖੇਤਰ 'ਚ ਫਸਲਾਂ ਦਾ ਭਾਰੀ ਨੁਕਸਾਨ: ਧਾਲੀਵਾਲ

**ਡੇਰਾ ਬਾਬਾ ਨਾਨਕ:** ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਹੜ੍ਹ ਪ੍ਰਭਾਵਿਤ ਡੇਰਾ ਬਾਬਾ ਨਾਨਕ ਅਤੇ ਹੋਰ ਨੇੜਲੇ ਇਲਾਕਿਆਂ ਦਾ ਦੌਰਾ ਕੀਤਾ। ਉਨ੍ਹਾਂ ਦੱਸਿਆ ਕਿ ਕਰਤਾਰਪੁਰ ਲਾਂਘੇ ਨੇੜੇ ਬਣੇ ਧੁੱਸੀ ਬੰਨ੍ਹ 'ਤੇ ਪਾਣੀ ਹੌਲੀ-ਹੌਲੀ ਘੱਟ ਰਿਹਾ ਹੈ। ਉਨ੍ਹਾਂ ਦੱਸਿਆ ਕਿ ਰਾਵੀ 'ਚ ਪਾਣੀ ਦਾ ਪੱਧਰ ਵਧਣ ਕਾਰਨ ਪੈਦਾ ਹੋਈ ਹੜ੍ਹ ਵਰਗੀ ਸਥਿਤੀ ਨਾਲ ਫਸਲਾਂ ਦਾ ਕਾਫੀ ਨੁਕਸਾਨ ਹੋਇਆ ਹੈ ਪਰ ਇਸ ਔਖੀ ਘੜੀ 'ਚ ਪੰਜਾਬ ਸਰਕਾਰ ਪੀੜਤਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਰਾਹਤ ਕਾਰਜਾਂ ਦਾ ਜਾਇਜ਼ਾ ਵੀ ਲਿਆ।

## ਨੁਕਸਾਨ ਦਾ ਇਕ-ਇਕ ਪੈਸਾ ਦਿਆਂਗੇ: ਭਗਵੰਤ ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦਾ ਇਕ-ਇਕ ਪੈਸਾ ਮੁਆਵਜ਼ੇ ਵਜੋਂ ਦਿੱਤਾ ਜਾਵੇਗਾ। ਸ੍ਰੀ ਮਾਨ ਨੇ ਕਿਹਾ ਕਿ ਭਾਰੀ ਮੀਂਹ ਕਾਰਨ ਫਸਲਾਂ, ਘਰਾਂ ਅਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰਾਂ ਨੂੰ ਫਸਲਾਂ, ਘਰਾਂ ਤੇ ਪਸ਼ੂਆਂ ਦੀ ਗਿਰਦਾਵਰੀ ਪਹਿਲ ਦੇ ਆਧਾਰ 'ਤੇ ਕਰਵਾਉਣ ਦੀ ਹਦਾਇਤਾਂ ਦਿੱਤੀਆਂ ਜਾ ਚੁੱਕੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਹ ਸੂਬੇ ਭਰ 'ਚ ਹੜ੍ਹਾਂ ਕਾਰਨ ਪੈਦਾ ਹੋਈ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ। ਸੂਬਾ ਸਰਕਾਰ ਹੜ੍ਹ ਪੀੜਤਾਂ ਨੂੰ ਸਮੇਂ ਸਿਰ ਰਾਹਤ ਪਹੁੰਚਾਏ ਜਾਣ ਲਈ ਵਚਨਬੱਧ ਹੈ। ਇਸ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਸੂਬਾ ਸਰਕਾਰ ਇਸ ਔਖੀ ਘੜੀ ਵਿਚ ਲੋਕਾਂ ਨਾਲ ਡਟ ਕੇ ਖੜ੍ਹੀ ਹੈ ਅਤੇ ਉਨ੍ਹਾਂ ਨੂੰ ਲੋੜੀਂਦੀ ਮਦਦ ਦਿੱਤੀ ਜਾ ਰਹੀ ਹੈ।

## ਭਗਵੰਤ ਮਾਨ ਗੈਰ-ਤਜਰਬੇਕਾਰ ਮੁੱਖ ਮੰਤਰੀ: ਜਾਖੜ

**ਪਟਿਆਲਾ:** ਪੰਜਾਬ ਸਰਕਾਰ ਸੂਬੇ ਵਿਚ ਭਾਰੀ ਬਰਸਾਤ ਦੀਆਂ ਅਗਾਊਂ ਚਿਤਾਵਨੀਆਂ ਦੇ ਬਾਵਜੂਦ ਪੰਜਾਬ ਦੇ ਲੋਕਾਂ ਨੂੰ ਇਸ ਸਥਿਤੀ ਤੋਂ ਬਚਾਉਣ ਲਈ ਬੁਰੀ ਤਰ੍ਹਾਂ ਅਸਫਲ ਰਹੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਸੂਬਾਈ ਪ੍ਰਧਾਨ ਸੁਨੀਲ ਜਾਖੜ ਨੇ ਇਥੇ ਨਿਊ ਮੋਤੀ ਬਾਗ ਪੈਲੇਸ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਹੁਣ ਤੱਕ ਕਿਸੇ ਵੀ ਪਿੰਡ ਵਿਚ ਗਿਰਦਾਵਰੀ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਜੇ ਸਮੇਂ ਸਿਰ ਸਰਵੇਖਣ ਨਹੀਂ ਕੀਤਾ ਗਿਆ, ਤਾਂ ਸਰਕਾਰ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਕਿਵੇਂ ਦੇਵੇਗੀ। ਭਗਵੰਤ ਮਾਨ ਨੂੰ ਗੈਰ-ਤਜਰਬੇਕਾਰ ਮੁੱਖ ਮੰਤਰੀ ਦੱਸਦਿਆਂ, ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨਾਲ ਬਿਨਾਂ ਕਿਸੇ ਕਾਰਨ ਅਤੇ ਵਜ੍ਹਾ ਤੋਂ ਹੀ ਇੱਟ-ਖੜੱਕਾ ਕਰਦੇ ਰਹਿਣਾ, ਦੇਸ਼ ਅਤੇ ਸੂਬੇ ਸਮੇਤ ਲੋਕਾਂ ਦੇ ਹਿੱਤ ਵਿੱਚ ਨਹੀਂ ਹੈ।

## ਅਮਰੀਕਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਕੁੱਪ ਕਲਾਂ:** ਇੱਥੋਂ ਦੇ ਆਮ ਆਦਮੀ ਪਾਰਟੀ ਪੰਜਾਬ ਦੇ ਜੁਆਇੰਟ ਸਕੱਤਰ ਰਘਬੀਰ ਸਿੰਘ ਲਾਡੀ ਦੇ ਨੌਜਵਾਨ ਪੁੱਤਰ ਦੀ ਅਮਰੀਕਾ ਵਿਚ ਸੜਕ ਹਾਦਸੇ ਵਿਚ ਮੌਤ ਹੋ ਗਈ। 'ਆਪ' ਆਗੂ ਮੋਹਨਜੀਤ ਸਿੰਘ ਤੇ ਗੁਰਤੇਜ ਸਿੰਘ ਔਲਖ ਨੇ ਦੱਸਿਆ ਕਿ ਰਘਬੀਰ ਸਿੰਘ ਲਾਡੀ ਦਾ ਪੁੱਤਰ ਜਸਨੂਰ ਸਿੰਘ ਔਲਖ (21) ਅਮਰੀਕਾ ਵਿਚ ਇੰਡਿਆਨਾ ਦੇ ਸ਼ਹਿਰ ਫਿਸ਼ਰ ਵਿਚ 12ਵੀਂ ਜਮਾਤ ਕਰਨ ਤੋਂ ਬਾਅਦ ਮਕੈਨੀਕਲ ਦਾ ਡਿਪਲੋਮਾ ਕਰ ਕੇ ਟੈਕਨੀਸ਼ੀਅਨ ਬਣ ਗਿਆ ਸੀ। ਉਹ ਟੋਇਟਾ ਕੰਪਨੀ ਵਿਚ ਬਤੌਰ ਟੈਕਨੀਸ਼ੀਅਨ ਸੀ। ਜਸਨੂਰ ਸਿੰਘ ਦੇ ਮੋਟਰਸਾਈਕਲ ਨੂੰ ਤੇਜ ਰਫਤਾਰ ਟਰੱਕ ਨੇ ਟੱਕਰ ਮਾਰ ਦਿੱਤੀ। ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

# ਕਿਸਾਨ ਜਥੇਬੰਦੀਆਂ ਵੱਲੋਂ ਮੁਆਵਜ਼ੇ ਲਈ ਸਰਕਾਰ ਦੀ ਘੇਰਾਬੰਦੀ

**ਗੁਰੂਸਰ ਸੁਧਾਰ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਪਿੰਡ ਕਾਲਖ ਦੇ ਗੁਰੂਘਰ ਵਿਚ ਭਾਰਤ ਮਾਲਾ ਪ੍ਰੋਜੈਕਟ ਤੋਂ ਪੀੜਤ ਕਿਸਾਨਾਂ ਅਤੇ ਮਜ਼ਦੂਰਾਂ ਦੀ ਇਕੱਤਰਤਾ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਜ਼ਮੀਨ ਦਾ ਢੁਕਵਾਂ ਮੁਆਵਜ਼ਾ ਲੈਣ ਲਈ ਜਥੇਬੰਦੀ ਆਪਣੀ ਪੂਰੀ ਤਾਕਤ ਝੋਕ ਦੇਵੇਗੀ।

ਭਾਰਤੀ ਕਿਸਾਨ-ਮਜ਼ਦੂਰ ਰੋਡ ਸੰਘਰਸ਼ ਯੂਨੀਅਨ ਦੇ ਸੂਬਾ ਪ੍ਰਧਾਨ ਬਿਕਰਜੀਤ ਸਿੰਘ ਕਾਲਖ ਨੇ ਪੀੜਤ ਕਿਸਾਨਾਂ ਨੂੰ ਸਹੀ ਮੁੱਲ ਮਿਲਣ ਤਕ ਡਟੇ ਰਹਿਣ ਦੀ ਅਪੀਲ ਕੀਤੀ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਮੁਆਵਜ਼ਾ ਚੈੱਕ ਨਾ ਲੈਣ ਵਾਲੇ ਕਿਸਾਨਾਂ ਦੀਆਂ ਜ਼ਮੀਨਾਂ ਵਿਚ ਜਬਰੀ ਦਾਖਲ ਨਾ ਹੋਣ ਦਾ ਭਰੋਸਾ ਦੇ ਕੇ ਹੁਣ ਪੈਰ ਪਿਛਾਂਹ ਖਿੱਚ ਲਏ ਹਨ। ਅਧਿਕਾਰੀ ਹੁਣ ਜ਼ੋਰ-ਜ਼ਬਰਦਸਤੀ ਨਾਲ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਗੱਲ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਵੱਧ ਤੋਂ ਵੱਧ ਕਿਸਾਨਾਂ ਨੂੰ ਨਾਲ ਲੈ ਕੇ ਸੰਘਰਸ਼ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਕਿਸਾਨਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।



ਉੱਧਰ, ਭਾਰਤ ਮਾਲਾ ਪ੍ਰੋਜੈਕਟ ਖਿਲਾਫ ਭਾਰਤੀ ਕਿਸਾਨ ਮਜ਼ਦੂਰ ਰੋਡ ਸੰਘਰਸ਼ ਯੂਨੀਅਨ ਅਤੇ ਭਾਕਿਯੂ ਏਕਤਾ (ਸਿੱਧੂਪੁਰ) ਦੀ ਵੱਖਰੀ ਮੀਟਿੰਗ ਵਿਚ ਰੋਡ ਸੰਘਰਸ਼ ਯੂਨੀਅਨ ਦੇ ਸੂਬਾ ਪ੍ਰਧਾਨ ਬਿੱਕਰਜੀਤ ਸਿੰਘ ਕਾਲਖ ਨੂੰ ਜਥੇਬੰਦੀ ਤੋਂ ਬਰਖ਼ਾਸਤ ਕਰ ਕੇ ਉਨ੍ਹਾਂ ਦੀ ਥਾਂ ਅਮਰੀਕ ਸਿੰਘ ਹਲਵਾਰਾ ਨੂੰ ਸਰਬਸੰਮਤੀ ਨਾਲ ਸੂਬਾ ਪ੍ਰਧਾਨ ਚੁਣ ਲਿਆ ਗਿਆ। ਸੁਖਦੇਵ ਸਿੰਘ ਰਤਨਗੜ੍ਹ ਨੂੰ ਸੂਬਾ ਮੀਤ ਪ੍ਰਧਾਨ ਅਤੇ ਹਰਪਾਲ ਸਿੰਘ ਕਾਲਖ ਜ਼ਿਲ੍ਹਾ ਪ੍ਰਧਾਨ ਚੁਣੇ ਜਾਣ ਦਾ ਐਲਾਨ ਕੀਤਾ ਗਿਆ।

# ਅਕਾਲੀਆਂ ਨੇ ਭਾਜਪਾ ਨੂੰ ਕਿਸਾਨਾਂ ਨਾਲ ਸਿੱਧੀ ਗੱਲਬਾਤ ਤੋਂ ਰੋਕਿਆ ਸੀ: ਜਾਖੜ

**ਸੰਗਰੂਰ:** ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਖੇਤੀ ਬਿੱਲਾਂ ਬਾਰੇ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨੂੰ ਕਿਸਾਨਾਂ ਨਾਲ ਸਿੱਧੀ ਗੱਲਬਾਤ ਕਰਨ ਤੋਂ ਰੋਕੀ ਰੱਖਿਆ ਸੀ ਜਿਸ ਕਾਰਨ ਪੰਜਾਬ ਵਿਚ ਰਾਜਸੀ ਉਥਲ-ਪੁਥਲ ਹੋਈ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨਾਂ ਨਾਲ ਭਾਜਪਾ ਲੀਡਰਸ਼ਿਪ ਦੀ ਸ਼ੁਰੂਆਤ 'ਚ ਹੀ ਸਿੱਧੀ ਗੱਲਬਾਤ ਹੋ ਗਈ ਹੁੰਦੀ ਤਾਂ ਕਿਸਾਨਾਂ ਨੂੰ ਅੰਦੋਲਨ ਕਰਨ ਦੀ ਲੋੜ ਨਹੀਂ ਪੈਣੀ ਸੀ।

ਸ੍ਰੀ ਜਾਖੜ ਇਥੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਰਿਹਾਇਸ਼ 'ਤੇ ਪੁੱਜੇ ਸਨ ਜਿਨ੍ਹਾਂ ਦਾ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਨਿੱਘਾ ਸਵਾਗਤ ਕੀਤਾ। ਸ੍ਰੀ ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਐੱਨ.ਡੀ.ਏ. ਦੀ ਹੋਈ ਮੀਟਿੰਗ ਵਿਚ ਸੁਖਦੇਵ ਸਿੰਘ ਢੀਂਡਸਾ ਨੇ ਪੰਜਾਬ, ਪੰਥ ਅਤੇ ਕਿਸਾਨੀ ਨਾਲ ਸਬੰਧਤ ਜੋ ਮੁੱਦੇ ਉਠਾਏ ਸਨ, ਉਸ ਸਬੰਧੀ ਕੌਮੀ ਪੱਧਰ ਦੀ ਇਕ ਕਮੇਟੀ ਬਣਾਈ ਜਾ ਰਹੀ ਹੈ ਤਾਂ ਜੋ ਇਨ੍ਹਾਂ ਮੁੱਦਿਆਂ ਨੂੰ ਸਾਰਥਕ ਢੰਗ ਨਾਲ ਹੱਲ ਕਰਵਾਇਆ ਜਾ ਸਕੇ। ਪੰਜਾਬ 'ਚ ਹੜ੍ਹਾਂ ਕਾਰਨ ਹੋਈ ਤਬਾਹੀ ਦਾ ਜ਼ਿਕਰ ਕਰਦਿਆਂ ਸ੍ਰੀ ਜਾਖੜ ਨੇ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਨੇ ਨਾ ਹੀ ਸਮੇਂ ਸਿਰ ਹੜ੍ਹਾਂ ਦੇ ਬਚਾਅ ਲਈ ਪੁਖਤਾ ਪ੍ਰਬੰਧ ਕੀਤੇ ਅਤੇ ਨਾ ਹੀ ਹੜ੍ਹ ਪੀੜਤਾਂ ਦੀ ਸੁਚਾਰੂ ਢੰਗ ਨਾਲ ਮਦਦ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਸ਼ੁਰੂ ਵਿਚ ਹੀ ਹੜ੍ਹਾਂ ਲਈ 280 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਭੇਜੇ ਸਨ ਪਰ ਸਰਕਾਰ ਉਸ ਨੂੰ ਸੁਚਾਰੂ ਢੰਗ ਨਾਲ ਖਰਚ ਕਰਨ ਵਿਚ ਅਸਫਲ ਰਹੀ।



## ਹੁਣ ਸਵਾ ਲੱਖ ਰੁਪਏ ਤੱਕ ਦਾ ਮੋਬਾਈਲ ਫੋਨ ਰੱਖ ਸਕਣਗੇ ਸਰਕਾਰੀ ਬਾਬੂ

**ਨਵੀਂ ਦਿੱਲੀ:** ਕੇਂਦਰ ਸਰਕਾਰ ਦੇ ਅਧਿਕਾਰੀ 1.3 ਲੱਖ ਰੁਪਏ ਤੱਕ ਦੀ ਕੀਮਤ ਦਾ ਮੋਬਾਈਲ ਫੋਨ, ਲੈਪਟਾਪ ਜਾਂ ਇਸੇ ਤਰ੍ਹਾਂ ਦੇ ਹੋਰ ਉਪਕਰਨ ਰੱਖਣ ਦੇ ਯੋਗ ਹੋਣਗੇ। ਇੰਨਾ ਹੀ ਨਹੀਂ, ਉਹ ਚਾਰ ਸਾਲ ਬਾਅਦ ਇਨ੍ਹਾਂ ਡਿਵਾਈਸਾਂ ਨੂੰ ਨਿੱਜੀ ਵਰਤੋਂ ਲਈ ਆਪਣੇ ਕੋਲ ਰੱਖ ਸਕਣਗੇ। ਵਿੱਤ ਮੰਤਰਾਲੇ ਦੇ ਖਰਚਾ ਵਿਭਾਗ ਨੇ ਦਫਤਰੀ ਮੈਮੋਰੰਡਮ ਰਾਹੀਂ ਇਸ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਸ ਅਨੁਸਾਰ, ਯੋਗ ਅਧਿਕਾਰੀ ਅਧਿਕਾਰਤ ਕੰਮ-ਕਾਜ ਲਈ ਇੰਨੀ ਹੀ ਕੀਮਤ ਦਾ ਮੋਬਾਈਲ ਫੋਨ, ਲੈਪਟਾਪ, ਟੈਬਲੇਟ, ਫੈਬਲੇਟ, ਨੋਟਬੁੱਕ, ਨੋਟਪੈਡ, ਅਲਟਰਾ-ਬੁੱਕ, ਨੈੱਟ-ਬੁੱਕ ਜਾਂ ਹੋਰ ਉਪਕਰਨ ਲੈ ਸਕਦੇ ਹਨ। ਦਿਸ਼ਾ-ਨਿਰਦੇਸ਼ਾਂ ਅਨੁਸਾਰ, ਕੇਂਦਰ ਸਰਕਾਰ ਦੇ ਡਿਪਟੀ ਸਕੱਤਰ ਅਤੇ ਇਸ ਤੋਂ ਉਪਰਲੇ ਪੱਧਰ ਦੇ ਸਾਰੇ ਅਧਿਕਾਰੀ ਅਜਿਹੇ ਇਲੈਕਟ੍ਰਾਨਿਕ ਉਪਕਰਨਾਂ ਲਈ ਯੋਗ ਹੋਣਗੇ। ਸੈਕਸ਼ਨ ਅਫਸਰਾਂ ਅਤੇ ਅੰਡਰ ਸੈਕਟਰੀਆਂ ਦੇ ਮਾਮਲੇ ਵਿਚ ਪ੍ਰਵਾਨਿਤ ਗਿਣਤੀ ਦੇ 50 ਫੀਸਦੀ ਅਧਿਕਾਰੀਆਂ ਨੂੰ ਹੀ ਅਜਿਹੇ ਉਪਕਰਨ ਜਾਰੀ ਕੀਤੇ ਜਾ ਸਕਦੇ ਹਨ।

# ਮੁੱਖ ਮੰਤਰੀ ਤੇ ਰਾਜਪਾਲ ਵਿਚਾਲੇ ਤਕਰਾਰ ਮੁੜ ਵਧੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵਿਚਾਲੇ ਤਕਰਾਰ ਵਧਦੀ ਜਾ ਰਹੀ ਹੈ। ਰਾਜਪਾਲ ਪੁਰੋਹਿਤ ਵੱਲੋਂ ਪਿਛਲੇ ਮਹੀਨੇ ਹੋਏ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਨੂੰ ਗੈਰ-ਸੰਵਿਧਾਨਕ ਦੱਸੇ ਜਾਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਨੂੰ ਮੋੜਵਾਂ ਜਵਾਬ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਪੰਜਾਬ ਦੇ ਰਾਜਪਾਲ ਨੂੰ ਇਸ ਗੱਲ ਬਾਰੇ ਨਹੀਂ ਪਤਾ ਕਿ ਜੂਨ 'ਚ ਬੁਲਾਇਆ ਗਿਆ ਵਿਧਾਨ ਸਭਾ ਦਾ ਦੋ ਰੋਜ਼ਾ ਵਿਸ਼ੇਸ਼ ਸੈਸ਼ਨ ਜਾਇਜ਼ ਸੀ ਜਾਂ ਨਹੀਂ। ਜ਼ਿਕਰਯੋਗ ਹੈ ਕਿ ਪੁਰੋਹਿਤ ਨੇ 17 ਜੁਲਾਈ ਨੂੰ ਮੁੱਖ ਮੰਤਰੀ ਨੂੰ ਪੱਤਰ ਭੇਜ ਕੇ ਕਿਹਾ ਸੀ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਵਿਸ਼ੇਸ਼ ਸੈਸ਼ਨ ਸੱਦਣਾ ਕਾਨੂੰਨ ਅਤੇ ਪ੍ਰਕਿਰਿਆ ਦੀ ਉਲੰਘਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀ ਅਮਰਿੰਦਰ ਸਿੰਘ ਸਰਕਾਰ ਦੇ ਕਾਰਜਕਾਲ ਦੌਰਾਨ ਵਿਧਾਨ ਸਭਾ ਸੈਸ਼ਨ ਦੋ ਵਾਰ ਰਾਜਪਾਲ ਦੀ ਇਜਾਜ਼ਤ ਤੋਂ ਬਿਨਾਂ ਬੁਲਾਇਆ ਗਿਆ ਸੀ। ਇਨ੍ਹਾਂ ਸੈਸ਼ਨਾਂ ਨੂੰ ਰਾਜਪਾਲ ਨੇ ਬਾਅਦ ਵਿਚ ਮਨਜ਼ੂਰੀ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਕਾਨੂੰਨੀ ਮਾਹਿਰਾਂ ਦੀ ਸਲਾਹ ਨਾਲ ਅਤੇ ਭਾਰਤੀ ਸੰਵਿਧਾਨ ਦੇ ਤਹਿਤ ਹੀ ਇਹ ਸੈਸ਼ਨ ਬੁਲਾਇਆ ਸੀ। ਪਿਛਲੇ ਦਿਨੀਂ ਭਗਵੰਤ ਮਾਨ ਨੇ ਰਾਜਪਾਲ ਨੂੰ ਪੱਤਰ ਲਿਖ ਕੇ ਗੁਰਦੁਆਰਾ ਐਕਟ 'ਚ ਸੋਧ ਨੂੰ ਪ੍ਰਵਾਨਗੀ ਦੇਣ ਦੀ ਮੰਗ ਕੀਤੀ ਸੀ। ਇਸ 'ਤੇ ਰਾਜਪਾਲ ਨੇ ਮੁੱਖ ਮੰਤਰੀ ਨੂੰ ਜਵਾਬ ਦਿੰਦਿਆਂ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਬਿੱਲ 'ਤੇ ਦੇਸ਼ ਦੇ ਅਟਾਰਨੀ ਜਨਰਲ ਤੋਂ ਕਾਨੂੰਨੀ ਸਲਾਹ ਲੈਣ ਲਈ ਦੀ ਗੱਲ ਆਖੀ ਸੀ।



ਪੰਜਾਬ ਟਾਈਮਜ਼

*ਸ਼ਨਿਚਰਵਾਰ, 29 ਜੁਲਾਈ, 2023*

# ਸਰਕਾਰਾਂ ਦੀ ਨਾਲਾਇਕੀ

ਭਾਰਤ ਅੱਜ ਕੱਲ੍ਹ ਮਨੀਪੁਰ ਵਿਚ ਲਗਾਤਾਰ ਹੋ ਰਹੀ ਹਿੰਸਾ ਅਤੇ ਮੁਲਕ ਦੇ ਉਤਰੀ ਹਿੱਸੇ ਵਿਚ ਆਏ ਹੜ੍ਹਾਂ ਨਾਲ ਜੂਝ ਰਿਹਾ ਹੈ। ਇਨ੍ਹਾਂ ਦੋਹਾਂ ਦਾ ਭਾਵੇਂ ਆਪਸ ਵਿਚ ਕੋਈ ਰਿਸ਼ਤਾ ਜਾਂ ਰਾਬਤਾ ਨਹੀਂ ਪਰ ਦੋਹੀਂ ਥਾਈਂ ਇਕ ਗੱਲ ਸਾਂਝੀ ਹੈ ਜੋ ਉਭਰ ਕੇ ਸਾਹਮਣੇ ਆਈ ਹੈ, ਉਹ ਇਹ ਕਿ ਸਰਕਾਰਾਂ ਦੀ ਨਾਲਾਇਕੀ ਨੇ ਹਾਲਾਤ ਬਦ ਤੋਂ ਬਦਤਰ ਬਣਾ ਦਿੱਤੇ ਹਨ। ਪਹਿਲਾਂ ਮਨੀਪੁਰ ਵਾਲਾ ਮਾਮਲਾ ਵਿਚਾਰਦੇ ਹਾਂ। ਮਨੀਪੁਰ ਦਾ ਮਸਲਾ ਕੋਈ ਖਾਸ ਨਹੀਂ ਸੀ। ਮੈਤੇਈ ਲੋਕ ਰਾਖਵਾਂਕਰਨ ਦੀ ਮੰਗ ਕਰ ਰਹੇ ਸਨ ਪਰ ਮੈਤੇਈ ਕਿਉਂਕਿ ਹਿੰਦੂ ਭਾਈਚਾਰੇ ਨਾਲ ਸਬੰਧ ਰੱਖਦੇ ਹਨ, ਇਸ ਲਈ ਉਥੇ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਨੇ ਇਸ ਮਸਲੇ ਨੂੰ ਫਿਰਕੂ ਰੰਗ ਚੜ੍ਹਾਉਣਾ ਆਰੰਭ ਕਰ ਦਿੱਤਾ। ਅੱਜ ਹਾਲ ਇਹ ਹੈ ਕਿ ਜਿਹੜੇ ਮਨੀਪੁਰੀਏ ਭਾਰਤੀ ਸਟੇਟ ਖਿਲਾਫ ਕਦੀ ਡਟ ਕੇ ਲੜੇ ਸਨ, ਉਹ ਹੁਣ ਆਪਸ ਵਿਚ ਹੀ ਲੜ ਰਹੇ ਹਨ; ਇਕ-ਦੂਜੇ ਦੇ ਖੂਨ ਦੇ ਪਿਆਸੇ ਹੋ ਗਏ ਹਨ ਅਤੇ ਇਕ-ਦੂਜੇ ਦੇ ਭਾਈਚਾਰੇ ਦੀਆਂ ਔਰਤਾਂ ਨਾਲ ਜਬਰ ਜਨਾਹ ਕਰ ਰਹੇ ਹਨ।

ਮਨੀਪੁਰ ਵਿਚ ਪਿਛਲੇ ਢਾਈ ਮਹੀਨਿਆਂ ਤੋਂ ਵੱਧ ਸਮੇਂ ਤੋਂ ਹੋ ਰਹੀ ਹਿੰਸਾ ਦੇ ਹੁਣ ਕਈ ਹੋਰ ਚਿੰਤਾਜਨਕ ਪੱਖ ਸਾਹਮਣੇ ਆ ਰਹੇ ਹਨ। ਹੁਣ ਮਿਜ਼ੋਰਮ ਤੋਂ ਮੈਤੇਈ ਲੋਕ ਆਪਣੇ ਘਰ ਛੱਡ ਕੇ ਅਸਾਮ ਅਤੇ ਮਨੀਪੁਰ ਜਾ ਰਹੇ ਹਨ। ਮਨੀਪੁਰ ਵਿਚ ਹੋਈ ਹਿੰਸਾ ਮੁੱਖ ਤੌਰ 'ਤੇ ਮੈਤੇਈ ਲੋਕਾਂ ਨੇ ਕੀਤੀ ਜੋ ਕੁਕੀ ਕਬੀਲੇ ਦੇ ਲੋਕਾਂ ਵਿਰੁੱਧ ਸੇਧਿਤ ਰਹੀ। ਮਿਜ਼ੋਰਮ ਉੱਤਰ-ਪੂਰਬੀ ਭਾਰਤ ਦੇ ਦੱਖਣ ਵਿਚ ਸਥਿਤ ਹੈ ਜਿਸ ਦੀਆਂ ਉੱਤਰੀ ਹੱਦਾਂ ਮਨੀਪੁਰ, ਅਸਾਮ ਤੇ ਤ੍ਰਿਪੁਰਾ ਨਾਲ ਲੱਗਦੀਆਂ ਹਨ ਜਦੋਂਕਿ ਦੱਖਣੀ ਹੱਦਾਂ ਪੂਰਬ ਵਿਚ ਮਿਆਂਮਾਰ ਅਤੇ ਪੱਛਮ ਵਿਚ ਬੰਗਲਾਦੇਸ਼ ਨਾਲ ਲੱਗਦੀਆਂ ਹਨ। ਮਿਜ਼ੋਰਮ ਵਿਚ ਮੁੱਖ ਤੌਰ 'ਤੇ ਮਿਜ਼ੋ ਜਾਂ ਜ਼ੋ ਕਬੀਲੇ ਦੇ ਲੋਕ ਵਸਦੇ ਹਨ। ਬੰਗਾਲੀ ਇਨ੍ਹਾਂ ਨੂੰ ਕੁਕੀ ਕਹਿੰਦੇ ਰਹੇ ਹਨ ਅਤੇ ਖਾਸ ਕਰ ਕੇ ਮਨੀਪੁਰ ਵਿਚ ਇਨ੍ਹਾਂ ਨੂੰ ਕੁਕੀ ਕਿਹਾ ਜਾਂਦਾ ਹੈ ਜਦੋਂਕਿ ਉੱਤਰ-ਪੂਰਬ ਵਿਚ ਹੋਰ ਰਾਜਾਂ ਵਿਚ ਵਸਦੇ ਮਿਜ਼ੋ ਕਬਾਇਲੀਆਂ ਨੂੰ ਮਿਜ਼ੋ, ਲੁਸ਼ਾਈ ਜਾਂ ਹਮਾਰ ਵੀ ਕਿਹਾ ਜਾਂਦਾ ਹੈ। ਮਨੀਪੁਰ ਵਿਚ ਹੋਈ ਹਿੰਸਾ ਦੀ ਪ੍ਰਤੀਕਿਰਿਆ ਵਜੋਂ ਮਿਜ਼ੋਰਮ ਦੇ ਲੋਕਾਂ ਵਿਚ ਮਨੀਪੁਰ 'ਚ ਵਸਦੇ ਕੁਕੀ ਲੋਕਾਂ ਜੋ ਮਿਜ਼ੋ ਕਬੀਲੇ ਦਾ ਹੀ ਹਿੱਸਾ ਹਨ, ਪ੍ਰਤੀ ਹਮਦਰਦੀ ਹੈ ਅਤੇ ਮਿਜ਼ੋਰਮ ਵਿਚ ਵਸਦੇ ਮੈਤੇਈ ਲੋਕਾਂ ਨੂੰ ਡਰ ਹੈ ਕਿ ਉਹ ਵੀ ਕਿਸੇ ਦਿਨ ਹਿੰਸਾ ਦਾ ਸ਼ਿਕਾਰ ਹੋ ਜਾਣਗੇ। ਹਾਲਾਤ ਵਿਗੜਨ ਦਾ ਇਕ ਹੋਰ ਕਾਰਨ ਸਾਬਕਾ ਅਤਿਵਾਦੀਆਂ ਦੀ ਜਥੇਬੰਦੀ 'ਪੀਸ ਅਕੌਰਡ ਐੱਮਐੱਨਐੱਫ ਰਿਟਰਨੀਜ਼ ਐਸੋਸੀਏਸ਼ਨ' (ਪਾਮਰਾ) ਦਾ ਮੈਤੇਈ ਲੋਕਾਂ ਨੂੰ ਧਮਕੀ ਦੇਣਾ ਹੈ।

ਦੂਜਾ ਮਸਲਾ ਹੜ੍ਹਾਂ ਨਾਲ ਸਬੰਧਿਤ ਹੈ। ਇਹ ਮਸਲਾ ਵੀ ਸਰਕਾਰਾਂ ਦੀ ਨਾਲਾਇਕੀ ਕਾਰਨ ਹੀ ਲੋਕਾਂ ਦੀ ਜਾਨ-ਮਾਲ ਦਾ ਖੌਅ ਬਣਿਆ ਹੈ। ਇਹ ਹੁਣ ਸਾਬਤ ਹੋ ਚੁੱਕਾ ਹੈ ਕਿ ਹੜ੍ਹ ਭਾਵੇਂ ਕੁਦਰਤੀ ਆਫਤਾਂ ਦੇ ਘੇਰੇ ਵਿਚ ਗਿਣੇ ਜਾਂਦੇ ਹਨ ਪਰ ਹੜ੍ਹ ਆਉਣ ਦਾ ਮੁੱਖ ਕਾਰਨ ਮਨੁੱਖ ਦੀ ਪੈਸਾ ਕਮਾਉਣ ਦੀ ਹਵਸ ਹੈ। ਦਰਿਆਵਾਂ, ਨਦੀਆਂ ਦੇ ਕੰਢਿਆ ਜਾਂ ਇਥੋਂ ਤੱਕ ਕਿ ਨਦੀਆਂ ਦੇ ਲਾਂਘਿਆਂ ਉਤੇ ਕਬਜ਼ੇ ਕਰ ਕੇ ਬਿਲਡਰਾਂ ਨੇ ਕਰੋੜਾਂ ਰੁਪਏ ਕਮਾ ਲਏ ਪਰ ਹੁਣ ਇਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਪੰਜਾਬ ਦੀ ਹਾਲਤ ਵੀ ਹੋਰ ਇਲਾਕਿਆਂ ਤੋਂ ਵੱਖਰੀ ਨਹੀਂ। ਪੰਜਾਬ ਵਿਚ ਹਰ ਸਾਲ, ਖਾਸ ਕਰ ਕੇ ਘੱਗਰ ਦਰਿਆ ਚੜ੍ਹਨ ਕਾਰਨ ਹੜ੍ਹ ਆਉਂਦੇ ਹਨ ਪਰ ਹੁਣ ਤੱਕ ਕਿਸੇ ਵੀ ਸਰਕਾਰ ਨੇ ਹੜ੍ਹਾਂ ਤੋਂ ਪਹਿਲਾਂ ਪੂਰੇ ਇੰਤਜ਼ਾਮ ਨਹੀਂ ਕੀਤੇ ਤਾਂ ਕਿ ਆਮ ਲੋਕਾਂ ਦਾ ਬਹੁਤਾ ਨੁਕਸਾਨ ਨਾ ਹੋਵੇ। ਆਮ ਆਦਮੀ ਪਾਰਟੀ ਦੀ ਸਰਕਾਰ ਹੁਣਦਾਅਵੇ ਕਰ ਰਹੀ ਹੈ ਕਿ ਇਹ ਸੂਬੇ ਦੀਆਂ ਨਦੀਆਂ, ਦਰਿਆਵਾਂ ਤੇ ਨਾਲਿਆਂ ਦੀ ਸਫਾਈ ਨਿੱਜੀ ਠੇਕੇਦਾਰਾਂ ਤੋਂ ਕਰਵਾਉਣ ਦੀ ਥਾਂ ਖੁਦ ਕਰਵਾਏਗੀ। ਦਾਅਵਾ ਕੀਤਾ ਗਿਆ ਹੈ ਕਿ ਸੂਬੇ ਦੀਆਂ ਨਦੀਆਂ ਅਤੇ ਦਰਿਆਵਾਂ ਦੀ ਸਫਾਈ ਲਈ ਪੰਜਾਬ ਸਰਕਾਰ ਨੇ 3.15 ਕਰੋੜ ਰੁਪਏ ਦੀਆਂ ਚਾਰ ਨਵੀਆਂ ਮਸ਼ੀਨਾਂ ਖਰੀਦੀਆਂ ਹਨ ਪਰ ਸਵਾਲਾਂ ਦਾ ਸਵਾਲ ਇਹ ਹੈ ਕਿ ਹੜ੍ਹ ਤਾਂ ਆਏ ਹੋਏ ਹਨ; ਬਹੁਤ ਸਾਰੇ ਪਿੰਡਾਂ ਵਿਚ ਪਾਣੀ ਭਰਿਆ ਹੋਇਆ ਹੈ; ਲੱਖਾਂ ਏਕੜ ਫਸਲ ਬਰਬਾਦ ਹੋ ਗਈ ਹੈ ਤੇ ਹੁਣ ਸਰਕਾਰ ਦੀ ਇਸ ਕਾਰਵਾਈ ਦਾ ਕੀ ਫਾਇਦਾ ਹੋਵੇਗਾ?

ਕੇਂਦਰ ਅਤੇ ਸੂਬਾ ਸਰਕਾਰਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ;ਜੇ ਕਿਤੇ ਕੋਈ ਸੰਕਟ ਆਉਂਦਾ ਹੈ ਤਾਂ ਪਹਿਲ ਦੇ ਆਧਾਰ 'ਤੇ ਤੁਰੰਤ ਕਾਰਵਾਈ ਕੀਤੀ ਜਾਵੇ ਪਰਮਨੀਪੁਰ ਹਿੰਸਾ ਅਤੇ ਹੜ੍ਹਾਂ ਦੇ ਮਾਮਲਿਆਂ ਵਿਚ ਨਾ ਕੇਂਦਰ ਸਰਕਾਰ ਅਤੇ ਨਾ ਹੀ ਸੂਬਾ ਸਰਕਾਰਾਂ ਨੇ ਕੁਝ ਕੀਤਾ। ਮਨੀਪੁਰ ਦੇ ਮਾਮਲੇ 'ਤੇ ਤਾਂ ਪ੍ਰਧਾਨ ਮੰਤਰੀ ਨੇ ਪੂਰੇ ਢਾਈ ਮਹੀਨੇ ਇਕ ਵੀ ਸ਼ਬਦ ਨਹੀਂ ਬੋਲਿਆ। ਫਿਰ ਜਦੋਂ ਔਰਤਾਂ ਨੂੰ ਨਿਰਵਸਤਰ ਕਰ ਕੇ ਘੁਮਾਉਣ ਅਤੇ ਜਬਰ ਜਨਾਹ ਦੀ ਵੀਡੀਓ ਵਾਇਰਲ ਹੋਈ ਤਾਂ ਪ੍ਰਧਾਨ ਮੰਤਰੀ ਨੇ ਇਸ 'ਤੇ ਦੁੱਖ ਜ਼ਾਹਿਰ ਕੀਤਾ; ਉਹ ਵੀ ਉਦੋਂ ਜਦੋਂ ਮੁਲਕ ਦੀ ਸੁਪਰੀਮ ਕੋਰਟ ਨੇ ਬਾਕਾਇਦਾ ਕਿਹਾ ਕਿ ਜੇ ਸਰਕਾਰ ਨੇ ਕੁਝ ਨਾ ਕੀਤਾ ਤਾਂ ਅਦਾਲਤ ਖੁਦ ਕੋਈ ਕਾਰਵਾਈ ਕਰੇਗੀ। ਮੁਲਕ ਦੇ ਗ੍ਰਹਿ ਮੰਤਰੀ ਮਨੀਪੁਰ ਗਏ ਪਰ ਅਜੇ ਤੱਕ ਸੂਬੇ ਵਿਚ ਹਿੰਸਾ ਨਹੀਂ ਰੁਕ ਸਕੀ ਹੈ। ਕੀ ਇਹ ਸੰਭਵ ਹੈ ਕਿ ਸਰਕਾਰ ਦੇ ਚਾਹੁਣ ਦੇ ਬਾਵਜੂਦ ਹਿੰਸਾ ਰੁਕ ਨਹੀਂ ਰਹੀ? ਅਸਲ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਮਨੀਪੁਰ ਵਿਚ ਹੀ ਨਹੀਂ ਬਲਕਿ ਸਾਰੇ ਮੁਲਕ ਵਿਚ ਧਰਮ ਦੇ ਆਧਾਰ 'ਤੇ ਪਾਲਾਬੰਦੀ ਹੁੰਦੀ ਰਹੇ। ਇਹ ਤੱਥ ਹੁਣ ਜੱਗ ਜ਼ਾਹਿਰ ਹੈ ਕਿ ਜਿਥੇ ਕਿਤੇ ਵੀ ਫਿਰਕੂ ਆਧਾਰ 'ਤੇ ਪਾਲਾਬੰਦੀ ਹੁੰਦੀ ਹੈ, ਉਥੇ ਭਾਰਤੀ ਜਨਤਾ ਪਾਰਟੀ ਦੀ ਚੁਣਾਵੀ ਜਿੱਤ ਯਕੀਨੀ ਹੋ ਜਾਂਦੀ ਹੈ। ਇਸ ਲਈ ਹੁਣ ਲੋਕਾਂ ਨੂੰ ਇਨ੍ਹਾਂ ਮਸਲਿਆਂ ਬਾਰੇ ਸੁਚੇਤ ਹੋ ਕੇ ਸਰਕਾਰਾਂ ਨੂੰ ਹਰ ਮੋੜ 'ਤੇ ਘੇਰਨ ਦਾ ਕਾਰਜ ਵਿੱਢਣਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਾਹਰੇ ਹੋਰ ਤੇ ਕਾਰੇ ਹੋਰ!*

ਚੁਣੀ ਹੋਈ ਸਰਕਾਰ ਬੇਵੱਸ ਕਰ'ਤੀ ਰਾਜਪਾਲ ਨੂੰ ਸਿਰ ਬਹਾਉਂਦਿਆਂ ਨੇ।
ਪਾਈਆਂ ਵੰਡੀਆਂ ਧਰਮੀਆਂ ਵਿਚ ਦੇਖੋ ਇੱਕ ਧਰਮ ਦੇ 'ਖਾਸ' ਸਦਾਉਂਦਿਆਂ ਨੇ।
ਉਮਰ ਕੈਦੀ ਨੂੰ ਬਖਸ਼ 'ਪੈਰੋਲ ਗੱਫੇ' ਬਲਾਤਕਾਰੀ ਨਾਲ ਹੇਜ ਜਤਾਉਂਦਿਆਂ ਨੇ।
ਸੁਣੀ ਇੱਕ ਨਹੀਂ ਕੁੜੀਆਂ ਭਲਵਾਣਾਂ ਦੀ ਗੁੰਡੇ ਲੀਡਰਾਂ ਤਾਈਂ ਬਚਾਉਂਦਿਆਂ ਨੇ।
ਕੰਡੇ ਬੀਜਣੇ ਪਤਾ ਨਹੀਂ ਹੋਰ ਕੀ ਕੀ 'ਚੌਂਵੀ' ਲਈ ਮਾਹੌਲ ਬਣਾਉਂਦਿਆਂ ਨੇ।
ਇੱਜ਼ਤ ਰੋਲ'ਤੀ ਧੀਆਂ ਧਿਆਣੀਆਂ ਦੀ ਨਾਹਰੇ 'ਬੇਟੀ ਬਚਾਓ' ਦੇ ਲਾਉਂਦਿਆਂ ਨੇ!

# 'ਇੰਡੀਆ' ਬਨਾਮ ਐੱਨ.ਡੀ.ਏ. ਪਰ ਲੋਕਾਂ ਦੇ ਮੁੱਦੇ ਕਿੱਥੇ?

2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤ ਵਿਚ ਸਿਆਸੀ ਮਾਹੌਲ ਭਖ ਚੁੱਕਾ ਹੈ। ਦੇਸ਼ ਦੇ ਮੀਡੀਆ ਵਿਚ ਬਾਕੀ ਸਾਰੇ ਮੁੱਦਿਆਂ ਤੋਂ ਹਟ ਕੇ ਹੁਣੇ ਤੋਂ ਚੋਣਾਂ ਸਬੰਧੀ ਪੈਨਲ ਚਰਚਾਵਾਂ ਸ਼ੁਰੂ ਹੋ ਚੁੱਕੀਆਂ ਹਨ। ਭਾਜਪਾ ਨੂੰ ਟੱਕਰ ਦੇਣ ਲਈ ਦੇਸ਼ ਦੀਆਂ 26 ਵਿਰੋਧੀ ਪਾਰਟੀਆਂ ਨੇ ਗੱਠਜੋੜ ਕਰ ਕੇ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (INDIA) ਨਾਂ ਦਾ ਸਾਂਝਾ ਮੰਚ ਤਿਆਰ ਕਰ ਲਿਆ ਹੈ। ਵਿਰੋਧੀ ਪਾਰਟੀਆਂ ਦੇ ਮੰਚ ਬਰਾਬਰ ਭਾਜਪਾ ਨੇ ਕੁਝ ਸਾਲ ਪਹਿਲਾਂ ਖੁਦ ਦੇ ਖਿੰਡਾਏ ਐੱਨ.ਡੀ.ਏ. ਨੂੰ ਮੁੜ ਸੁਰਜੀਤ ਕਰ ਲਿਆ ਹੈ। ਜਿੱਥੇ ਭਾਜਪਾ ਆਪਣੇ ਫਿਰਕੂ ਏਜੰਡੇ ਤਹਿਤ ਦੇਸ਼ ਦੀ ਬਹੁ-ਗਿਣਤੀ ਤੋਂ ਵੋਟਾਂ ਮੰਗ ਰਹੀ ਹੈ, ਉੱਥੇ 26 ਪਾਰਟੀਆਂ ਦਾ ਗੱਠਜੋੜ ਸੰਵਿਧਾਨ, ਲੋਕਤੰਤਰ ਬਚਾਉਣ ਜਿਹੀਆਂ ਦਲੀਲਾਂ ਤਹਿਤ ਵੋਟਾਂ ਮੰਗ ਰਿਹਾ ਹੈ ਪਰ ਇਸ ਸਾਰੇ ਸਿਆਸੀ ਦ੍ਰਿਸ਼ ਵਿਚ ਆਮ ਆਦਮੀ ਅਤੇ ਉਸ ਦੇ ਬੁਨਿਆਦੀ ਮੁੱਦੇ ਚਰਚਾ ਤੋਂ ਸੱਖਣੇ ਹਨ।



**ਨਵਕਿਰਨ ਸਿੰਘ ਪੱਤੀ**
ਈਮੇਲ: n4navkiran@gmail.com

ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ 26 ਸਿਆਸੀ ਪਾਰਟੀਆਂ ਦਾ ਮੰਚ ਕਿਸੇ ਠੋਸ ਸਿਆਸੀ ਬਦਲ ਵਿਚੋਂ ਨਹੀਂ ਬਲਕਿ ਸੱਤਾ ਹਾਸਲ ਕਰਨ ਦੀ ਹੋੜ ਵਿਚੋਂ ਨਿੱਕਲਿਆ ਹੈ ਕਿਉਂਕਿ ਕਾਂਗਰਸ ਸਮੇਤ ਕੋਈ ਵੀ ਸਿਆਸੀ ਪਾਰਟੀ ਭਾਜਪਾ ਨੂੰ ਟੱਕਰ ਦੇਣ ਦੀ ਹਾਲਤ ਵਿਚ ਨਹੀਂ। ਕਾਂਗਰਸ ਨੂੰ ਪਤਾ ਹੈ ਕਿ ਉਸ ਦੇ ਮੁੜ ਸੱਤਾ ਵਿਚ ਆਉਣ ਦਾ ਰਾਹ ਖੇਤਰੀ ਪਾਰਟੀਆਂ ਦੇ ਮੋਢਿਆਂ 'ਤੇ ਚੜ੍ਹ ਕੇ ਹੀ ਮਿਲ ਸਕਦਾ ਹੈ, ਇਸ ਲਈ ਗੱਠਜੋੜ ਖਾਤਰ ਕਨਵੀਨਰ ਦਾ ਅਹੁਦਾ ਵੀ ਛੱਡ ਰਹੀ ਹੈ; ਦੂਜੇ ਪਾਸੇ, ਖੇਤਰੀ ਪਾਰਟੀਆਂ ਲਈ ਗੱਠਜੋੜ ਕਰਨਾ ਆਪਣੀ ਹੋਂਦ ਬਣਾਈ ਰੱਖਣ ਲਈ ਜ਼ਰੂਰੀ ਹੈ। ਜੇ ਇਹ ਪਾਰਟੀਆਂ ਭਾਜਪਾ ਦੀਆਂ ਨੀਤੀਆਂ ਖਿਲਾਫ ਸੱਚਮੁੱਚ ਸੁਹਿਰਦ ਹੁੰਦੀਆਂ ਤਾਂ ਇਹਨਾਂ ਨੂੰ ਕਈ ਸਾਲ ਪਹਿਲਾਂ ਹੀ ਫਾਸ਼ੀਵਾਦ ਖਿਲਾਫ ਜਾਂ ਭਾਜਪਾ ਦੀਆਂ ਵਧੀਕੀਆਂ ਖਿਲਾਫ ਮੋਰਚਾ ਉਸਾਰ ਲੈਣਾ ਚਾਹੀਦਾ ਸੀ।

ਭਾਜਪਾ ਨੇ ਸੱਤਾ ਦੌਰਾਨ ਸੂਬਿਆਂ ਦੇ ਅਧਿਕਾਰਾਂ, ਸੰਘੀ ਢਾਂਚੇ, ਸੰਵਿਧਾਨ, ਜਮਹੂਰੀ ਕਦਰਾਂ-ਕੀਮਤਾਂ, ਬੋਲਣ ਦੀ ਆਜ਼ਾਦੀ, ਧਾਰਮਿਕ ਘੱਟ ਗਿਣਤੀਆਂ ਦੇ ਖਿਲਾਫ ਕੰਮ ਕੀਤਾ ਹੈ ਪਰ ਮੁੱਖ ਧਾਰਾ ਦੀਆਂ ਜ਼ਿਆਦਾਤਰ ਸਿਆਸੀ ਪਾਰਟੀਆਂ ਨੇ ਭਾਜਪਾ ਖਿਲਾਫ ਸਟੈਂਡ ਲੈਣ ਤੋਂ ਗੁਰੇਜ਼ ਕੀਤਾ ਹੈ। ਇਸੇ ਲਈ ਹੁਣ ਚੋਣਾਂ ਤੋਂ ਪਹਿਲਾਂ ਵਿੱਢੀ ਸਰਗਰਮੀ ਸ਼ੱਕੀ ਜਾਪਦੀ ਹੈ।

ਵੈਸੇ ਆਮ ਆਦਮੀ ਪਾਰਟੀ ਜਿਸ ਤਰ੍ਹਾਂ ਆਪਣੀਆਂ ਸ਼ਰਤਾਂ ਮਨਵਾ ਕੇ ਇਸ ਗੱਠਜੋੜ ਵਿਚ ਸ਼ਾਮਲ ਹੋਈ ਹੈ, ਉਸ ਤੋਂ ਇਸ ਪਾਰਟੀ ਦੀ ਗੱਠਜੋੜ ਪ੍ਰਤੀ ਭਾਵਨਾ ਤੇ ਸਮਝ ਕਾਫੀ ਕੁਝ ਬਿਆਨ ਕਰ ਰਹੀ ਹੈ। 'ਆਪ' ਦੇ ਦਬਾਅ ਹੇਠ ਬੰਗਲੂਰੂ ਮੀਟਿੰਗ ਤੋਂ ਐਨ ਪਹਿਲਾਂ ਕਾਂਗਰਸ ਵੱਲੋਂ ਆਰਡੀਨੈਂਸ ਦਾ ਵਿਰੋਧ ਕਰਨ ਦਾ ਐਲਾਨ ਕਰਨਾ ਸਾਬਤ ਕਰਦਾ ਹੈ ਕਿ ਕਾਂਗਰਸ ਪਾਰਟੀ ਨੇ ਸੰਘੀ ਢਾਂਚੇ 'ਤੇ ਹਮਲੇ ਅਤੇ ਸੂਬਿਆਂ ਦੇ ਅਧਿਕਾਰ ਸੀਮਤ ਕਰਨ ਦੇ ਮਾਮਲੇ ਵਿਚ ਸਿਧਾਂਤਕ ਸਟੈਂਡ ਲੈਣ ਦੀ ਬਜਾਇ ਹੁਣ ਬੱਸ ਮਜਬੂਰੀ ਵਿਚ ਸਟੈਂਡ ਲਿਆ ਹੈ।

ਭਾਜਪਾ ਵੱਲੋਂ ਕਾਹਲੀ-ਕਾਹਲੀ ਐੱਨ.ਡੀ.ਏ. ਦੀ ਮੀਟਿੰਗ ਬੁਲਾਉਣਾ ਅਤੇ ਪ੍ਰਧਾਨ ਮੰਤਰੀ ਦਾ ਹਰ ਥਾਂ ਇਸ ਗੱਠਜੋੜ 'ਤੇ ਨਿਸ਼ਾਨਾਂ ਸੇਧਣਾ ਦਰਸਾਉਂਦਾ ਹੈ ਕਿ ਭਾਜਪਾ ਇਸ ਗੱਠਜੋੜ ਤੋਂ ਡਰੀ ਹੋਈ ਹੈ। ਭਾਜਪਾ ਨੇ ਕਈ ਵਰ੍ਹੇ ਪਹਿਲਾਂ ਸੱਤਾ ਹਾਸਲ ਕਰਨ ਲਈ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਬਣਾਇਆ ਸੀ ਤੇ ਬਾਅਦ ਵਿਚ ਖੁਦ ਵੱਡੀ ਪਾਰਟੀ ਬਣਨ ਲਈ ਐੱਨ.ਡੀ.ਏ. ਦਾ ਹਿੱਸਾ ਪਾਰਟੀਆਂ ਨੂੰ ਖਤਮ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਐੱਨ.ਡੀ.ਏ. ਦਾ ਹਿੱਸਾ ਰਹੀਆਂ ਸ਼ਿਵ ਸੈਨਾ, ਲੋਕ ਦਲ (ਚੌਟਾਲੇ), ਸ਼੍ਰੋਮਣੀ ਅਕਾਲੀ ਦਲ (ਬਾਦਲ) ਵਰਗੀਆਂ ਕਿੰਨੀਆਂ ਪਾਰਟੀਆਂ ਨੂੰ ਖੂੰਜੇ ਲਾਉਣ ਵਿਚ ਭਾਜਪਾ ਦਾ ਹੱਥ ਹੈ। ਐੱਨ.ਡੀ.ਏ. ਨੂੰ ਮੁੜ ਸੁਰਜੀਤ ਕਰਨ ਲਈ ਦਿੱਲੀ ਵਿਚ ਸੱਦੀ ਗਈ 38 ਪਾਰਟੀਆਂ ਦੀ ਮੀਟਿੰਗ ਵਿਚ ਜ਼ਿਆਦਾਤਰ ਪਾਰਟੀਆਂ ਦਾ ਕੋਈ ਸਿਆਸੀ ਵਜੂਦ ਨਹੀਂ ਹੈ। ਇਹਨਾਂ 38 ਪਾਰਟੀਆਂ ਵਿਚੋਂ ਪੰਜਾਬ ਨਾਲ ਸਬੰਧਿਤ, ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਹੈ ਤੇ ਇਹ ਜੱਗ ਜ਼ਾਹਿਰ ਹੈ ਕਿ ਇਹ ਪਾਰਟੀ ਇਸ ਸਮੇਂ ਪੰਚਾਇਤੀ ਚੋਣਾਂ ਜਿੱਤਣ ਦੀ ਹੈਸੀਅਤ ਵੀ ਨਹੀਂ ਰੱਖਦੀ।

ਭਾਜਪਾ ਨੇ ਭਾਰਤ ਵਿਚ ਧਰਮ, ਜਾਤ ਦੇ ਆਧਾਰ 'ਤੇ ਫਿਰਕੂ ਵੰਡੀਆਂ ਪਾ ਕੇ ਸੱਤਾ ਹਾਸਲ




ਕਰਨ ਦਾ ਰਾਹ ਚੁਣਿਆ ਹੋਇਆ ਹੈ ਪਰ ਇਸ ਸਭ ਕੁਝ ਦੇ ਬਾਵਜੂਦ ਹਕੀਕਤ ਇਹ ਹੈ ਕਿ ਇਸ ਸਮੇਂ ਭਾਰਤ ਦੇ ਵੱਡੇ ਹਿੱਸੇ ਵਿਚ ਭਾਜਪਾ ਦੇ ਪੱਖ ਵਿਚ ਕੋਈ ਲਹਿਰ ਨਜ਼ਰ ਨਹੀਂ ਆ ਰਹੀ। ਇਸੇ ਕਰ ਕੇ ਭਾਜਪਾ ਵੋਟਾਂ ਰਾਹੀਂ ਸਰਕਾਰਾਂ ਬਣਾਉਣ ਦੀ ਥਾਂ ਮਹਾਰਾਸ਼ਟਰ ਵਾਂਗ ਵਿਰੋਧੀ ਧਿਰਾਂ ਵਿਚ ਭੰਨ-ਤੋੜ ਕਰ ਕੇ ਸਰਕਾਰਾਂ ਬਣਾ ਰਹੀ ਹੈ। ਕਰਨਾਟਕ, ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਦੀ ਹਾਰ ਇਹ ਦੱਸ ਰਹੀ ਹੈ ਕਿ ਫਿਰਕੂ ਪੱਤਾ ਵਾਰ-ਵਾਰ ਕਾਮਯਾਬ ਨਹੀਂ ਹੋਵੇਗਾ। ਭਾਰਤ ਵੱਖ-ਵੱਖ ਕੌਮੀਅਤਾਂ, ਧਰਮਾਂ, ਜਾਤਾਂ ਦਾ ਸਮੂਹ ਹੈ ਇਸ ਲਈ ਇੱਥੋਂ ਦੇ ਹਰ ਖੇਤਰ ਵਿਚ ਭਾਜਪਾ ਦਾ ਪੱਤਾ ਨਹੀਂ ਚੱਲ ਸਕਦਾ ਹੈ।

ਉਂਝ ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਵਿਚ ਸ਼ਾਮਲ 26 ਪਾਰਟੀਆਂ ਸੱਤਾ ਪੱਖੋਂ ਖਾਸੀ ਅਹਿਮੀਅਤ ਰੱਖਦੀਆਂ ਹਨ ਕਿਉਂਕਿ ਇਹਨਾਂ ਪਾਰਟੀਆਂ ਦੇ ਸੰਸਦ ਵਿਚ 142 ਮੈਂਬਰ ਮੌਜੂਦ ਹਨ। ਬੰਗਲੂਰੂ ਮੀਟਿੰਗ ਵਿਚ 7 ਸੂਬਿਆਂ ਦੇ ਮੁੱਖ ਮੰਤਰੀ ਸ਼ਾਮਲ ਸਨ ਜਿਨ੍ਹਾਂ ਵਿਚ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ, ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ, ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਹਾਜ਼ਰ ਸਨ। ਇਹਨਾਂ ਸਾਰੇ ਮੁੱਖ ਮੰਤਰੀਆਂ ਨੇ ਆਪਣੇ ਸੂਬਿਆਂ ਵਿਚ ਇੱਕ ਵੀ ਲੋਕ ਪੱਖੀ ਨੀਤੀ ਲਾਗੂ ਨਹੀਂ ਕੀਤੀ ਹੈ ਬਲਕਿ ਭਾਜਪਾ ਦੀਆਂ ਨੀਤੀਆਂ ਨੂੰ ਹੀ ਘੱਟ ਜਾਂ ਵੱਧ ਰੂਪ ਵਿਚ ਲਾਗੂ ਕਰ ਰਹੇ ਹਨ।

ਇਸ ਗੱਠਜੋੜ ਦੀ ਅਗਵਾਈ ਵਿਚ ਸ਼ਰਦ ਪਵਾਰ, ਲਾਲੂ ਪ੍ਰਸਾਦ ਯਾਦਵ, ਊਧਵ ਠਾਕਰੇ, ਮਹਿਬੂਬਾ ਮੁਫਤੀ, ਉਮਰ ਅਬਦੁੱਲਾ, ਅਖਿਲੇਸ਼ ਯਾਦਵ ਵਰਗੇ ਜਿੰਨੇ ਵੀ ਸਾਬਕਾ ਮੁੱਖ ਮੰਤਰੀ ਸ਼ਾਮਲ ਹਨ, ਉਹ ਸਾਰੇ ਆਪਣੇ ਕਾਰਜਕਾਲ ਦੌਰਾਨ ਸਿਰੇ ਦੇ ਭ੍ਰਿਸ਼ਟ ਮੁੱਖ ਮੰਤਰੀ ਸਿੱਧ ਹੋਏ ਹਨ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਇਸ ਗੱਠਜੋੜ ਵਿਚ ਸੀ.ਪੀ.ਆਈ.(ਐੱਮ.ਐੱਲ.)-ਲਿਬਰੇਸ਼ਨ) ਵਰਗੀ ਇੱਕਾ-ਦੁੱਕਾ ਪਾਰਟੀ ਤੋਂ ਸਿਵਾਇ ਸਾਰੀਆਂ ਪਾਰਟੀਆਂ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਖੁੱਭੀਆਂ ਹੋਈਆਂ ਹਨ।

ਭਾਜਪਾ ਚਾਹੁੰਦੀ ਹੈ ਕਿ ਉਸ ਖਿਲਾਫ ਖੇਤਰੀ ਪਾਰਟੀਆਂ ਇੱਕਜੁਟ ਨਾ ਹੋਣ। ਪਿਛਲੀਆਂ ਲੋਕ ਸਭਾ ਚੋਣਾਂ ਅਤੇ ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਮੁਕਾਬਲਾ ਦੋ ਤੋਂ ਵੱਧ ਧਿਰਾਂ ਵਿਚ ਹੋਣ ਦਾ ਭਾਜਪਾ ਫਾਇਦਾ ਲੈ ਚੁੱਕੀ ਹੈ। ਇਹ ਨਹੀਂ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਦੋ ਧਿਰਾਂ ਵਿਚ ਵੰਡੀਆਂ ਗਈਆਂ ਹਨ, ਅਜੇ ਵੀ ਭਾਰਤ ਦੀਆਂ 12 ਖੇਤਰੀ ਪਾਰਟੀਆਂ ਨਾਲ ਸਬੰਧਿਤ 91 ਸੰਸਦ ਮੈਂਬਰ ਉਹ ਹਨ ਜਿਹੜੇ ਦੋਵਾਂ ਧਿਰਾਂ ਵਿਚੋਂ ਕਿਸੇ ਨਾਲ ਵੀ ਨਹੀਂ ਗਏ। ਸੋ, ਕਿਹਾ ਜਾ ਸਕਦਾ ਹੈ ਕਿ ਬਹੁਜਨ ਸਮਾਜ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਬਾਦਲ), ਜਨਤਾ ਦਲ (ਸੈਕੂਲਰ), ਬੀਜੂ ਜਨਤਾ ਦਲ, ਵਾਈ.ਆਰ.ਐੱਸ. ਕਾਂਗਰਸ ਵਰਗੀਆਂ ਪਾਰਟੀਆਂ ਦਾ ਅਲੱਗ ਖੜ੍ਹਨਾ ਭਾਜਪਾ ਦੇ ਪੱਖ ਵਿਚ ਭੁਗਤਦਾ ਹੈ। ਵੋਟ ਸਿਆਸਤ ਦਾ ਤਕਾਜ਼ਾ ਹੈ ਕਿ ਕਈ ਵਾਰ ਕੱਟੜ ਵਿਰੋਧੀ ਦਿਸਣ ਵਾਲੇ ਵੀ ਸੱਤਾ ਦੇ ਪੱਖ ਵਿਚ ਭੁਗਤ ਰਹੇ ਹੁੰਦੇ ਹਨ; ਭਾਵ ਦੋ-ਤਿੰਨ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਅਸਦੁਦੀਨ ਓਵੈਸੀ ਦਾ ਭਾਜਪਾ ਨੂੰ ਫਾਇਦਾ ਹੀ ਹੋਇਆ ਹੈ।

ਵਿਰੋਧੀ ਪਾਰਟੀਆਂ ਦਾ ਗੱਠਜੋੜ ਕਿਸੇ ਸਿਧਾਂਤਕ ਸੇਧ ਦੀ ਬਜਾਇ ਸਿਰੇ ਦੀ ਮੌਕਾਪ੍ਰਸਤੀ ਤਹਿਤ ਬਣਾਇਆ ਗਿਆ ਹੈ। ਪਟਨਾ ਮੀਟਿੰਗ ਦੀਆਂ ਖਬਰਾਂ ਦੀ ਤਾਂ ਅਜੇ ਸਿਆਹੀ ਵੀ ਨਹੀਂ ਸੁੱਕੀ ਸੀ ਕਿ ਗੱਠਜੋੜ ਵਿਚ ਸ਼ਾਮਲ ਮੁੱਖ ਧਿਰਾਂ ਕਾਂਗਰਸ, ਤ੍ਰਿਣਮੂਲ ਕਾਂਗਰਸ ਤੇ ਖੱਬੇ ਪੱਖੀ ਪੱਛਮੀ ਬੰਗਾਲ ਦੀਆਂ ਪੰਚਾਇਤੀ ਚੋਣਾਂ ਵਿਚ ਭਾਜਪਾ ਖਿਲਾਫ ਇੱਕਜੁਟਤਾ ਨਾਲ ਲੜਨ ਦੀ ਬਜਾਇ ਆਪਸ ਵਿਚ ਲੜ ਰਹੇ ਸਨ। ਹੁਣ ਇਹਨਾਂ ਪਾਰਟੀਆਂ ਸਾਹਮਣੇ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਅਤੇ ਤਿਲੰਗਾਨਾ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਮੁੱਖ ਚੁਣੌਤੀ ਹਨ। ਇਸ ਗੱਠਜੋੜ ਦੀ ਅਗਲੀ ਮੀਟਿੰਗ ਮੁੰਬਈ ਵਿਚ ਹੋਵੇਗੀ ਜਿਸ ਵਿਚ ਕਨਵੀਨਰ ਦਾ ਨਾਂ ਤੈਅ ਕੀਤਾ ਜਾਵੇਗਾ। ਇਹ ਵੀ ਸੱਚ ਹੈ ਕਿ ਇਸ ਗੱਠਜੋੜ ਦਾ ਕਨਵੀਨਰ ਬਣਨ ਲਈ ਵੀ ਅੰਦਰੂਨੀ ਰੂਪ ਵਿਚ ਖਾਸੀ ਕਸ਼ਮਕਸ਼ ਦੇਖਣ ਨੂੰ ਮਿਲ ਰਹੀ ਹੈ। ਇਸ ਤੋਂ ਇਲਾਵਾ 11 ਮੈਂਬਰੀ ਤਾਲਮੇਲ ਕਮੇਟੀ ਬਣਾਉਣ ਦੀ ਕਵਾਇਦ ਚੱਲ ਰਹੀ ਹੈ ਤੇ ਹਰ ਕੋਈ ਉਸ ਵਿਚ ਸ਼ਾਮਲ ਹੋਣ ਲਈ ਤਤਪਰ ਹੈ।

ਸਥਿਤੀ ਸਾਫ ਹੈ ਕਿ ਭਾਜਪਾ/ਐੱਨ.ਡੀ.ਏ. ਸਿਰੇ ਦੀ ਲੋਕ ਵਿਰੋਧੀ ਧਿਰ ਹੈ ਜੋ ਫਾਸ਼ੀਵੀਦੀ ਨੀਤੀਆਂ ਤਹਿਤ ਸਮਾਜ ਨੂੰ ਪਿਛਾਂਹ ਧੱਕ ਰਹੀ ਹੈ; ਅਜਿਹੀ ਪਾਰਟੀ ਨੂੰ ਸੱਤਾ ਵਿਚੋਂ ਬਾਹਰ ਕਰਨਾ ਬਹੁਤ ਜ਼ਰੂਰੀ ਹੈ ਪਰ ਵਿਰੋਧੀ ਧਿਰਾਂ ਦੇ ਮੌਕਾਪ੍ਰਸਤ ਗੱਠਜੋੜ 'ਇੰਡੀਆ' ਤੋਂ ਵੀ ਕਿਸੇ ਲੋਕ ਪੱਖੀ ਬਦਲਾਅ ਦੀ ਉਮੀਦ ਨਹੀਂ ਰੱਖੀ ਜਾ ਸਕਦੀ ਹੈ। ਇਸ ਗੱਠਜੋੜ ਵਿਚ ਸ਼ਾਮਲ ਨਿਤੀਸ਼ ਕੁਮਾਰ, ਕੇਜਰੀਵਾਲ ਵਰਗੇ ਸੱਤਾ ਦੇ ਲਾਲਚੀ ਲੀਡਰਾਂ ਦਾ ਤਾਂ ਇਹ ਨਹੀਂ ਪਤਾ ਕਿ ਉਹ ਕਦ ਯੂ-ਟਰਨ ਮਾਰ ਜਾਣ। ਪੰਜਾਬ ਦੇ ਲੋਕ ਇਹਨਾਂ ਦੇ ਅਖੌਤੀ ਬਦਲਾਅ ਦੇ ਝਾਂਸੇ ਵਿਚ ਆ ਕੇ ਇਹਨਾਂ ਹੱਥ ਸੱਤਾ ਸੌਂਪ ਚੁੱਕੇ ਹਨ ਪਰ ਇਹਨਾਂ ਦੀਆਂ ਨੀਤੀਆਂ ਰਵਾਇਤੀ ਪਾਰਟੀਆਂ ਵਾਲੀਆਂ ਹੀ ਹਨ।

ਕੁਝ ਖੱਬੇ ਪੱਖੀ ਮਿੱਤਰ ਅਕਸਰ ਕਹਿੰਦੇ ਹਨ ਕਿ ਫਾਸ਼ੀਵਾਦ ਨੂੰ ਹਰਾਉਣ ਲਈ 'ਇੰਡੀਆ' ਦੀ ਹਮਾਇਤ ਜ਼ਰੂਰੀ ਹੈ; ਉਹ ਦਲੀਲ ਦਿੰਦੇ ਹਨ ਕਿ ਚੋਣਾਂ ਵਿਚ 'ਇੰਡੀਆ' ਦੀ ਹਮਾਇਤ ਨਾ ਕਰਨਾ ਅਸਿੱਧੇ ਰੂਪ ਵਿਚ ਭਾਜਪਾ ਦੇ ਪੱਖ ਵਿਚ ਭੁਗਤਣਾ ਹੈ ਪਰ ਉਹ ਦੋਸਤ ਇਸ ਸਵਾਲ ਦਾ ਜਵਾਬ ਦੇਣਗੇ ਕਿ ਫਾਸ਼ੀਵਾਦ ਨੂੰ ਵੋਟਾਂ ਰਾਹੀਂ ਹਰਾਇਆ ਜਾ ਸਕਦਾ ਹੈ? ਦੂਜਾ, ਮੰਨ ਲਓ ਕਿ ਲੋਕ ਮੋਦੀ-ਸ਼ਾਹ ਨੂੰ ਹਰਾਉਣ ਲਈ 'ਇੰਡੀਆ' ਨੂੰ ਵੋਟ ਪਾ ਵੀ ਦੇਣ ਤਾਂ ਨਿਤੀਸ਼ ਵਰਗੇ ਮੁੜ ਭਾਜਪਾ ਨਾਲ ਨਹੀਂ ਰਲਣਗੇ, ਇਸ ਗੱਲ ਦਾ ਕੀ ਸਬੂਤ ਹੈ? ਨਾਲੇ ਕਾਂਗਰਸ ਪਾਰਟੀ ਨੇ ਵੀ ਸੱਤਾ ਦੌਰਾਨ ਜੋ ਲੋਕਾਂ ਖਾਸਕਰ ਧਾਰਮਿਕ ਘੱਟ ਗਿਣਤੀਆਂ, ਦਲਿਤਾਂ,ਆਦਿਵਾਸੀਆਂ ਦਾ ਘਾਣ ਕੀਤਾ ਹੈ, ਉਹ ਕਿਸੇ ਤੋਂ ਭੁੱਲਿਆ ਨਹੀਂ। ਗਹੁ ਨਾਲ ਤੱਕੀਏ ਤਾਂ ਸਮਝ ਪੈਂਦਾ ਹੈ ਕਿ ਭਾਜਪਾ, ਆਰ.ਐੱਸ.ਐੱਸ. ਦੇ ਉਭਾਰ ਲਈ ਕਾਂਗਰਸ ਹੀ ਅਸਿੱਧੇ ਰੂਪ ਵਿਚ ਜ਼ਿੰਮੇਵਾਰ ਹੈ।

ਸਮੇਂ ਦੀ ਲੋੜ ਹੈ ਕਿ ਭਾਜਪਾ ਵਰਗੀ ਫਾਸ਼ੀਵਾਦੀ ਪਾਰਟੀ ਦਾ ਚਿਹਰਾ ਲੋਕਾਂ ਸਾਹਮਣੇ ਨੰਗਾ ਕਰਦਿਆਂ, 'ਇੰਡੀਆ' ਵਰਗੇ ਗੱਠਜੋੜ ਵਿਚ ਸ਼ਾਮਲ ਭ੍ਰਿਸ਼ਟ ਧਿਰਾਂ ਦਾ ਪਰਦਾਚਾਕ ਕਰਦਿਆਂ, ਲੋਕ ਮਸਲਿਆਂ 'ਤੇ ਲਾਮਬੰਦੀ ਕੀਤੀ ਜਾਵੇ। ਬੇਰੁਜ਼ਗਾਰੀ, ਗਰੀਬੀ, ਖੁਦਕੁਸ਼ੀਆਂ, ਫਸਲਾਂ ਦੇ ਵਾਜਬ ਭਾਅ, ਮਗਨਰੇਗਾ ਤਹਿਤ ਪੂਰਾ ਸਾਲ ਰੁਜ਼ਗਾਰ, ਸਭਨਾਂ ਲਈ ਮੁਫਤ ਸਿਹਤ ਤੇ ਸਿੱਖਿਆ ਸਹੂਲਤਾਂ ਜਿਹੇ ਮਸਲੇ ਉਭਾਰਨ ਦੀ ਲੋੜ ਹੈ।

# ਜਿਨਸੀ ਹਿੰਸਾ ਅਤੇ ਹਾਕਮਾਂ ਦੀ ਜਵਾਬਦੇਹੀ

***ਮਨੀਪੁਰ ਵਿਚ ਕੁਕੀ ਔਰਤਾਂ ਉੱਪਰ ਹੌਲਨਾਕ ਜਿਨਸੀ ਜ਼ੁਲਮਾਂ ਵਾਲੀ ਵੀਡੀਓ ਨਾਲ ਹਰ ਸੰਜੀਦਾ ਦਾ ਦਿਲ ਵਲੂੰਧਰਿਆ ਗਿਆ ਹੈ ਪਰ ਹੁਣ ਵਿਚਾਰਨ ਵਾਲ ਮਸਲਾ ਇਹ ਹੈ ਕਿ ਅਜਿਹੀਆਂ ਘਟਨਾਵਾਂ ਰੋਕਣ ਲਈ ਕੀ ਕੁਝ ਹੋਣਾ ਚਾਹੀਦਾ ਹੈ। ਇਸ ਘਟਨਾ ਪਿੱਛੇ ਕੰਮ ਕਰਦੀ ਹਕੂਮਤੀ ਨੀਤੀ ਅਤੇ ਮਨਸ਼ੇ ਬਾਰੇ ਸਪਸ਼ਟ ਸਮਝ ਬਣਾ ਕੇ ਹੀ ਭਵਿੱਖ ’ਚ ਅਜਿਹੀ ਹਿੰਸਾ ਨੂੰ ਰੋਕਣ ਲਈ ਪੇਸ਼ਬੰਦੀ ਕੀਤੀ ਜਾ ਸਕਦੀ ਹੈ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

3 ਮਈ ਤੋਂ ਮਨੀਪੁਰ ਭਰਾ-ਮਾਰ ਜੰਗ ’ਚ ਸੜ ਰਿਹਾ ਹੈ। ਹਜੂਮ ਵੱਲੋਂ ਔਰਤਾਂ ਨੂੰ ਨਿਰਵਸਤਰ ਕਰ ਕੇ ਘੁੰਮਾਏ ਜਾਣ ਦੀ ਵੀਡੀਓ ਵਾਇਰਲ ਹੋਣ ’ਤੇ ਸੱਤਾਧਾਰੀ ਧਿਰ ਲਈ ਹੌਲਨਾਕ ਹਿੰਸਾ ਤੋਂ ਮੁੱਕਰਨਾ ਸੰਭਵ ਨਾ ਰਿਹਾ। ਸੁਪਰੀਮ ਕੋਰਟ ਨੂੰ ਵੀ ਸਖ਼ਤ ਰੁਖ਼ ਅਖ਼ਤਿਆਰ ਕਰਨਾ ਪਿਆ ਅਤੇ 79 ਦਿਨ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਮੂੰਹ ਖੋਲ੍ਹਣਾ ਪਿਆ ਜੋ ਇੰਝ ਤਮਾਸ਼ਬੀਨ ਬਣਿਆ ਹੋਇਆ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ‘ਬੇਟੀ ਬਚਾਓ-ਬੇਟੀ ਪੜ੍ਹਾਓ’ ਦੇ ਹੋਕਰੇ ਮਾਰਨ ਵਾਲੇ ਨੇ ਕਠੂਆ ਸਮੂਹਿਕ ਬਲਾਤਕਾਰ/ਕਤਲ ਕੇਸ, ਉਨਾਓ ਬਲਾਤਕਾਰ ਕੇਸ, ਹਾਥਰਸ ਬਲਾਤਕਾਰ ਕੇਸ, ਪਹਿਲਵਾਨ ਕੁੜੀਆਂ ਦੇ ਜਿਨਸੀ ਸ਼ੋਸ਼ਣ ਵਰਗੇ ਕਿਸੇ ਇਕ ਵੀ ਮਾਮਲੇ ’ਚ ਜ਼ਬਾਨ ਨਹੀਂ ਸੀ ਖੋਲ੍ਹੀ। ਹੁਣ ਵੀ ਉਸ ਦੇ ਬਿਆਨ ਵਿਚ ਇਕ ਵੀ ਸ਼ਬਦ ਅਜਿਹਾ ਨਹੀਂ ਹੈ ਜਿਸ ਵਿਚ ਹਿੰਸਾ ’ਤੇ ਕਾਬੂ ਪਾਉਣ ’ਚ ਸਰਕਾਰ ਦੀ ਨਾਕਾਮੀ ਲਈ ਕੋਈ ਪਛਤਾਵਾ ਜਾਂ ਮਜ਼ਲੂਮ ਔਰਤਾਂ ਪ੍ਰਤੀ ਕੋਈ ਹਮਦਰਦੀ ਹੋਵੇ ਜਾਂ ਦੋਸ਼ੀਆਂ ਵਿਰੁੱਧ ਠੋਸ ਕਾਰਵਾਈ ਕਰਨ ਦਾ ਕੋਈ ਸੰਕੇਤ ਹੋਵੇ। ਉਸ ਨੂੰ ਦੁੱਖ ਸਿਰਫ਼ ਇਸ ਗੱਲ ਦਾ ਹੈ ਕਿ ਵੀਡੀਓ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਵਾਇਰਲ ਹੋਣ ਨਾਲ ਮੁਲਕ ਨੂੰ ਸ਼ਰਮਿੰਦਾ ਹੋਣਾ ਪਿਆ ਹੈ ਕਿਉਂਕਿ ਦੁਨੀਆ ਨੇ ਇਕ ਵਾਰ ਫਿਰ ‘ਸਭ ਤੋਂ ਵੱਡੇ ਲੋਕਤੰਤਰ’ ਦਾ ਅਸਲ ਚਿਹਰਾ ਦੇਖ ਲਿਆ ਹੈ। ਮੀਡੀਆ ਦੇ ਸੰਜੀਦਾ ਹਿੱਸਿਆਂ ਨੇ ਬਿਲਕੁਲ ਸਹੀ ਵਿਅੰਗ ਕੀਤਾ ਹੈ ਕਿ ਮੋਦੀ ਦਾ ਬਿਆਨ ਮਗਰਮੱਛ ਦੇ ਹੰਝੂ ਹਨ। ਆਦਿਵਾਸੀ ਪਿਛੋਕੜ ਵਾਲੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਅਜੇ ਵੀ ਇਸ ਦਿਲ ਦਹਿਲਾ ਦੇਣ ਵਾਲੀ ਹਿੰਸਾ ਦਾ ਨੋਟਿਸ ਲੈਣ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ; ਸ਼ਾਇਦ ਉਸ ਦੀ ਮੁਰਦਾ ਜ਼ਮੀਰ ਜਾਗਣ ਲਈ ਕਿਸੇ ਹੋਰ ਜ਼ਿਆਦਾ ਦਿਲ-ਕੰਬਾਊ ਖ਼ੁਲਾਸੇ ਦੀ ਉਡੀਕ ’ਚ ਹੈ।

ਔਰਤਾਂ ਵਿਰੁੱਧ ਜਿਨਸੀ ਹਿੰਸਾ ਜਾਂ ਸਮਾਜ ਦੇ ਕਿਸੇ ਵੀ ਨਿਤਾਣੇ ਹਿੱਸੇ ਵਿਰੁੱਧ ਸਰਕਾਰੀ ਜਾਂ ਗ਼ੈਰ-ਸਰਕਾਰੀ ਹਿੰਸਾ ਦੀ ਕੋਈ ਵੀ ਘਟਨਾ ਤੁਰੰਤ ਗੰਭੀਰ ਨੋਟਿਸ ਲਏ ਜਾਣ ਦੀ ਮੰਗ ਕਰਦੀ ਹੈ ਪਰ ਵਾਇਰਲ ਵੀਡੀਓ ਉੱਪਰ ਮੁਲਕ ਦੇ ਲੋਕਾਂ ਦਾ ਪ੍ਰਤੀਕਰਮ ਬੇਹੱਦ ਚਿੰਤਾਜਨਕ ਸਥਿਤੀ ਨੂੰ ਦਰਸਾਉਂਦਾ ਹੈ। ਨਿਰਭੈ ਕਾਂਡ ਸਮੇਂ ਵੀ ਇਸੇ ਤਰ੍ਹਾਂ ਦਾ ਪ੍ਰਤੀਕਰਮ ਦੇਖਿਆ ਗਿਆ ਸੀ। ਦਰਅਸਲ, ਰੋਜ਼ਮੱਰਾ ਹਿੰਸਾ ਨੂੰ ਸਾਡੀ ਜ਼ਿਹਨੀਅਤ ਗੌਲਦੀ ਹੀ ਨਹੀਂ। ਦਾਬੇ ਹੇਠ ਪਿਸ ਰਹੇ ਲੋਕਾਂ ਉੱਪਰ ਵੱਖ-ਵੱਖ ਰੂਪਾਂ ’ਚ ਰੋਜ਼ਮੱਰਾ ਹਿੰਸਾ ਨੂੰ ਆਮ ਬਣਾ ਕੇ ਜਾਬਰ ਰਾਜ ਪ੍ਰਬੰਧ ਨੇ ਮਨੁੱਖੀ ਮਨ ਨੂੰ ਇਸ ਕਦਰ ਸੰਵੇਦਨਾਹੀਣ ਬਣਾ ਦਿੱਤਾ ਹੈ ਕਿ ਜਦੋਂ ਤੱਕ ਕਰੂਰ ਹਿੰਸਾ ਦਾ ਕੋਈ ਬੇਹੱਦ ਹੌਲਨਾਕ ਕਾਂਡ ਸਾਹਮਣੇ ਨਹੀਂ ਆਉਂਦਾ, ਉਦੋਂ ਤੱਕ ਜ਼ਿਆਦਾਤਰ ਲੋਕ ਹਿੰਸਾ ਦੀਆਂ ਘਟਨਾਵਾਂ ਦਾ ਨੋਟਿਸ ਹੀ ਨਹੀਂ ਲੈਂਦੇ। ਘੱਟ ਤੀਬਰਤਾ ਵਾਲੀ ਹਿੰਸਾ ਨੂੰ ਸਮਾਜੀ ਤੌਰ ’ਤੇ ਸਵੀਕਾਰ ਕਰ ਲਿਆ ਗਿਆ ਹੈ। ਬਲਾਤਕਾਰਾਂ ਦੇ ਮਾਮਲੇ ’ਚ ਤਾਂ ਬਦਨਾਮੀ ਦੇ ਨਾਂ ਹੇਠ ਸਕੇ-ਸਬੰਧੀਆਂ ਅਤੇ ਭਾਈਚਾਰੇ ਵੱਲੋਂ ਹੀ ਮਾਮਲਾ ਦਬਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੇ ਹਾਲਾਤ ’ਚ ਹੁਕਮਰਾਨਾਂ ਲਈ ਆਪਣੇ ਮਨੁੱਖਤਾ ਵਿਰੋਧੀ ਜੁਰਮਾਂ ਨੂੰ ਲੁਕੋਣਾ ਸੌਖਾ ਹੋ ਜਾਂਦਾ ਹੈ ਅਤੇ ਉੱਚ ਅਦਾਲਤਾਂ ਵੀ ਅੱਖਾਂ ਮੀਟ ਕੇ ਬੈਠੀਆਂ ਰਹਿੰਦੀਆਂ ਹਨ।

ਮਨੀਪੁਰ ’ਚ ਭਰਾ-ਮਾਰ ਜੰਗ ਅਤੇ ਇਸ ਦੌਰਾਨ ਔਰਤਾਂ ਵਿਰੁੱਧ ਜਿਨਸੀ ਹਿੰਸਾ ਬਹੁਤ ਵਿਆਪਕ ਪੈਮਾਨੇ ’ਤੇ ਹੋਈ ਹੈ। ਹਿੰਸਾ ਕਿਸੇ ਨਾ ਕਿਸੇ ਰੂਪ ’ਚ ਹੁਣ ਵੀ ਚੱਲ ਰਹੀ ਹੈ ਅਤੇ ਇਹ ਹੋਰ ਉੱਤਰ-ਪੂਰਬੀ ਰਾਜਾਂ ਵਿਚ ਵੀ ਫੈਲ ਸਕਦੀ ਹੈ, ਖ਼ਾਸ ਕਰ ਕੇ ਮਿਜ਼ੋਰਮ ਵਰਗੇ ਰਾਜ ਵਿਚ ਜਿੱਥੇ ਹੋਰ ਕਬਾਇਲੀ ਨਾਵਾਂ ਵਾਲੇ ਕੁਕੀ ਕਬੀਲੇ ਦੇ ਲੋਕ ਜ਼ਿਆਦਾ ਗਿਣਤੀ ’ਚ ਹਨ। ਕੁਕੀ ਭਾਈਚਾਰੇ ਉੱਪਰ ਜ਼ੁਲਮਾਂ ਦੇ ਪ੍ਰਤੀਕਰਮ ਦਾ ਗੁੱਸਾ ਹੋਰ ਥਾਈਂ ਵਸਦੇ ਮੈਤੇਈ ਲੋਕਾਂ ਉੱਪਰ ਨਿਕਲ ਸਕਦਾ ਹੈ ਜਿਨ੍ਹਾਂ ਦਾ ਮਨੀਪੁਰ ਵਾਲੀ ਹਿੰਸਾ ਨਾਲ ਕੋਈ ਸਬੰਧ ਹੀ ਨਹੀਂ ਹੈ। ਮਨੀਪੁਰ ’ਚ ਸਾਹਮਣੇ ਆਈਆਂ ਦੋ ਵੀਡੀਓ ਤਾਂ ਉਸ ਹਿੰਸਾ ਦੀ ਨਿੱਕੀ ਜਿਹੀ ਝਲਕ ਮਾਤਰ ਹਨ। ਇਸ ਦੀ ਪੁਸ਼ਟੀ ਮੁੱਖ ਮੰਤਰੀ ਨੇ ਵੀ ਕੀਤੀ ਹੈ। ਮਨੀਪੁਰ ਦੇ ਬੇਹੱਦ ਚਿੰਤਾਜਨਕ ਹਾਲਾਤ ਬਾਰੇ ਸ਼ੁਰੂ ’ਚ ਹੀ 6 ਮਈ ਨੂੰ ਲੋਕਹਿਤ ਪਟੀਸ਼ਨ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਗਈ ਸੀ ਪਰ ਲੱਖਾਂ ਲੋਕਾਂ ਦੇ ਮਨੁੱਖੀ ਹੱਕਾਂ ਦੀ ਸੁਰੱਖਿਆ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਮਨੀਪੁਰ ’ਚ ਭਰਾ-ਮਾਰ ਲੜਾਈ ਰੋਕਣ ਲਈ ਸਰਕਾਰ ਨੂੰ ਕੋਈ ਠੋਸ ਆਦੇਸ਼ ਨਹੀਂ ਦਿੱਤਾ ਸਗੋਂ ਪਟੀਸ਼ਨ ਕਰਤਾ ਵੱਲੋਂ ਪੇਸ਼ ਉੱਘੇ ਵਕੀਲ ਕੌਲਿਨ ਗੋਂਜਾਲਵਿਸ ਨੂੰ ਸਲਾਹ ਦਿੱਤੀ ਕਿ ‘ਤੁਹਾਡਾ ਸ਼ੱਕ ਸਾਨੂੰ ਕਾਨੂੰਨ ਅਤੇ ਵਿਵਸਥਾ ਨੂੰ ਆਪਣੇ ਹੱਥ ਵਿਚ ਲੈਣ ਲਈ ਪ੍ਰੇਰਿਤ ਨਹੀਂ ਕਰ ਸਕਦਾ। ਅਸੀਂ ਨਹੀਂ ਚਾਹੁੰਦੇ ਕਿ ਇਸ ਕਾਰਵਾਈ ਦੀ ਵਰਤੋਂ ਰਾਜ ਵਿਚ ਮੌਜੂਦ ਹਿੰਸਾ ਅਤੇ ਹੋਰ ਸਮੱਸਿਆਵਾਂ ਨੂੰ ਹੋਰ ਵਧਾਉਣ ਲਈ ਇਕ ਮੰਚ ਦੇ ਰੂਪ ’ਚ ਕੀਤੀ ਜਾਵੇ... ਜੇ ਤੁਹਾਡੇ ਕੋਲ ਕੋਈ ਸੁਝਾਅ ਹੈ ਤਾਂ ਅਸੀਂ ਲੈ ਸਕਦੇ ਹਾਂ। ਆਓ, ਇਸ ਨੂੰ ਪੱਖਪਾਤ ਦੇ ਮਾਮਲੇ ਦੇ ਰੂਪ ’ਚ ਨਾ ਦੇਖੀਏ, ਇਹ ਮਾਨਵੀ ਮੁੱਦਾ ਹੈ... ਸਾਨੂੰ ਸਰਵਉੱਚ ਅਦਾਲਤ ਦੇ ਆਦੇਸ਼ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ’’। ਸੁਪਰੀਮ ਕੋਰਟ ਨੇ ਸਾਲਿਸਟਰ ਜਨਰਲ ਦੀ ਪੇਸ਼ ਕੀਤੀ ਸਰਕਾਰ ਦੀ ਇਸ ਝੂਠੀ ਯਕੀਨਦਹਾਨੀ ਨੂੰ ਸੱਚ ਮੰਨ ਲਿਆ ਗਿਆ ਕਿ ‘‘ਅਸੀਂ ਇਸ ਪੱਖ ’ਚ, ਜਨਤਾ ਲਈ ਹਾਂ... ਪਟੀਸ਼ਨਕਰਤਾ ਨੇ ਇਸ ਮਾਮਲੇ ਨੂੰ ਅਤਿ ਜ਼ਿਆਦਾ ਸੰਵੇਦਨਸ਼ੀਲਤਾ ਨਾਲ ਲਿਆ ਹੋ ਸਕਦਾ ਹੈ, ਕਿਉਂਕਿ ਕਿਸੇ ਵੀ ਗ਼ਲਤ ਜਾਣਕਾਰੀ ਨਾਲ ਰਾਜ ਵਿਚ ਹਾਲਤ ਵਿਗੜ ਸਕਦੀ ਹੈ। ਕੇਂਦਰ ਅਤੇ ਰਾਜ ਸਰਕਾਰ ਦੇ ਕਾਫ਼ੀ ਯਤਨਾਂ ਤੋਂ ਬਾਅਦ ਹਾਲਾਤ ਆਮ ਹੋ ਰਹੇ ਹਨ।’’




ਪਰ ਦਸ ਜੁਲਾਈ ਨੂੰ ਸੁਪਰੀਮ ਕੋਰਟ ਸਾਹਮਣੇ ਪੇਸ਼ ਕੀਤੀ ਰਿਪੋਰਟ ਵਿਚ ਰਾਜ ਸਰਕਾਰ ਨੇ ਦੱਸਿਆ ਕਿ 4 ਜੁਲਾਈ ਤੱਕ 142 ਲੋਕ ਮਾਰੇ ਜਾ ਚੁੱਕੇ ਹਨ, 17 ਲਾਪਤਾ ਹਨ। ਘਰਾਂ ਅਤੇ ਕਾਰੋਬਾਰਾਂ ਨੂੰ ਸਾੜਨ ਦੇ 5053 ਕੇਸ ਵਾਪਰੇ ਹਨ, ਕੁਝ ਕੇਸਾਂ ’ਚ ਤਾਂ ਪੂਰੇ ਦੇ ਪੂਰੇ ਪਿੰਡ ਹੀ ਸਾੜ ਦਿੱਤੇ ਗਏ ਹਨ। 54488 ਲੋਕ 354 ਰਾਹਤ ਕੈਂਪਾਂ ਵਿਚ ਰਹਿ ਰਹੇ ਹਨ। ਇਹ ਉਸੇ ਸਰਕਾਰ ਦਾ ਇਕਬਾਲ ਹੈ ਜੋ ਮਈ ਦੇ ਪਹਿਲੇ ਹਫ਼ਤੇ ਸੁਪਰੀਮ ਕੋਰਟ ’ਚ ਯਕੀਨ ਦਿਵਾ ਰਹੀ ਸੀ ਕਿ ਹਾਲਾਤ ਆਮ ਹੋ ਰਹੇ ਹਨ। ਜਦੋਂ ਐਨਾ ਹੌਲਨਾਕ ਜਾਨੀ-ਮਾਲੀ ਨੁਕਸਾਨ ਹੋ ਚੁੱਕਾ ਹੈ, ਫਿਰ ਸੁਪਰੀਮ ਕੋਰਟ ‘ਆਪਣੇ ਆਪ’ ਨੋਟਿਸ ਲੈ ਕੇ ਕੁਝ ਸਖ਼ਤ ਰਵੱਈਆ ਦਿਖਾ ਕੇ ਸਰਕਾਰ ਨੂੰ ਕਹਿੰਦੀ ਹੈ: ‘ਅਸੀਂ ਡੂੰਘੀ ਚਿੰਤਾ ਜ਼ਾਹਿਰ ਕਰ ਰਹੇ ਹਾਂ। ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਸੱਚੀਮੁੱਚੀ ਅੱਗੇ ਆਵੇ ਅਤੇ ਕਾਰਵਾਈ ਕਰੇ। ਅਸੀਂ ਸਰਕਾਰ ਨੂੰ ਕਾਰਵਾਈ ਕਰਨ ਲਈ ਥੋੜ੍ਹਾ ਸਮਾਂ ਦਿਆਂਗੇ, ਨਹੀਂ ਤਾਂ ਅਸੀਂ ਦਖ਼ਲਅੰਦਾਜ਼ੀ ਕਰਾਂਗੇ।’’

ਸੁਪਰੀਮ ਕੋਰਟ ਦੀਆਂ ਇਹ ਕਥਿਤ ‘ਸਖ਼ਤ’ ਟਿੱਪਣੀਆਂ ਮਨੀਪੁਰ ਦੀਆਂ ਹੌਲਨਾਕ ਘਟਨਾਵਾਂ ਵਿਰੁੱਧ ਉੱਠ ਰਹੇ ਲੋਕ ਰੋਹ ਉੱਪਰ ਠੰਢਾ ਛਿੜਕਣ ਲਈ ਹਨ। ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਇਹ ਭਲੀਭਾਂਤ ਜਾਣਦੇ ਹਨ ਕਿ ਆਰ.ਐਸ.ਐਸ.-ਭਾਜਪਾ ਦਾ ਏਜੰਡਾ ਕੀ ਹੈ, ਹਿੰਦੂਤਵ ਦੀ ਵਿਚਾਰਧਾਰਾ ਔਰਤਾਂ ਵਿਰੁੱਧ ਜਿਨਸੀ ਹਿੰਸਾ ਨੂੰ ਕਿਵੇਂ ਜਾਇਜ਼ ਠਹਿਰਾਉਂਦੀ ਹੈ ਅਤੇ ਭਗਵੀਂ ਹਕੂਮਤ ਘੱਟਗਿਣਤੀਆਂ ਸਮੇਤ ਸਮੂਹ ਦੱਬੇ-ਕੁਚਲੇ ਹਿੱਸਿਆਂ ਦੀ ਹੱਕ-ਜਤਾਈ ਨੂੰ ਦਬਾਉਣ ਲਈ ਔਰਤਾਂ ਦੇ ਜਿਸਮਾਂ ਨੂੰ ਕਿਵੇਂ ਜੰਗ ਦਾ ਮੈਦਾਨ ਬਣਾ ਕੇ ਵਰਤਦੀ ਹੈ? ਇਹ ਵੀ ਕਿ ਸੱਤਾਧਾਰੀ ਪਾਰਟੀ ਦੇ ਇਸ਼ਾਰੇ ’ਤੇ ਮਜ਼ਲੂਮ ਹਿੱਸਿਆਂ ਵਿਰੁੱਧ ਹਰ ਤਰ੍ਹਾਂ ਦੀ ਹਿੰਸਾ ਵਿਚ ਰਾਜ-ਮਸ਼ੀਨਰੀ ਦੀ ਕਿਸ ਕਦਰ ਮਿਲੀਭਗਤ ਹੁੰਦੀ ਹੈ ਅਤੇ ਅਦਾਲਤਾਂ ’ਚ ਸਰਕਾਰ ਦੀ ਨੁਮਾਇੰਦਗੀ ਕਰਨ ਵਾਲਿਆਂ ਦੀਆਂ ਯਕੀਨ-ਦਹਾਨੀਆਂ ਕਿੰਨੀਆਂ ਕੁ ਸੱਚੀਆਂ ਹੁੰਦੀਆਂ ਹਨ। ਕਸ਼ਮੀਰ, ਉੱਤਰ-ਪੂਰਬ ਦੀਆਂ ਕੌਮੀਅਤ ਲਹਿਰਾਂ, ਮਾਓਵਾਦੀ ਲਹਿਰ ਦੇ ਜ਼ੋਰ ਵਾਲੇ ਖੇਤਰਾਂ ਦੇ ਆਦਿਵਾਸੀਆਂ, ਸਿੱਖ ਅਤੇ ਮੁਸਲਮਾਨ ਘੱਟਗਿਣਤੀਆਂ ਦੇ ਕਤਲੇਆਮਾਂ ’ਚ ਔਰਤਾਂ ਵਿਰੁੱਧ ਜਿਨਸੀ ਹਿੰਸਾ ਦੀਆਂ ਕਿੰਨੀਆਂ ਦਿਲ-ਦਹਿਲਾਉਣ ਵਾਲੀਆਂ ਰਿਪੋਰਟਾਂ ਵਾਰ-ਵਾਰ ਸਾਹਮਣੇ ਆ ਚੁੱਕੀਆਂ ਹਨ ਜਿਨ੍ਹਾਂ ਵਿਚ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਬੇਵਸ ਮਜ਼ਲੂਮਾਂ ਦੀ ਸੁਰੱਖਿਆ ਦੀ ਸੰਵਿਧਾਨਕ ਡਿਊਟੀ ਨਿਭਾਉਣ ਦੀ ਬਜਾਇ ਹਮਲਾਵਰ ਦਹਿਸ਼ਤਵਾਦੀ ਭੀੜਾਂ ਦਾ ਸਾਥ ਦਿੰਦਾ ਅਤੇ ਉਨ੍ਹਾਂ ਦੀ ਸੁਰੱਖਿਆ ਟੁਕੜੀ ਬਣ ਕੇ ਕੰਮ ਕਰਦਾ ਦੇਖਿਆ ਗਿਆ। ਇਸ ਦੇ ਬਾਵਜੂਦ ਜੇ ਸੁਪਰੀਮ ਕੋਰਟ ਸਰਕਾਰ ਦੀ ਝੂਠੀ ਯਕੀਨ-ਦਹਾਨੀ ਦੇ ਆਧਾਰ ’ਤੇ ਮਈ ਮਹੀਨੇ ’ਚ ਹਿੰਸਾ ਰੋਕਣ ਲਈ ਜਨਹਿਤ ਪਟੀਸ਼ਨ ਨੂੰ ਰੱਦ ਕਰਦੀ ਹੈ ਤਾਂ ਇਹ ਅਜਿਹੇ ਸੰਕਟ ਦੇ ਸਮਿਆਂ ’ਚ ਸਰਗਰਮ ਦਖ਼ਲਅੰਦਾਜ਼ੀ ਤੋਂ ਟਾਲਾ ਵੱਟਣ ਅਤੇ ਖ਼ਾਮੋਸ਼ ਦਰਸ਼ਕ ਬਣੇ ਰਹਿਣ ਤੋਂ ਸਿਵਾਇ ਹੋਰ ਕੁਝ ਨਹੀਂ ਹੈ। ਅਜੇ ਵੀ ਸੁਪਰੀਮ ਕੋਰਟ ਦਾ ਸਰਕਾਰ ਤੋਂ ਕਾਰਵਾਈ ਦੀ ਉਮੀਦ ਰੱਖਣਾ ਕੀ ਇਹ ਸਾਬਤ ਨਹੀਂ ਕਰਦਾ ਕਿ ਬੇਹੱਦ ਗੰਭੀਰ ਹਾਲਾਤ ਦੇ ਬਾਵਜੂਦ ਸਰਗਰਮ ਜੁਡੀਸ਼ੀਅਲ ਦਖ਼ਲਅੰਦਾਜ਼ੀ ਨੂੰ ਟਾਲਿਆ ਜਾ ਰਿਹਾ ਹੈ?

ਮਨੀਪੁਰ ਵਿਚ ਔਰਤਾਂ ਦੇ ਬਲਾਤਕਾਰਾਂ ਅਤੇ ਹੋਰ ਰੂਪਾਂ ’ਚ ਜਿਨਸੀ ਹਿੰਸਾ ਨੂੰ ਅੰਜਾਮ ਦੇਣ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਮੁਲਕ ਦੇ ਕੋਨੇ ਕੋਨੇ ’ਚੋਂ ਉੱਠ ਰਹੀ ਇਹ ਮੰਗ ਬਿਲਕੁਲ ਜਾਇਜ਼ ਹੈ ਪਰ ਇਹ ਮੰਗ ਕਾਫ਼ੀ ਨਹੀਂ ਹੈ। ਪਹਿਲੀ ਗੱਲ ਤਾਂ ਇਹ ਕਿ ਅਜਿਹੇ ਹੌਲਨਾਕ ਕਾਂਡਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਜਾਂ ਹਜੂਮਾਂ ਦੀ ਅਗਵਾਈ ਕਰਨ ਵਾਲੇ ਮੁਜਰਿਮ ਤਾਂ ਹਨ ਪਰ ਉਹ ਕਿਸੇ ਰਸੂਖ਼ਵਾਨ ਤਾਕਤ ਦੇ ਗਿਣੇ-ਮਿੱਥੇ ਗੁਪਤ ਏਜੰਡੇ ਨੂੰ ਲਾਗੂ ਕਰਨ ਵਾਲੇ ਕਾਰਿੰਦੇ ਜਾਂ ਇੰਞ ਕਹਿ ਲਓ ਉਹ ਕਿਸੇ ਡੂੰਘੀ ਸਾਜ਼ਿਸ਼ ਦੇ ਮੋਹਰੇ ਹੁੰਦੇ ਹਨ। ਉਹ ਐਸੀ ਤਾਕਤ ਵੱਲੋਂ ਬਾਰੀਕੀ ’ਚ ਬਣਾਈ ਯੋਜਨਾ, ਭੜਕਾਏ ਮਾਹੌਲ, ਫੈਲਾਈਆਂ ਅਫ਼ਵਾਹਾਂ, ਭੀੜਾਂ ਨੂੰ ਸ਼ਿਸ਼ਕੇਰਨ ਅਤੇ ਜਥੇਬੰਦ ਕਰਕੇ ਲਿਆਉਣ ਅਤੇ ਮੁਕੰਮਲ ਪੁਸ਼ਤਪਨਾਹੀ ਦੇ ਸਿਲਸਿਲੇ ਤਹਿਤ ਅਜਿਹਾ ਕਰਦੇ ਹਨ। ਮਿਸਾਲ ਵਜੋਂ, ਦਿੱਲੀ ਵਿਚ 1984 ਦੀ ਸਿੱਖ ਨਸਲਕੁਸ਼ੀ, 2002 ’ਚ ਗੁਜਰਾਤ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ,




2005 ’ਚ ਛੱਤੀਸਗੜ੍ਹ ਵਿਚ ਸਲਵਾ ਜੁਡਮ ਤੇ ਅਪਰੇਸ਼ਨ ਗ੍ਰੀਨ ਹੰਟ ਸਮੇਂ ਘਰਾਂ ਤੇ ਕਾਰੋਬਾਰਾਂ ਦੀ ਸਾੜ-ਫੂਕ ਅਤੇ ਔਰਤਾਂ ਦੇ ਸਮੂਹਿਕ ਬਲਾਤਕਾਰਾਂ ਸਮੇਤ ਵਿਆਪਕ ਪੈਮਾਨੇ ’ਤੇ ਜਿਨਸੀ ਹਿੰਸਾ ਦੇ ਅਸਲ ਸੂਤਰਧਾਰ ਤੱਤਕਾਲੀ ਸਰਕਾਰਾਂ ਅਤੇ ਸੱਤਾਧਾਰੀ ਪਾਰਟੀਆਂ ਦੇ ਸਿਖ਼ਰਲੇ ਆਗੂ ਸਨ। ਦਿੱਲੀ ਕਤਲੇਆਮ ਵਾਲੇ ਕਾਂਗਰਸੀ ਆਗੂ ਸੱਜਣ ਕੁਮਾਰ ਤੇ ਐੱਚ.ਕੇ.ਐੱਲ. ਭਗਤ, ਗੁਜਰਾਤ ਕਤਲੇਆਮ ਵਾਲਾ ਬਾਬੂ ਬਜਰੰਗੀ ਤੇ ਮਾਇਆ ਕੋਡਨਾਨੀ, ਸ਼ਾਹੀਨ ਬਾਗ਼ ਮੋਰਚੇ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਉੱਪਰ ਹਮਲੇ ਕਰਨ ਵਾਲੇ ਹਿੰਸਕ ਗਰੋਹਾਂ ’ਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਆਗੂ ਕਾਂਗਰਸ ਅਤੇ ਆਰ.ਐੱਸ.ਐੱਸ-ਭਾਜਪਾ ਦੀਆਂ ਸਰਕਾਰਾਂ ਦੇ ਦਿਸ਼ਾ-ਨਿਰਦੇਸ਼ਾਂ ਨੂੰ ਅਮਲ ’ਚ ਲਿਆ ਰਹੇ ਸਨ।

ਦੂਜੀ ਗੱਲ, ਸੰਘਰਸ਼ਸ਼ੀਲ ਸਮਾਜੀ ਸਮੂਹਾਂ/ਭਾਈਚਾਰਿਆਂ ਦੀਆਂ ਔਰਤਾਂ ਵਿਰੁੱਧ ਪੁਲਿਸ ਅਤੇ ਫ਼ੌਜ ਵੱਲੋਂ ਯੋਜਨਾਬੱਧ ਜਿਨਸੀ ਹਿੰਸਾ ਤਾਂ ਹੋਰ ਵੀ ਕਰੂਰ ਰੂਪ ’ਚ ਸਾਹਮਣੇ ਆਉਂਦੀ ਹੈ। ਕਿਉਂਕਿ ਰਾਜਸੀ ਪੁਸ਼ਤਪਨਾਹੀ ਕਾਰਨ ਪੁਲਿਸ-ਫ਼ੌਜ ਨੂੰ ਤਾਂ ਕਥਿਤ ‘ਟਕਰਾਅ ਦੇ ਖੇਤਰਾਂ’ ਵਿਚ ਅਫਸਪਾ ਅਤੇ ਹੋਰ ਵਿਸ਼ੇਸ਼ ਕਾਨੂੰਨਾਂ ਰਾਹੀਂ ਕਾਨੂੰਨੀ ਕਾਰਵਾਈ ਤੋਂ ਹੀ ਮੁਕੰਮਲ ਛੋਟ ਹੈ। ਕਸ਼ਮੀਰ ਵਿਚ ਕੁਨਨ-ਪੋਸ਼ਪੁਰਾ ਵਰਗੇ ਸਮੂਹਿਕ ਬਲਾਤਕਾਰ ਕਾਂਡਾਂ ਅਤੇ ਮਨੀਪੁਰ ਦੀਆਂ ਔਰਤਾਂ ਵੱਲੋਂ ਇੰਫਾਲ ਵਿਚ ਭਾਰਤੀ ਫ਼ੌਜ ਦੇ ਸਦਰ-ਮੁਕਾਮ ਅੱਗੇ ਨਿਰਵਸਤਰ ਹੋ ਕੇ ਪ੍ਰਦਰਸ਼ਨ ਕਰਨ ਨੇ ਫ਼ੌਜ ਵੱਲੋਂ ਉੱਥੋਂ ਦੇ ਸੰਘਰਸ਼ਸ਼ੀਲ ਅਵਾਮ ਦਾ ਮਨੋਬਲ ਤੋੜਨ ਲਈ ਔਰਤਾਂ ਦੇ ਜਿਸਮਾਂ ਨੂੰ ਨਿਸ਼ਾਨਾ ਬਣਾਏ ਜਾਣ ਦੀ ਸਰਕਾਰੀ ਨੀਤੀ ਦਾ ਪਰਦਾਫਾਸ਼ ਕੀਤਾ ਸੀ। ਮਨੀਪੁਰੀ ਔਰਤਾਂ ਨੇ ਬੈਨਰ ਲੈ ਕੇ ਮੁਜ਼ਾਹਰਾ ਕੀਤਾ ਸੀ ਜਿਸ ਉੱਪਰ ਲਿਖਿਆ ਸੀ: ਭਾਰਤੀ ਫ਼ੌਜ ਸਾਡੇ ਨਾਲ ਬਲਾਤਕਾਰ ਕਰਦੀ ਹੈ। ਇਸ ਮੁਜ਼ਾਹਰੇ ਨੇ ਮਨੀਪੁਰ ਵਿਚ ਔਰਤਾਂ ਉੱਪਰ ਅਤੇ ਆਮ ਮਨੀਪੁਰੀ ਲੋਕਾਂ ਉੱਪਰ ਫ਼ੌਜ ਵੱਲੋਂ ਕੀਤੀ ਜਾ ਰਹੀ ਭਿਆਨਕ ਹਿੰਸਾ ਵੱਲ ਦੁਨੀਆ ਦਾ ਧਿਆਨ ਖਿੱਚਿਆ ਸੀ। ਆਖ਼ਿਰਕਾਰ ਸੁਪਰੀਮ ਕੋਰਟ ਨੂੰ 1500 ਦੇ ਕਰੀਬ ਝੂਠੇ ਮੁਕਾਬਲਿਆਂ ਦੀ ਜਾਂਚ ਕਰਾਉਣ ਦਾ ਆਦੇਸ਼ ਦੇਣਾ ਪਿਆ ਸੀ। ਇਹ ਵੱਖਰਾ ਸਵਾਲ ਹੈ ਕਿ ਉਹ ਜਾਂਚ ਅਜੇ ਵੀ ਕਿਸੇ ਤਣ-ਪੱਤਣ ਨਹੀਂ ਲੱਗੀ। ਸਲਵਾ ਜੁਡਮ ਸਮੇਂ ਛੱਤੀਸਗੜ੍ਹ ਵਿਚ ਭਾਜਪਾ ਦੀ ਅਤੇ ਕੇਂਦਰ ’ਚ ਕਾਂਗਰਸ ਦੀ ਸਰਕਾਰ ਸੀ। ਕੇਂਦਰ ਤੇ ਰਾਜ ਸਰਕਾਰਾਂ ਨੇ ਮਿਲ ਕੇ ਦਹਿਸ਼ਤੀ ਗਰੋਹ ਜਥੇਬੰਦ ਕਰ ਕੇ ਆਦਿਵਾਸੀਆਂ ਨੂੰ ਉਜਾੜਨ ਦੀ ਯੋਜਨਾ ਬਣਾਈ, ਕਾਂਗਰਸੀ ਆਗੂ ਮਹੇਂਦਰ ਕਰਮਾ ਦੀ ਅਗਵਾਈ ’ਚ ਜਰਾਇਮਪੇਸ਼ਾ ਅਨਸਰਾਂ ਦੇ ਗੈਂਗ ਬਣਾਏ ਗਏ। ਉਨ੍ਹਾਂ ਨੂੰ ਸਰਕਾਰ ਵੱਲੋਂ ਪੁਲਿਸ ਤੇ ਨੀਮ-ਫ਼ੌਜੀ ਦਸਤਿਆਂ ਦੀ ਸੁਰੱਖਿਆ ਅਤੇ ਹਥਿਆਰ ਦਿੱਤੇ; ਜਦਕਿ ਇਸ ‘ਮੁਹਿੰਮ’ ਲਈ ਫੰਡ ਟਾਟਾ ਅਤੇ ਐੱਸ.ਆਰ. ਕੰਪਨੀਆਂ ਨੇ ਦਿੱਤੇ। ਸਤੰਬਰ 2011 ’ਚ ਸੁਪਰੀਮ ਕੋਰਟ ਨੇ ਇਨ੍ਹਾਂ ਗਰੋਹਾਂ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਤੋੜਨ ਦੇ ਆਦੇਸ਼ ਤਾਂ ਦੇ ਦਿੱਤੇ ਪਰ ਜਿਨ੍ਹਾਂ ਹੁਕਮਰਾਨਾਂ ਅਤੇ ਅਧਿਕਾਰੀਆਂ ਨੇ ਇਹ ਗਰੋਹ ਜਥੇਬੰਦ ਕਰ ਕੇ ਵਿਆਪਕ ਹਿੰਸਾ ਅਤੇ ਸਾੜ-ਫੂਕ ਕਰਵਾਈ ਉਨ੍ਹਾਂ ਨੂੰ ਕਿਸੇ ਜਵਾਬਦੇਹੀ ਦਾ ਸਾਹਮਣਾ ਨਹੀਂ ਕਰਨਾ ਪਿਆ।

ਅਪਰੇਸ਼ਨ ਗ੍ਰੀਨ ਹੰਟ ਦੌਰਾਨ ਪੁਲਿਸ ਅਤੇ ਨੀਮ-ਫ਼ੌਜੀ ਦਸਤਿਆਂ ਵੱਲੋਂ ਕੀਤੇ ਜਾ ਰਹੇ ਸਮੂਹਿਕ ਬਲਾਤਕਾਰਾਂ ਸਮੇਤ ਵਿਆਪਕ ਪੈਮਾਨੇ ’ਤੇ ਔਰਤ ਵਿਰੋਧੀ ਹਿੰਸਾ ਨੂੰ ਨਾ ਸਿਰਫ਼ ਸਰਕਾਰ ਵੱਲੋਂ ਦਬਾਇਆ ਗਿਆ ਸਗੋਂ ਆਦਿਵਾਸੀ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ ਵਿਚ ਪੱਥਰ ਧੱਕਣ ਵਾਲੇ ਆਈ.ਜੀ. ਕਲੂਰੀ ਵਰਗੇ ਅਧਿਕਾਰੀਆਂ ਨੂੰ ਰਾਜਕੀ ਥਾਪੀ ਤੇ ਤਰੱਕੀਆਂ ਦੇ ਕੇ ਅਤੇ ਐੱਸ.ਪੀ. ਅੰਕਿਤ ਗਰਗ ਨੂੰ ਗਣਤੰਤਰ ਦਿਵਸ ਉੱਪਰ ਪੁਲਿਸ ਬਹਾਦਰੀ ਮੈਡਲ ਦੇ ਕੇ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਗਿਆ। ਸਰਕਾਰ ਵੱਲੋਂ ਸਨਮਾਨ ਤੇ ਤਰੱਕੀਆਂ ਅਤੇ ਘਿਨਾਉਣੇ ਜੁਰਮਾਂ ਲਈ ਜ਼ਿੰਮੇਵਾਰ ਮੁਜਰਮਾਂ ਨੂੰ ਇਕ ਵੀ ਕੇਸ ਵਿਚ ਮਿਸਾਲੀ ਸਜ਼ਾ ਨਾ ਹੋਣਾ ਇਹ ਸਾਫ਼ ਸੰਦੇਸ਼ ਹੈ ਕਿ ਔਰਤਾਂ ਵਿਰੁੱਧ ਜਿਨਸੀ ਹਿੰਸਾ ਬਕਾਇਦਾ ਸਰਕਾਰੀ ਨੀਤੀ ਹੈ ਜਿਸ ਨੂੰ ਸਰਕਾਰ ਕਿਸੇ ਵੀ ਸੂਰਤ ’ਚ ਬੰਦ ਨਹੀਂ ਕਰਨਾ ਚਾਹੁੰਦੀ, ਇਸ ਲਈ ਮਜ਼ਲੂਮਾਂ ਦੀ ਕਿਤੇ ਸੁਣਵਾਈ ਨਹੀਂ ਹੋਵੇਗੀ ਸਗੋਂ ਉਹ ਬੁੱਧੀਜੀਵੀ ਅਤੇ ਜਮਹੂਰੀ ਹੱਕਾਂ ਦੇ ਕਾਰਕੁਨ ਹੀ ਜੇਲ੍ਹਾਂ ਵਿਚ ਡੱਕ ਦਿੱਤੇ ਗਏ ਜੋ ਇਸ ਨੀਤੀ ਉੱਪਰ ਸਵਾਲ ਕਰਦੇ ਸਨ ਅਤੇ ਮਜ਼ਲੂਮਾਂ ਦੀ ਧਿਰ ਬਣਦੇ ਸਨ।

ਔਰਤਾਂ ਵਿਰੁੱਧ ਜਿਨਸੀ ਹਿੰਸਾ ਹਜੂਮ ਦੇ ਰੂਪ ’ਚ ਹੋਵੇ ਜਾਂ ਪੁਲਿਸ-ਫ਼ੌਜ ਦੁਆਰਾ, ਅਜਿਹੇ ਪੈਮਾਨੇ ਦੇ ਹੌਲਨਾਕ ਕਾਂਡ ਹਕੂਮਤ ਦੇ ਪੱਧਰ ’ਤੇ ਯੋਜਨਾਬੰਦੀ ਅਤੇ ਰਾਜਕੀ ਪੁਸ਼ਤਪਨਾਹੀ ਤੋਂ ਬਿਨਾਂ ਸੰਭਵ ਨਹੀਂ ਹੁੰਦੇ। ਪੁਲਿਸ ਅਤੇ ਸਿਵਲ ਪ੍ਰਸ਼ਾਸਨ ਸਰਕਾਰ ਦੇ ਆਦੇਸ਼ ’ਤੇ ਸੰਵਿਧਾਨਕ ਫ਼ਰਜ਼ ਨਿਭਾਉਣ ਤੋਂ ਕਿਨਾਰਾ ਕਰਦੇ ਹੋਏ ਹਿੰਸਾ ਕਰ ਰਹੇ ਹਜੂਮਾਂ ਨੂੰ ਸੁਰੱਖਿਆ ਛੱਤਰੀ ਮੁਹੱਈਆ ਕਰਦੇ ਹਨ ਅਤੇ ਕਈ ਥਾਵਾਂ ਉੱਪਰ ਤਾਂ ਹਮਲਾਵਰ ਹਜੂਮ ਦਾ ਸਾਥ ਦਿੰਦੇ ਵੀ ਦੇਖੇ ਜਾ ਸਕਦੇ ਹਨ। ਬਾਅਦ ਵਿਚ ਹਾਹਾਕਾਰ ਮਚਣ ’ਤੇ ਕੇਸ ਦਰਜ ਦੀ ਖ਼ਾਨਾਪੂਰਤੀ ਕਰਨਾ, ਵਿਸ਼ੇਸ਼ ਜਾਂਚ ਕਮਿਸ਼ਨ ਬਣਾਉਣਾ, ਕਮਿਸ਼ਨਾਂ ਵੱਲੋਂ ਘਿਨਾਉਣੇ ਜੁਰਮਾਂ ਦੇ ਸਬੂਤਾਂ ਨੂੰ ਮਿਟਾਉਣਾ, ਪੁਲਿਸ ਵੱਲੋਂ ਚਸ਼ਮਦੀਦ ਗਵਾਹਾਂ ਨੂੰ ਡਰਾ-ਧਮਕਾ ਕੇ ਚੁੱਪ ਕਰਾਉਣਾ, ਅਦਾਲਤਾਂ ’ਚ ਦਹਾਕਿਆਂ ਤੱਕ ਮੁਕੱਦਮੇ ਚਲਾ ਕੇ ਨਿਆਂ ਲੈਣ ਲਈ ਯਤਨਸ਼ੀਲ ਮਜ਼ਲੂਮ ਧਿਰ ਨੂੰ ਹੰਭਾਉਣਾ-ਥਕਾਉਣਾ, ਅਖ਼ੀਰ ’ਚ ਇੱਕਾ-ਦੁੱਕਾ ਦੋਇਮ ਦਰਜੇ ਦੇ ਮੁਜਰਿਮਾਂ ਨੂੰ ਕੁਝ ਸਜ਼ਾਵਾਂ ਦੇ ਕੇ ਮੁੱਖ ਮੁਜਰਿਮਾਂ ਨੂੰ ਬਚਾਉਣਾ ਅਤੇ ਉੱਚ ਅਦਾਲਤਾਂ ’ਚ ਸਜ਼ਾਯਾਫ਼ਤਾ ਵਿਅਕਤੀਆਂ ਨੂੰ ਬਰੀ ਕਰਾਉਣਾ ਜਾਂ ਸਰਕਾਰ ਵੱਲੋਂ ਉਨ੍ਹਾਂ ਦੀਆਂ ਸਜ਼ਾਵਾਂ ਵੀ ਮੁਆਫ਼ ਕਰ ਦੇਣਾ, ਇਹ ਆਮ ਪੈਟਰਨ ਹੈ ਜੋ ਘੱਟਗਿਣਤੀ ਜਾਂ ਹਾਸ਼ੀਏ ’ਤੇ ਧੱਕੇ ਹਿੱਸਿਆਂ ਦੇ ਕੇਸਾਂ ਵਿਚ ਅਕਸਰ ਦੇਖਿਆ ਜਾ ਸਕਦਾ ਹੈ। ਭਾਜਪਾ ਦੀਆਂ ਕੇਂਦਰ ਅਤੇ ਸਰਕਾਰਾਂ ਤਾਂ ਭਗਵੇਂ ਦਹਿਸ਼ਤੀਆਂ ਅਤੇ ਪੁਲਿਸ ਅਧਿਕਾਰੀਆਂ ਵਿਰੁੱਧ ਦਰਜ ਬਹੁਤ ਸਾਰੇ ਕੇਸ ਹੀ ਵਾਪਸ ਲੈ ਰਹੀਆਂ ਹਨ। ਹਿਟਲਰ, ਮੁਸੋਲਿਨੀ ਨੂੰ ਆਦਰਸ਼ ਮੰਨਣ ਵਾਲੀ ਆਰ.ਐੱਸ.ਐੱਸ.-ਭਾਜਪਾ ਨੇ ਤਾਂ ਇਸ ਨੂੰ ਨਿਆਂਪਸੰਦਾਂ ਦੀ ਜ਼ਬਾਨਬੰਦੀ ਦੀ ਤਕਨੀਕ ਦੇ ਰੂਪ ’ਚ ਵਿਕਸਤ ਕਰ ਲਿਆ ਹੈ ਅਤੇ ਨਿਆਂ ਦਿਵਾਉਣ ਲਈ ਮਜ਼ਲੂਮਾਂ ਦੀ ਕਾਨੂੰਨੀ ਸਹਾਇਤਾ ਦੇਣ ਵਾਲਿਆਂ ਨੂੰ ਜੇਲ੍ਹਾਂ ’ਚ ਡੱਕਿਆ ਜਾ ਰਿਹਾ ਹੈ। ਇਸ ਹਕੂਮਤ ਵੱਲੋਂ ਫ਼ੌਜ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਜਾਂ ਸਰਕਾਰ ਦੀਆਂ ਨੀਤੀਆਂ ਤੇ ਨੀਅਤ ਉੱਪਰ ਸਵਾਲ ਉਠਾਉਣਾ ਹੀ ਦੇਸ਼ ਵਿਰੋਧੀ ਕਾਰਵਾਈ ਬਣਾ ਦਿੱਤਾ ਗਿਆ ਹੈ।

ਮਨੀਪੁਰ ’ਚ ਕੁਕੀ ਔਰਤਾਂ ਉੱਪਰ ਹੌਲਨਾਕ ਜਿਨਸੀ ਜ਼ੁਲਮਾਂ ਪਿੱਛੇ ਕੰਮ ਕਰਦੀ ਹਕੂਮਤੀ ਨੀਤੀ ਅਤੇ ਮਨਸ਼ੇ ਬਾਰੇ ਸਪਸ਼ਟ ਸਮਝ ਬਣਾ ਕੇ ਹੀ ਭਵਿੱਖ ’ਚ ਐਸੀ ਹਿੰਸਾ ਨੂੰ ਰੋਕਣ ਲਈ ਪੇਸ਼ਬੰਦੀ ਕੀਤੀ ਜਾ ਸਕਦੀ ਹੈ। ਸਿਰਫ਼ ਇਕ-ਦੋ ਵੀਡੀਓ ਸਾਹਮਣੇ ਆਉਣ ’ਤੇ ਜਜ਼ਬਾਤੀ ਵਿਰੋਧ ਪ੍ਰਦਰਸ਼ਨਾਂ ਦਾ ਵਕਤੀ ਉਬਾਲ ਕੋਈ ਬਹੁਤੀ ਸਾਰਥਕ ਭੂਮਿਕਾ ਨਹੀਂ ਨਿਭਾ ਸਕਦਾ, ਜੇ ਇਸ ਵਿਰੋਧ ਨੂੰ ਜਿਨਸੀ ਹਿੰਸਾ ਨੂੰ ਜਬਰ ਦਾ ਸੰਦ ਬਣਾ ਕੇ ਵਰਤਣ ਵਿਰੁੱਧ ਲਗਾਤਾਰਤਾ ਨਾਲ ਅਤੇ ਸਪਸ਼ਟ ਸਮਝ ਨਾਲ ਅਵਾਮ ਦੀ ਜਾਗਰੂਕਤਾ ਬਣਾਉਣ ਲਈ ਬਰਕਰਾਰ ਨਹੀਂ ਰੱਖਿਆ ਜਾਂਦਾ। ਹਿੰਸਾ ਦਾ ਸੰਦ ਬਣੇ ਸ਼ਖ਼ਸਾਂ ਨੂੰ ਸਜ਼ਾਵਾਂ ਦਿਵਾਉਣਾ ਮਹੱਤਵਪੂਰਨ ਹੈ, ਨਾਲ ਹੀ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਹੈ, ਮੁੱਖ ਜ਼ਿੰਮੇਵਾਰ ਹੁਕਮਰਾਨਾਂ ਅਤੇ ਰਾਜ-ਮਸ਼ੀਨਰੀ ਨੂੰ ਲੋਕ ਕਟਹਿਰੇ ਵਿਚ ਜਵਾਬਦੇਹ ਬਣਾਉਣਾ ਅਤੇ ਸਰਕਾਰੀ ਤੇ ਗ਼ੈਰ-ਸਰਕਾਰੀ ਗਰੋਹਾਂ ਵੱਲੋਂ ਸਰਕਾਰੀ ਪੁਸ਼ਤਪਨਾਹੀ ਨਾਲ ਜਿਨਸੀ ਹਿੰਸਾ ਨੂੰ ਹਥਿਆਰ ਬਣਾ ਕੇ ਭਾਈਚਾਰਿਆਂ ਨੂੰ ਜ਼ਲੀਲ ਕਰਨ ਤੇ ਉਨ੍ਹਾਂ ਦਾ ਮਨੋਬਲ ਤੋੜਨ ਦੀ ਨੀਤੀ ਵਿਰੁੱਧ ਵਿਆਪਕ ਲੋਕ ਰਾਇ ਖੜ੍ਹੀ ਕਰਨਾ।

# ਸਮਾਜ ਸੇਵਾ ਤੇ ਪਰਉਪਕਾਰ ਲਈ ਵਚਨਬੱਧ ਰੱਖੜਾ ਪਰਿਵਾਰ

ਸਮਾਜ ਵਿਚ ਜਦ ਬਿਪਤਾ ਅਤੇ ਕੁਦਰਤੀ ਆਫ਼ਤਾਂ ਦਾ ਪਰਛਾਵਾਂ ਪੈਂਦਾ ਹੈ, ਤਦ ਮਨੁੱਖਤਾ ਦੀ ਚਮਕਦਾਰ ਰੌਸ਼ਨੀ, ਲੋੜਵੰਦਾਂ ਨੂੰ ਉੱਚਾ ਚੁੱਕਣ ਲਈ ਸਮਰਪਿਤ ਵਿਅਕਤੀਆਂ ਅਤੇ ਪਰਿਵਾਰਾਂ ਵਿਚ ਲੱਭੀ ਜਾ ਸਕਦੀ ਹੈ। ਰੱਖੜਾ ਪਰਿਵਾਰ ਅਜਿਹੀ ਹੀ ਕਮਾਲ ਦੀ ਮਿਸਾਲ ਹੈ ਜਿਸ ਦੀ ਪਰਉਪਕਾਰ ਅਤੇ ਸਮਾਜ ਸੇਵਾ ਪ੍ਰਤੀ ਅਟੁੱਟ ਵਚਨਬੱਧਤਾ ਨੇ ਸਮਾਜ 'ਤੇ ਅਮਿੱਟ ਛਾਪ ਛੱਡੀ ਹੈ। ਸ. ਦਰਸ਼ਨ ਸਿੰਘ ਧਾਲੀਵਾਲ,

**ਡਾ. ਧਰਮਿੰਦਰ ਸਿੰਘ ਉੱਭਾ**
**ਫੋਨ: +91-98557-11380**

ਸ. ਸੁਰਜੀਤ ਸਿੰਘ ਰੱਖੜਾ ਅਤੇ ਸ. ਚਰਨਜੀਤ ਸਿੰਘ ਧਾਲੀਵਾਲ ਦੀ ਦੂਰਅੰਦੇਸ਼ ਤਿਕੜੀ ਦੀ ਅਗਵਾਈ ਵਿਚ ਰੱਖੜਾ ਪਰਿਵਾਰ ਨੇ ਕੁਦਰਤੀ ਆਫਤਾਂ ਦੌਰਾਨ ਲਗਾਤਾਰ ਸੇਵਾ ਕੀਤੀ ਹੈ ਅਤੇ ਬਹੁਤ ਸਾਰੇ ਲੋਕਾਂ ਦੇ ਜੀਵਨ ਨੂੰ ਛੂਹਿਆ ਹੈ। ਪੰਜਾਬ ਵਿਚ ਹੜ੍ਹਾਂ ਦੌਰਾਨ ਜ਼ਰੂਰੀ ਸਹਾਇਤਾ ਮੁਹੱਈਆ ਕਰਨ ਤੋਂ ਲੈ ਕੇ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਦੀ ਸਹਾਇਤਾ ਕਰਨ ਤੱਕ ਉਨ੍ਹਾਂ ਦੇ ਮਿਸਾਲੀ ਯੋਗਦਾਨ ਨਾਲ ਉਨ੍ਹਾਂ ਨੇ ਸਮਾਜ ਦੇ ਸਾਰੇ ਵਰਗਾਂ ਵਿਚ ਸਤਿਕਾਰ ਅਤੇ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ।

ਹੁਣ ਅਸੀਂ ਵੱਖ-ਵੱਖ ਕੁਦਰਤੀ ਆਫ਼ਤਾਂ ਅਤੇ ਚੈਰੀਟੇਬਲ ਗਤੀਵਿਧੀਆਂ ਦੌਰਾਨ ਰੱਖੜਾ ਪਰਿਵਾਰ ਦੀ ਪ੍ਰਸ਼ੰਸਾਯੋਗ ਭੂਮਿਕਾ ਅਤੇ ਮਹੱਤਵਪੂਰਨ ਯੋਗਦਾਨ ਬਾਰੇ ਵਿਚਾਰ ਕਰਾਂਗੇ।

**ਹੜ੍ਹਾਂ ਦੌਰਾਨ ਉਮੀਦ ਵੰਡਣਾ:** ਪੰਜਾਬ ਵਿਚ ਹਾਲ ਹੀ ਵਿਚ ਆਏ ਹੜ੍ਹਾਂ ਦੌਰਾਨ ਰੱਖੜਾ ਪਰਿਵਾਰ ਪ੍ਰਭਾਵਿਤ ਭਾਈਚਾਰਿਆਂ ਨੂੰ ਰਾਹਤ ਮੁਹੱਈਆ ਕਰਨ ਲਈ ਅੱਗੇ ਆਇਆ। ਬਿਪਤਾ ਦੀ ਇਸ ਔਖੀ ਘੜੀ ਵਿਚ ਰੱਖੜਾ ਪਰਿਵਾਰ ਨੇ ਤੇਜ਼ੀ ਨਾਲ ਲੰਗਰ ਤੇ ਪਾਣੀ ਵੰਡਿਆ ਅਤੇ ਨਾਲ ਹੀ ਇਹ ਯਕੀਨੀ ਬਣਾਇਆ ਕਿ ਪਟਿਆਲਾ ਦੇ ਲੋੜਵੰਦ ਖੇਤਰਾਂ ਵਿਚ ਕੋਈ ਵੀ ਪ੍ਰਾਣੀ ਰੋਟੀ ਕਾਰਨ ਭੁੱਖਾ ਨਾ ਰਹੇ। ਇਸ ਤੋਂ ਇਲਾਵਾ ਉਨ੍ਹਾਂ ਅਜਿਹੇ ਭਿਆਨਕ ਸਮਿਆਂ ਵਿਚ ਜਾਨਵਰਾਂ ਦੀ ਦੇਖਭਾਲ ਦੇ ਮਹੱਤਵ ਨੂੰ ਵੀ ਪਛਾਣਿਆ ਅਤੇ ਸਾਰੇ ਜੀਵਾਂ ਪ੍ਰਤੀ ਹਮਦਰਦੀ 'ਤੇ ਜ਼ੋਰ ਦਿੰਦੇ ਹੋਏ ਖੁੱਲ੍ਹੇ ਦਿਲ ਨਾਲ ਚਾਰੇ ਦੀ ਸਪਲਾਈ ਕੀਤੀ।

**ਪਰਉਪਕਾਰੀ ਭਰਾਵਾਂ ਦੀ ਤਿਕੜੀ:** ਰੱਖੜਾ ਪਰਿਵਾਰ ਪਰਉਪਕਾਰ ਅਤੇ ਸਮਾਜ ਸੇਵਾ ਦੀ ਸ਼ਾਨਦਾਰ ਵਿਰਾਸਤ ਦਾ ਮਾਣ ਕਰਦਾ ਹੈ। ਦਰਸ਼ਨ ਸਿੰਘ ਧਾਲੀਵਾਲ ਪ੍ਰਭਾਵਸ਼ਾਲੀ ਅਤੇ ਦਿਆਲੂ ਸਖ਼ਸ਼ੀਅਤ ਹਨ। ਉਨ੍ਹਾਂ ਨਾ ਸਿਰਫ਼ ਸਫ਼ਲ ਵਪਾਰੀ ਅਤੇ ਉਦਯੋਗਪਤੀ ਵਜੋਂ ਸਗੋਂ ਸਮਰਪਿਤ ਪਰਉਪਕਾਰੀ ਵਜੋਂ ਵੀ ਵਿਲੱਖਣ ਨਾਮਣਾ ਖੱਟਿਆ ਹੈ। ਰੱਖੜਾ ਪਰਿਵਾਰ ਦੇ ਮੈਂਬਰ ਦਰਸ਼ਨ ਸਿੰਘ ਧਾਲੀਵਾਲ ਦੀ ਜੀਵਨ ਯਾਤਰਾ ਸਮਾਜ ਸੇਵਾ ਅਤੇ ਦਾਨ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਦਾ ਪ੍ਰਮਾਣ ਹੈ। ਉਹ ਅਮਰੀਕਾ ਵਿਚ ਰਹਿੰਦੇ ਹਨ ਪਰ ਉਨ੍ਹਾਂ ਦੇ ਪਰਉਪਕਾਰੀ ਯਤਨਾਂ ਨੇ ਸਰਹੱਦਾਂ ਪਾਰ ਕਰ ਦਿੱਤੀਆਂ ਹਨ ਜਿਸ ਨਾਲ ਉਨ੍ਹਾਂ ਨੇ ਬਹੁਤ ਸਾਰੇ ਲੋਕਾਂ ਦੇ ਜੀਵਨ 'ਤੇ ਸਕਾਰਾਤਮਕ ਪ੍ਰਭਾਵ ਪਾਇਆ ਹੈ। ਸੂਝ-ਬੂਝ ਵਾਲੇ ਉੱਦਮੀ ਵਜੋਂ ਦਰਸ਼ਨ ਸਿੰਘ ਧਾਲੀਵਾਲ ਨੇ ਵੱਖ-ਵੱਖ ਉਦਮਾਂ ਵਿਚ ਸ਼ਾਨਦਾਰ ਸਫ਼ਲਤਾ ਪ੍ਰਾਪਤ ਕੀਤੀ। ਉੱਤਮਤਾ, ਨਵੀਨ ਸੋਚ ਅਤੇ ਨੈਤਿਕ ਅਭਿਆਸਾਂ ਪ੍ਰਤੀ ਉਨ੍ਹਾਂ ਦੇ ਸਮਰਪਣ ਨੇ ਉਸ ਦੇ ਸਫ਼ਲ ਉਦਮਾਂ ਨੂੰ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬ ਦੀ ਸਿਆਸਤ ਵਿਚ ਉੱਘੀ ਹਸਤੀ ਸੁਰਜੀਤ ਸਿੰਘ ਰੱਖੜਾ ਨੇ ਸੂਬੇ ਦੇ ਸਿਆਸੀ ਦ੍ਰਿਸ਼ 'ਤੇ ਅਮਿੱਟ ਛਾਪ ਛੱਡੀ ਹੈ। ਸੁਰਜੀਤ ਸਿੰਘ ਰੱਖੜਾ ਨੇ ਨਾ ਸਿਰਫ਼ ਪਰਉਪਕਾਰ ਦੀ ਵਿਰਾਸਤ ਨੂੰ ਸੰਭਾਲਿਆ ਹੈ ਸਗੋਂ ਤਜਰਬੇਕਾਰ ਸਿਆਸਤਦਾਨ ਅਤੇ ਸੁਹਿਰਦ ਆਗੂ ਵਜੋਂ ਵੀ ਨਾਮਣਾ ਖੱਟਿਆ ਹੈ। ਰਾਜਨੀਤੀ ਪ੍ਰਤੀ ਉਨ੍ਹਾਂ ਦੀ ਪਹੁੰਚ ਸੱਚੀ ਹਮਦਰਦੀ ਅਤੇ ਸਮਾਜ ਸੇਵਾ ਕਰਨ ਦੀ ਇੱਛਾ 'ਤੇ ਆਧਾਰਿਤ ਹੈ। ਉਹ ਰਾਜ ਅਤੇ ਇਸ ਦੇ ਲੋਕਾਂ ਨੂੰ ਦਰਪੇਸ਼ ਚੁਣੌਤੀਆਂ ਦੇ ਵਿਹਾਰਕ ਹੱਲ ਲੱਭਣ ਲਈ ਵੱਖ-ਵੱਖ ਹਿੱਸੇਦਾਰਾਂ ਵਿਚਕਾਰ ਰਚਨਾਤਮਕ ਸੰਵਾਦ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਆਪਣੀ ਸੂਝਵਾਨ ਅਗਵਾਈ ਅਤੇ ਲੋਕਾਂ



ਲਈ ਸੱਚੀ ਚਿੰਤਾ ਦੇ ਨਾਲ-ਨਾਲ ਆਪਣੇ ਸਾਥੀਆਂ ਅਤੇ ਹਲਕੇ, ਦੋਵਾਂ ਤੋਂ ਬਹੁਤ ਸਤਿਕਾਰ ਅਤੇ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ। ਉਨ੍ਹਾਂ ਕੁਦਰਤੀ ਆਫ਼ਤਾਂ ਦੌਰਾਨ ਰੱਖੜਾ ਪਰਿਵਾਰ ਦੇ ਚੈਰੀਟੇਬਲ ਯਤਨਾਂ, ਲੰਗਰ ਦੀ ਸੇਵਾ, ਜ਼ਰੂਰੀ ਸਾਮਾਨ ਮੁਹੱਈਆ ਕਰਨ ਅਤੇ ਸੰਕਟ ਵਿਚ ਘਿਰੇ ਲੋਕਾਂ ਲਈ ਮਦਦ ਦਾ ਹੱਥ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਸ. ਚਰਨਜੀਤ ਸਿਘ ਧਾਲੀਵਾਲ ਬਾਕੀ ਪਰਿਵਾਰ ਸਮੇਤ ਸੰਕਟ ਦੀ ਘੜੀ ਵਿਚ ਮਨੁੱਖਤਾ ਦੀ ਸੇਵਾ ਲਈ ਅਟੁੱਟ ਵਚਨਬੱਧਤਾ ਨਾਲ ਅੱਗੇ ਆਏ ਹਨ। ਸੇਵਾ ਅਤੇ ਸਮਾਜ ਦੀ ਭਲਾਈ ਲਈ ਉਸ ਦੀ ਵਚਨਬੱਧਤਾ ਆਪਣੇ ਪਿਤਾ ਸ. ਕਰਤਾਰ ਸਿਘ ਧਾਲੀਵਾਲ ਦੁਆਰਾ ਸਥਾਪਿਤ ਕਦਰਾਂ-ਕੀਮਤਾਂ ਵਿਚ ਵਸੀ ਹੋਈ ਹੈ। ਚਰਨਜੀਤ ਸਿਘ ਰੱਖੜਾ ਨੇ ਪਰਿਵਾਰ ਦੀ ਵਿਰਾਸਤ ਨੂੰ ਅਪਣਾਇਆ ਅਤੇ ਜਾਰੀ ਰੱਖਿਆ ਹੈ। ਤਿੰਨਾਂ ਭਾਰਾਵਾਂ ਦੀ ਅਨੂਠੀ ਸਾਂਝ ਉਨ੍ਹਾਂ ਸਾਂਝੀਆਂ ਕਦਰਾਂ-ਕੀਮਤਾਂ 'ਤੇ ਜ਼ੋਰ ਦਿੰਦੀ ਹੈ। ਇਹ ਸਾਂਝ ਉਨ੍ਹਾਂ ਦੀ ਦਿਆਲਤਾ ਅਤੇ ਕੰਮਾਂ ਤੋਂ ਜ਼ਾਹਿਰ ਹੁੰਦੀ ਹੈ।

**ਬਿਪਤਾ ਦੌਰਾਨ ਕਦਮ ਚੁੱਕਣਾ:** ਰੱਖੜਾ ਪਰਿਵਾਰ ਦੀ ਦਿਆਲਤਾ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਤੱਕ ਫੈਲੀ ਹੋਈ ਹੈ। ਤਾਮਿਲਨਾਡੂ ਵਿਚ ਭਿਆਨਕ ਸੁਨਾਮੀ ਦੌਰਾਨ ਉਨ੍ਹਾਂ ਨੇ ਉਦਾਰਤਾ ਦੀ ਬੇਮਿਸਾਲ ਭਾਵਨਾ ਦਾ ਪ੍ਰਦਰਸ਼ਨ ਕੀਤਾ ਅਤੇ ਰਾਹਤ ਕਾਰਜਾਂ ਲਈ 5 ਕਰੋੜ 70 ਲੱਖ ਰੁਪਏ ਦਾ ਯੋਗਦਾਨ ਪਾਇਆ। ਇਸ ਨਿਰਸਵਾਰਥ ਸੰਕੇਤ ਨੇ ਤਬਾਹੀ ਦੁਆਰਾ ਤਬਾਹ ਹੋਏ ਲੋਕਾਂ ਲਈ ਉਮੀਦ ਦੀ ਨਵੀਂ ਕਿਰਨ ਜਗਾਈ। ਹੜ੍ਹਾਂ ਕਾਰਨ ਪੈਦਾ ਹੋਏ ਦੁੱਖ ਦੂਰ ਕਰਨ ਲਈ ਉਨ੍ਹਾਂ ਦੇ ਸਮਰਪਣ ਦਾ ਇਕ ਹੋਰ ਕਾਰਜ 2010 ਵਿਚ ਸਾਹਮਣੇ ਆਇਆ ਜਦੋਂ ਉਨ੍ਹਾਂ ਨੇ ਪ੍ਰਭਾਵਿਤ ਖੇਤਰਾਂ ਨੂੰ ਲੰਗਰ ਅਤੇ ਪਾਣੀ ਸਮੇਤ ਜ਼ਰੂਰੀ ਸਹਾਇਤਾ ਮੁਹੱਈਆ ਕੀਤੀ। ਇਸ ਤੋਂ ਪਹਿਲਾਂ 1993 ਦੇ ਹੜ੍ਹਾਂ ਦੌਰਾਨ ਵੀ ਉਨ੍ਹਾਂ 5 ਲੱਖ ਰੁਪਏ ਦਾ ਯੋਗਦਾਨ ਪਾਇਆ ਸੀ।

**ਧਰਨੇ ਦੌਰਾਨ ਕਿਸਾਨਾਂ ਦਾ ਸਮਰਥਨ:** ਅਜੋਕੇ ਸਮੇਂ ਵਿਚ ਜਦੋਂ ਕਿਸਾਨਾਂ ਦੇ ਧਰਨੇ ਨੇ ਧਿਆਨ ਅਤੇ ਕਾਰਵਾਈ ਦੀ ਮੰਗ ਕੀਤੀ ਤਾਂ ਰੱਖੜਾ ਪਰਿਵਾਰ ਨੇ ਇਕ ਵਾਰ ਫਿਰ ਸੇਵਾ ਦੇ ਚੈਂਪੀਅਨ ਵਜੋਂ ਆਪਣੀ ਕਾਬਲੀਅਤ ਦਾ ਸਬੂਤ ਦਿੱਤਾ। ਪਰਿਵਾਰ ਨੇ ਲੰਗਰ ਦੀ ਸੇਵਾ, ਮੈਡੀਕਲ ਸਹੂਲਤਾਂ, ਆਵਾਜਾਈ ਅਤੇ ਹੋਰ ਸੇਵਾਵਾਂ 'ਤੇ 7 ਕਰੋੜ ਰੁਪਏ ਤੋਂ ਵੱਧ ਖਰਚ ਕੀਤੇ ਹਾਲਾਂਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਚੁਣੌਤੀ ਭਰਪੂਰ ਸਨ ਕਿਉਂਕਿ ਸਰਕਾਰ ਨੇ ਵਿਰੋਧ ਪ੍ਰਦਰਸ਼ਨ ਦੌਰਾਨ ਸ. ਦਰਸ਼ਨ ਸਿੰਘ ਧਾਲੀਵਾਲ ਨੂੰ ਅਮਰੀਕਾ ਤੋਂ ਭਾਰਤ ਵਿਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਕਿਸਾਨਾਂ ਦੀ ਸਹਾਇਤਾ ਲਈ ਪੈਸੇ ਭੇਜਣ ਤੋਂ ਰੋਕਿਆ ਗਿਆ ਸੀ। ਪਰਿਵਾਰ ਨੇ ਇਸ ਮੰਤਵ ਲਈ 2 ਕਰੋੜ ਰੁਪਏ ਬਿਨਾਂ ਪ੍ਰਵਾਹ ਕੀਤੇ ਕਰਜ਼ਾ ਚੁੱਕ ਲਿਆ ਅਤੇ ਆਪਣੀ ਸੇਵਾ ਜਾਰੀ ਰੱਖੀ।

**ਮਾਨਤਾ ਦੀ ਇਕ ਵਾਰੀ:** ਰੁਕਾਵਟਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਰੱਖੜਾ ਪਰਿਵਾਰ ਦੀ ਅਦੁੱਤੀ ਭਾਵਨਾ ਅਜਾਈਂ ਨਹੀਂ ਗਈ। ਭਾਰਤ ਸਰਕਾਰ ਨੇ ਸ. ਦਰਸ਼ਨ ਸਿੰਘ ਧਾਲੀਵਾਲ ਨੂੰ ਸਮਾਜ ਦੀ ਭਲਾਈ ਲਈ ਉਨ੍ਹਾਂ ਦੇ ਯੋਗਦਾਨ ਅਤੇ ਵਚਨਬੱਧਤਾ ਨੂੰ ਮਾਨਤਾ ਦਿੰਦੇ ਹੋਏ ਐਨ.ਆਰ.ਆਈ. ਸਨਮਾਨ ਦਿੱਤਾ।

**(ਬਾਕੀ ਸਫਾ 19 'ਤੇ)**

FRIENDS OF PUNJAB FOUNDATION
'MERA PIND' 360
(ALL AROUND HUMAN DEVELOPMENT)
Following the order of Guru Nanak ji

*ਸਾਡੇ ਸਾਰੇ ਗੁਰੂਆਂ ਅਤੇ ਸ਼ਹੀਦਾਂ ਨੇ ਮਨੁੱਖਤਾ ਦੀ ਸੇਵਾ ਕਰ ਕੇ ਸਿੱਖੀ ਦੀ ਮਜ਼ਬੂਤ ਅਤੇ ਸਥਾਈ ਨੀਂਹ ਬਣਾਈ ਹੈ। ਸਾਡੇ ਪੂਰਵਜਾਂ ਨੇ ਇਸ ਸਿਧਾਂਤ ਦਾ ਸਨਮਾਨ ਕੀਤਾ। ਅਜੋਕਾ ਪੰਜਾਬ ਗਲਤ ਦਿਸ਼ਾ ਵੱਲ ਜਾ ਰਿਹਾ ਹੈ। ਸਾਡੇ ਵਿਚੋਂ ਹਰੇਕ ਨੂੰ, ਖਾਸ ਕਰਕੇ ਪ੍ਰਵਾਸੀ ਭਾਰਤੀਆਂ ਨੂੰ, ਆਪੋ-ਆਪਣੇ ਪਿੰਡ ਵਿਚ ਮਨੁੱਖਤਾ ਦੀ ਸੇਵਾ ਕਰ ਕੇ ਸਿੱਖੀ ਦੀ ਨੀਂਹ ਨੂੰ ਮੁੜ ਤੋਂ ਮਜ਼ਬੂਤ ਕਰਨ ਅਤੇ ਉਸ ਦਿਸ਼ਾ ਨੂੰ ਬਦਲਣ ਦੀ ਲੋੜ ਹੈ। ਹੇਠਾਂ ਇੱਕ ਉਦਾਹਰਨ ਹੈ ਕਿ ਕਈ ਸਾਰੀਆਂ ਜ਼ਿੰਦਗੀਆਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੇ ਹੋ। ਪ੍ਰਵਾਸੀ ਭਾਰਤੀ ਖਾਲਸਾ ਏਡ ਦੇ ਸਹਿਯੋਗ ਨਾਲ ਮੇਰਾ ਪਿੰਡ 360 ਸੈਂਟਰ ਹੋਰ ਖੋਲ੍ਹ ਰਹੇ ਹਨ।*

Number of Persons Receiving Various Services.
6 Month's work report of Mera Pind 360 Center @ Vill: Kotli Araian, Block Adampur Doaba, Jalandhar

| Sr No | Activities | First Half of 2023 | Remarks |
|---|---|---|---|
| 1 | Monthly Financial Help to Needy | 134 | From more than 10 villages |
| 2 | Financial help to the needy Students | 15 | For Higher Education |
| 3 | Books issued from library | 310 | All age groups |
| 4 | Historic Day Competition attendees | 570 | From various Schools & Villages |
| 5 | E-Health Checck-Up Patients | 645 | From Surroundings villages |
| 6 | Blood tests | 260 | As recommended by NRI Doctors/Free |
| 7 | Supplements & Drugs issued | 370 | As recommended by NRI Doctors/Free |
| 8 | IT Skills Trainees | 25 | No Charge |
| 9 | Farmers attending Seminar | 15 | From Various Villags |
| 10 | CSC Services + From filling | 840 | No Service Charge |
| 11 | Pan/Adhar Card linkage | 2260 | No Service Charge |
| 12 | Color Print Outs | 4600 | No Service Charge |
| 13 | Passport Size Photos | 1460 | No Service Charge |
| 14 | Non-Woven bags | 1000 | Free of cost |
| 15 | Jute Bag Trainees | 35 | Free of cost |
| 16 | Various Application Writing | 34 | Free of cost |
| 17 | Railway Tickets | 2 | Govt. Charges Only |
| 18 | Voter Card Apply | 6 | Free of Cost |
| 19 | Passport Apply | 8 | Govt. Charges Only |
| 20 | First MERA PIND 360 Center open at LOPON | 1 | Associated with Khalsa Aid International |

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਭੁਪਿੰਦਰ ਐਸ ਹੁੰਦਲ, ਫੋਨ 630-802-2179

# ਵਿਸ਼ਵ ਧਰਮ ਸੰਮੇਲਨ 2023, ਸ਼ਿਕਾਗੋ

**AUGUST 14-18, 2023 I McCORMICK PLACE**

Lakeside Center, 2301 S King Dr, Chicago, IL 60616

**ਅਮਰੀਕਾ ਦੀ ਸਮੂਹ ਸੰਗਤ ਅਤੇ ਮਿਡਵੈਸਟ ਦੇ ਸਭ ਗੁਰਦੁਆਰਿਆਂ ਦੇ ਸਹਿਯੋਗ ਨਾਲ**


**ਅਗਸਤ 13, ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪਰੇਡ**
**ਅਗਸਤ 14, ਤੋਂ ਅਗਸਤ 18, ਤੱਕ ਮਕਾਰਮਿਕ ਪਲੇਸ ਸ਼ਿਕਾਗੋ ਵਿਖੇ**
**ਸੰਗਤਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਤੁੱਟ ਲੰਗਰ ਲਗਾਇਆ ਜਾਵੇਗਾ**

## ਸਰਬ ਧਰਮ ਪਰੇਡ

## The Parade of Faiths

**Sunday, August 13th 1:30 PM – 3:30 PM**

Assembly/Start: 1521 S Linn White Dr, Chicago, IL 60605 USA (Adler Planeterium)
Disassembly/End: 448 E 18th Dr, Chicago, IL 60616, USA





ਇਹ ਸੰਮੇਲਨ ਦਾ ਅਰੰਭ 130 ਸਾਲ ਪਹਿਲਾ ਸੰਨ 1893 ਨੂੰ ਸ਼ਿਕਾਗੋ ਵਿਖੇ ਹੋਇਆ ਸੀ ਜਿਸ ਵਿੱਚ ਸਵਾਮੀ ਵਿਵੇਕਾ ਨੰਦ ਜੀ ਨੇ ਹਿੰਦੂ ਧਰਮ ਵਜੋਂ ਹਿੱਸਾ ਲਿਆ। ਇਸ ਤੋਂ 100 ਸਾਲ ਬਾਅਦ ਇਹ ਸੰਮੇਲਨ ਸੰਨ 1993 ਨੂੰ ਫਿਰ ਸ਼ਿਕਾਗੋ ਵਿਖੇ ਹੋਇਆ ਅਤੇ ਸਿੱਖ ਧਰਮ ਵੱਲੋਂ ਪਹਿਲੀ ਵਾਰ ਇਸ ਵਿੱਚ ਹਿੱਸਾ ਲਿਆ ਗਿਆ। ਜਿਸ ਵਿੱਚ ਸਿੱਖ ਵਿਦਵਾਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰਬਸਾਂਝੀਵਾਲਤਾ ਦਾ ਉਪਦੇਸ਼ ਸਾਰੇ ਧਰਮਾਂ ਨਾਲ ਸਾਂਝਾ ਕੀਤਾ। ਇਸ ਵਾਰ ਵੀ ਸਿੱਖ ਧਰਮ ਦੀ ਇਸ ਸੰਮੇਲਨ ਵਿੱਚ ਸ਼ਮੂਲੀਅਤ ਅਤਿ ਜ਼ਰੂਰੀ ਹੈ।ਅਜਾਦੀ ਅਤੇ ਮਨੁੱਖੀ ਅਧਿਕਾਰ ਦੀ ਸੁਰੱਖਿਆ ਇਸ ਸਾਲ ਦੇ ਸੰਮੇਲਨ ਦਾ ਮੁੱਖ ਵਿਸ਼ਾ ਹੈ ਜੋ ਕਿ ਸਿੱਖ ਵਿਚਾਰਧਾਰਾ ਨਾਲ ਬਹੁਤ ਜਿਆਦਾ ਮੇਲ ਖਾਂਦਾ ਹੈ।ਲਗਭਗ 14000 ਵਿਅਕਤੀ ਇਸ ਸਾਲ ਦੇ ਸੰਮੇਲਨ ਵਿੱਚ ਭਾਗ ਲੈਣਗੇ।

Parade of Faiths 2023 - Google My Maps

**ਇਹਨਾਂ ਸਾਰੇ ਕਾਰਜਾਂ ਨੂੰ ਸਿਰੇ ਚਾੜ੍ਹਨ ਵਾਸਤੇ ਮਾਇਆ ਅਤੇ ਹੱਥੀ ਕੰਮ ਕਰਨ ਵਾਲੇ ਸੇਵਾਦਾਰਾਂ ਦੀ ਬਹੁਤ ਜਿਆਦਾ ਲੋੜ ਹੈ। ਇਹ ਸਾਰੇ ਕਾਰਜ ਆਪ ਜੀ ਦੇ ਸਹਿਯੋਗ ਨਾਲ ਹੀ ਸਿਰੇ ਚੜ੍ਹ ਸਕਦੇ ਹਨ।ਇਸ ਲਈ ਬੇਨਤੀ ਹੈ ਕਿ ਵੱਧ ਚੜ੍ਹ ਕੇ ਭਾਗ ਲਵੋ ਅਤੇ ਬਾਕੀਆਂ ਨੂੰ ਵੀ ਯੋਗਦਾਨ ਪਾਉਣ ਲਈ ਪ੍ਰੇਰਿਤ ਕਰੋ।**

## ਲੰਗਰ The Langar

**August 14 – 18, 11:30 AM to 3:00 PM**

A cherished part of Parliament lore is the legacy of langar. So it is a dream come true for organizers of the 2023 Parliament when the langar tradition is being brought back by Sikhs



Zelle **Donate:**
**Zelle to Email:** PoWRDonation@srschicago.org

PARLIAMENT OF THE WORLD'S RELIGIONS

More info https://parliamentofreligions.org/parliament/2023-chicago/

SIKH Religious Society
Gurdwara Palatine

1280 Winnetka Street, Palatine, IL 60067, 1050 Deer Avenue Palatine, IL 60067
Phone: (847) 358-1117 Website: www.srschicago.org Email: contactus@srschicago.org
501 (c) (3) Non-Profit organization IRS Tax ID# 36-4048422R05

# ਗੁਰੂ ਨਾਨਕ ਦੇ ਉਪਦੇਸ਼ਾਂ ਦੀ ਸਹੀ ਪਛਾਣ ਦਾ ਹੋਕਾ ਦਿੰਦੀ ਉਂਕਾਰਪ੍ਰੀਤ ਦੀ ਪੁਸਤਕ 'ਅਣ-ਫਿਰਿਆ ਮੱਕਾ'

ਉਂਕਾਰਪ੍ਰੀਤ ਪੰਜਾਬੀ ਕਵਿਤਾ ਦੇ ਖੇਤਰ ਵਿਚ ਜਾਣਿਆ-ਪਛਾਣਿਆ ਨਾਂ ਹੈ। ਉਹ ਖ਼ੂਬਸੂਰਤ ਕਵਿਤਾ ਤੇ ਗ਼ਜ਼ਲ ਲਿਖਦਾ ਹੈ ਜੋ ਪਾਠਕਾਂ ਦੇ ਮਨਾਂ ਨੂੰ ਧੂਹ ਪਾਉਂਦੀ ਹੈ। ਬੇਸ਼ਕ ਉਸ ਦੇ ਨਾਟਕਾਂ ਦੀਆਂ ਵੀ ਤਿੰਨ ਪੁਸਤਕਾਂ ਛਪ ਚੁੱਕੀਆਂ ਹਨ ਪਰ ਉਹ ਜਾਣਿਆ ਬਹੁਤਾ ਕਵੀ ਵਜੋਂ ਹੀ ਜਾਂਦਾ ਹੈ। ਉਹ ਪਿਛਲੇ ਤਿੰਨ ਦਹਾਕਿਆਂ ਤੋਂ ਕਵਿਤਾ ਲਿਖਦਾ ਆ ਰਿਹਾ ਹੈ ਅਤੇ ਪੰਜਾਬੀ ਕਾਵਿ-ਜਗਤ ਵਿਚ ਆਪਣੀ ਪਛਾਣ ਉਸ ਨੇ 2005 ਵਿਚ ਛਪੀ ਗ਼ਜ਼ਲਾਂ ਦੀ ਪਲੇਠੀ ਪੁਸਤਕ 'ਮਿੱਪਲ ਦੀ ਕੈਨਵਸ' ਨਾਲ ਬਣਾਈ।



ਡਾ. ਸੁਖਦੇਵ ਸਿੰਘ ਝੰਡ
ਫੋਨ: 647-567-9128

ਮੇਰੀ ਉਸ ਦੇ ਨਾਲ ਮੁਲਾਕਾਤ ਵੀ ਇਸ ਪੁਸਤਕ ਰਾਹੀਂ ਹੀ ਹੋਈ ਜਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਸੇਵਾ ਕਰਦਿਆਂ ਮੈਨੂੰ ਲਾਇਬ੍ਰੇਰੀ ਵਿਚ ਇਹ ਪੁਸਤਕ ਪੜ੍ਹਨ ਦਾ ਮੌਕਾ ਮਿਲਿਆ। ਇਸ ਪੁਸਤਕ ਵਿਚਲੀਆਂ ਗ਼ਜ਼ਲਾਂ ਨੇ ਮੈਨੂੰ ਏਨਾ ਪ੍ਰਭਾਵਿਤ ਕੀਤਾ ਕਿ ਇਸ ਦੇ 'ਸਹਿਜ-ਪਾਠ' ਤੋਂ ਬਾਅਦ ਤੁਰੰਤ ਬਾਅਦ ਮੈਂ ਇਸ ਦਾ ਰੀਵਿਊ ਲਿਖਣਾ ਸ਼ੁਰੂ ਕਰ ਦਿੱਤਾ ਜੋ ਡਾ. ਜੋਗਿੰਦਰ ਸਿੰਘ ਕੈਰੋਂ ਦੀ ਸੰਪਾਦਨਾ ਹੇਠ ਅੰਮ੍ਰਿਤਸਰ ਤੋਂ ਛਪਦੇ ਸਾਹਿਤਕ ਰਿਸਾਲੇ 'ਅਜੋਕੇ ਸ਼ਿਲਾਲੇਖ' ਵਿਚ ਛਪਿਆ।


ਦਰਅਸਲ, ਇਸ ਪੁਸਤਕ ਵਿਚਲੀਆਂ ਗ਼ਜ਼ਲਾਂ ਵਿਚ ਕੈਨੇਡਾ ਦੇ ਰਾਸ਼ਟਰੀ ਰੁੱਖ 'ਮੇਪਲ' ਤੇ ਪੰਜਾਬ ਦੇ ਹਰਮਨ-ਪਿਆਰੇ ਰੁੱਖ 'ਪਿੱਪਲ' ਦਾ ਜ਼ਿਕਰ ਬਹੁਤ ਥਾਵਾਂ 'ਤੇ ਆਉਂਦਾ ਹੈ ਅਤੇ ਪੁਸਤਕ ਦਾ ਸਿਰਲੇਖ 'ਮਿੱਪਲ ਦੀ ਕੈਨਵਸ' ਵੀ ਉਂਕਾਰਪ੍ਰੀਤ ਵੱਲੋਂ ਇਨ੍ਹਾਂ ਰੁੱਖਾਂ ਦੋਹਾਂ ਦੇ ਸੁਮੇਲ ਤੋਂ ਬਣੇ 'ਮਿੱਪਲ' ਦੇ ਨਾਂ 'ਤੇ ਰੱਖਿਆ ਗਿਆ ਹੈ। ਇਸ ਵਿਚ ਸ਼ਾਮਲ ਗ਼ਜ਼ਲ ਦਾ ਇਕ ਸ਼ਿਅਰ ਹੈ:

"ਇਕ ਰਾਹੀ ਰੁਕਿਆ ਰੋਇਆ, ਚੁਪਚਾਪ ਤੁਰ ਪਿਆ ਫਿਰ
ਮੇਪਲ ਨੂੰ ਜੱਫੀ ਪਾ ਕੇ, ਪਿੱਪਲ ਦਾ ਨਾਮ ਲੈ ਕੇ।"

ਇਸ ਸ਼ਿਅਰ ਦੀ ਖ਼ੂਬਸੂਰਤੀ ਉਸ ਰਾਹੀ ਦਾ ਆਪਣੀ ਜਨਮ-ਭੂਮੀ ਪ੍ਰਤੀ 'ਹੇਰਵਾ' ਹੈ ਜੋ ਕੈਨੇਡਾ ਰਹਿੰਦਿਆਂ ਆਪਣੇ ਪਿੰਡ ਵਿਚਲੇ ਪਿੱਪਲ ਨੂੰ ਯਾਦ ਕਰ ਰਿਹਾ ਹੈ, ਜਿਸ ਨੂੰ ਉਂਕਾਰਪ੍ਰੀਤ ਦੀ ਕਲਮ ਨੇ ਬਾਖ਼ੂਬੀ ਚਿੱਤਰਿਆ ਹੈ। ਪੁਸਤਕ ਵਿਚ ਹੋਰ ਵੀ ਬਹੁਤ ਸਾਰੇ ਅਜਿਹੇ ਸ਼ਿਅਰ ਹਨ ਜਿਨ੍ਹਾਂ ਵਿਚ ਮੇਪਲ ਦਾ ਜ਼ਿਕਰ ਹੈ ਅਤੇ ਇੱਥੇ ਉਨ੍ਹਾਂ ਦੇ ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ।

ਇਸ ਨੂੰ ਮਹਿਜ਼ ਇਤਫਾਕ ਹੀ ਕਿਹਾ ਜਾ ਸਕਦਾ ਹੈ ਕਿ ਮੈਂ ਵੀ ਉਨ੍ਹੀਂ ਦਿਨੀਂ ਪੰਜਾਬ ਅਤੇ ਭਾਰਤ ਦੇ ਰੁੱਖਾਂ ਉੱਪਰ ਕੰਮ ਕਰ ਰਿਹਾ ਸੀ ਅਤੇ ਪੰਜਾਬ ਦੇ ਰੁੱਖਾਂ ਬਾਰੇ ਮੇਰੀ ਪਹਿਲੀ ਪੁਸਤਕ 'ਪੰਜਾਬ ਦੇ ਲੋਕ-ਰੁੱਖ' ਸਾਲ 2000 ਦੌਰਾਨ ਛਪ ਚੁੱਕੀ ਸੀ। ਉਸ ਤੋਂ ਬਾਅਦ ਮੈਂ ਭਾਰਤ ਦੇ ਹੋਰ ਸੂਬਿਆਂ ਵਿਚ ਪਾਏ ਜਾਣ ਵਾਲੇ ਰੁੱਖਾਂ ਬਾਰੇ ਜਾਣਕਾਰੀ ਇਕੱਤਰ ਕਰ ਰਿਹਾ ਸੀ ਜਿਸ 'ਤੇ ਆਧਾਰਿਤ ਬਾਅਦ ਵਿਚ ਮੇਰੀ ਦੂਸਰੀ ਪੁਸਤਕ 'ਸਾਡੇ ਰੁੱਖ' 2010 ਵਿਚ ਛਪੀ। ਇਸ ਤਰ੍ਹਾਂ ਰੁੱਖਾਂ ਨਾਲ ਮੁਹੱਬਤ ਅਤੇ ਇਨ੍ਹਾਂ ਵਿਚਲੀ ਸਾਂਝ ਸਾਡੇ ਦੋਹਾਂ ਵਿਚ ਜਾਣ-ਪਛਾਣ ਦਾ ਸਬੱਬ ਬਣੀ, ਹਾਲਾਂਕਿ ਇਸ ਤੋਂ ਪਹਿਲਾਂ ਸਾਡਾ ਆਪਸ ਵਿਚ ਫੋਨ ਜਾਂ ਖ਼ਤ-ਪੱਤਰ ਰਾਹੀਂ ਕੋਈ ਸੰਪਰਕ ਨਹੀਂ ਸੀ। ਯੂਨੀਵਰਸਿਟੀ ਵਿਚ ਸੇਵਾ-ਮੁਕਤੀ ਤੋਂ ਬਾਅਦ ਕੈਨੇਡਾ ਦੇ ਸ਼ਹਿਰ ਬਰੈਂਪਟਨ ਆਉਣ ਤੋਂ ਬਾਅਦ ਇਕ ਸਾਹਿਤਕ ਸਮਾਗ਼ਮ ਵਿਚ ਸਾਡੀ ਮੁਲਾਕਾਤ ਹੋਈ ਅਤੇ ਜਦੋਂ ਮੈਂ ਉਂਕਾਰਪ੍ਰੀਤ ਦੀ ਪਲੇਠੀ ਪੁਸਤਕ ਦੇ ਪੜ੍ਹਨ ਅਤੇ ਇਸ ਦੇ ਰੀਵਿਊ ਦੇ 'ਅਜੋਕੇ ਸ਼ਿਲਾਲੇਖ' ਵਿਚ ਛਪਣ ਦਾ ਜ਼ਿਕਰ ਕੀਤਾ ਤਾਂ ਉਹ ਬੜਾ ਖੁਸ਼ ਹੋਇਆ ਅਤੇ ਉਸ ਨਾਲ ਕਾਫੀ ਨੇੜਤਾ ਪੈਦਾ ਹੋ ਗਈ ਜੋ ਹੌਲੀ-ਹੌਲੀ ਦੋਸਤੀ ਵਿਚ ਬਦਲਦੀ ਗਈ। ਇਸ ਤੋਂ ਬਾਅਦ ਉਂਕਾਰਪ੍ਰੀਤ ਦੀਆਂ ਨਾਟਕਾਂ ਦੀਆਂ ਤਿੰਨ ਪੁਸਤਕਾਂ 'ਪ੍ਰਗਟਿਓ ਖਾਲਸਾ' (2007), 'ਆਜ਼ਾਦੀ ਦੇ ਜਹਾਜ਼' (2008) ਅਤੇ 'ਰੋਟੀ ਵਾਇਆ ਲੰਡਨ' (2017) ਪੰਜਾਬੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੋਈਆਂ ਜਿਨ੍ਹਾਂ ਦੀ ਖ਼ੂਬ ਸਰਾਹਨਾ ਹੋਈ। ਇਨ੍ਹਾਂ ਵਿਚੋਂ ਅਖੀਰਲੀ ਪੁਸਤਕ 'ਤੇ ਆਧਾਰਿਤ ਉੱਘੇ ਰੰਗਮੰਚ ਨਿਰਦੇਸ਼ਕ ਤੇ ਕਲਾਕਾਰ ਜਸਪਾਲ ਢਿੱਲੋਂ ਦੀ ਟੀਮ ਵੱਲੋਂ ਬਰੈਂਪਟਨ ਦੇ 'ਰੋਜ਼ ਥੀਏਟਰ' ਵਿਚ ਨਾਟਕ 'ਰੋਟੀ ਵਾਇਆ ਲੰਡਨ' ਵੇਖਣ ਦਾ ਮੌਕਾ ਮਿਲਿਆ। ਸੈਂਕੜਿਆਂ ਦੀ ਗਿਣਤੀ ਵਿਚ ਨਾਟਕ-ਪ੍ਰੇਮੀਆਂ ਨੇ ਇਸ ਦਾ ਭਰਪੂਰ ਆਨੰਦ ਮਾਣਿਆ। ਉਂਕਾਰਪ੍ਰੀਤ ਦੀ ਗ਼ਜ਼ਲਾਂ ਦੀ ਇੱਕ ਹੋਰ ਪੁਸਤਕ 'ਆਪਣੀ ਛਾਂ ਦੇ ਸ਼ਬਦ' 2019 ਵਿਚ ਛਪੀ।

ਹਥਲੀ ਪੁਸਤਕ 'ਅਣ-ਫਿਰਿਆ ਮੱਕਾ' ਵਿਚ ਉਂਕਾਰਪ੍ਰੀਤ ਗੁਰੂ ਨਾਨਕ ਦੇਵ ਜੀ ਵੱਲੋਂ ਆਪਣੀ ਚੌਥੀ ਉਦਾਸੀ ਦੌਰਾਨ ਮੱਕੇ ਜਾ ਕੇ 'ਮੱਕਾ ਫੇਰਨ' ਵਾਲੀ ਸਾਖੀ 'ਤੇ ਆਧਾਰਿਤ ਗੱਲ ਕਰਦਾ ਹੈ ਜਿਸ ਬਾਰੇ ਭਾਈ ਗੁਰਦਾਸ ਜੀ ਆਪਣੀ ਵਾਰ 1, ਪਉੜੀ 32 ਵਿਚ 'ਫਿਰਿਆ ਮੱਕਾ ਕਲਾ ਦਿਖਾਰੀ' ਕਹਿ ਕੇ ਜ਼ਿਕਰ ਕਰਦੇ ਹਨ। ਬਹੁਤੇਰੇ ਸਿੱਖਾਂ ਵਾਂਗ ਬਚਪਨ ਵਿਚ ਉਂਕਾਰਪ੍ਰੀਤ ਦੇ ਬਾਲ-ਮਨ ਵਿਚ ਵੀ ਏਹੀ ਆਇਆ ਕਿ ਜਦੋਂ ਜੀਵਨ ਕਾਜ਼ੀ ਵੱਲੋਂ ਗੁਰੂ ਨਾਨਕ ਨੂੰ ਲੱਤਾਂ ਤੋਂ ਫੜ ਕੇ ਘਸੀਟਦਿਆਂ ਹੋਇਆਂ ਉਨ੍ਹਾਂ ਦਾ ਮੂੰਹ ਉਲਟ ਦਿਸ਼ਾ ਵਿਚ ਕਰ ਦਿੱਤਾ ਗਿਆ ਹੋਵੇਗਾ ਤਾਂ ਗੁਰੂ ਨਾਨਕ ਨੇ ਉਸ ਸਮੇਂ ਕਲਾ ਵਿਖਾਈ ਹੋਵੇਗੀ ਜਿਸ ਨਾਲ ਮੱਕਾ ਘੁੰਮ ਕੇ ਫਿਰ ਗੁਰੂ ਜੀ ਦੇ ਪੈਰਾਂ ਵੱਲ ਆ ਗਿਆ ਹੋਵੇਗਾ। ਪਰ ਬਾਅਦ ਵਿਚ ਇਸ ਸਾਖੀ ਨੂੰ ਡੂੰਘਾਈ ਨਾਲ ਖੋਜਣ ਤੋਂ ਪਿੱਛੋਂ ਉਹ ਇਸ ਸਿੱਟੇ 'ਤੇ ਪਹੁੰਚਦਾ ਹੈ ਕਿ ਗੁਰੂ ਨਾਨਕ ਦੀ 'ਕਲਾ' ਮੱਕੇ ਨੂੰ ਆਪਣੀ ਜਗ੍ਹਾ ਤੋਂ ਘੁੰਮਾਉਣ ਦੀ ਨਹੀਂ ਸੀ, ਸਗੋਂ ਅਸਲੀ 'ਕਲਾ' ਤਾਂ ਉਸ ਕਾਜ਼ੀ ਨੂੰ ਦਲੀਲ ਨਾਲ ਸਮਝਾਉਣ ਦੀ ਸੀ ਕਿ 'ਕਾਅਬਾ' ਜਾਂ 'ਮੱਕਾ' (ਪ੍ਰਮਾਤਮਾ) ਤਾਂ ਕਣ-ਕਣ ਵਿਚ ਮੌਜੂਦ ਹੈ। ਬੱਸ, ਉਸ ਨੂੰ ਵੇਖਣ ਵਾਲੀ ਨਜ਼ਰ ਦੀ ਲੋੜ ਹੈ। ਉਹ ਕਾਜ਼ੀ ਤਾਂ ਗੁਰੂ ਨਾਨਕ ਦੀ ਇਸ ਦਲੀਲ ਨਾਲ ਸਹਿਮਤ ਹੋ ਗਿਆ ਪਰ ਗੁਰੂ ਜੀ ਦੇ ਸਿੱਖ ਇਸ ਨੂੰ ਸਹੀ ਪਿਰਪੇਖ ਵਿਚ ਅਜੇ ਵੀ ਮੰਨਣ ਲਈ ਤਿਆਰ ਨਹੀਂ ਹਨ।




ਇਸ ਪੁਸਤਕ ਵਿਚ ਉਂਕਾਰਪ੍ਰੀਤ ਨੇ ਆਪਣੀਆਂ 43 ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਇਸ ਦੀਆਂ ਪਹਿਲੀਆਂ 9 ਕਵਿਤਾਵਾਂ ਗੁਰੂ ਨਾਨਕ ਦੇਵ ਜੀ ਦੇ ਰਚੇ 'ਮੂਲ ਮੰਤਰ' ਨੂੰ ਸਮਰਪਿਤ ਹਨ ਅਤੇ ਇਸ ਦੀ ਹੀ ਵਿਆਖਿਆ ਕਰਦੀਆਂ ਹਨ। ਪਹਿਲੀ ਕਵਿਤਾ 'ਇਕ ਓਅੰਕਾਰ' ਵਿਚ ਉਹ 'ਇਕ' ਦੇ ਬਾਰੇ ਕਹਿੰਦਾ ਹੈ:

ਇਕ ਨੇ ਛੋਹਿਆ
ਦੂਜ ਪਲੋਇਆ
ਇੱਕੋ ਸ਼ੀਸ਼ਾ
ਕਣ ਕਣ ਹੋਇਆ
ਜਿਸ ਕਣ ਝਾਤਾਂ
ਇੱਕ ਸਮੋਇਆ (ਪੰਨਾ-13)

... ਤੇ ਇਸ ਤੋਂ ਅੱਗੇ 'ਸਤਿਨਾਮ', 'ਕਰਤਾ ਪੁਰਖ' ਦਾ ਸਿਲਸਿਲਾ 'ਗੁਰ ਪ੍ਰਸਾਦ' ਪੰਨਾ-37 ਤੱਕ ਨਿਰੰਤਰ ਚੱਲਦਾ ਹੈ। ਗੁਰੂ ਨਾਨਕ ਨੂੰ ਉਹ "ਤ੍ਰੇਲ-ਤੁਪਕੇ ਅੰਦਰਲੀ ਪਾਰਦਰਸ਼ ਸਮਾਧੀ", "ਲਬਾ-ਲਬ ਦੁੱਧ ਛੰਨੇ ਤਰਦੀ ਚਮੇਲੀ" ਅਤੇ "ਕਿਰਤ 'ਚ ਗੁੱਧੀ ਅੰਮ੍ਰਿਤ ਬੂੰਦ" ਵਰਗੇ ਅਲੰਕਾਰਾਂ ਨਾਲ ਵਡਿਆਉਂਦਾ ਹੈ।

– (ਪੰਨਾ-40)

ਉਹ ਇਹ ਵੀ ਕਹਿੰਦਾ ਹੈ:

ਨਾਨਕ ਦੇ ਦਰ-ਘਰ ਵਰਤਦਾ ਹੈ
ਜਾਗਦੀ ਅੱਖ ਦੇ ਸੁਪਨਿਆਂ ਦਾ
ਗੁਰ-ਪ੍ਰਸਾਦ (ਪੰਨਾ-45)

ਉਂਕਾਰਪ੍ਰੀਤ ਮੰਨਦਾ ਹੈ ਕਿ ਗੁਰੂ ਨਾਨਕ ਦੀ ਸਿਖ਼ਰ ਜੱਗ 'ਚੋਂ ਹਉਂ ਦੀ ਧੁੰਦ ਮਿਟਾਉਣ ਤੇ 'ਤੇਰਾਂ' 'ਚੋਂ ਤੇਰਾ' ਦਰਸਾਉਣ ਵਿਚ ਨਹੀਂ ਹੈ ਅਤੇ ਨਾ ਹੀ ਇਹ ਪੋਥੀ ਪੜ੍ਹਨ, ਗੁੜ੍ਹਨ, ਸ਼ਬਦਾਂ ਸੰਗ ਸੁਰਤਾਂ ਰੁਸ਼ਨਾਉਣ ਵਿਚ ਹੈ, ਸਗੋਂ ਇਹ ਸਿਖ਼ਰ ਤਾਂ 'ਚਾਰੇ ਉਦਾਸੀਆਂ ਤੋਂ ਬਾਦ ਪੂਰਾ-ਸੂਰਾ ਘਰ ਮੁੜ ਮੁੜਨਾ ਖੇਤਾਂ ਵਿਚ ਹਲ਼ ਵਾਹੁਣਾ ਤੇ ਕਿਰਸਾਨ ਹੋਣਾ" ਹੈ। (ਪੰਨਾ-49)

ਉਦਾਸੀਆਂ 'ਤੇ ਜਾਣ ਤੋਂ ਇਸ ਦੀ 'ਤਿਆਰੀ' ਉਂਕਾਰਪ੍ਰੀਤ ਵੱਲੋਂ ਬਹੁਤ ਹੀ ਖ਼ੂਬਸੂਰਤ ਸ਼ਬਦਾਂ ਵਿਚ ਬਿਆਨ ਕੀਤੀ ਗਈ ਹੈ:

ਤੁਰਨ ਤੋਂ ਪਹਿਲੀ ਸ਼ਾਮ
ਬਾਬਾ ਤੇ ਮਰਦਾਨਾ
ਪਿੰਡੋਂ ਬਾਹਰ ਮਿਲੇ
ਇਕ ਦੂਏ ਦੇ ਸਨਮੁੱਖ ਬੈਠੇ
ਐਨ ਚੁੱਪ ਕਰੇ
ਆਪੋ ਆਪਣੇ ਘਰੀਂ ਪਰਤ ਗਏ,
(ਪੰਨਾ-51)

'ਬਾਬੇ ਨੂੰ ਖ਼ਤ' ਦੇ ਸਿਰਲੇਖ ਵਾਲੀ ਕਵਿਤਾ ਵਿਚ ਉਹ ਕਹਿੰਦਾ ਹੈ:

ਉਂਜ, ਵੈਸੇ ਬਾਬਾ ਜੀ!
ਮਲਕ-ਭਾਗੋ ਹੁਣ ਖੁਦ ਸਪੌਂਸਰ ਕਰਦਾ ਹੈ
ਉਦਾਸੀਆਂ ਵੀ।
ਉਹਨਾਂ ਸ਼ਾਇਰਾਂ। ਚਿੰਤਕਾਂ ਦੇ ਵਾਸਤੇ
ਜੋ 'ਮਲਕ' ਦੀ ਕੰਪਨੀ ਦੀਆਂ ਬਣੀਆਂ
ਕਲਗੀਆਂ ਨੇ ਪਹਿਨਦੇ।
(ਪੰਨਾ-55)

ਉਦਾਸੀਆਂ ਬਾਰੇ ਅਜੋਕੇ ਸਮੇਂ ਵਿਚ ਹੋ ਰਹੀ ਚਰਚਾ ਅਤੇ ਇਨ੍ਹਾਂ ਦੇ ਹਾਲਾਤ ਬਾਰੇ ਆਪਣੇ ਵਿਚਾਰ ਉਹ ਕਵਿਤਾ 'ਹੁਣ' ਵਿਚ ਇੰਜ ਪ੍ਰਗਟਾਉਂਦਾ ਹੈ:

ਚਾਰ-ਉਦਾਸੀਆਂ
ਉਧੇੜੀਆਂ ਜਾ ਰਹੀਆਂ ਹਨ।
'ਚਹੁੰ ਵਰਨਾ ਕੋ' ਸਾਂਝੇ
ਚਾਰ ਦਰਾਂ ਵਾਲੇ ਵਿਹੜੇ ਦੁਆਲੇ
ਹੋ ਚੁੱਕਾ ਹੈ 'ਦਰਸ਼ਨੀ ਵਾਗਲਾ'
ਅਤੇ ਉਸ ਨੂੰ ਜਾਣ ਲਈ ਰਹਿ ਗਿਆ ਹੈ
ਇੱਕੋ ਸੰਗਮਰਮਰੀ ਰਾਹ॥
'ਕੋਧਰੇ ਦੀ ਰੋਟੀ' ਅਤੇ 'ਪੂੜੀਆਂ'
ਦੋਹਾਂ 'ਚ ਨੇ
ਹੁਣ ਰਕਤ-ਬੂੰਦਾ ਗੁੱਧੀਆਂ। (ਪੰਨਾ-77)

'ਖਾਲਿਸਤਾਨ' ਨਾਮੀ ਕਵਿਤਾ ਵਿਚ ਉਹ 'ਅਖੌਤੀ ਖਾਲਿਸਤਾਨ' ਦੀ ਬਜਾਇ ਭਗਤ ਰਵੀਦਾਸ ਜੀ ਦੇ 'ਬੇਗ਼ਮਪੁਰਾ' ਵਾਂਗ ਅਜਿਹੀ ਸੋਚ ਦਾ ਜ਼ਿਕਰ ਕਰਦਾ ਹੈ,

ਜਿੱਥੇ
ਨਾਨਕ ਵਰਗੇ ਬ੍ਰਹਿਮੰਡੀ ਫ਼ਲਸਫੇ
ਦਾੜ੍ਹਿਆਂ ਤੇ ਬਾਣਿਆਂ ਹੇਠ
ਲੁਕੌਣ ਦੀ ਸਾਜ਼ਿਸ਼ ਨਾ ਹੋਵੇ।
ਸਰਬੱਤ ਦੇ ਭਲੇ ਦੀ ਭਾਵਨਾ
ਅਰਦਾਸਾਂ ਤੋਂ ਘਰਾਂ ਤੀਕ ਜਾ ਸਕੇ,
ਮਨਾਂ ਤੀਕ ਆ ਸਕੇ ...। (ਪੰਨਾ-67)

ਪੁਸਤਕ ਦੀ ਅਖੀਰਲੀ ਕਵਿਤਾ 'ਅਣ-ਫਿਰਿਆ ਮੱਕਾ' ਜਿਸ ਦਾ ਸਿਰਲੇਖ ਇਸ ਪੁਸਤਕ ਦਾ ਸਰਵਰਕ ਵੀ ਹੈ, ਵਿਚ ਉਂਕਾਰਪ੍ਰੀਤ 'ਮੱਕਾ ਫੇਰਨ' ਵਾਲੀ ਸਾਖੀ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ ਕਿ ਮੁੱਲਾਂ ਤੇ ਕਾਜ਼ੀਆਂ ਦੇ ਮਨਾਂ ਵਿਚ ਤਾਂ ਇਹ ਗੱਲ ਘਰ ਕਰ ਗਈ ਕਿ 'ਅੱਲ੍ਹਾ' (ਪ੍ਰਮਾਤਮਾ) ਤਾਂ ਕਣ-ਕਣ ਵਿਚ ਵੱਸਿਆ ਹੋਇਆ ਹੈ ਪਰ 'ਨਾਨਕ-ਲੇਵਾ ਸਿੱਖਾਂ' ਨੂੰ ਇਸ ਦੀ ਅਜੇ ਵੀ ਸਮਝ ਨਹੀਂ ਪੈ ਸਕੀ।

ਉਹ ਕਹਿੰਦਾ ਹੈ:

ਮੱਕਾ ਫਿਰਿਆ
ਮੁੱਲਾਂ ਕਾਜ਼ੀਆਂ ਦੇ ਮਨ ਵੱਸਿਆ
ਕਣ-ਕਣ ਅੱਲਾ ਰਚਿਆ।

ਬਾਬਾ ਤੇ ਮਰਦਾਨਾ
ਮੁੜ, ਓਝੜ ਸਫ਼ਰ ਝਾਗ ਪਿੰਡ ਪਰਤੇ
ਤਾਂ ਭਾਣਾ ਵਰਤਿਆ ਪਿਆ ਸੀ:
ਕਿ ਪਿੰਡੋਂ ਥੋੜ੍ਹੀ ਦੂਰ
ਬਾਬੇ ਦੇ ਸਿੱਖਾਂ ਦਾ ਮੱਕਾ ਸੀ
'ਅਣ ਫਿਰਿਆ' ਹੀ। (ਪੰਨਾ-111)

ਇਸ ਤਰ੍ਹਾਂ ਇਸ ਪੁਸਤਕ ਦੀਆਂ ਲਗਭਗ ਸਾਰੀਆਂ ਕਵਿਤਾਵਾਂ ਵਿਚ ਉਂਕਾਰਪ੍ਰੀਤ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਅਜੋਕੇ ਸੰਦਰਭ ਵਿਚ ਬਾਖ਼ੂਬੀ ਜ਼ਿਕਰ ਕੀਤਾ ਗਿਆ ਹੈ ਜੋ ਅਜੋਕੀ ਪੀੜ੍ਹੀ ਲਈ ਬੜੀਆਂ ਸਿੱਖਿਆਦਾਇਕ ਹਨ। ਇਸ ਲੇਖ ਵਿਚ ਟੂਕ-ਮਾਤਰ ਹੀ ਕੁਝ ਕਵਿਤਾਵਾਂ ਬਾਰੇ ਗੱਲ ਕੀਤੀ ਗਈ ਹੈ। ਸਾਰੀਆਂ ਹੀ ਕਵਿਤਾਵਾਂ ਪੜ੍ਹਨਯੋਗ ਅਤੇ ਮਾਨਣਯੋਗ ਹਨ। ਚੇਤਨਾ ਪ੍ਰਕਾਸ਼ਨ, ਲੁਧਿਆਣਾ ਵੱਲੋਂ 111 ਪੰਨਿਆਂ ਦੀ ਇਹ ਪੁਸਤਕ ਬੜੀ ਰੀਝ ਨਾਲ ਛਾਪੀ ਗਈ ਹੈ। ਪ੍ਰਕਾਸ਼ਕ ਇਸ ਲਈ ਵਧਾਈ ਦੇ ਹੱਕਦਾਰ ਹਨ। ਮੈਨੂੰ ਪੂਰਨ ਆਸ ਹੈ ਕਿ ਉਂਕਾਰਪ੍ਰੀਤ ਦੀਆਂ ਪਹਿਲੀਆਂ ਪੁਸਤਕਾਂ ਵਾਂਗ ਉਸ ਦੀ ਇਸ ਪੁਸਤਕ ਨੂੰ ਵੀ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲੇਗਾ। ਉਂਕਾਰਪ੍ਰੀਤ ਨੂੰ ਮੈਂ ਇਹ ਪੁਸਤਕ ਲਿਆਉਣ 'ਤੇ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਸ ਦੀ ਜ਼ਰਖੇਜ਼ ਕਲਮ ਅਜਿਹੀਆਂ ਹੋਰ ਵੀ ਕਵਿਤਾਵਾਂ ਰਚੇਗੀ ਅਤੇ ਪੰਜਾਬੀ ਪਾਠਕਾਂ ਨੂੰ ਵਧੀਆ ਸੇਧ ਦਿੰਦੀ ਰਹੇਗੀ।

**One stop shop for all your taxi needs**

**The Friendly Group Ltd.**
**Chelsea Taxi Brokers**

*All types of insurance*
** Medallion transfers*
** Accident claims*
** Taxi Stand Facility available*

**Ph: 212-947-9833, 212-695-0601**

We are here at your service to sell and buy or insure medallions and we are in business to help our Punjabi Community since last 40 years.

***Ask us about Purchase or new buyer and financing.**



*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

# SHER -E- PUNJAB
## SPORTS & CULTURAL SOCIETY
## CINCINNATI, OH

ਸਾਉਣ ਵੀਰ ਕੱਠੀਆਂ ਕਰੇ, ਭਾਦੋਂ ਚੰਦਰਾ ਵਿਛੋੜੇ ਪਾਵੇ

# Mela Teeyan Da

## Sunday, August 13, 2023

*Time: 3 PM to 8 PM*

Royal Blue Event Center, 6459 Manchester rd. Middletown, OH 45005

**Giddha, Bolian, Dholki, Punjabi Song & Live DJ and Open Gidha, Dance.**

**Prizes for Miss Punjaban & Mrs Punjaban and Best Dress.**

Gifts for the participant young girls in dance and other items.




Jewelry & Suits stalls

Mela is only for ladies

No entry fee. Free food, free parking

**Open invitation to ladies to enjoy this evening full of entertainment.**

For more information contact: 513-746-9176, visit Facebook@ Sherepunjabofficial
www.sherepunjabcincy.com, Email: sherepunjabsociety@gmail.com

# ਹਕੂਮਤਾਂ ਦੇ ਪਾਜ ਉਧੇੜਦਾ ਮਿਲਾਨ ਕੁੰਦੇਰਾ

ਕਲਾ ਪਰਿਕਰਮਾ


ਡਾ. ਕ੍ਰਿਸ਼ਨ ਕੁਮਾਰ ਰੱਤੂ
ਫੋਨ: +91-94787-30156

ਮਿਲਾਨ ਕੁੰਦੇਰਾ ਦੁਨੀਆ ਦੇ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਲੇਖਕਾਂ ਵਿਚੋਂ ਇੱਕ ਸੀ ਜੋ ਆਪਣੀਆਂ ਦਾਰਸ਼ਨਿਕ ਲਿਖਤਾਂ ਵਿਚ ਆਪਣੀ ਸਪੱਸ਼ਟ ਸੋਚ ਅਤੇ ਸੱਚਾਈ ਖ਼ਾਤਰ ਸੰਘਰਸ਼ ਲਈ ਜਾਣਿਆ ਜਾਂਦਾ ਸੀ। ਹਕੂਮਤਾਂ ਦੇ ਪਾਜ ਉਧੇੜਦੀਆਂ ਲਿਖਤਾਂ ਨੂੰ ਸਮਰਪਿਤ ਮਿਲਾਨ ਕੁੰਦੇਰਾ ਦਾ ਕੁਝ ਦਿਨ ਪਹਿਲਾਂ 94 ਸਾਲ ਦੀ ਉਮਰ ਵਿਚ ਫਰਾਂਸ ਵਿਚ ਦੇਹਾਂਤ ਹੋ ਗਿਆ।

ਮਿਲਾਨ ਕੁੰਦੇਰਾ ਦੇ ਸਦੀਵੀ ਵਿਛੋੜੇ ਨਾਲ ਉਸ ਸਾਹਿਤਕ ਯੁੱਗ ਦਾ ਅੰਤ ਹੋ ਗਿਆ ਹੈ ਜੋ ਜ਼ਿੰਦਗੀ ਨੂੰ ਅਲਵਿਦਾ ਨਹੀਂ ਕਹਿੰਦੇ। ਮਿਲਾਨ ਨੇ ਪਿਆਰ, ਰਾਜਨੀਤੀ ਅਤੇ ਆਪਣੇ ਸੰਘਰਸ਼ ਦੀ ਕਹਾਣੀ ਨਾਲ ਸਾਰੇ ਸੰਸਾਰ ਨੂੰ ਜੋੜਿਆ ਅਤੇ ਜ਼ਿੰਦਾ ਰੱਖਿਆ ਸੀ। ਉਸ ਨੇ ਕੀ ਨਹੀਂ ਲਿਖਿਆ? ਕਹਾਣੀ, ਨਾਵਲ, ਕਵਿਤਾ, ਡਾਇਰੀ ਲਿਖਣਾ ਅਤੇ ਹੋਰ ਬਹੁਤ ਕੁਝ ਜੋ ਅਜੇ ਤੱਕ ਦੁਨੀਆ ਦੇ ਸਾਹਮਣੇ ਨਹੀਂ ਆਇਆ। ਮਿਲਾਨ ਕੁੰਦੇਰਾ ਦੁਨੀਆ ਦੇ ਮਹਾਨ ਲੇਖਕਾਂ ਵਿਚੋਂ ਸੀ ਜਿਨ੍ਹਾਂ ਨੇ ਆਪਣੇ ਸ਼ਬਦਾਂ ਰਾਹੀਂ ਆਪਣੀ ਸੱਚਾਈ ਨੂੰ ਸਫ਼ਲਤਾਪੂਰਵਕ ਪ੍ਰਗਟ ਕੀਤਾ ਹੈ।

ਮਿਲਾਨ ਕੁੰਦੇਰਾ ਨੇ ਸਭ ਤੋਂ ਪਹਿਲਾਂ ਆਪਣੀ ਮਾਤ ਭਾਸ਼ਾ ਚੈੱਕ ਵਿਚ ਲਿਖਣਾ ਸ਼ੁਰੂ ਕੀਤਾ ਸੀ। ਬਾਅਦ ਵਿਚ ਉਸ ਨੇ ਚੈਕੋਸਲੋਵਾਕੀਅਨ ਕਮਿਊਨਿਸਟ ਪਾਰਟੀ ਤੋਂ ਬਗ਼ਾਵਤ ਕਰ ਕੇ 1975 ਵਿਚ ਫਰਾਂਸ ਨੂੰ ਆਪਣਾ ਘਰ ਬਣਾਇਆ ਅਤੇ ਫਰਾਂਸੀਸੀ ਵਿਚ ਲਿਖਣਾ ਸ਼ੁਰੂ ਕੀਤਾ। ਉਸ ਦੀਆਂ ਸਾਰੀਆਂ ਕਿਤਾਬਾਂ ਬਾਰੇ ਕਿਹਾ ਜਾਂਦਾ ਹੈ ਕਿ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ, ਉਨ੍ਹਾਂ ਦਾ ਦੁਨੀਆ ਦੀਆਂ ਕਈ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ; ਖ਼ਾਸਕਰ ਅੰਗਰੇਜ਼ੀ ਤੇ ਚੈੱਕ ਵਿਚ ਸਭ ਵੱਧ ਪੜ੍ਹਿਆ ਗਿਆ। ਦੁਨੀਆ ਦੀ ਕੋਈ ਭਾਸ਼ਾ ਅਜਿਹੀ ਨਹੀਂ ਜਿਸ ਵਿਚ ਮਿਲਾਨ ਕੁੰਦੇਰਾ ਦਾ ਜ਼ਿਕਰ ਨਾ ਹੋਇਆ ਹੋਵੇ। ਇਹ ਉਸ ਦੇ ਸ਼ਬਦਾਂ, ਉਸ ਦੀ ਸ਼ੈਲੀ ਅਤੇ ਭਾਸ਼ਾਈ ਮੁਹਾਰਤ ਕਾਰਨ ਹੈ। ਉਹਨੇ ਕਿਹਾ ਸੀ ਕਿ ਸਾਡੀ ਅਜੋਕੀ ਦੁਨੀਆ ਦੇ ਲੇਖਕ ਹੁਣ ਲਿਖ ਨਹੀਂ ਰਹੇ, ਉਹ ਦੁਨੀਆ ਨਾਲੋਂ ਕੱਟ ਕੇ ਬਹੁਤ ਦੂਰ ਚਲੇ ਗਏ ਹਨ। ਝੂਠ ਵਿਚ ਪੈਣਾ, ਕਿਸੇ ਨਾਲ ਗੱਲਬਾਤ ਕੀਤੇ ਬਿਨਾਂ ਸੜਕ 'ਤੇ ਜਾਣਾ। ਹੁਣ ਮਨੁੱਖ ਦੀ ਇਕੱਲਤਾ ਦਾ ਇਹ ਅਹਿਸਾਸ ਉਹੀ ਹੈ ਜੋ ਕੁੰਦੇਰਾ ਸਾਰੀ ਉਮਰ ਦੁਨੀਆ ਭਰ ਦੇ ਲੱਖਾਂ-ਕਰੋੜਾਂ ਲੋਕਾਂ ਨੂੰ ਕਹਿੰਦਾ ਰਿਹਾ ਹੈ।

ਮਿਲਾਨ ਕੁੰਦੇਰਾ ਦਾ ਜਨਮ ਪਹਿਲੀ ਅਪਰੈਲ 1929 ਨੂੰ ਚੈਕੋਸਲੋਵਾਕੀਆ ਵਿਚ ਹੋਇਆ ਸੀ। ਬਾਅਦ ਵਿਚ ਉਸ ਨੂੰ ਆਪਣੀ ਪੂਰੀ ਜ਼ਿੰਦਗੀ ਫਰਾਂਸ ਵਿਚ ਜਲਾਵਤਨੀ ਵਿਚ ਬਿਤਾਉਣੀ ਪਈ। 1979 ਵਿਚ ਉਸ ਦੀ ਚੈਕੋਸਲੋਵਾਕੀਆ ਦੀ ਨਾਗਰਿਕਤਾ ਖੋਹ ਲਈ ਗਈ ਸੀ। ਉਂਜ,



*ਮਿਲਾਨ ਕੁੰਦੇਰਾ*

2019 ਵਿਚ ਉਸ ਨੂੰ ਦੁਬਾਰਾ ਉੱਥੋਂ ਦੀ ਨਾਗਰਿਕਤਾ ਦਿੱਤੀ ਗਈ ਸੀ। ਉਸ ਨੇ ਚਾਰਲਸ ਯੂਨੀਵਰਸਿਟੀ ਪਰਾਗ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ। ਮਿਲਾਨ ਦੇ ਪਿਤਾ ਅਤੇ ਮਾਤਾ ਦੋਵੇਂ ਸੰਗੀਤ ਦੀਆਂ ਮੰਚ 'ਤੇ ਪੇਸ਼ਕਾਰੀਆਂ ਕਰਦੇ ਸਨ ਜੋ ਮਿਲਾਨ ਨੇ ਵੀ ਸਿੱਖਿਆ ਅਤੇ ਬਾਅਦ ਵਿਚ ਕਈ ਵਾਰ ਉਸ ਦੇ ਕੰਮ ਆਇਆ। ਉਹ 1947 ਵਿਚ ਚੈੱਕ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਿਆ ਪਰ ਪਾਰਟੀ ਦੀ ਅੰਦਰੂਨੀ ਰਾਜਨੀਤੀ ਤੋਂ ਮੋਹ ਭੰਗ ਹੋਣ ਦੇ ਨਾਲ ਹੀ ਉਹ ਦੇਸ਼ ਅਤੇ ਪਾਰਟੀ ਦੋਵਾਂ ਨੂੰ ਛੱਡ ਗਿਆ। 1947 ਵਿਚ ਉਸ ਦਾ ਪਹਿਲਾ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋਇਆ ਜਿਸ ਦਾ ਸਿਰਲੇਖ ਸੀ- 'ਫਿਰ ਲਾਸ਼ ਨੂੰ ਯਾਦ ਹੈ'। ਇਸ ਵਿਚ ਉਸ ਸਮੇਂ ਦੇ ਨਾਜ਼ੀ ਕੈਂਪਾਂ ਵਿਚ ਹੋ ਰਹੇ ਅੱਤਿਆਚਾਰਾਂ ਦੀ ਵਿਆਖਿਆ ਕੀਤੀ ਗਈ ਸੀ।

1950 ਤੋਂ 1952 ਤੱਕ ਉਹ ਵਿਸ਼ਵ ਸਾਹਿਤ ਦੇ ਅਧਿਆਪਕ ਵਜੋਂ ਚੁਣਿਆ ਗਿਆ। ਮਿਲਾਨ ਨੇ 1962 ਵਿਚ ਪ੍ਰਕਾਸ਼ਿਤ ਆਪਣੀ ਪੁਸਤਕ 'ਆਲ ਵਰਲਡ ਹੈਪੀਨੈੱਸ ਰੇਨ ਆਲ' ਵਿਚ ਇਸ ਦਾ ਜ਼ਿਕਰ ਕੀਤਾ ਹੈ। ਮਿਲਾਨ ਕੁੰਦੇਰਾ ਦੀ ਸਿਰਜਣਾ ਦੀ ਦੁਨੀਆ ਭਰ ਵਿਚ ਚਰਚਾ ਹੋਈ ਹੈ ਪਰ ਕਈ ਵਾਰ ਸਿਫ਼ਾਰਿਸ਼ ਹੋਣ ਦੇ ਬਾਵਜੂਦ ਉਸ ਨੂੰ ਨੋਬਲ ਪੁਰਸਕਾਰ ਨਹੀਂ ਦਿੱਤਾ ਗਿਆ। ਦਰਅਸਲ, ਮਿਲਾਨ ਕੁੰਦੇਰਾ ਦਾ ਸਾਹਿਤ ਕਿਸੇ ਵੀ ਪੁਰਸਕਾਰ ਨਾਲੋਂ ਬਹੁਤ ਉੱਚਾ ਹੈ। ਆਪਣੇ ਪਹਿਲੇ ਨਾਵਲ 'ਜੋਕ' ਵਿਚ ਉਸ ਨੂੰ ਵਿਦਰੋਹੀ ਟਿੱਪਣੀ ਕਰਨ ਕਰਕੇ ਸਰਕਾਰ ਨੇ ਨਿਸ਼ਾਨਾ ਬਣਾਇਆ ਸੀ। ਇਸ ਨਾਵਲ ਨੇ ਕੁੰਦੇਰਾ ਨੂੰ ਪ੍ਰਸਿੱਧ ਲੇਖਕਾਂ ਦੀ ਸੂਚੀ ਵਿਚ ਸ਼ਾਮਲ ਕਰ ਦਿੱਤਾ ਅਤੇ ਉਸ ਨੂੰ ਸਮੁੱਚੇ ਯੂਰਪੀ ਸਾਹਿਤ ਵਿਚ ਮਾਨਤਾ ਮਿਲੀ ਸੀ।

ਵਿਸ਼ਵ ਸਾਹਿਤ ਦੀ ਗੱਲ ਕਰੀਏ ਤਾਂ ਮਿਲਾਨ ਕੁੰਦੇਰਾ ਉਸ ਸਮੇਂ ਦੇ ਪ੍ਰਸਿੱਧ ਦਾਰਸ਼ਨਿਕ ਨੀਤਸ਼ੇ ਅਤੇ ਕਾਫ਼ਕਾ ਤੋਂ ਬਹੁਤ ਪ੍ਰਭਾਵਿਤ ਸੀ। ਇਹ 1952 ਦੇ ਦਿਨ ਸਨ ਜਦੋਂ ਯੂਰਪੀ ਸਮਾਜ ਸਮਾਜਿਕ ਅਤੇ ਰਾਜਨੀਤਕ ਤਬਦੀਲੀ ਵਿਚੋਂ ਲੰਘ ਰਿਹਾ ਸੀ। ਇਸ ਘਟਨਾ ਤੋਂ ਬਾਅਦ ਉਹ 1975 ਵਿਚ ਜਲਾਵਤਨ ਹੋ ਕੇ ਫਰਾਂਸ ਚਲਾ ਗਿਆ। ਉੱਥੇ ਰਹਿੰਦਿਆਂ ਮਿਲਾਨ ਕੁੰਦੇਰਾ ਨੇ ਦੁਨੀਆ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲ ਲਿਖਿਆ 'ਦਿ ਅਨਬੀਅਰਏਬਲ ਲਾਈਟਨੈੱਸ ਆਫ ਬੀਇੰਗ'। ਉਸ ਸਮੇਂ ਦੇ ਆਲੋਚਕ ਜੌਹਨ ਬੇਲੀ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਮਿਲਾਨ ਕੁੰਦੇਰਾ ਦਾ ਇਹ ਨਾਵਲ ਵਿਸ਼ਵ ਦੇ ਨਾਵਲ ਸਾਹਿਤ ਵਿਚ ਲੇਖਕ ਦੀ ਆਵਾਜ਼ ਸੀ। ਇਹ ਕੋਈ ਸਮਝੌਤਾ ਨਹੀਂ। ਇਹ ਇੱਕ ਸ਼ਾਨਦਾਰ ਸ਼ੈਲੀ ਵਿਚ ਲਿਖਿਆ ਨਾਵਲ ਹੈ ਜਿਸ ਦੀ ਦੁਨੀਆ ਦੇ ਸਾਹਿਤ ਵਿਚ ਕੋਈ ਹੋਰ ਮਿਸਾਲ ਨਹੀਂ ਮਿਲਦੀ।

ਅਸਲ ਵਿਚ, ਇਹ ਵਿਧਾ ਦੇ ਦਰਸ਼ਨ ਅਤੇ ਰਚਨਾ ਦੀ ਪੁਰਾਣੀ ਪਰੰਪਰਾ ਨੂੰ ਬੇਰਹਿਮੀ ਨਾਲ ਤੋੜਦਾ ਹੈ। ਮਿਲਾਨ ਦੇ ਸਾਰੇ ਨਾਵਲਾਂ 'ਤੇ ਫਿਲਮਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿਚੋਂ ਕਈ ਆਸਕਰ ਵਰਗੇ ਵੱਕਾਰੀ ਐਵਾਰਡਾਂ ਲਈ ਨਾਮਜ਼ਦ ਵੀ ਹੋਈਆਂ। ਨਿਰਮਲ ਵਰਮਾ ਵਰਗੇ ਹਿੰਦੀ ਲੇਖਕਾਂ ਨੇ ਮਿਲਾਨ ਕੁੰਦੇਰਾ ਦੀਆਂ ਕਹਾਣੀਆਂ ਦਾ ਸਿੱਧਾ ਚੈੱਕ ਭਾਸ਼ਾ ਤੋਂ ਅਨੁਵਾਦ ਕੀਤਾ ਪਰ ਕਿਸੇ ਹੋਰ ਭਾਸ਼ਾ ਵਿਚ ਅਜਿਹਾ ਕੁਝ ਨਹੀਂ ਮਿਲਦਾ। ਉਸ ਦੇ ਨਾਵਲਾਂ ਵਿਚ ਉਸ ਦੀ ਸ਼ੈਲੀ ਅਤੇ ਧਾਰਮਿਕਤਾ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਕੁੰਦੇਰਾ ਦਾ ਮੰਨਣਾ ਸੀ ਕਿ ਸੱਤਾ ਕਦੇ ਵੀ ਆਪਣੀ ਆਲੋਚਨਾ ਬਰਦਾਸ਼ਤ ਨਹੀਂ ਕਰਦੀ। ਇਹ ਵੀ ਸੱਚ ਹੈ ਕਿ ਦੁਨੀਆ ਭਰ ਦੇ ਲੋਕ ਇਸ ਦਾ ਸ਼ਿਕਾਰ ਹੋਏ ਹਨ। ਮਿਲਾਨ ਕੁੰਦੇਰਾ ਨੇ ਆਪਣੀ ਨਿੱਜੀ ਜ਼ਿੰਦਗੀ ਨੂੰ ਸਦਾ ਗੁਪਤ ਰੱਖਿਆ। ਉਹ ਸ਼ਾਇਦ ਦੁਨੀਆ ਦਾ ਪਹਿਲਾ ਲੇਖਕ ਹੈ ਜਿਸ ਨੇ ਬਹੁਤ ਘੱਟ ਮੀਡੀਆ ਇੰਟਰਵਿਊਜ਼ ਦਿੱਤੀਆਂ ਹਨ।

ਮਿਲਾਨ ਕੁੰਦੇਰਾ ਨੇ ਸਭ ਤੋਂ ਵੱਡੀ ਟਿੱਪਣੀ ਕਿਤਾਬਾਂ ਦੇ ਭਵਿੱਖ ਬਾਰੇ ਕੀਤੀ। ਉਸ ਨੇ ਕਦੇ ਵੀ ਆਪਣੀਆਂ ਕਿਤਾਬਾਂ ਦੇ ਡਿਜੀਟਲ ਸੰਸਕਰਨਾਂ ਦੀ ਆਗਿਆ ਨਹੀਂ ਦਿੱਤੀ। ਉਹ ਕਹਿੰਦੇ ਰਹੇ ਕਿ ਉਨ੍ਹਾਂ ਦੀ ਕੋਈ ਉਮਰ ਨਹੀਂ, ਕਿਤਾਬ ਕਾਗਜ਼ਾਂ 'ਤੇ ਹੀ ਸਦੀਆਂ ਜ਼ਿੰਦਾ ਰਹੇਗੀ। ਉਹ ਹਮੇਸ਼ਾ ਕਿਤਾਬਾਂ ਦੇ ਇਸ ਡਿਜੀਟਲ ਰੂਪ ਵਿਰੁੱਧ ਲੜਦਾ ਰਿਹਾ। ਮਿਲਾਨ ਕੁੰਦੇਰਾ ਮੁਤਾਬਿਕ, ਆਦਮੀ ਦੀ ਨਿੱਜਤਾ ਬਹੁਤ ਮਹੱਤਵਪੂਰਨ ਹੈ ਅਤੇ ਉਸ ਨੇ ਇਹ ਪ੍ਰਤੀਬੱਧਤਾ ਆਪਣੇ ਤੇ ਆਪਣੇ ਕਿਰਦਾਰਾਂ ਨਾਲ ਨਿਭਾਈ।




*ਸੰਸਾਰ ਪ੍ਰਸਿੱਧ ਲਿਖਾਰੀ ਮਿਲਾਨ ਕੁੰਦੇਰਾ ਦੀਆਂ ਕੁਝ ਕਿਤਾਬਾਂ ਦੇ ਮੁਖੜੇ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 5 ਅਗਸਤ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-597



**ਕੁੱਖ ਵਿਚ ਜਿਸ ਪਾਲ਼ ਪੋਸ ਕੇ, ਗੋਦੀ ਸੀ ਚੁੱਕ ਖਿਡਾਇਆ,
ਆਪਣੇ ਹਿੱਸੇ ਦਾ ਚੰਗਾ ਚੋਖਾ, ਹੱਥੀਂ ਸੀ ਮੂੰਹ 'ਚ ਪਾਇਆ।
ਚੜ੍ਹ ਆਏ ਹੜ੍ਹ ਕਹਿਰ ਬਣ ਕੇ, ਹੈ ਇਮਤਿਹਾਨੀਂ ਪਾਇਆ,
ਬੁੱਢੀ ਮਾਂ ਹੈ ਚੁੱਕ ਲਈ ਘਨੇੜੇ, ਸਰਵਣ ਪੁੱਤ ਅਖਵਾਇਆ।**

### ਕੈਪਸ਼ਨ ਮੁਕਾਬਲਾ-595



ਬੂਹੇ ਖੜੀ ਕੁਆਰੀ ਦੇ ਸੁਪਨੇ
ਮਾਪਿਆਂ ਦੀ ਚਿੰਤਾ ਵਧਾਉਂਦੇ ਨੇ
ਕੰਮਾਂ ਕਾਰਾਂ ਵਿਚ ਰੁੱਝੇ ਨੂੰਹ ਪੁੱਤ,
ਵਿਹੜੇ ਨੂੰ ਚਾਰ ਚੰਨ ਲਾਉਂਦੇ ਨੇ।
ਆਗਾਜ਼ ਹੋ ਗਿਆ ਨਵੀਂ ਪੀੜ੍ਹੀ ਦਾ
ਬਾਂਦਰ ਵਾਲ ਦਰਸਾਉਂਦੇ ਨੇ।
ਚੁੱਲ੍ਹੇ ਚੌਕੇ ਸਜਾਏ ਭਾਡੇ
ਮੰਦਹਾਲੀ ਦੀ ਦਾਸਤਾਨ ਸੁਣਾਉਂਦੇ ਨੇ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

---

ਬੇਸ਼ਕ ਘਰ ਦੀ ਹਾਲਤ ਮਾੜੀ ਹੈ,
ਹੱਕ ਸੱਚ 'ਤੇ ਖੜ੍ਹਨਾ ਪੈਂਦਾ ਹੈ।
ਜ਼ਿੰਦਗੀ ਦੀ ਇਸ ਮੰਜ਼ਿਲ ਨੂੰ,
ਹਿੰਮਤ ਨਾ ਸਰ ਕਰਨਾ ਪੈਂਦਾ ਹੈ।
ਦਿਨ ਜੇ ਅੱਜ ਮੰਦਹਾਲੀ ਦੇ,
ਕੱਲ੍ਹ ਸਮੇਂ ਨੇ ਕਰਵਟ ਲੈਣੀ ਹੈ।
ਅਸੀਂ ਬਦਲਾਂਗੇ ਤਕਦੀਰਾਂ ਨੂੰ,
ਬਾਜ਼ੀ ਹਿੰਮਤਾਂ ਨਾਲ ਜਿੱਤ ਲੈਣੀ ਹੈ।
ਕੀ ਹੋਇਆ? ਜੇ ਘਰ ਧੀ ਜਵਾਨ ਖੜ੍ਹੀ,
ਪਰ ਅਕਲਾਂ ਦੀ ਸਚਿਆਰੀ ਹੈ
ਰਸੋਈ ਦੇਵੇ ਗਵਾਹੀ ਘਰ ਦੀ,
ਜੋ ਉਸ ਰੀਝਾਂ ਨਾਲ ਸ਼ਿਗਾਰੀ ਹੈ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਕੰਮੀ ਕਿਰਤੀਆਂ ਦਾ ਘਰ ਜਾਪਦੈ,
ਮੰਦਹਾਲੀ ਦਾ ਤਾਂਡਵ ਹੈ ਨੱਚਿਆ,
ਸਦੀਆਂ ਤੋਂ ਚੱਲਦੀ ਵੰਡ ਕਾਣੀ ਦੇ,
ਬੇਵਸੀਆਂ ਦਾ ਭਾਂਬੜ ਹੈ ਮਚਿਆ।
ਘਰ ਦੇ ਕੰਮੀਂ ਜੁਟੀ ਨਾਰ ਅਤੇ ਮਾਂ,
ਮੁਟਿਆਰ ਬੂਹੇ ਖੜ੍ਹੀ ਹੈ ਦਿਸਦੀ,
ਬੇਰੁਜ਼ਗਾਰੀ, ਭ੍ਰਿਸ਼ਟਚਾਰ ਦੀ ਚੱਕੀ,
ਮਹਿੰਗਾਈ 'ਚ ਜੰਤਾ ਹੈ ਪਿਸਦੀ।
***-ਸੇਵਾ ਸਿੰਘ 'ਨੂਰਪੁਰੀ'***

---

ਸਜਾ ਕੇ ਰੱਖੇ ਨਾਲ ਸਲੀਕੇ,
ਆਲ਼ੇ, ਓਟੇ, ਕੌਲੀ, ਥਾਲ਼।
ਸਾਦ ਮੁਰਾਦਾ ਜੀਵਨ ਹੈ ਸੀ
ਰਲ਼ ਮਿਲ਼ ਲੈਂਦੇ ਰਿਸ਼ਤੇ ਪਾਲ਼।
ਨਾ ਝੰਜਟ, ਨਾ ਝੋਰਾ ਕੋਈ
ਵਿਰਸਾ ਹੈ ਸੀ ਬੜਾ ਕਮਾਲ।
ਕਲਾਕਾਰ ਦੇ ਸਦਕੇ ਜਾਈਏ
ਨਿਸ਼ਾਨੀ ਜੀਹਨੇ ਲਈ ਸੰਭਾਲ਼।
***- ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 9878337222***

## ਸੌਣ ਤੋਂ ਪਹਿਲਾਂ

ਰਾਤ ਹਨ੍ਹੇਰੀ ਟਿੰਮਟਿੰਮਾਂਦੇ ਨੇ ਤਾਰੇ।
ਕਰਦੇ ਨੇ ਗੱਲਾਂ ਬੇਖੌਫ਼ ਹੋ ਕੇ ਸਾਰੇ।
ਨ ਚੁਗਲੀ ਨ ਮਿਹਣਾ ਕੋਈ ਮਾਰੇ।
ਹਾਸੇ ਵੰਡ ਰਹੇ ਖਿੜ੍ਹ ਖਿੜ੍ਹਾ ਕੇ ਸਾਰੇ।

ਕਾਦਰ ਤੱਕਦੈ ਚੁੱਪ ਚੁੱਪੀਤੇ ਮੰਜ਼ਰ।
ਸ਼ਾਂਤੀ ਚੁਫੇਰੇ ਵਸੇ ਸਭ ਦੇ ਅੰਦਰ।
ਧਰਤੀ ਜੰਨਤ ਕੋਈ ਪੂਜਦੇ ਕਲੰਦਰ।
ਗੁਰਦੁਆਰੇ ਜਾਂ ਮਸਜਿਦ ਤੇ ਮੰਦਰ।

ਕਿਉਂ ਦੇਸ਼ ਬੰਦੇ ਨੇ ਜਹੱਨਮ ਬਣਾਏ।
ਮਜ਼ਬਾਂ ਦੇ ਨਾਂ ਉੱਤੇ ਲੋਕ ਨੇ ਸਤਾਏ।
ਖ਼ੁਦਗਰਜ਼ੀ ਦੇ ਵਸੀਲੇ ਸਭ ਬਣਾਏ।
ਸਿਆਸਤ ਨੇ ਜ਼ੁਲਮ ਤੇ ਕਹਿਰ ਢਾਏ।

ਕਹਿੰਦੇ ਭਾਵੇਂ ਜਗਤ ਹੈ ਇੱਕ ਕਟੁੰਬ।
ਪਰ ਲੋਕਾਂ ਦੀ ਠੱਪੀ ਜਾਂਦੀ ਹੈ ਖੁੰਬ।
ਖੁਭਦੇ ਖੰਜਰ ਚੱਲੇ ਲਹੂ ਦੇ ਨੇ ਸੁੰਬ।
ਬੰਦੇ ਦੇ ਗਲ਼ੇ ਨਫ਼ਰਤਾਂ ਦੀ ਹੈ ਟੁੰਬ।

ਜਾਪਦੈ ਤੱਕ ਕੇ ਰੱਬ ਗੁੰਮਸੁੰਮ ਹੈ।
ਚਾਰੇ ਪਾਸੇ ਹੁਨਾਲ ਜਿਹਾ ਹੁੰਮ ਹੈ।
ਹਵਾਵਾਂ ਦਾ ਸੂਚਕ ਰਿਹਾ ਘੁੰਮ ਹੈ।
ਨਵੇਂ ਸੁਬ੍ਹਾ ਦਾ ਮੱਥਾ ਰਿਹਾ ਚੁੰਮ ਹੈ।
***-ਸੇਵਾ ਸਿੰਘ ਨੂਰਪੁਰੀ***

# ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਇਕ ਨਵੇਕਲਾ ਸਨਮਾਨ

***ਉਘੇ ਲੇਖਕ ਅਤੇ 'ਪੰਜਾਬ ਟਾਈਮਜ਼' ਦੇ ਸਨੇਹੀ ਗੁਰਬਚਨ ਸਿੰਘ ਭੁੱਲਰ ਨੇ ਘੱਟ ਚਰਚਿਤ ਲੇਖਕ ਸ਼ਿਵ ਨਾਥ ਦੇ ਬਹਾਨੇ ਰੂਹ ਨੂੰ ਸਕੂਨ ਦੇਣ ਵਾਲਾ ਇਹ ਕਿੱਸਾ ਛੋਹਿਆ ਹੈ। ਸਿਆਣੇ ਸੱਚ ਹੀ ਆਖਦੇ ਹਨ ਕਿ ਲਿਖਾਰੀਆਂ-ਕਲਾਕਾਰਾਂ ਦੀ ਕਦਰ ਕਰਨ ਵਾਲੇ ਸਮਾਜ ਹੀ ਅਗਲਾ ਕਦਮ ਭਰਨ ਦੇ ਸਮਰੱਥ ਹੋ ਸਕਦੇ ਹਨ। ਇਹ ਲਿਖਤ ਸਾਨੂੰ ਸਭ ਨੂੰ ਆਪਾ ਫਰੋਲਣ ਲਈ ਪ੍ਰੇਰਦੀ ਹੈ।***

ਸਾਹਿਤਕਾਰ ਸ਼ਿਵ ਨਾਥ ਬੀਮਾਰ ਹੋ ਕੇ 25 ਜੂਨ ਨੂੰ ਚੰਡੀਗੜ੍ਹ ਦੇ 32 ਸੈਕਟਰ ਵਾਲੇ ਹਸਪਤਾਲ ਵਿਚ ਦਾਖ਼ਲ ਹੋ ਗਿਆ। ਦੋ ਹਫ਼ਤਿਆਂ ਮਗਰੋਂ ਛੁੱਟੀ ਹੋਈ ਤੋਂ ਘਰ ਆਇਆ ਪਰ ਹਾਲਤ ਵਿਗੜਦੀ ਜਾਣ ਕਰਕੇ ਪੰਜਵੇਂ ਦਿਨ ਫੇਰ ਉਸੇ ਹਸਪਤਾਲੀ ਬਿਸਤਰੇ ਉੱਤੇ ਜਾ ਪਿਆ। ਉਹ ਸਾਰੀ ਕੰਮਕਾਜੀ ਉਮਰ ਚੰਡੀਗੜ੍ਹ-ਮੁਹਾਲੀ ਵਿਚ ਘੁੰਮ ਘੁੰਮ ਕੇ ਲੋਕਾਂ ਨੂੰ ਕਿਰਾਏ



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਉੱਤੇ ਕਿਤਾਬਾਂ-ਰਸਾਲੇ ਪੜ੍ਹਾਉਣ ਦੀ ਸਾਹਿਤਕ ਕਿਰਤ ਨਾਲ ਘਰ ਚਲਾਉਂਦਾ ਰਿਹਾ ਸੀ, ਪਰ ਆਯੂ ਦੀ ਮਜਬੂਰੀ ਕਾਰਨ ਉਹਨੂੰ ਕਈ ਸਾਲ ਪਹਿਲਾਂ ਇਹ ਕੰਮ ਛੱਡਣਾ ਪਿਆ ਸੀ। ਬੇਰੁਜ਼ਗਾਰੀ ਦੇ ਇਸ ਜ਼ਮਾਨੇ ਵਿਚ ਉਹਦੇ ਇਕਲੌਤੇ ਪੁੱਤਰ ਨੂੰ ਵੀ ਕੋਈ ਪੱਕਾ ਰੁਜ਼ਗਾਰ ਨਹੀਂ ਮਿਲ ਸਕਿਆ। ਇਸ ਦੇ ਬਾਵਜੂਦ ਉਹਨੇ ਕਦੀ ਆਪਣੀ ਤੰਗੀ ਦੀ ਬਾਤ ਨਹੀਂ ਪਾਈ। ਉਹਦਾ ਫੋਨ ਆਵੇਗਾ, "ਪੜ੍ਹ ਲਿਆ ਅੱਜ ਦਾ ਅਖ਼ਬਾਰ? ਇਹ ਹੋ ਕੀ ਰਿਹਾ ਹੈ? ਲਓ ਐਹ ਸੁਣੋ...!" ਮੈਂ ਛੇੜਨ ਵਾਸਤੇ ਆਖਦਾ ਹਾਂ, "ਮੈਂ ਜ਼ਰੂਰੀ ਕੰਮ ਲਗਿਆ ਹੋਇਆ ਹਾਂ, ਮੇਰੇ ਕੋਲ ਵਿਹਲੜਾਂ ਦੀਆਂ ਵਾਧੂ ਗੱਲਾਂ ਸੁਣਨ ਦਾ ਸਮਾਂ ਨਹੀਂ।" ਪਰ ਉਹ ਸ਼ੁਰੂ ਹੋ ਚੁੱਕਿਆ ਹੁੰਦਾ ਹੈ, "ਇਹ ਆਲੀਸ਼ਾਨ ਦਫ਼ਤਰ ਬਿਲਡਿੰਗਾਂ ਵੀ ਠੀਕ ਨੇ ਭਾਵੇਂ/ ਤੇ ਇਹ ਵੀ ਠੀਕ ਹੈ ਆਈ ਏ ਕੁਝ ਲੋਕਾਂ 'ਤੇ ਖ਼ੁਸ਼ਹਾਲੀ/ ਮਗ਼ਰ ਕਿਉਂ ਗ਼ਾਇਬ ਨੇ ਅੱਜ ਬਹੁਤਿਆਂ ਮੂੰਹਾਂ ਤੋਂ ਮੁਸਕਾਨਾਂ/ ਤੇ ਕਿਉਂ ਮਿਲਦੀ ਨਹੀਂ ਢੋਈ ਕਿਤੇ ਵੀ ਨੌਜਵਾਨਾਂ ਨੂੰ?" ਮੈਂ ਸੋਚਣ ਲਗਦਾ ਹਾਂ, 19ਵੀਂ ਸਦੀ ਦੇ ਸ਼ਾਇਰ ਅਮੀਰ ਮੀਨਾਈ ਨੇ ਜਦੋਂ "ਖ਼ੰਜਰ ਚਲੇ ਕਿਸੀ ਪੇ ਤੜਪਤੇ ਹੈਂ ਹਮ ਅਮੀਰ, ਸਾਰੇ ਜਹਾਂ ਕਾ ਦਰਦ ਹਮਾਰੇ ਜਿਗਰ ਮੇਂ ਹੈ" ਲਿਖਿਆ ਸੀ, ਆਪਣੇ ਅਨੁਭਵ ਤੋਂ ਇਲਾਵਾ ਉਹਦਾ ਵਾਹ ਜ਼ਰੂਰ ਕਿਸੇ ਸ਼ਿਵ ਨਾਥ ਨਾਲ ਪਿਆ ਹੋਵੇਗਾ।

ਪਹਿਲੇ ਗੁਰੂ ਸੁਜਾਨ ਸਿੰਘ ਤੋਂ ਸ਼ੁਰੂ ਕਰ ਕੇ ਨਾਂ ਗਿਣਾਉਂਦਿਆਂ ਉਹ ਮੈਨੂੰ ਤੇਰਵਾਂ ਗੁਰੂ ਆਖਦਾ ਹੈ। ਮੈਂ ਕਹਿੰਦਾ ਹਾਂ, "ਤੈਨੂੰ ਪਤਾ ਹੈ, ਤੇਰਾਂ ਦਾ ਅੰਕ ਮਨਹੂਸ ਹੁੰਦਾ ਹੈ। ਹੋਟਲਾਂ ਵਾਲੇ ਵੀ 12 ਨੰਬਰ ਕਮਰੇ ਤੋਂ ਅਗਲੇ ਦਾ ਨੰਬਰ 14 ਰਖਦੇ ਹਨ।" ਮੈਂ ਉਹਨੂੰ ਇਕ ਸ਼ਾਗਿਰਦ ਉਰਦੂ ਸ਼ਾਇਰ ਦੀ ਗੱਲ ਸੁਣਾਉਂਦਾ ਹਾਂ ਜੋ ਹਰ ਰੋਜ਼ ਉਸਤਾਦ ਅੱਗੇ ਦੋ-ਚਾਰ ਕੱਚੀਆਂ-ਭੁੰਨੀਆਂ ਗ਼ਜ਼ਲਾਂ ਸੋਧਣ ਲਈ ਜਾ ਰਖਦਾ ਸੀ। ਇਕ ਦਿਨ ਉਹ ਰੋਂਦਾ-ਚੀਕਦਾ ਹੋਇਆ ਆਇਆ, "ਉਸਤਾਦ ਜੀ, ਮੈਂ ਲੁੱਟਿਆ ਗਿਆ, ਮੈਂ ਪੱਟਿਆ ਗਿਆ, ਮੇਰਾ ਕੱਖ ਨਹੀਂ ਰਿਹਾ!... ਰਾਤੀਂ ਕੋਈ ਚੋਰ ਆਇਆ ਤੇ ਹੋਰ ਚੀਜ਼ਾਂ ਨਾਲ ਮੇਰਾ ਦੀਵਾਨ ਵੀ ਚੁੱਕ ਕੇ ਲੈ ਗਿਆ!" ਉਸਤਾਦ ਨੇ ਦੁਆ ਵਾਂਗ ਦੋਵੇਂ ਹੱਥ ਚੁੱਕੇ ਤੇ ਬੋਲਿਆ, "ਅੱਲਾ ਮਿਹਰਬਾਨ, ਜ਼ਰੂਰ ਕੋਈ ਉਰਦੂ ਅਦਬ ਕਾ ਖ਼ੈਰ-ਖ਼ੁਆਹ ਹੋਗਾ!" ਮੈਂ ਆਖਦਾ ਹਾਂ, "ਸ਼ਿਵ ਨਾਥ, ਤੇਰੇ ਘਰ ਕੋਈ ਪੰਜਾਬੀ ਸਾਹਿਤ ਦਾ ਖ਼ੈਰ-ਖ਼ੁਆਹ ਚੋਰ ਕਿਉਂ ਨਹੀਂ ਆਉਂਦਾ!" ਪਰ ਮੇਰੀ ਟਿੱਚਰ ਤਾਂ ਕੀ, ਜੀਵਨ ਦੀ ਕੋਈ ਤੰਗੀ-ਤੁਰਸ਼ੀ, ਕੋਈ ਥੁੜ, ਕੋਈ ਮੁਸੀਬਤ ਉਹਦੇ ਪੈਰਾਂ ਨੂੰ ਮਿਥੇ ਹੋਏ ਰਾਹ ਤੋਂ ਭਟਕਾ ਨਹੀਂ ਸਕਦੀ।

ਅਜਿਹੇ ਬੰਦੇ ਵਾਸਤੇ ਕੁਛ ਕੀਤਾ ਜਾਣਾ ਚਾਹੀਦਾ ਹੈ! ਪਰ ਸੰਸਥਾਈ ਜ਼ਮਾਨੇ ਵਿਚ ਮੈਂ ਇਕੱਲਾ-ਇਕਹਿਰਾ ਲੇਖਕ ਕੀ ਕਰ ਸਕਦਾ ਹਾਂ! ਪੰਜਾਬ ਸਰਕਾਰ ਨੂੰ ਲਿਖਾਂ? ਮੇਰੇ ਅੰਦਰ ਬੈਠਾ ਘਤਿੱਤੀ ਬੋਲਿਆ, "ਤੂੰ ਕੌਣ? ਕਿਸ ਹੈਸੀਅਤ ਵਿਚ ਲਿਖੇਂਗਾ?" ਮੈਂ ਕਿਹਾ, "ਯਾਰ ਮੇਰੀ ਪਹਿਲੀ ਕਵਿਤਾ 'ਪ੍ਰੀਤਲੜੀ' ਵਿਚ ਅਪਰੈਲ 1956 ਵਿਚ ਛਪੀ ਸੀ। ਪੂਰੇ 67 ਸਾਲ ਹੋ ਗਏ ਮਾਂ-ਪੰਜਾਬੀ ਦੇ ਪੈਰਾਂ ਵਿਚ ਬੈਠਿਆਂ, ਸਾਹਿਤ ਦਾ ਪੱਖਾ ਫੇਰਦਿਆਂ ਤੇ ਪਾਣੀ ਢੋਂਦਿਆਂ! 67 ਸਾਲ ਤਾਂ ਬੰਦੇ ਦੀ ਪੂਰੀ ਉਮਰ ਹੁੰਦੀ ਹੈ।" ਮੈਂ ਘਤਿੱਤੀ ਨੂੰ ਪਾਸੇ ਕਰ ਕੇ ਲੈਪਟਾਪ ਖੋਲ੍ਹ ਲਿਆ। ਹੁਣ ਜਦੋਂ ਮੈਂ ਅਖ਼ਬਾਰਾਂ ਵਿਚ ਪੜ੍ਹਦਾ ਹਾਂ ਕਿ ਅੱਠਵੀਂ ਦੇ ਵਿਦਿਆਰਥੀ ਮਾਤਭਾਸ਼ਾ ਦੀ ਤੀਜੀ ਦੀ ਪੁਸਤਕ ਉਠਾਲ ਨਹੀਂ ਸਕਦੇ, ਹੈਰਾਨੀ ਹੁੰਦੀ ਹੈ। ਸਾਨੂੰ ਤੀਜੀ ਜਮਾਤ ਵਿਚ ਚਿੱਠੀ ਲਿਖਣੀ ਸਿਖਾ ਦਿੱਤੀ ਜਾਂਦੀ ਸੀ ਤੇ ਅਸੀਂ ਚੌਥੀ-ਪੰਜਵੀਂ ਵਿਚ ਆਂਢੀਆਂ-ਗੁਆਂਢੀਆਂ ਦੀਆਂ ਚਿੱਠੀਆਂ ਲਿਖਣ ਲੱਗ ਜਾਂਦੇ ਸੀ। ਜਦੋਂ ਕੋਈ ਕਾਰਡ ਲੈ ਕੇ ਆਉਂਦਾ, ਪਹਿਲਾਂ ਅਸੀਂ ਉਹਦੇ ਵੱਲੋਂ ਆਪੇ ਲਿਖ ਲੈਂਦੇ, "ਲਿਖਤਮ ਸੁਰਜਨ ਸਿੰਘ। ਯਹਾਂ ਪਰ ਖ਼ੈਰੀਅਤ ਹੈ, ਆਪ ਦੀ ਪਰਿਵਾਰ ਸਮੇਤ ਖ਼ੈਰੀਅਤ ਵਾਹਿਗੁਰੂ ਜੀ ਸੇ ਨੇਕ ਚਾਹਤੇ ਹੈਂ। ਸੂਰਤ ਹਵਾਲ ਇਹ ਹੈ ਕਿ..." ਤੇ ਫੇਰ ਪੁਛਦੇ, "ਹਾਂ ਚਾਚਾ, ਕੀ ਲਿਖਣਾ ਹੈ?"

ਲੈਪਟਾਪ ਵਿਚ ਵੀ ਮੈਂ ਉਸੇ ਤਰੀਕੇ ਸੁਭਾਵਿਕ ਹੀ ਲਿਖ ਲਿਆ: ਦਿੱਲੀ/ 14 ਜੁਲਾਈ



*ਸ਼ਿਵ ਨਾਥ (ਫੋਟੋ: ਅਮਰਜੀਤ ਚੰਦਨ), ਪੰਜਾਬ ਦੇ ਮੁਖ ਮੰਤਰੀ ਭਗਵੰਤ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ।*

2023, ਪਰ ਉਂਗਲ ਇਥੇ ਆ ਕੇ ਹੀ ਅਟਕ ਗਈ। ਅਜਿਹੀ ਸਮੱਸਿਆ ਜ਼ਿੰਦਗੀ ਵਿਚ ਲਿਖੀਆਂ ਸੈਂਕੜੇ ਚਿੱਠੀਆਂ ਵੇਲੇ ਕਦੀ ਨਹੀਂ ਸੀ ਆਈ। ਕੀ ਸੰਬੋਧਨ ਵਰਤਾਂ? ਸ਼੍ਰੀਮਾਨ ਮੁੱਖ ਮੰਤਰੀ ਜੀ? ਸਤਿਕਾਰਜੋਗ ਮੁੱਖ ਮੰਤਰੀ ਜੀ? ਪਰ ਭਗਵੰਤ ਮਾਨ ਤਾਂ ਮੇਰੇ ਬੇਟੇ ਤੋਂ ਸੱਤ ਸਾਲ ਛੋਟਾ ਹੈ। ਨਾਲੇ ਮੈਂ ਇਕ ਸਾਧਾਰਨ ਲੇਖਕ ਵਜੋਂ ਗ਼ੈਰ-ਸਰਕਾਰੀ, ਨਿੱਜੀ ਚਿੱਠੀ ਲਿਖਣੀ ਚਾਹੁੰਦਾ ਸੀ। ਮੇਰੀਆਂ, ਇਕ ਨਹੀਂ, ਦੋ ਪੀੜ੍ਹੀਆਂ ਦੁਨਿਆਵੀ ਪੱਖੋਂ ਮੈਥੋਂ ਅੱਗੇ ਲੰਘੀਆਂ ਹੋਈਆਂ ਹਨ, ਮੈਂ ਉਨ੍ਹਾਂ ਨੂੰ ਸਤਿਕਾਰ ਦੇ ਯੋਗ ਥੋੜ੍ਹੋ ਸਮਝਦਾ ਹਾਂ! ਇਥੇ ਪਹੁੰਚ ਕੇ ਲੋੜੀਂਦਾ ਸ਼ਬਦ ਸੁੱਝ ਪਿਆ ਹੋਣ ਸਦਕਾ ਝੱਟ ਮੇਰੀ ਉਂਗਲ ਹਰਕਤ ਵਿਚ ਆ ਗਈ, ਪਿਆਰੇ...ਕੁਲਤਾਰ ਸਿੰਘ ਸੰਧਵਾਂ ਜੀ... ਮੈਂ ਹੈਰਾਨ ਹੋ ਕੇ ਰੁਕ ਗਿਆ। ਮੈਂ ਤਾਂ ਚਿੱਠੀ ਭਗਵੰਤ ਮਾਨ ਨੂੰ ਲਿਖਣ ਬੈਠਾ ਸੀ, ਸੰਧਵਾਂ ਜੀ ਆਪੇ ਹੀ ਕਿਥੋਂ ਆ ਗਏ! ਮਿਲਣਾ ਤਾਂ ਕੀ, ਭਗਵੰਤ ਮਾਨ ਤੇ ਸੰਧਵਾਂ ਜੀ ਨਾਲ ਜ਼ਿੰਦਗੀ ਵਿਚ ਮੇਰਾ ਕਦੀ ਕਿਸੇ ਕਿਸਮ ਦਾ ਕੋਈ ਸੰਪਰਕ ਨਹੀਂ ਹੋਇਆ। ਕਲਾਕਾਰ ਹੋਣ ਸਦਕਾ ਭਗਵੰਤ ਮਾਨ ਨੂੰ ਮੈਂ ਚਿਰਾਂ ਤੋਂ ਜਾਣਦਾ ਹਾਂ। ਸੰਧਵਾਂ ਜੀ ਬਾਰੇ ਮੈਂ ਜੋ ਜਾਣਿਆ, ਉਨ੍ਹਾਂ ਦੇ ਸਪੀਕਰ ਬਣਨ ਮਗਰੋਂ ਅਖ਼ਬਾਰਾਂ ਤੋਂ ਜਾਣਿਆ। ਅਨੇਕ ਵਾਰ ਅਖ਼ਬਾਰੀ ਤਸਵੀਰਾਂ ਵਿਚ ਉਨ੍ਹਾਂ ਨੂੰ ਦੁਖਿਆਰਿਆਂ ਦੇ ਸਿਰ ਉੱਤੇ ਹੱਥ ਰਖਦੇ ਦੇਖਿਆ। ਮੈਂ ਮਨੋਵਿਗਿਆਨ ਦਾ ਵਿਦਿਆਰਥੀ ਹਾਂ, ਮੇਰੇ ਮਨ ਵਿਚ ਉਨ੍ਹਾਂ ਦੀ ਤਸਵੀਰ ਅਜਿਹੇ ਮਨੁੱਖ ਦੇ ਰੂਪ ਵਿਚ ਬਣ ਗਈ ਜਿਨ੍ਹਾਂ ਨੂੰ ਸਾਡੇ ਬਾਬਿਆਂ ਨੇ ਗੁਰਮੁਖ ਕਿਹਾ ਹੈ। ਸ਼ਾਇਦ ਇਸੇ ਕਰਕੇ ਉਹ ਮੇਰੇ ਮਨ ਵਿਚੋਂ ਪਰਗਟ ਹੋ ਕੇ ਪਹਿਲਾਂ ਅੱਗੇ ਆ ਖਲੋਤੇ। ਮੈਂ ਸੋਚਿਆ, ਚਲੋ ਪਹਿਲਾਂ ਇਹ ਚਿੱਠੀ ਹੀ ਪੂਰੀ ਕਰਦੇ ਹਾਂ। ਮੈਂ ਲਿਖਿਆ:

"ਪਿਆਰੇ ਕੁਲਤਾਰ ਸਿੰਘ ਸੰਧਵਾਂ ਜੀ,

"ਆਸ ਹੈ ਚੜ੍ਹਦੀ ਕਲਾ ਵਿਚ ਹੋਵੋਗੇ।

"ਮਾਫ਼ ਕਰਨਾ, ਮੈਂ ਤੁਹਾਨੂੰ ਪਹਿਲੀ ਚਿੱਠੀ ਹੀ ਕੁਛ ਮੰਗਣ ਵਾਸਤੇ ਲਿਖ ਰਿਹਾ ਹਾਂ।

"ਪੰਜਾਬੀ ਦੇ ਪ੍ਰਸਿੱਧ ਲੋਕ-ਕਵੀ, ਮੁਹਾਲੀ ਨਿਵਾਸੀ, ਸ਼ਿਵ ਨਾਥ ਜੀ (1257-ਸੀ, ਐਲ. ਆਈ. ਜੀ., ਫੇਜ਼ 10, ਮੁਹਾਲੀ-160062; ਫੋਨ: 96538-70627), ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਵੀ ਸਨਮਾਨਿਆ ਹੋਇਆ ਹੈ, ਚੰਡੀਗੜ੍ਹ ਦੇ 32 ਸੈਕਟਰ ਦੇ ਸਰਕਾਰੀ ਹਸਪਤਾਲ ਵਿਚ ਬੀਮਾਰ ਪਏ ਹਨ। ਉਨ੍ਹਾਂ ਨੇ ਸਾਰੀ ਉਮਰ ਮਿਹਨਤ-ਮਜ਼ਦੂਰੀ ਕਰ ਕੇ ਗੁਜ਼ਾਰਾ ਕੀਤਾ ਹੈ ਤੇ ਬਿਲਕੁਲ ਖਾਲੀ ਹੱਥ ਹਨ। ਉਨ੍ਹਾਂ ਨੇ 22 ਪੁਸਤਕਾਂ ਮਾਂ-ਬੋਲੀ ਪੰਜਾਬੀ ਦੀ ਝੋਲ਼ੀ ਪਾਈਆਂ ਹਨ ਜਿਨ੍ਹਾਂ ਵਿਚ ਸਿਰਫ਼ ਲੋਕ-ਹਿਤ ਦੀ ਗੱਲ ਹੀ ਕੀਤੀ ਗਈ ਹੈ ਅਤੇ ਜਿਨ੍ਹਾਂ ਦਾ ਪਾਠਕਾਂ, ਵਿਦਵਾਨਾਂ ਤੇ ਆਲੋਚਕਾਂ ਨੇ ਉੱਚਾ ਮੁੱਲ ਪਾਇਆ ਹੈ।

"ਮੇਰੀ ਬੇਨਤੀ ਹੈ ਕਿ ਉਹਦੇ ਇਲਾਜ ਦਾ ਸਾਰਾ ਖ਼ਰਚ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਣ ਦਾ ਫੈਸਲਾ ਤੇ ਐਲਾਨ ਹੋਣਾ ਚਾਹੀਦਾ ਹੈ। ਜਿਸ ਆਦਮੀ ਨੇ ਸਾਰੀ ਜ਼ਿੰਦਗੀ ਆਪਣੇ ਦੁੱਖ ਭੁਲਾ ਕੇ ਲੋਕਾਂ ਦੇ ਦੁੱਖਾਂ ਦੀ ਬਾਤ ਹੀ ਪਾਈ ਹੈ, ਬੀਮਾਰੀ ਵੇਲੇ ਉਹਨੂੰ ਸੰਭਾਲਣਾ ਬਹੁਤ ਪੁੰਨ ਦਾ ਕੰਮ ਹੋਵੇਗਾ।

ਸ਼ੁਭ-ਇਛਾਵਾਂ ਨਾਲ, ਗੁਰਬਚਨ ਸਿੰਘ ਭੁੱਲਰ"

ਮੇਰੇ ਅੰਦਰਲਾ ਘਤਿੱਤੀ ਫੇਰ ਬੋਲਿਆ, "ਪੰਜਾਬ ਵਿਚ ਭੁੱਲਰ ਗੋਤ ਵਾਲੇ ਤੇਤੀ ਸੌ ਗੁਰਬਚਨ ਸਿੰਘ ਹੋਣਗੇ, ਨਾਲ ਕੋਈ ਪੂਛ ਤਾਂ ਲਾ!" ਬੱਸ ਐਥੇ ਫੇਰ ਮੁਸ਼ਕਿਲ ਖੜ੍ਹੀ ਹੋ ਗਈ। ਮੇਰਾ ਮਨੋਵਿਗਿਆਨ ਕਹਿੰਦਾ ਹੈ, ਜਿਹੜਾ ਲੇਖਕ ਆਪਣਾ ਭਾਰ ਵਧਾਉਣ ਲਈ ਆਪਣੇ ਨਾਂ ਨਾਲ ਇਨਾਮ-ਸ਼ਨਾਮ ਦੇ ਵੱਟੇ ਪਾਉਂਦਾ ਹੈ, ਉਹਨੂੰ ਸਾਹਿਤਕ ਹੀਣ-ਭਾਵਨਾ ਕਾਰਨ ਆਪਣੀ ਰਚਨਾ ਦਾ ਭਰੋਸਾ ਨਹੀਂ ਹੁੰਦਾ। ਇਨਾਮ-ਸਨਮਾਨ ਲੇਖਕ ਨੂੰ ਉਹਦੀ ਰਚਨਾ ਸਦਕਾ ਮਿਲਦੇ ਹਨ, ਉਹਦੀ ਰਚਨਾ ਇਨਾਮਾਂ-ਸਨਮਾਨਾਂ ਦੀਆਂ ਕਠੋੜੀਆਂ ਸਹਾਰੇ ਅੱਗੇ ਨਹੀਂ ਵਧਦੀ। ਇਸ ਕਰਕੇ ਮੈਂ ਜ਼ਿੰਦਗੀ ਵਿਚ ਇਕ ਵਾਰ ਵੀ ਆਪਣੇ ਨਾਂ ਨਾਲ ਕਿਸੇ ਇਨਾਮ-ਸਨਮਾਨ ਦੀ ਪੂਛ ਨਹੀਂ ਜੋੜੀ। ਭਾਵੇਂ ਮੈਂ ਚਾਰਲੀ ਚੈਪਲਨ ਦੇ ਪੈਰਾਂ ਬਰਾਬਰ ਵੀ ਨਹੀਂ ਪਰ ਇਸ ਮਾਮਲੇ ਵਿਚ ਉਹ ਮੇਰਾ ਆਦਰਸ਼ ਹੈ। ਮਲਕਾ ਨੇ 1975 ਵਿਚ ਉਹਨੂੰ ਨਾਈਟ ਬਣਾਇਆ ਪਰ ਉਹਨੇ ਕਦੀ ਵੀ ਆਪਣੇ ਨਾਂ ਨਾਲ ਸਰ ਨਹੀਂ ਸੀ ਲਿਖਿਆ ਜੋ ਲਿਖਣ ਲਈ ਤਾਜ ਦੀ ਪਰਜਾ ਦੇ ਵਿਸ਼ੇਸ਼ ਵਿਅਕਤੀ ਸਹਿਕਦੇ ਰਹਿੰਦੇ ਹਨ। ਮੈਂ ਚਿੱਠੀ ਹੇਠ ਆਪਣਾ ਸਿਰਨਾਵਾਂ ਲਿਖਿਆ ਤੇ ਸੰਧਵਾਂ ਜੀ ਨੂੰ ਭੇਜ ਦਿੱਤੀ। ਉਸੇ ਚਿੱਠੀ ਵਿਚ ਸੰਬੋਧਨ ਬਦਲ ਕੇ ਮੈਂ ਪਿਆਰੇ ਭਗਵੰਤ ਮਾਨ ਜੀ ਲਿਖਿਆ ਤੇ ਉਹ ਵੀ ਭੇਜ ਦਿੱਤੀ।

ਲਓ ਜੀ, ਸਰਕਾਰੀ ਖੂਹ ਵਿਚ ਇੱਟ ਸਿੱਟ ਦਿੱਤੀ ਹੈ, ਦੇਖਦੇ ਹਾਂ ਬੇਆਵਾਜ਼ ਹੀ ਡੁੱਬ ਜਾਂਦੀ ਹੈ ਕਿ ਕੋਈ ਖੜਾਕ ਹੁੰਦਾ ਹੈ ਤੇ ਪਾਣੀ ਉੱਛਲਦਾ ਹੈ! ਸਾਡੇ ਪਿੰਡ ਵਾਲਾ ਕਿਸ਼ਨਾ ਬੁੜ੍ਹਾ ਆਖਦਾ ਹੁੰਦਾ, "ਓ ਭਾਈ, ਗੌਰਮਿੰਟ ਤਾਂ ਉਹ ਹੁੰਦੀ ਐ ਜਿਹੜੀ ਮਿੰਟ ਮਿੰਟ 'ਤੇ ਗੌਰ ਕਰੇ!" ਦੇਖਦੇ ਹਾਂ, ਤਾਏ ਕਿਸ਼ਨੇ ਵਾਲਾ ਇਹ ਗੌਰਮਿੰਟੀ ਮਿੰਟ ਸਰਕਾਰੀ ਸੈਕਟਰੀਆਂ ਦੇ ਵੱਸ ਪੈ ਕੇ ਕਿੰਨੇ ਦਿਨਾਂ-ਹਫ਼ਤਿਆਂ ਦਾ ਹੁੰਦਾ ਹੈ ਜਾਂ ਫੇਰ ਮੇਰੇ ਚਿੱਠੀ ਭੇਜਣ ਦੇ ਨਾਲ ਹੀ ਸਮਾਪਤ ਵੀ ਹੋ ਗਿਆ!

ਅਗਲੇ ਦਿਨ, 15 ਜੁਲਾਈ ਨੂੰ ਸਵੇਰੇ ਦਸ ਕੁ ਵਜੇ ਫੋਨ ਵੱਜਿਆ। ਨੰਬਰ ਅਣਜਾਣਿਆ ਸੀ ਤੇ ਨਾਲ ਨਾਂ ਕੋਈ ਨਹੀਂ ਸੀ। ਅਨੇਕ ਪਾਠਕਾਂ ਦੇ ਫੋਨ ਇਉਂ ਵੀ ਆਉਂਦੇ ਹਨ। ਮੈਂ ਆਦਤ ਅਨੁਸਾਰ ਕਿਹਾ, "ਹਾਂ ਜੀ?" ਦੂਜੇ ਪਾਸਿਉਂ ਆਵਾਜ਼ ਆਈ, "ਭੁੱਲਰ ਜੀ, ਮੈਂ ਕੁਲਤਾਰ ਸੰਘ ਸੰਧਵਾਂ ਬੋਲ ਰਿਹਾ ਹਾਂ। ਤੁਹਾਡੀ ਚਿੱਠੀ ਮਿਲ ਗਈ ਹੈ। ਸਰਕਾਰੀ ਪੈਸੇ ਨੂੰ ਪੰਜ-ਚਾਰ ਦਿਨ ਲੱਗ ਜਾਣਗੇ, ਤਦ ਤੱਕ ਮੈਂ ਆਪਣੇ ਕੋਲੋਂ ਕਰਦਾ ਹਾਂ ਕੁਛ।" ਮੇਰੇ ਮੂੰਹੋਂ ਸੁਤੇ-ਸਿਧ ਨਿੱਕਲਿਆ, "ਤੁਸੀਂ ਆਪਣੀ ਜੇਬ ਵਿਚੋਂ ਕਿਉਂ ਕਰਦੇ ਹੋ, ਸੰਧਵਾਂ ਜੀ, ਸਰਕਾਰੀ ਪੈਸੇ ਜਦੋਂ ਵੀ ਮਿਲਣਗੇ, ਠੀਕ ਹੈ।" ਉਹ ਸਹਿਜਤਾ ਨਾਲ ਕਹਿੰਦੇ, "ਕੋਈ ਨਾ!" ਸ਼ਿਵ ਨਾਥ ਨੂੰ ਮਾਇਕ ਮਦਦ ਮਿਲਣ ਤੋਂ ਇਲਾਵਾ ਮੈਨੂੰ ਇਸ ਗੱਲ ਦੀ ਭਰਪੂਰ ਤਸੱਲੀ ਮਿਲ ਗਈ ਕਿ ਮੇਰੇ ਮਨੋਵਿਗਿਆਨ ਨੇ ਸੰਧਵਾਂ ਜੀ ਦਾ ਜੋ ਗੁਰਮੁਖ ਰੂਪ ਦੱਸਿਆ ਸੀ, ਉਹ ਉਹੋ ਜਿਹੇ ਹੀ ਨਿੱਕਲੇ। ਕੁਛ ਹੀ ਘੰਟਿਆਂ ਬਾਅਦ ਸ਼ਿਵ ਨਾਥ ਦੀ ਨੂੰਹ ਦਾ ਫੋਨ ਆ ਗਿਆ, "ਅੰਕਲ ਜੀ, ਕੋਈ ਆਦਮੀ ਆ ਕੇ ਪੈਸੇ ਦੇ ਗਿਆ ਹੈ।" ਜਦੋਂ ਉਹਨੇ ਪੈਸੇ ਦੱਸੇ, ਮੈਂ ਮੰਗਣ ਵਾਲਾ ਹੋਣ ਦੇ ਬਾਵਜੂਦ ਸੱਚਮੁੱਚ ਪਰੇਸ਼ਾਨ ਹੋ ਗਿਆ ਤੇ ਮੇਰੇ ਮਨ ਵਿਚੋਂ ਆਵਾਜ਼ ਆਈ, "ਤੁਸੀਂ ਇਹ ਕੀ ਕੀਤਾ ਸੰਧਵਾਂ ਜੀ, ਜੇਬ ਵਿਚੋਂ ਏਨੀ ਵੱਡੀ ਰਕਮ ਭੇਜਣ ਦੀ ਕੀ ਲੋੜ ਸੀ!"

ਮੈਂ ਅਜੇ ਇਸੇ ਸੋਚ ਵਿਚ ਸੀ ਕਿ ਫੋਨ ਫੇਰ ਖੜਕਿਆ, ਨਾਂ ਤੋਂ ਬਿਨਾਂ ਅਣਜਾਣਿਆ ਨੰਬਰ। ਮੈਂ ਬੋਲਿਆ, "ਹਾਂ ਜੀ?" ਉਧਰੋਂ ਆਵਾਜ਼ ਆਈ, "ਭੁੱਲਰ ਜੀ, ਮੈਂ ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਬੋਲ ਰਿਹਾ ਹਾਂ। ਭਗਵੰਤ ਮਾਨ ਜੀ ਨੇ ਤੁਹਾਡੀ ਚਿੱਠੀ ਮੈਨੂੰ ਭੇਜ ਦਿੱਤੀ ਹੈ, ਕਰਦੇ ਹਾਂ ਜੋ ਕੁਛ ਵੀ ਸੰਭਵ ਹੋਇਆ!" ਅਗਲੇ ਦਿਨ ਉਨ੍ਹਾਂ ਦਾ ਸੁਨੇਹਾ ਆ ਗਿਆ ਕਿ ਹਸਪਤਾਲ ਨੂੰ ਤਾਂ ਮੁਫ਼ਤ ਇਲਾਜ ਲਈ ਆਖ ਦਿੱਤਾ ਹੈ, ਬਾਕੀ ਵੀ ਦੇਖਦੇ ਹਾਂ। ਮੈਨੂੰ ਹੈਰਾਨੀ ਇਸ ਗੱਲ ਦੀ ਵੀ ਹੋਈ ਕਿ ਜਿਥੇ ਸਾਹਿਤਕ ਸੰਸਥਾਵਾਂ ਦੀਆਂ ਕੁਰਸੀਆਂ ਉੱਤੇ ਬੈਠੇ ਲੇਖਕਾਂ-ਅਲੇਖਕਾਂ ਦਾ ਫੋਨ ਉਨ੍ਹਾਂ ਦੇ ਸਹਾਇਕ ਮਿਲਾ ਕੇ ਉਨ੍ਹਾਂ ਨਾਲ ਗੱਲ ਕਰਨ ਲਈ ਆਖਦੇ ਹਨ, ਇਹ ਮੰਤਰੀ ਸੱਜਣ ਕਿਸੇ ਹਉਂ ਤੋਂ ਬਿਨਾਂ ਫੋਨ ਸਿੱਧੇ ਆਪ ਹੀ ਮਿਲਾ ਰਹੇ ਹਨ!

ਉਤਾਂਹ ਨੂੰ ਦੇਖਿਆ, ਸੁਰਗ ਦੀ ਬਾਰੀ ਖੁੱਲ੍ਹੀ ਸੀ। ਮੈਂ ਪੂਰੇ ਜ਼ੋਰ ਦੀ ਆਵਾਜ਼ ਮਾਰੀ, "ਤਾਇਆ ਕਿਸ਼ਨਿਆ, ਮਿੰਟ ਮਿੰਟ 'ਤੇ ਗ਼ੌਰ ਹੋ ਗਿਆ!" ਮੈਨੂੰ ਮਹਿਸੂਸ ਹੋਇਆ, ਸ਼ਿਵ ਨਾਥ ਨੂੰ ਕੁੱਲ ਮਿਲਾ ਕੇ ਜਿੰਨੇ ਪੈਸੇ ਮਿਲਣਗੇ, ਮੈਨੂੰ ਮਿਲਿਆ ਸਨਮਾਨ ਉਸ ਤੋਂ ਕਈ ਗੁਣਾ ਵੱਡਾ ਵੀ ਹੈ ਤੇ ਨਵੇਕਲਾ ਵੀ ਹੈ। ਮੈਨੂੰ ਦਿੱਲੀ ਤੇ ਪੰਜਾਬ ਦਾ ਹਰ ਉਹ ਸਨਮਾਨ ਮਿਲ ਚੁੱਕਿਆ ਹੈ ਜੋ ਕਿਸੇ ਪੰਜਾਬੀ ਲੇਖਕ ਨੂੰ ਮਿਲ ਸਕਦਾ ਹੈ। ਉੱਤਰ ਪ੍ਰਦੇਸ਼ ਪੰਜਾਬੀ ਅਕਾਦਮੀ ਦਾ ਵਿਸ਼ੇਸ਼ ਸਨਮਾਨ ਅਤੇ ਦੱਖਣੀ ਭਾਰਤ ਦਾ ਸਭ ਤੋਂ ਵੱਡਾ ਕੁਵੇਂਪੂ ਸਨਮਾਨ ਪੰਜਾਬੀ ਸਨਮਾਨਾਂ ਦੀ ਖੀਰ ਉੱਤੇ ਭੁੱਕੇ ਹੋਏ ਸੁੱਕੇ ਮੇਵੇ ਵਾਂਗ ਹਨ! ਪਰ ਮੇਰੀ ਗੱਲ ਨੂੰ ਭੁੰਜੇ ਡਿੱਗਣ ਤੋਂ ਪਹਿਲਾਂ ਬੋਚ ਕੇ ਦਿੱਤਾ ਗਿਆ ਇਹ ਆਦਰ-ਮਾਣ ਉਨ੍ਹਾਂ ਸਭ ਪੁਰਸਕਾਰਾਂ ਤੋਂ ਵੱਡਾ ਹੈ। ਤੇ ਇਹ ਆਖਣ ਸਮੇਂ ਸ਼ਾਇਦ ਮੈਂ ਗ਼ਲਤ ਨਹੀਂ ਕਿ ਪੰਜਾਬ ਦੀ ਕਿਸੇ ਸਰਕਾਰ ਨੇ ਕਿਸੇ ਪੰਜਾਬੀ ਲੇਖਕ ਨੂੰ ਅਜਿਹਾ ਸਨਮਾਨ ਪਹਿਲੀ ਵਾਰ ਦਿੱਤਾ ਹੈ।

ਮੈਨੂੰ ਇਸ ਗੱਲ ਦੀ ਪੂਰੀ ਸੋਝੀ ਹੈ ਕਿ ਸ਼ਿਵ ਨਾਥ ਤੇ ਮੈਂ ਪੰਜਾਬੀ ਸਾਹਿਤ ਵਿਚ ਜੋ ਥੋੜ੍ਹਾ-ਬਹੁਤਾ ਹਿੱਸਾ ਪਾ ਸਕੇ ਹਾਂ, ਇਹ ਉਹਦੀ ਕਦਰ ਪਾਈ ਗਈ ਹੈ। ਇਸ ਕਰਕੇ ਮੈਂ ਇਹ ਸਨਮਾਨ ਮਾਂ-ਪੰਜਾਬੀ ਦੀ ਬੁੱਕਲ ਵਿਚ ਪਾਉਂਦਾ ਹਾਂ ਜਿਸ ਦੀ ਵਾਰੀ-ਸਦਕੇ ਜਾਂਦੀ ਮਮਤਾ ਦਾ ਹੱਥ ਮੇਰੇ ਸਿਰ ਤੋਂ ਕਦੀ ਵੀ ਪਾਸੇ ਨਹੀਂ ਹੋਇਆ!

ਸੰਧਵਾਂ ਜੀ, ਭਗਵੰਤ ਜੀ, ਡਾ. ਬਲਬੀਰ ਸਿੰਘ ਜੀ, ਮੇਰੇ ਕੋਲ ਤੁਹਾਡੀ ਦਿਖਾਈ ਅਪਣੱਤ ਦੇ ਹੁੰਗਾਰੇ ਵਜੋਂ ਬੱਸ ਅਸੀਸਾਂ ਹੀ ਹਨ। ਤੁਹਾਨੂੰ ਸੁਖੀ ਤੇ ਖ਼ੁਸ਼ਹਾਲ ਜੀਵਨ ਮਿਲੇ! ਦਹਾਕਿਆਂ ਤੋਂ ਡੋਲ-ਥਿੜਕ ਰਹੇ ਆਪਣੇ ਪੰਜਾਬ ਨੂੰ ਫੇਰ ਪੈਰਾਂ ਉੱਤੇ ਖੜ੍ਹਾ ਕਰਨ ਦੀ ਸ਼ਕਤੀ ਮਿਲੇ। ਦਹਾਕਿਆਂ ਤੋਂ ਡੰਗਰਾਂ ਵਾਲੇ ਵਾੜੇ ਵਿਚ ਡਾਹੀ ਹੋਈ ਮੰਜੀ ਤੋਂ ਚੁੱਕ ਕੇ ਮਾਂ-ਪੰਜਾਬੀ ਨੂੰ ਡਿਉਢੀ ਦੇ ਪਲੰਘ ਉੱਤੇ ਲਿਆ ਬਿਠਾਉਣ ਦੀ ਸਮਰੱਥਾ ਮਿਲੇ!

---

## ਸਮਾਜ ਸੇਵਾ ਤੇ ਪਰਉਪਕਾਰ ਲਈ ਵਚਨਬੱਧ ਰੱਖੜਾ ਪਰਿਵਾਰ

*(ਸਫਾ 14 ਦਾ ਬਾਕੀ)*

ਇਸ ਨਵੀਂ ਮਾਨਤਾ ਨੇ ਉਨ੍ਹਾਂ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਨੇੜਤਾ ਪ੍ਰਦਾਨ ਕੀਤੀ ਜਿਸ ਨਾਲ ਪਰਿਵਾਰ ਦੇ ਪਰਉਪਕਾਰੀ ਯਤਨਾਂ ਦੇ ਪ੍ਰਭਾਵ ਨੂੰ ਹੋਰ ਬਲ ਮਿਲਿਆ।

**ਚੈਰਿਟੀ ਦੀ ਵਿਰਾਸਤ:** ਰੱਖੜਾ ਪਰਿਵਾਰ ਵਿਚ ਪਰਉਪਕਾਰ ਦਾ ਬੀਜ ਉਨ੍ਹਾਂ ਦੇ ਪਿਤਾ ਮਰਹੂਮ ਸ. ਕਰਤਾਰ ਸਿੰਘ ਧਾਲੀਵਾਲ ਨੇ ਬਹੁਤ ਪਹਿਲਾਂ ਬੀਜਿਆ ਸੀ। 1933 ਵਿਚ ਉਨ੍ਹਾਂ ਫੌਜ ਵਿਚ ਆਪਣੀ ਸੇਵਾ ਵਿਚੋਂ ਆਪਣੀ ਸਾਰੀ ਬਚਤ ਲੋੜਵੰਦਾਂ ਦੀ ਸਹਾਇਤਾ ਲਈ ਸਮਰਪਿਤ ਕਰ ਕੇ ਆਪਣਾ ਚੈਰੀਟੇਬਲ ਸਫ਼ਰ ਸ਼ੁਰੂ ਕੀਤਾ। ਦਇਆ ਦੀ ਇਹ ਵਿਰਾਸਤ ਪੀੜ੍ਹੀ ਦਰ ਪੀੜ੍ਹੀ ਚਲੀ ਗਈ ਹੈ ਜੋ ਪਰਿਵਾਰ ਦੀ ਪਛਾਣ ਨੂੰ ਮਨੁੱਖਤਾ ਦੇ ਸੱਚੇ ਰਖਵਾਲਿਆਂ ਵਜੋਂ ਪਰਿਭਾਸ਼ਤ ਕਰਦੀ ਹੈ। ਰੱਖੜਾ ਪਰਿਵਾਰ ਦੇ ਮਿਸਾਲੀ ਯੋਗਦਾਨ ਨੇ ਉਨ੍ਹਾਂ ਨੂੰ ਨਾ ਸਿਰਫ਼ ਪ੍ਰਸ਼ੰਸਾ ਪ੍ਰਦਾਨ ਕੀਤੀ ਸਗੋਂ ਸਮਾਜ ਵਿਚ ਬਹੁਤ ਸਨਮਾਨ ਵੀ ਮਿਲਿਆ। ਸ. ਸੁਰਜੀਤ ਸਿੰਘ ਰੱਖੜਾ ਦੇ ਸਲੀਕੇ ਵਾਲੇ ਵਿਹਾਰ ਅਤੇ ਸੱਚੀ ਹਮਦਰਦੀ ਨੇ ਉਨ੍ਹਾਂ ਨੂੰ ਸਭਾ ਦਾ ਪਿਆਰਾ ਬਣਾਇਆ। ਪਰਿਵਾਰ ਦੀ ਸਦਭਾਵਨਾ ਸਮਾਜ ਦੇ ਹਰ ਵਰਗ ਵਿਚ ਗੂੰਜਦੀ ਹੈ ਜੋ ਉਨ੍ਹਾਂ ਨੂੰ ਉਮੀਦ ਦੀ ਕਿਰਨ ਅਤੇ ਹਮਦਰਦੀ ਦਾ ਪ੍ਰਤੀਕ ਬਣਾਉਂਦੀ ਹੈ। ਰੱਖੜਾ ਪਰਿਵਾਰ ਦੀ ਉਦਾਰਤਾ ਅਤੇ ਪਰਉਪਕਾਰ ਦੀ ਕਹਾਣੀ ਸਮੂਹਿਕ ਪਰਉਪਕਾਰ ਦੀ ਸ਼ਕਤੀ ਦਾ ਪ੍ਰਮਾਣ ਹੈ। ਕੁਦਰਤੀ ਆਫ਼ਤਾਂ ਦੌਰਾਨ ਆਪਣੇ ਨਿਸਵਾਰਥ ਯਤਨਾਂ ਅਤੇ ਸਮਾਜ ਦੀ ਸੇਵਾ ਲਈ ਅਟੁੱਟ ਵਚਨਬੱਧਤਾ ਦੇ ਜ਼ਰੀਏ ਉਨ੍ਹਾਂ ਨੇ ਅਣਗਿਣਤ ਜ਼ਿੰਦਗੀਆਂ ਨੂੰ ਸੇਵਾ ਅਤੇ ਉਮੀਦ ਨਾਲ ਛੂਹਿਆ ਹੈ। ਲੋੜਵੰਦਾਂ ਨੂੰ ਉੱਚਾ ਚੁੱਕਣ ਅਤੇ ਹਾਸ਼ੀਏ 'ਤੇ ਪਏ ਲੋਕਾਂ ਦੀ ਸਹਾਇਤਾ ਕਰਨ ਲਈ ਉਨ੍ਹਾਂ ਦੇ ਸਮਰਪਣ ਨੇ ਉਨ੍ਹਾਂ ਨੂੰ ਪਰਉਪਕਾਰੀ ਲੋਕਾਂ ਦੇ ਬਰਾਬਰ ਉੱਤਮਤਾ ਵਜੋਂ ਸਤਿਕਾਰ ਪ੍ਰਦਾਨ ਕੀਤਾ ਹੈ। ਉਨ੍ਹਾਂ ਦੀ ਵਿਰਾਸਤ ਅਣਗਿਣਤ ਹੋਰਾਂ ਨੂੰ ਪ੍ਰੇਰਦੀ ਰਹਿੰਦੀ ਹੈ। ਰੱਖੜਾ ਪਰਿਵਾਰ ਮਨੁੱਖਤਾ ਦੀ ਰੋਸ਼ਨੀ ਤੇ ਦਿਆਲਤਾ ਦੀ ਪਰਿਵਰਤਨਸ਼ੀਲ ਸ਼ਕਤੀ ਦੇ ਰੂਪ ਵਿਚ ਖੜ੍ਹਾ ਹੈ।

***-ਪ੍ਰਿੰਸੀਪਲ, ਖਾਲਸਾ ਕਾਲਜ, ਪਟਿਆਲਾ***

# ਭਾਰਤ ਦੇ ਸਿਰਜਣਾਤਮਕ ਅਰਥਚਾਰੇ ਨੂੰ ਮੁੜ ਸੁਰਜੀਤ ਕਰਨ ਦਾ ਮਸਲਾ

ਅਮਰੀਕਾ ਅੰਦਰ ਫਿਲਮੀ ਲੇਖਕਾਂ ਅਤੇ ਕਲਾਕਾਰਾਂ ਦੀ ਚੱਲ ਰਹੀ ਹੜਤਾਲ ਨੇ ਭਾਰਤ ਦੀ ਸਿਰਜਣਾਤਮਕ ਸਨਅਤ ਵਿਚ ਰੁਚੀ ਰੱਖਣ ਵਾਲੇ ਲੋਕਾਂ ਦਾ ਵੀ ਧਿਆਨ ਖਿੱਚਿਆ ਹੈ। ਭਾਰਤ ਦਾ ਫਿਲਮ, ਟੀਵੀ, ਸਟੇਜ ਗਾਇਕੀ ਅਤੇ ਨਾਟਕ ਵਾਲੇ ਸਿਰਜਣਾਤਮਕ ਖੇਤਰ ਨੂੰ ਮਹਾਮਾਰੀ ਦੇ ਦੌਰਾਨ ਗੰਭੀਰ ਹਰਜ਼ਾ ਝੱਲਣਾ ਪਿਆ ਸੀ। ਇਹ ਸੈਕਟਰ ਰੁਜ਼ਗਾਰ ਪੈਦਾ ਕਰਨ ਅਤੇ ਸਿਹਤਮੰਦ ਅਤੇ ਖੁਸ਼ਹਾਲ ਆਬਾਦੀ ਲਈ ਅਥਾਹ ਸੰਭਾਵਨਾਵਾਂ ਰੱਖਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਰਚਨਾਤਮਕ ਸਨਅਤ ਮਨੋਰੰਜਨ ਦੀਆਂ ਗਤੀਵਿਧੀਆਂ ਦੇ ਨਾਲ ਨਾਲ, ਭਵਿੱਖ ਦੇ ਸਭ ਤੋਂ ਮਹੱਤਵਪੂਰਨ ਆਰਥਿਕ ਖੇਤਰਾਂ ਦੇ ਰੂਪ ਵਿਚ ਉਭਰਨ ਜਾ ਰਹੀ ਹੈ। ਮੋਟੇ ਤੌਰ 'ਤੇ, ਰਚਨਾਤਮਕ ਉਦਯੋਗਾਂ ਵਿਚ ਇਸ਼ਤਿਹਾਰਬਾਜ਼ੀ, ਭਵਨ ਨਿਰਮਾਣ, ਕਲਾ, ਹਸਤਕਾਰੀ, ਸ਼ਿਲਪਕਾਰੀ, ਡਿਜ਼ਾਈਨ, ਫੈਸ਼ਨ, ਫਿਲਮ, ਵੀਡੀਓ, ਫੋਟੋਗ੍ਰਾਫੀ, ਸੰਗੀਤ, ਪ੍ਰਦਰਸ਼ਨ ਕਲਾ, ਪ੍ਰਕਾਸ਼ਨ, ਖੋਜ ਤੇ ਵਿਕਾਸ, ਸਾਫਟਵੇਅਰ, ਕੰਪਿਊਟਰ ਗੇਮਾਂ, ਇਲੈਕਟ੍ਰਾਨਿਕ ਪ੍ਰਕਾਸ਼ਨ ਅਤੇ ਟੈਲੀਵਿਜ਼ਨ/ਰੇਡੀਓ ਸ਼ਾਮਲ ਹਨ।



**ਕਰਮ ਬਰਸਟ**
**ਫੋਨ:** +91-94170-73831

ਸੰਯੁਕਤ ਰਾਸ਼ਟਰ ਦੀ ਵਪਾਰ ਅਤੇ ਵਿਕਾਸ ਬਾਰੇ ਕਾਨਫਰੰਸ (UNCTAD) ਦੁਆਰਾ ਪ੍ਰਕਾਸ਼ਿਤ 2019 ਦੀ ਰਿਪੋਰਟ ਵਿਚ ਨੋਟ ਕੀਤਾ ਗਿਆ ਸੀ ਕਿ ਇਹ ਗਤੀਵਿਧੀਆਂ ਸੱਭਿਆਚਾਰਕ ਅਤੇ ਵਪਾਰਕ ਦੋਵਾਂ ਰੂਪਾਂ ਵਿਚ ਹੀ ਕੀਮਤੀ ਹਨ। ਸਪੱਸ਼ਟ ਤੌਰ 'ਤੇ, ਇਹ ਮਨੁੱਖੀ ਜੀਵਨ ਅਤੇ ਸਮਾਜਿਕ ਤਾਣੇ-ਬਾਣੇ ਨੂੰ ਸੁਧਾਰਦੀਆਂ ਹਨ, ਅਤੇ ਪ੍ਰਗਟਾਵੇ ਦੇ ਰੂਪ ਵਿਚ, ਉਹ ਮਨੁੱਖੀ ਜੀਵਨ ਵਿਚ ਕਲਪਨਾ ਦੇ ਰੰਗ ਭਰਦੀਆਂ ਹੋਈਆਂ ਅਨੰਦ ਦੀ ਪੂਰਤੀ ਕਰਦੀਆਂ ਹਨ। ਇਹ ਸਰਗਰਮੀਆਂ ਆਪਣੇ ਉੱਤਮ ਰੂਪਾਂ ਵਿਚ, ਮਹੱਤਵਪੂਰਨ ਸਮਾਜਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਫੈਲਾ ਕੇ ਸਮਾਜਿਕ ਏਕਤਾ ਨੂੰ ਵੀ ਉਤਸ਼ਾਹਿਤ ਕਰ ਸਕਦੀਆਂ ਹਨ ਅਤੇ ਮਨੁੱਖੀ ਸਰੋਕਾਰਾਂ ਨੂੰ ਆਵਾਜ਼ ਦਿੰਦੀਆਂ ਹਨ।

ਪਰ, ਇਸ ਤੋਂ ਇਲਾਵਾ, ਉਹ ਆਪਣੀ ਬਹੁਤ ਵੱਡੀ ਰੁਜ਼ਗਾਰ ਸੰਭਾਵਨਾ ਦੇ ਕਾਰਨ ਸਮੁੱਚੇ ਦੇਸ਼ ਦੇ ਆਰਥਿਕ ਵਿਕਾਸ ਲਈ ਵੀ ਮਹੱਤਵਪੂਰਨ ਹਨ। ਹੋਰ ਖੇਤਰਾਂ ਦੇ ਉਲਟ, ਇਹ ਤਕਨੀਕੀ ਤਬਦੀਲੀਆਂ ਰਚਨਾਤਮਕ ਉਦਯੋਗਾਂ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰ ਸਕਦੀਆਂ ਹਨ, ਨਵੀਆਂ ਨੌਕਰੀਆਂ ਪੈਦਾ ਕਰਦੀਆਂ ਹਨ ਅਤੇ ਆਮ ਰੂਪ ਵਿਚ ਹੋਰਨਾਂ ਸਨਅਤਾਂ ਵਾਂਗ ਬੇਕਾਰੀ ਪੈਦਾ ਨਹੀਂ ਕਰਦੀਆਂ। ਕਿਉਂਕਿ ਸਮਕਾਲੀ ਸਿਰਜਣਾਤਮਕ ਆਰਥਿਕਤਾ ਸੱਭਿਆਚਾਰ, ਤਕਨਾਲੋਜੀ, ਕਾਰੋਬਾਰ ਅਤੇ ਨਵੀਨਤਾ ਦੇ ਜੁੜਵੇਂ ਸੁਮੇਲ ਨਾਲ ਪ੍ਰਫੁੱਲਤ ਹੁੰਦੀ ਹੈ। ਜੇ ਤਿੰਨ- ਦਿਸ਼ਾਵੀ ਐਨੀਮੇਸ਼ਨ ਬਾਰੇ ਸੋਚਿਆ ਜਾਵੇ ਜੋ ਕਿ ਹੁਣ ਹੰਗਰੀ ਅਤੇ ਇੰਡੋਨੇਸ਼ੀਆ ਦੇ ਨਾਲ-ਨਾਲ ਭਾਰਤ ਵਿਚ ਵੀ ਵਧ ਰਹੀ ਹੈ, ਜਾਂ ਬ੍ਰਾਜ਼ੀਲ ਵਿਚ ਇਮੋਟੀਮ ਵਰਗੇ ਬਾਹਰੀ ਕਲਾ ਪਾਰਕ ਦੇ ਰੂਪ ਵਿਚ ਉਭਰ ਰਹੀ ਹੈ, ਤਾਂ ਇਹ ਇਕ ਵਪਾਰ ਤੇ ਮਨੋਰੰਜਨ ਦਾ ਸ਼ਕਤੀਸ਼ਾਲੀ ਸਰੋਤ ਹੋ ਸਕਦੀ ਹੈ। ਭਵਿੱਖ ਦੇ ਨਵੀਨੀਕਰਨ ਦੇ ਨਾਲ-ਨਾਲ ਇਹ ਗਤੀਵਿਧੀਆਂ ਛੋਟੇ ਅਤੇ ਦਰਮਿਆਨੇ ਆਕਾਰ ਦੇ ਉਦਮਾਂ ਲਈ ਤੇਜ਼ੀ ਨਾਲ ਅਨੁਕੂਲ ਸਾਬਤ ਹੁੰਦੀਆਂ ਹਨ, ਖਾਸ ਕਰਕੇ ਜਦੋਂ ਇਨ੍ਹਾਂ ਵਿਚ ਉਦਮੀਆਂ ਦੇ ਦਾਖਲੇ ਦੀਆਂ ਰੁਕਾਵਟਾਂ ਨੂੰ ਦੂਰ ਕੀਤਾ ਜਾਂਦਾ ਹੈ। ਸਿਰਜਣਾਤਮਕ ਵਸਤੂਆਂ ਅਤੇ ਸੇਵਾਵਾਂ ਵਿਚ ਕੌਮਾਂਤਰੀ ਵਪਾਰ ਦੀਆਂ ਵੀ ਅਥਾਹ ਸੰਭਾਵਨਾਵਾਂ ਹਨ।

ਦਿਲਚਸਪ ਗੱਲ ਇਹ ਹੈ ਕਿ ਭਾਰਤ ਨੂੰ ਇਨ੍ਹਾਂ ਉਦਯੋਗਾਂ ਦੇ ਵਿਸਤਾਰ ਲਈ ਸਭ ਤੋਂ ਵੱਧ ਸੰਭਾਵਨਾਵਾਂ ਵਾਲੇ ਦੇਸ਼ਾਂ ਵਜੋਂ ਦੇਖਿਆ ਜਾਂਦਾ ਹੈ। 2015 ਵਿਚ, UNCTAD ਨੇ ਇਸ ਨੂੰ ਦੁਨੀਆ ਵਿਚ ਰਚਨਾਤਮਕ ਵਸਤੂਆਂ ਦਾ ਅੱਠਵਾਂ ਸਭ ਤੋਂ ਵੱਡਾ ਨਿਰਯਾਤਕ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ (ਚੀਨ ਅਤੇ ਹਾਂਗਕਾਂਗ ਤੋਂ ਬਾਅਦ) ਤੀਸਰਾ ਸਭ ਤੋਂ ਵੱਡਾ ਨਿਰਯਾਤ ਕਰਨ ਵਾਲਾ ਦੇਸ਼ ਮੰਨਿਆ ਹੈ। ਭਾਰਤ ਨੇ ਉਸ ਸਮੇਂ, ਬਰਾਮਦ ਦੇ ਰੂਪ ਵਿਚ ਲਗਭਗ 136000 ਕਰੋੜ ਰੁਪਏ (17 ਬਿਲੀਅਨ ਡਾਲਰ) ਦਾ ਵਪਾਰ ਕੀਤਾ ਸੀ, ਜਿਸ ਵਿਚੋਂ 96000 ਕਰੋੜ ਰੁਪਏ (12 ਬਿਲੀਅਨ ਡਾਲਰ) ਦਾ ਵਾਧੂ ਵਪਾਰ ਸੀ। ਬਾਲੀਵੁੱਡ ਦੀ ਇਸ ਕੰਮ ਵਿਚ ਕਾਫ਼ੀ ਘੱਟ ਭੂਮਿਕਾ ਸੀ। ਉਦਾਹਰਨ ਲਈ, ਹਾਲ ਹੀ ਦੇ ਸਾਲਾਂ ਵਿਚ, ਭਾਰਤ ਗੇਮ ਡਿਵੈਲਪਮੈਂਟ ਅਤੇ ਗੇਮ ਸਪੋਰਟ ਸੇਵਾਵਾਂ ਦੀ ਆਊਟ-ਸੋਰਸਿੰਗ ਲਈ ਵੱਡਾ ਕੇਂਦਰ ਬਣ ਗਿਆ ਹੈ।

ਬੇਸ਼ੱਕ, ਭਾਰਤ ਵਿਚ ਇਹ ਅੰਦਾਜ਼ਾ ਲਗਾਉਣਾ ਔਖਾ ਹੈ ਕਿ ਕਿੰਨੇ ਕੁ ਲੋਕ ਰਚਨਾਤਮਕ ਉਦਯੋਗਾਂ ਵਿਚ ਲੱਗੇ ਹੋਏ ਹਨ, ਕਿਉਂਕਿ ਉਨ੍ਹਾਂ ਦਾ ਪ੍ਰਮੁੱਖ ਹਿੱਸਾ, ਗੈਰ ਰਸਮੀ ਕੰਮ ਵਿਚ ਰੁੱਝਿਆ ਹੋਇਆ ਹੈ ਅਤੇ ਸਿਰਫ ਇਕ ਛੋਟਾ ਜਿਹਾ ਹਿੱਸਾ ਹੀ ਪੱਕਾ ਕੰਮ ਕਰਦਾ ਹੈ ਜਿਸਨੂੰ "ਰਜਿਸਟਰਡ" ਕਿਹਾ ਜਾਂਦਾ ਹੈ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਸਨਅਤ ਵਿਚ ਲੱਗੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਹੈ। ਪਰਫਾਰਮਿੰਗ ਆਰਟਸ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ, ਡਿਜ਼ਾਈਨ ਅਤੇ ਫੈਸ਼ਨ, ਫਿਲਮ ਅਤੇ ਫੋਟੋਗ੍ਰਾਫੀ ਉਦਯੋਗਾਂ ਨੇ ਰੋਜ਼ਗਾਰ ਦੇ ਵਧ ਰਹੇ ਅਵਸਰ ਪੈਦਾ ਕੀਤੇ ਹਨ, ਅਤੇ ਆਨਲਾਈਨ ਪ੍ਰਸਾਰਣ ਤੋਂ ਲਾਭ ਪ੍ਰਾਪਤ ਕਰਨ ਵਾਲੇ ਨਵੇਂ ਖੇਤਰਾਂ ਵਿਚ ਨੌਕਰੀਆਂ ਦੀ ਸਿਰਜਣਾ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਭਾਰਤ ਵਰਗੀ ਅਰਥ-ਵਿਵਸਥਾ ਵਿਚ, ਜਿੱਥੇ ਉਤਪਾਦਕ ਰੁਜ਼ਗਾਰ ਦੇ ਮੌਕਿਆਂ ਦੀ ਅਤੇ ਢੁਕਵੀਂ ਰੋਜ਼ੀ-ਰੋਟੀ ਦੀ ਘਾਟ ਪਿਛਲੇ ਸਮੇਂ ਦੀ ਮੁੱਖ ਚੁਣੌਤੀ ਰਹੀ ਹੈ, ਤਦ ਇਨ੍ਹਾਂ ਗਤੀਵਿਧੀਆਂ ਦੀ ਮਹੱਤਤਾ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ।

ਫਿਰ ਵੀ ਇਨ੍ਹਾਂ ਉਦਯੋਗਾਂ ਦੀ ਰੁਜ਼ਗਾਰ ਪੈਦਾ ਕਰਨ ਵਿਚ ਬਹੁਤ ਪ੍ਰਭਾਵਸ਼ਾਲੀ ਭੂਮਿਕਾ ਹੈ, ਪਰ ਇਸਨੂੰ ਉਸ ਹੱਦ ਤੱਕ ਜਨਤਕ ਸਮਰਥਨ ਦਾ ਲਾਭ ਨਹੀਂ ਮਿਲ ਸਕਿਆ, ਜਿਸਦੇ ਇਹ ਹੱਕਦਾਰ ਸਨ। ਸੰਯੁਕਤ ਰਾਸ਼ਟਰ ਦੇ ਵਿਦਿਅਕ, ਵਿਗਿਆਨਕ ਅਤੇ ਸੱਭਿਆਚਾਰਕ ਸੰਗਠਨ ਦੀ ਇਕ ਤਾਜ਼ਾ ਰਿਪੋਰਟ ਰਾਹੀਂ ਪੁਸ਼ਟੀ ਕੀਤੀ ਗਈ ਹੈ ਕਿ ਬਹੁਤ ਸਾਰੇ ਦੇਸ਼ਾਂ, ਖਾਸ ਤੌਰ 'ਤੇ ਭਾਰਤ ਵਿਚ ਪਿਛਲੇ ਦਹਾਕੇ ਤੋਂ ਸੱਭਿਆਚਾਰ ਵਿਚ ਜਨਤਕ ਨਿਵੇਸ਼ ਲਗਾਤਾਰ ਘਟ ਰਿਹਾ ਹੈ। ਇਸ ਲਈ ਇਹ ਪੁੱਛਣਾ ਕਿ ਇਹ ਰਚਨਾਤਮਕ ਉਦਯੋਗ ਕੋਵਿਡ-19 ਮਹਾਂਮਾਰੀ ਦੁਆਰਾ ਕਿਵੇਂ ਪ੍ਰਭਾਵਿਤ ਹੋਏ ਹਨ, ਇਕ ਅਕਾਦਮਿਕ ਸਵਾਲ ਹੈ ਜਾਂ ਵੱਧ ਤੋਂ ਵੱਧ ਇਸ ਸਵਾਲ ਵਿਚ ਇਨ੍ਹਾਂ ਗਤੀਵਿਧੀਆਂ ਵਿਚ ਲੱਗੇ ਲੋਕਾਂ ਦੀ ਦਿਲਚਸਪੀ ਹੀ ਹੋ ਸਕਦੀ ਹੈ। ਪਰ ਇਸ ਦੇ ਸਮੁੱਚੇ ਅਰਥਚਾਰੇ ਉੱਪਰ ਪੈਣ ਵਾਲੇ ਪ੍ਰਭਾਵ ਅਤੇ ਭਵਿੱਖ ਦੇ ਸੰਭਾਵੀ ਵਿਕਾਸ ਲਈ ਗੰਭੀਰ ਸਿੱਟੇ ਨਿਕਲ ਸਕਦੇ ਹਨ। ਇਸ ਬਾਰੇ ਵਧੇਰੇ ਵਿਆਪਕ ਅਧਿਕਾਰਤ ਅੰਕੜਿਆਂ ਦੀ ਅਣਹੋਂਦ ਵਿਚ, ਬ੍ਰਿਟਿਸ਼ ਕਾਊਂਸਲ ਅਤੇ ਆਰਟ ਐਕਸ ਕੰਪਨੀ, 2022 ਦੀ ਇਕ ਨਵੀਂ ਰਿਪੋਰਟ ਇਸ ਬਾਰੇ ਸਰਵੇਖਣ-ਆਧਾਰਤ ਕੀਮਤੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਦੇਖਣਾ ਬਣਦਾ ਹੈ ਕਿ ਇਸ ਸਮੇਂ ਦੌਰਾਨ ਭਾਰਤ ਦੇ ਕਈ ਰਚਨਾਤਮਕ ਉਦਯੋਗਾਂ ਨੂੰ ਕੀ ਹੋਇਆ ਹੈ, ਅਤੇ ਅਚਾਨਕ ਅਤੇ ਲਗਾਤਾਰ ਵੱਜ ਰਹੇ ਝਟਕਿਆਂ ਨਾਲ ਸਿੱਝਣ ਲਈ ਉਨ੍ਹਾਂ ਨੇ ਕਿਹੜੀਆਂ ਰਣਨੀਤੀਆਂ ਅਪਣਾਈਆਂ ਹਨ?

ਹਾਸਲ ਸਬੂਤ ਵਾਕਈ ਖ਼ਤਰਨਾਕ ਤਸਵੀਰ ਪੇਸ਼ ਕਰਦੇ ਹਨ। ਇਹ ਉਦਯੋਗ ਆਮਦਨ ਅਤੇ ਰੁਜ਼ਗਾਰ ਦੋਵਾਂ ਪੱਖਾਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿਚੋਂ ਇਕ ਰਿਹਾ ਹੈ, ਬੇਸ਼ਕ ਵੱਖ-ਵੱਖ ਗਤੀਵਿਧੀਆਂ ਵਿਚ ਵਾਪਰੇ ਨਤੀਜੇ ਇਕਸਾਰ ਨਹੀਂ ਸਨ। ਸਭ ਤੋਂ ਮਾੜਾ ਅਸਰ ਜੀਵੰਤ (ਲਾਈਵ) ਪ੍ਰਦਰਸ਼ਨ, ਜਿਵੇਂ ਕਿ ਥੀਏਟਰ, ਸੰਗੀਤ ਅਤੇ ਡਾਂਸ ਦੇ ਨਾਲ-ਨਾਲ ਤਿਉਹਾਰਾਂ, ਸਿਨੇਮਾਘਰਾਂ, ਗੈਲਰੀਆਂ ਅਤੇ ਅਜਾਇਬ ਘਰਾਂ ਉਪਰ ਪਿਆ ਹੈ। ਹਾਲਾਂਕਿ, ਪ੍ਰਾਈਵੇਟ ਗੈਲਰੀਆਂ ਅਤੇ ਕਲਾ ਦੀ ਵਿਕਰੀ ਦੇ ਨਾਲ-ਨਾਲ ਆਨਲਾਈਨ ਗਤੀਵਿਧੀਆਂ ਜਿਵੇਂ ਕਿ ਵਰਚੁਅਲ ਰਿਐਲਿਟੀ, ਮਸਨੂਈ ਸੂਝ ਅਤੇ ਗੇਮਿੰਗ ਵਿਚ ਮਹਾਂਮਾਰੀ ਦੌਰਾਨ ਵੀ ਵਪਾਰ ਤੇਜ਼ ਦਰ ਨਾਲ ਫੈਲਣਾ ਜਾਰੀ ਰਿਹਾ ਸੀ। ਮਨੋਰੰਜਨ ਸਨਅਤ ਹੀ ਇਕੋ ਇਕ ਖੇਤਰ ਸੀ ਜੋ ਮਾੜੀਆਂ ਹਾਲਤਾਂ ਵਿਚ ਵੀ ਕੰਮ ਕਰ ਕੇ ਲੋਕਾਂ ਦੀ ਮਾਨਸਿਕ ਤ੍ਰਿਪਤੀ ਕਰਦਾ ਆ ਰਿਹਾ ਹੈ। ਫੇਰ ਵੀ ਲੌਕਡਾਊਨ ਅਤੇ ਸਮਾਜਿਕ ਦੂਰੀ (ਵਧੇਰੇ ਸਹੀ ਕਹਿਣਾ ਹੋਵੇ ਤਾਂ ਸਰੀਰਕ ਦੂਰੀ) ਦੀਆਂ ਲੋੜਾਂ ਨੇ ਜ਼ਿਆਦਾਤਰ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ ਨੂੰ ਬੁਰੇ ਰੁਖ਼ ਪ੍ਰਭਾਵਿਤ ਕੀਤਾ ਸੀ, ਕਿਉਂਕਿ ਇਨ੍ਹਾਂ ਇਕਾਈਆਂ ਵਿਚ



ਲਗਭਗ 88 ਪ੍ਰਤੀਸ਼ਤ ਲੋਕਾਂ ਨੂੰ ਰੁਜ਼ਗਾਰ ਮਿਲਣ ਦਾ ਅਨੁਮਾਨ ਹੈ। ਇਨ੍ਹਾਂ ਤੋਂ ਇਲਾਵਾ ਸਥਾਪਿਤ ਤੇ ਹੁਨਰਮੰਦ ਫ੍ਰੀਲਾਂਸ ਕਲਾਕਾਰਾਂ ਨੂੰ ਵੀ ਨੁਕਸਾਨ ਝੱਲਣਾ ਪਿਆ ਸੀ। ਸਰਵੇਖਣਾਂ ਵਿਚ ਪਾਇਆ ਗਿਆ ਕਿ ਅਜਿਹੇ ਕਾਮਿਆਂ ਨੂੰ 51 ਪ੍ਰਤੀਸ਼ਤ ਦੀ ਆਮਦਨੀ ਦਾ ਨੁਕਸਾਨ ਹੋਇਆ ਹੈ, ਅਤੇ ਬਹੁਤ ਸਾਰੇ ਸਾਬਕਾ ਮਾਲਕ ਜਿਨ੍ਹਾਂ ਦੀ ਫੀਸਦੀ 44 ਦੇ ਕਰੀਬ ਹੈ, ਨੂੰ ਵਧੇਰੇ ਅਸੁਰੱਖਿਅਤ ਅਤੇ ਅਸਥਾਈ ਫ੍ਰੀਲਾਂਸ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ।

ਖਾਸ ਤੌਰ 'ਤੇ ਸ਼ਿਲਪਕਾਰੀ ਕਾਰੀਗਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ। ਉਹ ਥੋੜ੍ਹੇ ਜਿਹੇ ਸਮੇਂ ਦੇ ਨੋਟਿਸ 'ਤੇ ਹੀ ਆਪਣੀ ਰੋਜ਼ੀ-ਰੋਟੀ ਤੋਂ ਪੂਰੀ ਤਰ੍ਹਾਂ ਵਾਂਝੇ ਹੋ ਗਏ ਸਨ। ਇਨ੍ਹਾਂ ਵਿਚ ਆਪਣੇ ਜੱਦੀ ਪਿੰਡਾਂ ਨੂੰ ਵਾਪਸ ਜਾਣ ਵਾਲੇ ਲੱਖਾਂ ਹੀ ਪਰਵਾਸੀ ਮਜ਼ਦੂਰ ਸ਼ਾਮਲ ਸਨ।

ਧਾਰਮਿਕ ਅਤੇ ਸੱਭਿਆਚਾਰਕ ਤਿਉਹਾਰ ਦੋਵੇਂ ਹੀ, ਭਾਰਤ ਵਿਚ ਲੰਬੇ ਸਮੇਂ ਤੋਂ ਪ੍ਰਮੁੱਖ ਰਹੇ ਹਨ, ਜੋ ਕਿ ਮੌਸਮੀ, ਨੌਕਰੀਆਂ ਪੈਦਾ ਕਰਨ ਵਾਲੇ ਹਨ। ਮਿਸਾਲ ਵਜੋਂ, ਇਕੱਲੇ ਕੋਲਕਾਤਾ ਵਿਚ ਦੁਰਗਾ ਪੂਜਾ ਲਈ ਰੋਜ਼ਾਨਾ 2 ਤੋਂ 3 ਲੱਖ ਲੋਕਾਂ ਦੇ ਆਉਣ ਦਾ ਅੰਦਾਜ਼ਾ ਹੁੰਦਾ ਹੈ। ਇਹ ਤਿਉਹਾਰ ਇਨ੍ਹਾਂ ਥਾਵਾਂ ਉਤੇ ਸਾਮਾਨ ਅਤੇ ਭੋਜਨ ਵੇਚਣ ਵਾਲਿਆਂ ਅਤੇ ਹੋਰ ਸੇਵਾ ਪ੍ਰਦਾਨ ਕਰਨ, ਛੋਟੇ ਮੋਟੇ ਮਨੋਰੰਜਨੀ ਪ੍ਰਦਰਸ਼ਨ ਕਰਨ ਵਿਚ ਸ਼ਾਮਲ ਲੋਕਾਂ ਲਈ ਅਸਥਾਈ ਰੁਜ਼ਗਾਰ ਅਤੇ ਆਮਦਨ ਦੇ ਵਸੀਲੇ ਪ੍ਰਦਾਨ ਕਰਦੇ ਹਨ। ਤਿਉਹਾਰਾਂ ਦਾ ਸੀਜ਼ਨ ਆਮ ਤੌਰ 'ਤੇ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿਚ ਅਕਤੂਬਰ ਤੋਂ ਮਾਰਚ ਤੱਕ ਚੱਲਦਾ ਹੈ, ਪਰ 2020 ਅਤੇ 2021 ਵਿਚ, ਸਰੀਰਕ ਦੂਰੀਆਂ ਦੀਆਂ ਪਾਬੰਦੀਆਂ ਕਾਰਨ ਜ਼ਿਆਦਾਤਰ ਤਿਉਹਾਰਾਂ ਨੂੰ ਰੱਦ, ਮੁਲਤਵੀ ਜਾਂ ਬਹੁਤ ਘੱਟ ਕਰ ਦਿੱਤਾ ਗਿਆ ਸੀ। ਇਸ ਨੇ ਨਾ ਸਿਰਫ਼ ਸਿੱਧੇ ਰੁਜ਼ਗਾਰ ਨੂੰ ਪ੍ਰਭਾਵਿਤ ਕੀਤਾ, ਸਗੋਂ ਇਨ੍ਹਾਂ ਤਿਉਹਾਰਾਂ 'ਤੇ ਵੇਚੀਆਂ ਜਾਣ ਵਾਲੀਆਂ ਵਸਤੂਆਂ ਦੀ ਮੰਗ ਅਤੇ ਅਜਿਹੇ ਪੈਦਾਵਾਰ ਲਈ ਵਰਤੇ ਜਾਣ ਵਾਲੇ ਸਾਮਾਨ ਨੂੰ ਵੀ ਪ੍ਰਭਾਵਿਤ ਕੀਤਾ। ਵਧੇਰੇ ਕੁਲੀਨ ਸਮੂਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੇ ਤਿਉਹਾਰ ਡਿਜੀਟਲ ਪਲੇਟਫਾਰਮਾਂ ਅਤੇ ਆਨਲਾਈਨ ਕਿਰਿਆਵਾਂ ਦੀ ਵਰਤੋਂ ਕਰਦੇ ਹੋਏ ਮੁੜ ਸੁਰਜੀਤੀ ਦਾ ਮਾਰਗ ਤਿਆਰ ਕਰਨ ਦੇ ਯੋਗ ਸਨ। ਪਰ ਇਨ੍ਹਾਂ ਵਿਚ ਸਪੱਸ਼ਟ ਤੌਰ 'ਤੇ ਘੱਟ ਆਮਦਨੀ ਅਤੇ ਘੱਟ ਰੁਜ਼ਗਾਰ ਮਿਲਣ ਦੀਆਂ ਸਥਿਤੀਆਂ ਦਰਪੇਸ਼ ਸਨ।

ਸਿਰਜਣਾਤਮਕ ਸਰਗਰਮੀਆਂ ਦੇ ਮਾਮਲੇ ਵਿਚ ਭਾਰਤ ਦਾ ਫਿਲਮ ਉਦਯੋਗ ਦੁਨੀਆ ਭਰ ਵਿਚ ਸਭ ਤੋਂ ਵੱਡਾ ਗਿਣਿਆ ਜਾਂਦਾ ਹੈ। ਨਵੇਂ ਉਭਰ ਰਹੇ ਰੁਝਾਨਾਂ ਮੁਤਾਬਕ ਬਾਲੀਵੁੱਡ ਨੂੰ ਖੇਤਰੀ ਭਾਸ਼ਾਵਾਂ ਦੇ ਨਿਰਮਾਤਾਵਾਂ ਵਲੋਂ ਮਿਲ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਧਾਰਾ ਦੇ ਸਿਨਮੇ ਨੂੰ ਖੇਤਰੀ ਗੀਤ-ਸੰਗੀਤ ਅਤੇ ਵਿਸ਼ਿਆਂ ਨੂੰ ਥਾਂ ਦੇਣੀ ਪੈ ਰਹੀ ਹੈ। ਸਿਨੇਮਾ ਥੀਏਟਰਾਂ ਨੂੰ ਲਾਈਵ ਪ੍ਰਦਰਸ਼ਨ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਅਤੇ ਦੇਸ਼ ਭਰ ਵਿਚ ਮਹਾਂਮਾਰੀ ਵਿਚ ਅੰਦਾਜ਼ਨ 9,527 ਵਿਚੋਂ ਲਗਭਗ 1,000 ਸਕ੍ਰੀਨਾਂ ਪੱਕੇ ਤੌਰ 'ਤੇ ਬੰਦ ਹੋ ਗਈਆਂ ਸਨ। ਹਾਲਾਂਕਿ, ਕੁਝ ਥੀਏਟਰ ਹੁਣ ਖੁੱਲ੍ਹ ਰਹੇ ਹਨ। ਫਿਲਮ ਅਤੇ ਸੰਗੀਤਕ ਐਲਬਮਾਂ ਦਾ ਹਰ ਪਾਸੇ ਇਕਦਮ ਪ੍ਰਚਲਨ/ਸਟ੍ਰੀਮਿੰਗ ਸੇਵਾਵਾਂ ਦੀ ਗਿਣਤੀ ਅਤੇ ਤਾਕਤ ਵਿਚ ਵਾਧਾ ਹੋਇਆ ਹੈ, ਪਰ ਇਸਦਾ ਰੁਜ਼ਗਾਰ ਅਤੇ ਲੇਖਕ-ਕਲਾਕਾਰਾਂ ਦੀ ਆਮਦਨ 'ਤੇ ਮਾੜਾ ਪ੍ਰਭਾਵ ਦਿਸਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਅੰਦਰ ਲੇਖਕਾਂ ਅਤੇ ਕਲਾਕਾਰਾਂ ਦੀ ਚੱਲ ਰਹੀ ਹੜਤਾਲ ਘਟ ਰਹੀ ਆਮਦਨ ਦੇ ਵਿਰੋਧ ਦਾ ਹੀ ਨਤੀਜਾ ਹੈ।

ਭਾਰਤ ਅੰਦਰ 2020 ਵਿਚ ਅਜਾਇਬ ਘਰ ਅਤੇ ਗੈਲਰੀਆਂ ਔਸਤਨ 155 ਦਿਨਾਂ ਲਈ ਬੰਦ ਰਹੀਆਂ ਅਤੇ ਕੁਝ ਨੂੰ 2021 ਵਿਚ ਦੁਬਾਰਾ ਬੰਦ ਕਰਨਾ ਪਿਆ ਸੀ। ਸਪੱਸ਼ਟ ਤੌਰ 'ਤੇ, ਦੇਖਣ ਵਾਲਿਆਂ ਦੀ ਗਿਣਤੀ ਵਿਚ 70 ਪ੍ਰਤੀਸ਼ਤ ਤੱਕ ਵੱਡੀ ਗਿਰਾਵਟ ਆਈ ਸੀ ਅਤੇ 2019 ਦੇ ਮੁਕਾਬਲੇ ਮਾਲੀਆ 40 ਤੋਂ 60 ਪ੍ਰਤੀਸ਼ਤ ਤੱਕ ਘਟ ਗਿਆ ਸੀ। ਬਾਕੀ ਦੁਨੀਆ ਵਾਂਗ ਹੀ ਉਨ੍ਹਾਂ ਵਿਚੋਂ ਵਧੇਰੇ ਨਿਰਮਾਤਾ ਆਨਲਾਈਨ ਪੇਸ਼ਕਾਰੀਆਂ ਵੱਲ ਮੁੜ ਗਏ ਸਨ। ਉਦੋਂ ਦਾ ਸ਼ੁਰੂ ਹੋਇਆ ਇਹ ਸਿਲਸਿਲਾ ਹੁਣ ਇਕ ਪੱਕਾ ਪੈਟਰਨ ਬਣਨ ਵੱਲ ਵਧ ਰਿਹਾ ਹੈ ਕਿ 70 ਫੀਸਦੀ ਲੋਕ ਸਿਨੇਮਾ ਘਰਾਂ ਵਿਚ ਜਾਣ ਦੀ ਬਜਾਏ ਘਰ ਬੈਠ ਕੇ ਆਨਲਾਈਨ ਫਿਲਮਾਂ ਅਤੇ ਵੈੱਬ ਸੀਰੀਜ਼ ਵੱਧ ਦੇਖਣਾ ਪਸੰਦ ਕਰਨ ਲੱਗੇ ਹਨ। ਇਸ ਨਾਲ ਥਿਏਟਰ ਵਿਚ ਕੰਮ ਕਰਨ ਵਾਲੇ ਅਤੇ ਖਾਣ-ਪੀਣ ਦੀਆਂ ਚੀਜ਼ਾਂ ਵੇਚਣ ਵਾਲੇ ਲੋਕਾਂ ਦਾ ਰੁਜ਼ਗਾਰ ਖੁੱਸ ਗਿਆ ਹੈ।

ਫੇਰ ਵੀ ਕੁੱਝ ਲੋਕਾਂ ਦੇ ਰੁਜ਼ਗਾਰ ਵਿਚ ਗਿਰਾਵਟ ਆਉਣ ਦੇ ਬਾਵਜੂਦ ਆਨਲਾਈਨ ਗੇਮਿੰਗ ਉਦਯੋਗ ਨੇ ਲੌਕਡਾਊਨ ਦੇ ਦੌਰਾਨ ਅਤੇ ਬਾਅਦ ਵਿਚ ਕਾਫੀ ਪਾਸਾਰ-ਵਿਸਥਾਰ ਕੀਤਾ ਹੈ। ਖਾਸ ਤੌਰ 'ਤੇ ਜਿਵੇਂ ਕਿ ਗੇਮਾਂ ਵਧੇਰੇ ਖਿੱਚਪਾਊ ਅਤੇ ਵਧੇਰੇ ਕਿਫਾਇਤੀ ਬਣ ਗਈਆਂ ਹਨ। ਭਾਰਤ ਵਿਚ, ਖੇਤਰੀ ਭਾਸ਼ਾਵਾਂ ਅਤੇ ਖੇਤਰ-ਵਿਸ਼ੇਸ਼ ਸੱਭਿਆਚਾਰਕ ਸਮੱਗਰੀ 'ਤੇ ਵਧੇਰੇ ਜ਼ੋਰ ਦੇਣ ਦੇ ਨਾਲ, ਸਮੱਗਰੀ ਵਧੇਰੇ ਸਥਾਨਕ ਬਣ ਰਹੀ ਹੈ। ਇਸ ਸਭ ਕਾਸੇ ਨੇ ਦੇਸ਼ ਵਿਚ ਮੁੱਖ ਤੌਰ 'ਤੇ ਨੌਜਵਾਨ ਆਬਾਦੀ ਦੇ ਨਾਲ ਨਾਲ ਇਸਦੀ ਪ੍ਰਸਿੱਧੀ ਵਿਚ ਵੀ ਵਾਧਾ ਕੀਤਾ ਹੈ, ਅਤੇ ਹੁਨਰਮੰਦਾਂ ਦੀ ਇੱਕ ਛੋਟੀ ਪਰ ਵਧ ਰਹੀ ਗਿਣਤੀ ਲਈ ਨਵਾਂ ਰੁਜ਼ਗਾਰ ਪ੍ਰਦਾਨ ਕੀਤਾ ਹੈ। ਗੇਮਿੰਗ ਪਲੇਟਫਾਰਮਾਂ ਵਿਚ ਨਵੇਂ ਦਰਸ਼ਕਾਂ ਦੀ ਗਿਣਤੀ ਵਿਚ ਲਗਭਗ 50 ਪ੍ਰਤੀਸ਼ਤ ਅਤੇ ਰੋਜ਼ਾਨਾ ਸਰਗਰਮ ਦਰਸ਼ਕਾਂ ਦੀ ਗਿਣਤੀ ਵਿਚ 20 ਪ੍ਰਤੀਸ਼ਤ ਵਾਧਾ ਦਰਜ ਕੀਤਾ ਗਿਆ ਹੈ, ਜਿਸ ਨਾਲ ਇਸ ਖੇਤਰ ਵਿਚ ਨਿਵੇਸ਼ ਵਧ ਰਿਹਾ ਹੈ।

ਇਸ ਖਾਸ ਸਫਲਤਾ ਦੇ ਬਾਵਜੂਦ, ਸਿਰਜਣਾਤਮਕ ਉਦਯੋਗਾਂ ਨੂੰ ਮਹਾਂਮਾਰੀ ਦੇ ਦੌਰਾਨ ਦੇਹ-ਝੰਜੋੜੂ ਝਟਕਾ ਲੱਗਾ ਸੀ ਅਤੇ ਬਹੁਤ ਸਾਰੀਆਂ ਗਤੀਵਿਧੀਆਂ ਅਤੇ ਖਾਸ ਤੌਰ 'ਤੇ ਕੀਮਤੀ ਚੀਜ਼ਾਂ ਅਤੇ ਸੇਵਾਵਾਂ ਜਿਵੇਂ ਕਿ ਕੁਝ ਦਸਤਕਾਰੀ ਅਤੇ ਕੁਝ ਕਿਸਮਾਂ ਦੀ ਕਾਰਗੁਜ਼ਾਰੀ ਸ਼ਾਇਦ ਬਚ ਨਾ ਸਕੀਆਂ। ਇਹ ਰੁਝਾਨ ਨਾ ਸਿਰਫ਼ ਰੁਜ਼ਗਾਰ ਲਈ ਮਾੜਾ ਹੈ ਸਗੋਂ ਇਹ ਸਮਾਜ ਵਿਚ ਹਰ ਕਿਸੇ ਦੇ ਜੀਵਨ ਦੀ ਗੁਣਵੱਤਾ ਅਤੇ ਤੰਦਰੁਸਤੀ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਹ ਜਾਣਿਆ ਜਾਂਦਾ ਤੱਥ ਹੈ ਕਿ ਸਿਹਤ ਸੰਭਾਲ ਅਤੇ ਸਮਾਜਿਕ ਸੇਵਾਵਾਂ ਸੱਭਿਆਚਾਰਕ ਅਤੇ ਰਚਨਾਤਮਕ ਖੇਤਰਾਂ ਨਾਲ ਗੂੜ੍ਹੇ ਸਬੰਧਾਂ ਤੋਂ ਲਾਭ ਉਠਾਉਂਦੀਆਂ ਹਨ ਕਿਉਂਕਿ ਇਹ ਵਧੇਰੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ਵੱਲ ਲੈ ਕੇ ਜਾਂਦੀਆਂ ਹਨ। ਇਹ ਸੇਵਾਵਾਂ ਸਮਾਜਿਕ ਅਤੇ ਆਰਥਿਕ ਕਦਰਾਂ-ਕੀਮਤਾਂ ਦੀ ਸਿਰਜਣਾ ਅਤੇ ਸਮਾਜਿਕ ਏਕਤਾ ਦੇ ਉਤਪ੍ਰੇਰਕ ਵੀ ਹੋ ਸਕਦੀਆਂ ਹਨ, ਖਾਸ ਤੌਰ 'ਤੇ ਅਜਿਹੇ ਸਮੇਂ ਵਿਚ ਜਦੋਂ ਵੰਡਣ ਵਾਲੀਆਂ ਪ੍ਰਵਿਰਤੀਆਂ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੋਵੇ। ਇਹ ਨਹੀਂ ਕਿ ਵੰਡਪਾਊ ਸ਼ਕਤੀਆਂ ਸਿਰਜਣਾਤਮਕ ਖੇਤਰ ਵਿਚ ਸਰਗਰਮ ਨਹੀਂ ਹਨ ਪਰ ਅਜੇ ਉਨ੍ਹਾਂ ਦੀ ਪੁੱਗਤ ਉਨੀ ਨਹੀਂ ਕਿ ਸਮਾਜ ਨੂੰ ਖੇਰੂੰ-ਖੇਰੂੰ ਕਰ ਸਕਣ।

ਇਸ ਲਈ ਇਨ੍ਹਾਂ ਗਤੀਵਿਧੀਆਂ ਨੂੰ ਜਿਉਂਦਾ ਰੱਖਣ ਅਤੇ ਉਨ੍ਹਾਂ ਨੂੰ ਗੰਭੀਰ ਅਤੇ ਅਣਗਿਣਤ ਚੁਣੌਤੀਆਂ ਨਾਲ ਸਿੱਝਣ ਵਿਚ ਮਦਦ ਕਰਨ ਲਈ ਸਹੀ ਕਿਸਮ ਦੀ ਜਨਤਕ ਦਖਲਅੰਦਾਜ਼ੀ ਬਹੁਤ ਮਹੱਤਵਪੂਰਨ ਹੈ। ਇਹ ਉਨ੍ਹਾਂ ਲੱਖਾਂ ਰਚਨਾਤਮਕ ਲੋਕਾਂ ਲਈ ਖਾਸ ਤੌਰ 'ਤੇ ਮਹੱਤਵਪੂਰਨ ਹੈ ਜਿਨ੍ਹਾਂ ਕੋਲ ਵਧ ਰਹੇ ਨਾਜ਼ੁਕ ਅਤੇ ਜੋਖਮ ਭਰੇ ਮਾਹੌਲ ਵਿਚ ਛੋਟੇ ਅਤੇ ਸੂਖਮ ਉਦਮੀ ਬਣਨ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਸੀ ਜਾਂ ਹੈ। ਰਚਨਾਤਮਕ ਖੇਤਰ ਵਿਚ ਰੁਜ਼ਗਾਰ ਪੈਦਾ ਕਰਨ ਅਤੇ ਭਵਿੱਖ ਵਿਚ ਇਕ ਸਿਹਤਮੰਦ ਅਤੇ ਖੁਸ਼ਹਾਲ ਆਬਾਦੀ ਨੂੰ ਸੰਬੋਧਿਤ ਹੋਣ ਲਈ ਅਥਾਹ ਸੰਭਾਵਨਾਵਾਂ ਹਨ। ਪਰ ਸਾਨੂੰ ਸਰਕਾਰਾਂ ਨੂੰ ਇਸ ਦੀ ਪਛਾਣ ਕਰਵਾਉਣੀ ਪਵੇਗੀ ਅਤੇ ਇਸਦੀ ਪੂਰੀ ਸਮਰੱਥਾ ਨੂੰ ਸਾਰੇ ਸਮਾਜ ਅਤੇ ਕੁਦਰਤ ਨਾਲ ਇਕਸੁਰਤਾ ਵਿਚ ਖੋਲ੍ਹਣਾ ਪਵੇਗਾ।

ਇਕੱਲੇ ਹੈਂਡਲੂਮ ਅਤੇ ਹੈਂਡੀਕਰਾਫਟ ਸੈਕਟਰ ਨੂੰ ਖੇਤੀਬਾੜੀ ਤੋਂ ਬਾਅਦ ਦੇਸ਼ ਦਾ ਦੂਜਾ ਸਭ ਤੋਂ ਵੱਡਾ ਰੋਜ਼ਗਾਰਦਾਤਾ ਮੰਨਿਆ ਜਾਂਦਾ ਹੈ, ਲਗਭਗ 200 ਮਿਲੀਅਨ ਲੋਕਾਂ ਨੂੰ ਰੁਜ਼ਗਾਰ (ਸਿੱਧੇ ਜਾਂ ਅਸਿੱਧੇ ਤੌਰ 'ਤੇ, ਅਤੇ ਸਹਾਇਕ ਰੁਜ਼ਗਾਰ ਸਮੇਤ) ਦਾ ਅਨੁਮਾਨ ਹੈ।

# ਜਿਮਨਾਟਿਕਸ ਦੀ ਆਲਮੀ ਮਲਕਾ ਨਾਦੀਆ ਕੋਮੈਂਸੀ



ਵਿਸ਼ਵ ਦੇ ਮਹਾਨ ਖਿਡਾਰੀ


ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪ੍ਰਫੈਕਟ 10 ਸਕੋਰ ਵਾਲੀ ਨਾਦੀਆ ਕੋਮੈਂਸੀ ਜਿਮਨਾਟਿਕਸ ਦੀ ਮਲਕਾ ਹੈ। ਮਸਾਂ ਪੈਰ ਟਿਕਾਉਣ ਜੋਗੇ ਬੈਲੇਂਸ ਬੀਮ ਅਤੇ ਅਨਈਵਨ ਬਾਰਾਂ 'ਤੇ ਲੰਗੂਰਾਂ ਵਾਂਗ ਲਾਈਆਂ ਉਹਦੀਆਂ ਉੱਚੀਆਂ ਨੀਵੀਆਂ ਤੇ ਸਿੱਧੀਆਂ ਪੁੱਠੀਆਂ ਦੂਹਰੀਆਂ ਤੀਹਰੀਆਂ ਛਾਲਾਂ ਨੇ ਦੁਨੀਆਂ ਦੰਗ ਕਰ ਦਿੱਤੀ ਸੀ। ਐਨੀ ਅਡੋਲਤਾ, ਐਨਾ ਸੰਤੁਲਨ, ਐਨੀ ਪ੍ਰਪੱਕਤਾ, ਜਿਵੇਂ ਰੋਬੋਟ ਹੋਵੇ! ਵਿਸ਼ਵ ਦੀ ਉਹ ਪਹਿਲੀ ਜਿਮਨਾਸਟ ਹੈ ਜੀਹਨੇ ਮੌਂਟਰੀਅਲ-1976 ਦੀਆਂ ਓਲੰਪਿਕ ਖੇਡਾਂ 'ਚ ਸੱਤ ਵਾਰ ਪ੍ਰਫੈਕਟ 10 ਅੰਕ ਪ੍ਰਾਪਤ ਕੀਤੇ। ਜਿਮਨਾਸਟਿਕਸ ਦੇ ਮੁਕਾਬਲਿਆਂ ਵਿਚ ਦਸ ਬਟਾ ਦਸ ਅੰਕ ਹਾਸਲ ਕਰਨਾ ਕਿਸੇ ਹੱਡ ਮਾਸ ਦੇ ਜੁੱਸੇ ਦਾ ਦੈਵੀ ਕ੍ਰਿਸ਼ਮਾ ਹੀ ਕਿਹਾ ਜਾ ਸਕਦੈ। ਇਸ ਕ੍ਰਿਸ਼ਮੇ ਨਾਲ ਉਹ ਬਾਲੜੀ ਕੁੜੀ ਏਨੀ ਪ੍ਰਸਿੱਧ ਹੋ ਗਈ ਕਿ ਸਟੇਡੀਅਮ ਵਿਚਲੀਆਂ ਹਜ਼ਾਰਾਂ ਨਜ਼ਰਾਂ ਤੇ ਟੀਵੀ ਵੇਖਦੀਆਂ ਕਰੋੜਾਂ ਅੱਖਾਂ ਉਹਦੇ 'ਤੇ ਕੇਂਦਰਿਤ ਹੋ ਗਈਆਂ! ਵਿਸ਼ਵ ਦੇ ਲੱਖਾਂ ਕਰੋੜਾਂ ਲੋਕ ਉਹਦੇ ਦੀਵਾਨੇ ਮਸਤਾਨੇ ਹੋ ਗਏ। ਉਸ ਨੂੰ ਵਿਸ਼ਵ ਦੀ ਸਰਬੋਤਮ ਖਿਡਾਰਨ ਐਲਾਨਿਆ ਗਿਆ। ਉਹਦਾ ਨਾਂ ਇੰਟਰਨੈਸ਼ਨਲ ਹਾਲ ਆਫ਼ ਫੇਮ ਵਿਚ ਸੁਸ਼ੋਭਿਤ ਕੀਤਾ ਗਿਆ।

ਪ੍ਰਸਿੱਧ ਮੈਗਜ਼ੀਨ ਟਾਈਮ, ਨਿਊਜ਼ਵੀਕ ਤੇ ਸਪੋਰਟਸ ਇਲੱਸਟ੍ਰੇਟਿਡ ਦੇ ਟਾਈਟਲਾਂ 'ਤੇ ਉਹਦੀਆਂ ਰੰਗੀਨ ਤਸਵੀਰਾਂ ਛਾਪੀਆਂ ਗਈਆਂ। ਓਲੰਪਿਕ ਖੇਡਾਂ ਦੇ 80 ਸਾਲਾ ਇਤਿਹਾਸ ਵਿਚ ਅਜਿਹਾ ਕ੍ਰਿਸ਼ਮਾ ਪਹਿਲੀ ਵਾਰ ਹੋਇਆ ਸੀ। ਉਦੋਂ ਸਕੂਲੇ ਪੜ੍ਹਦੀ ਨਾਦੀਆ ਦੀ ਉਮਰ ਕੇਵਲ 14 ਸਾਲ, ਵਜ਼ਨ ਸਿਰਫ 84 ਪੌਂਡ ਤੇ ਕੱਦ 4 ਫੁੱਟ 11 ਇੰਚ ਸੀ। ਵੇਖਣ ਨੂੰ ਬੇਬੀ ਲੱਗਦੀ ਸੀ ਜਿਸ ਦੀ ਨਿੱਕੀ ਗੁੱਤ ਦੁਆਲੇ ਰੰਗਦਾਰ ਧਾਰੀਆਂ ਵਾਲਾ ਰਿਬਨ ਚਾੜ੍ਹਿਆ ਹੋਇਆ ਸੀ। ਉਹ ਰਬੜ ਦੇ ਖਿਡੌਣੇ ਵਰਗੀ ਗੁੱਡੀ ਜਾਪ ਰਹੀ ਸੀ। ਉਥੇ ਉਸ ਨੇ ਇਕਾ-ਦੁੱਕਾ ਨਹੀਂ ਬਲਕਿ 5 ਓਲੰਪਿਕ ਮੈਡਲ ਜਿੱਤੇ। ਉਨ੍ਹਾਂ 'ਚ 3 ਸੋਨੇ, 1 ਚਾਂਦੀ ਤੇ 1 ਕਾਂਸੀ ਦਾ ਤਗ਼ਮਾ ਸੀ। ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਨਾਦੀਆ ਕੋਮੈਂਸੀ ਦੀਆਂ ਖੇਡਾਂ ਕਹੀਆਂ ਜਾਂਦੀਆਂ ਹਨ। ਰੋਮਾਨੀਆ ਪਰਤਣ 'ਤੇ ਉਸ ਦਾ ਸ਼ਾਹੀ ਸਵਾਗਤ ਹੋਇਆ। ਉਹਦਾ ਨਾਂ ਹਰ ਸ਼ਖ਼ਸ ਦੀ ਜ਼ਬਾਨ 'ਤੇ ਚੜ੍ਹ ਗਿਆ।

1980 ਦੀ ਮਾਸਕੋ ਓਲੰਪਿਕਸ ਵਿਚੋਂ ਉਸ ਨੇ 2 ਗੋਲਡ ਤੇ 2 ਸਿਲਵਰ ਮੈਡਲ ਹੋਰ ਜਿੱਤ ਕੇ ਆਪਣੇ ਨਾਮ 9 ਓਲੰਪਿਕ ਮੈਡਲ ਕਰ ਲਏ ਜੋ 18 ਸਾਲ ਦੀ ਉਮਰੇ ਬੇਜੋੜ ਪ੍ਰਾਪਤੀ ਸੀ। 4 ਮੈਡਲ ਵਿਸ਼ਵ ਜਿਮਨਾਸਟਿਕਸ ਚੈਂਪੀਅਨਸ਼ਿਪਾਂ 'ਚੋਂ ਜਿੱਤੇ। ਉਸ ਦੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਗੋਲਡ ਮੈਡਲਾਂ ਦੀ ਗਿਣਤੀ 131 ਹੈ। ਉਸ ਦੀ ਜਿਮਨਾਸਟਿਕਸ ਕਲਾ ਨੇ ਏਨਾ ਪ੍ਰਭਾਵ ਪਾਇਆ ਕਿ ਜਿਮਨਾਸਟਿਕਸ ਕਰਨ ਵਾਲਿਆਂ ਦੀ ਗਿਣਤੀ ਸੈਂਕੜੇ ਹਜ਼ਾਰਾਂ ਤੋਂ ਵਧ ਕੇ ਲੱਖਾਂ ਤਕ ਪਹੁੰਚ ਗਈ। 'ਕੱਲੇ ਅਮਰੀਕਾ ਵਿਚ ਹੀ ਜਿੱਥੇ 15000 ਜਿਮਨਾਸਟ ਸਨ, ਦੋ ਸਾਲਾਂ 'ਚ ਵਧ ਕੇ 150000 ਹੋ ਗਏ।

ਨਾਦੀਆ ਕੋਮੈਂਸੀ ਦਾ ਜਨਮ 12 ਨਵੰਬਰ, 1962 ਨੂੰ ਓਨੈਸਟੀ, ਕਾਰਪੈਥੀਅਨ ਮਾਊਂਟੇਨਜ਼, ਬਾਕੂ ਕਾਊਂਟੀ, ਰੁਮਾਨੀਆ ਵਿਚ ਹੋਇਆ ਸੀ। ਉਹ ਘਿਓਰਗੇ ਤੇ ਸਟੈਫਨੀਆ ਕੋਮੈਂਸੀ ਜੋੜੇ ਦੇ ਘਰ ਜੰਮੀ ਸੀ। ਉਸ ਦਾ ਇਕ ਛੋਟਾ ਭਰਾ ਸੀ। 1970ਵਿਆਂ ਵਿਚ ਉਨ੍ਹਾਂ ਦੇ ਮਾਪੇ ਅੱਡ ਹੋ ਗਏ ਸਨ। ਉਨ੍ਹਾਂ ਦਾ ਪਿਤਾ, ਪਤਨੀ ਤੇ ਬੱਚਿਆਂ ਨੂੰ ਛੱਡ ਕੇ ਬੁਖਾਰੈਸਟ ਚਲਾ ਗਿਆ ਸੀ। ਬੱਚੇ ਰੁਮਾਨੀਅਨ ਆਰਥੋਡੌਕਸ ਚਰਚ ਦੀ ਸੰਭਾਲ ਵਿਚ ਵੱਡੇ ਹੋਏ। 2011 'ਚ ਹੋਈ ਇੰਟਰਵਿਊ 'ਚ ਨਾਦੀਆ ਦੀ ਮਾਂ ਨੇ ਦੱਸਿਆ ਸੀ ਕਿ ਉਸ ਨੇ ਨਾਦੀਆ ਨੂੰ ਨਿੱਕੀ ਹੁੰਦਿਆਂ ਹੀ ਜਿਮਨਾਸਟਿਕਸ ਦੇ ਸਕੂਲ ਵਿਚ ਦਾਖਲ ਕਰਵਾ ਦਿੱਤਾ ਸੀ। ਉਹ ਨੱਚਣ ਟੱਪਣ ਤੇ ਛਾਲਾਂ ਟਪੂਸੀਆਂ ਮਾਰਨ ਵਾਲੀ ਬੱਚੀ ਸੀ ਜਿਸ ਨੂੰ ਕਾਬੂ ਕਰਨਾ ਮੁਸ਼ਕਲ ਸੀ। ਜਦ ਉਹ ਛੇ ਸਾਲਾਂ ਦੀ ਹੋਈ ਤਾਂ ਜਿਮਨਾਟਿਕਸ ਦੇ ਪ੍ਰਸਿੱਧ ਕੋਚ ਬੇਲਾ ਕਰੋਲੇਈ ਦੀ ਨਜ਼ਰੇ ਚੜ੍ਹ ਗਈ। ਉਹ ਅਜਿਹੇ ਬੱਚਿਆਂ ਦੀ ਭਾਲ ਵਿਚ ਸੀ ਜਿਨ੍ਹਾਂ ਨੂੰ ਬਚਪਨ ਤੋਂ ਆਪਣੇ ਜਿਮਨਾਸਟਿਕਸ ਸਕੂਲ ਵਿਚ ਸਿਖਲਾਈ ਦੇ ਕੇ ਕੌਮਾਂਤਰੀ ਪੱਧਰ ਦੇ ਜਿਮਨਾਸਟ ਬਣਾਇਆ ਜਾ ਸਕੇ। ਨਾਦੀਆ ਦੀਆਂ ਛਾਲਾਂ ਟਪੂਸੀਆਂ ਕਰੋਲੇਈ ਨੂੰ ਜਚ ਗਈਆਂ ਤੇ ਉਸ ਨੇ ਨਾਦੀਆ ਨੂੰ ਕੋਚਿੰਗ ਦੇਣੀ ਸ਼ੁਰੂ ਕਰ ਲਈ। ਬੇਲਾ ਤੇ ਉਹਦੀ ਪਤਨੀ ਮਾਰਤਾ ਰਲ ਕੇ ਓਨੈਸਟੀ 'ਚ ਜਿਮਨਾਸਟਿਕਸ ਸਕੂਲ ਚਲਾਉਂਦੇ ਸਨ। ਦੂਰ ਦੁਰਾਡੇ ਦੇ ਸਿਖਿਆਰਥੀ ਤਾਂ ਹੋਸਟਲ ਵਿਚ ਰਹਿੰਦੇ ਜਦਕਿ ਨਾਦੀਆ ਨੂੰ ਓਨੈਸਟੀ ਵਿਚ ਹੀ ਆਪਣੀ ਮਾਂ ਕੋਲ ਰਹਿਣ ਦੀ ਖੁੱਲ੍ਹ ਦੇ ਦਿੱਤੀ ਗਈ ਸੀ। ਨਾਦੀਆ ਉਸ ਸਕੂਲ ਦੇ ਮੁਢਲੇ ਸਿਖਿਆਰਥੀਆਂ 'ਚੋਂ ਸੀ।



1970 ਵਿਚ ਉਹ ਓਨੈਸਟੀ ਦੀ ਜਿਮਨਾਸਟਿਕਸ ਟੀਮ ਵਿਚ ਚੁਣੀ ਗਈ ਤੇ ਰੁਮਾਨੀਆ ਨੈਸ਼ਨਲ ਦਾ ਖ਼ਿਤਾਬ ਜਿੱਤਣ ਵਾਲੀ ਸਭ ਤੋਂ ਛੋਟੀ ਜਿਮਨਾਸਟ ਬਣ ਗਈ। 1971 ਵਿਚ ਉਸ ਨੇ ਪਹਿਲੇ ਅੰਤਰਰਾਸ਼ਟਰੀ ਮੁਕਾਬਲੇ ਵਿਚ ਭਾਗ ਲਿਆ ਜੋ ਰੁਮਾਨੀਆ ਤੇ ਯੂਗੋਸਲਾਵੀਆ ਵਿਚਕਾਰ ਹੋਇਆ। ਉਥੇ ਉਸ ਨੇ ਆਪਣੀ ਟੀਮ ਲਈ ਗੋਲਡ ਮੈਡਲ ਤੇ ਆਲਰਾਊਂਡ ਟਾਈਟਲ ਜਿੱਤਿਆ। ਫੇਰ ਕੀ ਸੀ ਉਹ ਹੰਗਰੀ, ਇਟਲੀ ਤੇ ਪੋਲੈਂਡ ਨਾਲ ਰੁਮਾਨੀਆ ਦੀਆਂ ਦੁਵੱਲੀਆਂ ਮੀਟਾਂ 'ਚੋਂ ਤਗ਼ਮੇ ਜਿੱਤਣ ਲੱਗੀ। 11 ਸਾਲ ਦੀ ਉਮਰ ਵਿਚ ਉਹ ਪਹਿਲੀ ਵਾਰ ਅੰਤਰਰਾਸ਼ਟਰੀ ਜੂਨੀਅਰ ਫਰੈਂਡਸ਼ਿਪ ਟੂਰਨਾਮੈਂਟ ਡਰੁਜ਼ਬਾ ਵਿਚ ਸ਼ਾਮਲ ਹੋਈ ਜਿਥੇ ਟੀਮ ਲਈ ਗੋਲਡ ਮੈਡਲ ਤੇ ਆਪਣੇ ਲਈ ਆਲਰਾਊਂਡ ਦਾ ਟਾਈਟਲ ਜਿੱਤਿਆ।

ਉਹ 13 ਸਾਲਾਂ ਦੀ ਹੋਈ ਤਾਂ ਨਾਰਵੇ ਦੀ ਯੂਰਪੀਨ ਵੋਮਿਨ ਆਰਟਿਸਟਿਕ ਚੈਂਪੀਅਨਸ਼ਿਪ 'ਚੋਂ ਆਲਰਾਊਂਡ ਗੋਲਡ ਮੈਡਲ ਤੇ ਫਲੋਰ ਐਕਸਰ ਸਾਈਜ਼ 'ਚੋਂ ਸਿਲਵਰ ਮੈਡਲ ਜਿੱਤੇ। ਰੁਮਾਨੀਅਨ ਨੈਸ਼ਨਲ ਚੈਂਪੀਅਨਸ਼ਿਪਸ ਵਿਚ ਤਾਂ ਉਸ ਨੇ ਮੈਡਲਾਂ ਨੂੰ ਹੂੰਝਾ ਹੀ ਫੇਰ ਦਿੱਤਾ। ਮੌਂਟਰੀਅਲ ਓਲੰਪਿਕ ਖੇਡਾਂ ਤੋਂ ਚਾਰ ਮਹੀਨੇ ਪਹਿਲਾਂ ਅਮਰੀਕਨ ਕੱਪ ਦਾ ਮੁਕਾਬਲਾ ਆ ਗਿਆ ਜੋ ਮੈਨਹਟਨ ਦੇ ਮੈਡੀਸਨ ਸੁਕੇਅਰ ਗਾਰਡਨ ਵਿਚ ਸੀ। ਉਦੋਂ ਉਸ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ ਕਿ ਕਿਸੇ ਦਿਨ ਉਹ ਅਮਰੀਕਨ ਸਿਟੀਜ਼ਨ ਬਣ ਜਾਵੇਗੀ। ਉਥੇ ਉਸ ਨੇ ਮੈਡਲ ਜਿੱਤਣ ਨਾਲ ਅਮਰੀਕਾ ਦੇ ਇਕ ਨੌਜਵਾਨ ਜਿਮਨਾਸਟ ਬਾਰਟ ਕੋਨਰ ਦਾ ਦਿਲ ਵੀ ਜਿੱਤ ਲਿਆ। ਨਾਦੀਆ ਚੌਦਾਂ ਸਾਲਾਂ ਦੀ ਸੀ, ਬਾਰਟ ਕੋਨਰ 18 ਸਾਲਾਂ ਦਾ। ਇਹ ਅਜਨਬੀ ਮੇਲ ਸੀ ਜੋ ਕੰਪੀਟੀਸ਼ਨ ਦੌਰਾਨ ਹੋਇਆ। ਦੋਹਾਂ ਨੇ ਸਿਲਵਰ ਕੱਪ ਜਿੱਤਿਆ ਜਿਸ ਕਰਕੇ ਦੋਹਾਂ ਦੀ 'ਕੱਠੀ ਫੋਟੋ ਖਿੱਚੀ ਗਈ। ਉਦੋਂ ਵਿਆਹ ਦੀ ਗੱਲ ਤਾਂ ਕੋਈ ਸੋਚ ਵੀ ਨਹੀਂ ਸਕਦਾ ਕਿਉਂਕਿ ਰੁਮਾਨੀਆ ਸਮਾਜਵਾਦੀ ਮੁਲਕ ਸੀ ਤੇ ਅਮਰੀਕਾ ਸਾਮਰਾਜੀ। ਉਨ੍ਹੀਂ ਦਿਨੀਂ ਦੋਹਾਂ ਵਿਚਕਾਰ ਠੰਢੀ ਜੰਗ ਚੱਲ ਰਹੀ ਸੀ।

ਉਤੋਂ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਆ ਗਈਆਂ। ਬਾਰਟ ਕੋਨਰ ਅਮਰੀਕਾ ਦੀ ਟੀਮ ਵੱਲੋਂ ਮੌਂਟਰੀਅਲ ਗਿਆ ਤੇ ਨਾਦੀਆ ਕੁਮੈਂਸੀ ਰੁਮਾਨੀਆ ਵੱਲੋਂ। ਨਵੇਂ ਹੋਣ ਕਾਰਨ ਦੋਹਾਂ ਤੋਂ ਕੋਈ ਵੱਡੀਆਂ ਆਸਾਂ ਨਹੀਂ ਸਨ। ਔਰਤਾਂ ਦੀ ਜਿਮਨਾਸਟਿਕਸ ਵਿਚ ਸੋਵੀਅਤ ਰੂਸ ਦੀ ਓਲਗਾ ਕੋਰਬਤ ਤੇ ਨੈਲੀ ਕਿਮ ਦੀ ਬੱਲੇ ਬੱਲੇ ਸੀ। ਓਲਗਾ ਨੇ ਚਾਰ ਸਾਲ ਪਹਿਲਾਂ ਮਿਊਨਿਖ ਦੀਆਂ ਓਲੰਪਿਕ ਖੇਡਾਂ ਵਿਚ ਧੰਨ ਧੰਨ ਕਰਾ ਦਿੱਤੀ ਸੀ। ਉਂਜ ਵੀ ਉਸ ਨੂੰ ਮੀਡੀਏ ਨਾਲ ਨਿਝੱਕ ਗੱਲਾਂ ਬਾਤਾਂ ਕਰਨੀਆਂ ਆਉਂਦੀਆਂ ਸਨ ਤੇ ਹਰ ਥਾਂ ਮੁਸਕਰਾਹਟਾਂ ਵੰਡਦੀ ਫਿਰਦੀ ਸੀ। ਨਾਦੀਆ ਅਜੇ ਸੰਗਾਊ ਸੀ। ਚੌਦਾਂ ਸਾਲਾਂ ਦੀ ਹੋ ਕੇ ਵੀ ਬਾਰਾਂ ਸਾਲ ਦੀ ਬਾਲੜੀ ਲੱਗ ਰਹੀ ਸੀ। ਜਿਮਨਾਸਟਿਕਸ ਹਾਲ ਵਿਚ ਵਧੇਰੇ ਜ਼ਿਕਰ ਓਲਗਾ ਤੇ ਨੈਲੀ ਦਾ ਸੀ।

ਪਰ ਜਦੋਂ ਜਿਮਨਾਟਿਕਸ ਦੇ ਮੁਕਾਬਲੇ ਸ਼ੁਰੂ ਹੋਏ ਤਾਂ ਨਾਦੀਆ ਕੁਮੈਂਸੀ ਦੇ ਵਾਰ ਵਾਰ ਪ੍ਰਫੈਕਟ 10 ਸਕੋਰ ਨੇ ਕੁਲ ਦੁਨੀਆ ਦੇ ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਉਸ ਨੇ ਅਨਈਵਨ ਬਾਰਜ਼ ਦੇ ਈਵੈਂਟ ਵਿਚ ਸੱਤਾਂ 'ਚੋਂ ਚਾਰ ਪ੍ਰਫੈਕਟ 10 ਸਕੋਰ ਹਾਸਲ ਕੀਤੇ। 23 ਸਕਿੰਟਾਂ ਦੇ ਵਕਫ਼ੇ ਵਿਚ ਓਲੰਪਿਕ ਖੇਡਾਂ ਦਾ ਰੰਗ ਰੂਪ ਹੀ ਬਦਲ ਗਿਆ। ਜਿਮਨਾਸਟਿਕਸ ਹਾਲ ਦੀਆਂ ਟਿਕਟਾਂ ਲੈਣ ਲਈ ਦਰਸ਼ਕਾਂ ਦਾ ਧੱਕਾ ਪੈਣ ਲੱਗਾ। ਨਾਦੀਆ ਦੇ ਦਰਸ਼ਨ ਦੁਰਲੱਭ ਹੋਣ ਲੱਗੇ। ਬੈਲੇਂਸ ਬੀਮ ਉਤੇ ਸਿੱਧੀਆਂ ਪੁੱਠੀਆਂ ਛਾਲਾਂ ਲਾਉਣ ਵਿਚ ਵੀ ਨਾਦੀਆ ਨੇ ਕਮਾਲ ਕਰ ਦਿੱਤੀ। ਉਸ ਵਿਚ ਉਸ ਦੇ ਤਿੰਨ ਵਾਰ ਪ੍ਰਫੈਕਟ 10 ਸਕੋਰ ਸਨ। 18 ਜੁਲਾਈ 1976 ਦਾ ਦਿਨ ਨਾਦੀਆ ਕੁਮੈਂਸੀ ਲਈ ਸੋਨ-ਰੰਗਾ ਹੋ ਨਿਬੜਿਆ। ਉਸ ਦੀ ਸੁਨਹਿਰੀ ਚਮਕ ਸਾਹਵੇਂ ਸੋਵੀਅਤ ਰੂਸ ਦੀ ਓਲਗਾ ਤੇ ਨੈਲੀ ਦੇ ਰੰਗ ਫਿੱਕੇ ਪੈ ਗਏ। ਉਸ ਨੇ ਪਹਿਲੇ ਦਿਨ ਅਨਈਵਨ ਬਾਰਜ਼, ਅਗਲੇ ਦਿਨ ਬੀਮ ਬੈਲੇਂਸ ਤੇ ਫਿਰ ਫਲੋਰ ਕਸਰਤਾਂ ਵਿਚ ਗੋਲਡ ਮੈਡਲ ਜਿੱਤੇ। ਨਾਲ ਇਕ ਸਿਲਵਰ ਤੇ ਇਕ ਬਰਾਂਜ਼ ਮੈਡਲ ਜਿੱਤਣ ਨਾਲ ਉਹ ਓਲੰਪਿਕ ਖੇਡਾਂ ਦੀ ਸਰਬੋਤਮ ਜਿਮਨਾਸਟ ਬਣ ਗਈ ਤੇ ਉਸ ਨੂੰ 'ਲਿਟਲ ਮਿਸ ਪ੍ਰਫੈਕਟ' ਕਿਹਾ ਜਾਣ ਲੱਗਾ।

ਨਾਦੀਆ ਰੁਮਾਨੀਆ ਦੀ ਪਹਿਲੀ ਜਿਮਨਾਸਟ ਹੈ ਜਿਸ ਨੇ 14 ਸਾਲ ਦੀ ਉਮਰੇ ਓਲੰਪਿਕ ਆਲਰਾਊਂਡ ਦਾ ਟਾਈਟਲ ਜਿੱਤਿਆ। ਰਿਕਾਰਡ ਟੁੱਟਦੇ ਰਹਿੰਦੇ ਹਨ ਪਰ ਇਹ ਰਿਕਾਰਡ ਕਦੇ ਨਹੀਂ ਟੁੱਟਣਾ ਕਿਉਂਕਿ ਮੌਂਟਰੀਅਲ ਦੀ ਓਲੰਪਿਕਸ ਪਿੱਛੋਂ ਜਿਮਨਾਸਟਾਂ ਲਈ ਓਲੰਪਿਕ ਖੇਡਾਂ 'ਚ ਭਾਗ ਲੈਣ ਦੀ ਘੱਟੋ-ਘੱਟ ਉਮਰ 16 ਸਾਲ ਕਰ ਦਿੱਤੀ ਗਈ ਹੈ। ਨਾਦੀਆ ਦੀ ਪ੍ਰਾਪਤੀ ਨੂੰ ਐਸੋਸੀਏਟਡ ਪ੍ਰੈੱਸ ਨੇ 'ਫੀਮੇਲ ਆਫ਼ ਦਾ ਯੀਅਰ' ਤੇ ਬੀਬੀਸੀ ਨੇ 'ਓਵਰਸੀਜ਼ ਸਪੋਰਟਸ ਪਰਸਨੈਲਟੀ ਆਫ਼ ਦਾ ਯੀਅਰ' ਕਹਿ ਕੇ ਵਡਿਆਇਆ। ਰੁਮਾਨੀਆ ਨੇ ਉਸ ਨੂੰ 'ਦਾਤੀ ਹਥੌੜੇ' ਦੇ ਗੋਲਡ ਮੈਡਲ ਅਤੇ 'ਹੀਰੋ ਆਫ਼ ਸੋਸ਼ਲਿਸਟ ਲੇਬਰ' ਦੇ ਕੌਮੀ ਐਵਾਰਡਾਂ ਨਾਲ ਸਨਮਾਨਿਆ। ਉਸ ਦੀਆਂ ਪ੍ਰਾਪਤੀਆਂ ਨੂੰ ਗਾਣਿਆਂ ਤੇ ਫਿਲਮਾਂ ਰਾਹੀਂ ਗਾਇਆ ਤੇ ਵਿਖਾਇਆ ਜਾਣ ਲੱਗਾ।

1977 ਵਿਚ ਨਾਦੀਆ ਨੇ ਯੂਰਪੀਨ ਚੈਂਪੀਅਨਸ਼ਿਪ ਦਾ ਆਲਰਾਊਂਡ ਟਾਈਟਲ ਦੁਬਾਰਾ ਜਿੱਤਿਆ। ਫਿਰ ਉਹ ਬੁਖਰੈਸਟ ਦੇ ਸਪੋਰਟਸ ਕੰਪਲੈਕਸ ਵਿਚ ਸਿਖਲਾਈ ਲੈਣ ਲੱਗੀ। ਉਥੇ ਉਸ ਦਾ ਕੱਦ ਵੀ ਵਧਿਆ ਤੇ ਭਾਰ ਵੀ। ਭਾਰ ਨਾਲ ਪ੍ਰਫਾਰਮੈਂਸ ਮਾਂਦੀ ਪੈ ਗਈ। ਉਹ ਉਦਾਸ ਰਹਿਣ ਲੱਗੀ ਤੇ ਇਕ ਸਮੇਂ ਖ਼ੁਦਕੁਸ਼ੀ ਕਰਨ ਦਾ ਕਦਮ ਵੀ ਚੁੱਕਿਆ ਪਰ ਬਚ ਗਈ। 1978 ਵਿਚ ਉਸ ਨੇ ਵਿਸ਼ਵ ਚੈਂਪੀਅਨਸ਼ਿਪ ਵਿਚ ਭਾਗ ਲਿਆ। ਤਦ ਤਕ ਉਹਦਾ ਕੱਦ 7 ਇੰਚ ਹੋਰ ਉੱਚਾ ਹੋ ਗਿਆ ਸੀ ਤੇ ਭਾਰ ਵੀ 21 ਪੌਂਡ ਵਧ ਗਿਆ ਸੀ। ਉਹ ਅਨਈਵਨ ਬਾਰ ਤੋਂ ਇਕ ਵਾਰ ਡਿੱਗ ਵੀ ਪਈ ਜਿਸ ਕਰਕੇ ਚੌਥੇ ਸਥਾਨ 'ਤੇ ਆ ਸਕੀ ਪਰ ਬੀਮ ਦਾ ਗੋਲਡ ਤੇ ਵਾਲਟ ਦਾ ਸਿਲਵਰ ਮੈਡਲ ਜਿੱਤ ਗਈ।

1980 ਦੀਆਂ ਮਾਸਕੋ ਓਲੰਪਿਕ ਖੇਡਾਂ ਵਿਚ ਅਮਰੀਕਾ ਗੁੱਟ ਦੇ ਦੇਸ਼ਾਂ ਨੇ ਬਾਈਕਾਟ ਕਰ ਦਿੱਤਾ ਸੀ। ਉਥੇ ਨਾਦੀਆ ਨੇ ਬੈਲੇਂਸ ਬੀਮ ਤੇ ਫਲੋਰ ਐਕਸਰਸਾਈਜ਼ ਵਿਚੋਂ ਦੋ ਗੋਲਡ ਮੈਡਲ, ਟੀਮ ਆਲਰਾਊਂਡ ਤੇ ਵਿਅਕਤੀਗਤ ਆਲਰਾਊਂਡ 'ਚੋਂ ਦੋ ਸਿਲਵਰ ਮੈਡਲ ਜਿੱਤੇ। 1981 ਵਿਚ ਨਾਦੀਆ ਆਪਣੇ ਕੋਚ ਬੇਲਾ ਤੇ ਮਾਰਤਾ ਕਰੋਲੇਈ ਦੀ ਅਗਵਾਈ ਵਿਚ ਦੁਬਾਰਾ ਅਮਰੀਕਾ ਦੇ ਟੂਰ 'ਤੇ ਗਈ। ਬੱਸ ਵਿਚ ਉਹਦਾ ਫਿਰ ਅਮਰੀਕਨ ਜਿਮਨਾਸਟ ਬਾਰਤ ਕੋਨਰ ਨਾਲ ਮੇਲ ਹੋਇਆ ਜੋ ਮੌਂਟਰੀਅਲ ਤੋਂ ਖਾਲੀ ਹੱਥ ਪਰਤਿਆ ਸੀ। ਟੂਰ ਦੇ ਅਖੀਰਲੇ ਦਿਨ ਕੋਚ ਜੋੜਾ ਅਮਰੀਕਾ ਵਿਚ ਹੀ ਪਨਾਹ ਲੈਣ ਲਈ ਖਿਸਕ ਗਿਆ। ਉਨ੍ਹਾਂ ਨੇ ਕਿਹਾ ਤਾਂ ਨਾਦੀਆ ਨੂੰ ਵੀ ਸੀ ਪਰ ਉਸ ਨੂੰ ਰੁਮਾਨੀਆ ਦਾ 'ਮਾਣ' ਹੋਣ ਕਾਰਨ ਵਾਪਸ ਮੁੜਨਾ ਪਿਆ।

1984 ਦੀਆਂ ਓਲੰਪਿਕ ਖੇਡਾਂ ਲਾਸ ਏਂਜਲਸ ਵਿਚ ਹੋਈਆਂ ਜਿਨ੍ਹਾਂ ਦਾ ਸੋਵੀਅਤ ਗੁੱਟ ਨੇ ਬਾਈਕਾਟ ਕੀਤਾ। ਰੁਮਾਨੀਆ ਨੇ ਇਸ ਸ਼ਰਤ 'ਤੇ ਆਪਣੀ ਟੀਮ ਭੇਜੀ ਕਿ ਅਮਰੀਕਾ 'ਚ ਕਿਸੇ ਖਿਡਾਰੀ ਨੂੰ ਪਨਾਹ ਨਹੀਂ ਦਿੱਤੀ ਜਾਵੇਗੀ। ਨਾਦੀਆ ਚਲੀ ਤਾਂ ਗਈ ਪਰ ਉਸ ਨੇ ਕਿਸੇ ਮੁਕਾਬਲੇ 'ਚ ਭਾਗ ਨਾ ਲਿਆ। ਉਥੇ ਉਹ ਓਬਜ਼ਰਵਰ ਬਣ ਗਈ। ਰੁਮਾਨੀਅਨ ਡੈਲੀਗੇਸ਼ਨ ਨੇ ਉਹਦੀ ਨਿਗਰਾਨੀ ਰੱਖੀ, ਕਿਤੇ ਖਿਸਕ ਨਾ ਜਾਵੇ। ਉਸ ਨੂੰ ਵਾਪਸ ਮੁੜਨਾ ਪਿਆ। 1984 ਵਿਚ ਹੀ ਉਸ ਨੇ ਜਿਮਨਾਸਟਿਕਸ ਦੇ ਸਰਗਰਮ ਮੁਕਾਬਲਿਆਂ ਤੋਂ ਬਾਕਾਇਦਾ ਰਿਟਾਇਰਮੈਂਟ ਲੈ ਲਈ।

27 ਨਵੰਬਰ 1989 ਦੀ ਇਕ ਰਾਤ ਨੂੰ ਉਹ ਰੁਮਾਨੀਅਨ ਗਰੁੱਪ ਨਾਲ ਪੈਦਲ ਰੁਮਾਨੀਆ-ਹੰਗਰੀ ਦਾ ਬਾਰਡਰ ਲੰਘੀ ਤੇ ਆਸਟਰੀਆ ਤੋਂ ਜਹਾਜ਼ ਚੜ੍ਹ ਕੇ ਅਮਰੀਕਾ ਪਹੁੰਚੀ। 1991 'ਚ ਉਹ ਓਕਲਹਾਮਾ ਰਹਿੰਦੇ ਆਪਣੇ ਪੁਰਾਣੇ ਪ੍ਰੇਮੀ ਓਲੰਪਿਕ ਚੈਂਪੀਅਨ ਬਾਰਤ ਕੋਨਰ ਨੂੰ ਜਾ ਮਿਲੀ। ਉਹ ਚਾਰ ਸਾਲ ਦੋਸਤਾਂ ਵਾਂਗ 'ਕੱਠੇ ਰਹੇ ਤੇ ਜਿਮਨਾਟਿਕਸ ਦੀ ਕੋਚਿੰਗ ਦਿੰਦੇ ਰਹੇ। ਅਖ਼ੀਰ ਮੰਗਣੀ ਕਰ ਲਈ। 1996 'ਚ ਓਕਲਹਾਮਾ ਤੋਂ ਬਰਾਤ ਚੜ੍ਹੀ ਜੋ ਬੁਖਾਰੈਸਟ ਪਹੁੰਚੀ। ਤਦ ਤਕ ਸੋਵੀਅਤ ਯੂਨੀਅਨ ਟੁੱਟ ਚੁੱਕੀ ਸੀ। ਰੁਮਾਨੀਆ ਬਦਲ ਚੁੱਕਾ ਸੀ ਉਨ੍ਹਾਂ ਦਾ ਵਿਆਹ ਟੈਲੀਵੀਜ਼ਨ ਤੋਂ ਸਾਰੇ ਰੁਮਾਨੀਆ ਨੂੰ ਵਿਖਾਇਆ ਗਿਆ। 2001 ਵਿਚ ਨਾਦੀਆ ਕੋਮੈਂਸੀ ਅਮਰੀਕਨ ਸਿਟੀਜ਼ਨ ਬਣ ਗਈ ਤੇ 2006 ਵਿਚ ਉਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ।

ਨਾਦੀਆ ਕੋਨਰ ਜੋੜਾ ਅਮਰੀਕਾ ਵਿਚ ਜਿਮਨਾਟਿਕਸ ਦੀ ਕੋਚਿੰਗ ਦਿੰਦਾ, ਓਲੰਪਿਕ ਖੇਡਾਂ ਦੀ ਕੁਮੈਂਟਰੀ ਕਰਦਾ, ਟੀਵੀ ਦੇ ਸ਼ੋਅ ਤੇ ਕਮੱਰਸ਼ਲ ਮਸ਼ਹੂਰੀਆਂ ਦੀ ਖੱਟੀ ਖਾਂਦਾ ਆ ਰਿਹਾ ਹੈ। ਉਨ੍ਹਾਂ ਨੇ ਏਥਨਜ਼ ਦੀਆਂ ਓਲੰਪਿਕ ਖੇਡਾਂ-2004, ਲੰਡਨ-2008, ਬੀਜਿੰਗ-2012 ਤੇ ਰੀਓ-2016 ਦੀਆਂ ਓਲੰਪਿਕ ਖੇਡਾਂ ਦੀ ਕੁਮੈਂਟਰੀ ਕੀਤੀ ਹੈ। ਨਾਦੀਆ ਨੂੰ ਵਿਸ਼ਵ ਪੱਧਰ ਤੇ ਅਨੇਕਾਂ ਮਾਣ ਸਨਮਾਨ ਮਿਲੇ ਹਨ ਜਿਨ੍ਹਾਂ ਵਿਚ ਓਲੰਪਿਕ ਆਰਡਰ ਵੀ ਸ਼ਾਮਲ ਹੈ। ਉਹ ਰੁਮਾਨੀਆ ਤੇ ਅਮਰੀਕਾ ਦੀ ਸਿਟੀਜ਼ਨ ਹੈ। 2003 ਵਿਚ ਰੁਮਾਨੀਆ ਦੀ ਸਰਕਾਰ ਨੇ ਉਸ ਨੂੰ ਅਮਰੀਕਾ ਦੀ ਆਨਰੇਰੀ ਕੌਂਸਲ ਜਨਰਲ ਬਣਾ ਦਿੱਤਾ ਸੀ ਤਾਂ ਜੋ ਦੋਹਾਂ ਦੇਸ਼ਾਂ ਵਿਚ ਸੰਬੰਧ ਸਾਜ਼ਗਾਰ ਹੋਣ।

# ਔਰਤ ਭਾਵਨਾਵਾਂ ਨਾਲ ਜੁੜੀ ਸਸਪੈਂਸ਼ ਭਰੀ ਫ਼ਿਲਮ -ਸ਼ਾਤਰ

ਕਾਮੇਡੀ ਅਤੇ ਐਕਸ਼ਨ ਤੋਂ ਬਾਅਦ ਪੰਜਾਬੀ ਸਿਨੇਮੇ ਵਿਚ ਹੁਣ ਸਸਪੈਂਸ਼ ਅਤੇ ਥ੍ਰਿੱਲਰ ਫ਼ਿਲਮਾਂ ਦਾ ਦੌਰ ਵੀ ਸ਼ੁਰੂ ਹੋ ਚੁੱਕਿਆ ਹੈ। ਜਿਨ੍ਹਾਂ ਨੂੰ ਦਰਸ਼ਕਾਂ ਵੱਲੋਂ ਖੂਬ ਹੁੰਗਾਰਾ ਮਿਲਿਆ। ਕ੍ਰਿਮੀਨਲ, ਜ਼ਿਲ੍ਹਾ ਸੰਗਰੂਰ, ਵਾਰਨਿੰਗ ਆਦਿ ਫ਼ਿਲਮਾਂ ਤੋਂ ਬਾਅਦ ਹੁਣ ਇੱਕ ਹੋਰ ਫ਼ਿਲਮ 'ਸ਼ਾਤਰ' ਦਾ ਟਰੇਲਰ ਦਰਸ਼ਕਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਨਿਰਮਾਤਾ ਨਿਰਦੇਸ਼ਕ ਕੇ.ਐੱਸ ਮਲਹੋਤਰਾ ਦੀ ਬਾਲੀਵੁੱਡ ਦੀ ਤਰਜ਼ 'ਤੇ ਬਣੀ ਇਸ ਫ਼ਿਲਮ ਦਾ ਵਿਸ਼ਾ ਦਰਸ਼ਕਾਂ ਨੂੰ ਡਰ ਤੇ ਖ਼ੌਫ ਭਰੇ ਮਨੋਰੰਜਨ ਨਾਲ ਜੋੜੇਗਾ।

ਫ਼ਿਲਮ ਦੀ ਕਹਾਣੀ ਇੱਕ ਕਾਤਲ ਅਪਰਾਧੀ ਰਣਜੀਤ ਦੀ ਖੌਫਨਾਕ ਸੋਚ ਅਤੇ ਕਾਰਨਾਮਿਆਂ 'ਤੇ ਆਧਾਰਤ ਹੈ, ਜਿਸਦਾ ਕਿਰਦਾਰ ਬਾਲੀਵੁੱਡ ਅਦਾਕਾਰ ਮੁਕੁਲ ਦੇਵ ਨੇ ਨਿਭਾਇਆ ਹੈ। ਫ਼ਿਲਮ ਦੀ ਨਾਇਕਾ ਨੈਸ਼ਨਲ ਐਵਾਰਡ ਜੇਤੂ ਅਦਾਕਾਰਾ ਦਿੱਵਿਆ ਦੱਤਾ ਹੈ। ਫ਼ਿਲਮ ਦੀ ਕਹਾਣੀ ਮੁਕੁਲ ਦੇਵ ਅਤੇ ਦਿੱਵਿਆ ਦੱਤਾ ਦੇ ਇਰਦ-ਗਿਰਦ ਘੁੰਮਦੀ ਹੈ। ਫ਼ਿਲਮ ਦੇ ਨਿਰਮਾਤਾ ਨਿਰਦੇਸ਼ਕ ਕੁਲਜੀਤ ਸਿੰਘ ਮਲਹੋਤਰਾ ਨੇ ਦੱਸਿਆ ਕਿ ਬਾਲੀਵੁੱਡ ਪੱਧਰ ਦੀ ਇਹ ਪਹਿਲੀ ਪੰਜਾਬੀ ਫ਼ਿਲਮ ਹੈ ਜੋ ਸਾਡੇ ਆਸ-ਪਾਸ ਵਾਪਰਦੀਆਂ ਖੌਫ਼ਨਾਕ ਘਟਨਾਵਾਂ ਤੋਂ ਪ੍ਰੇਰਿਤ ਔਰਤ ਦੀਆਂ ਭਾਵਨਾਵਾਂ ਨਾਲ ਜੁੜੀ ਸਸਪੈਂਸ ਭਰਪੂਰ ਕਹਾਣੀ 'ਤੇ ਆਧਾਰਤ ਹੈ ਜਿਸ ਵਿਚ ਦਰਸ਼ਕਾਂ ਨੂੰ ਰੁਮਾਂਸ ਅਤੇ ਐਕਸ਼ਨ ਵੀ ਵੇਖਣ ਨੂੰ ਮਿਲੇਗਾ। ਫ਼ਿਲਮ ਦੇ ਸੰਗੀਤ ਦੀ ਗੱਲ ਕਰੀਏ ਤਾਂ ਇਸ ਵਿਚ ਸਿਰਫ਼ ਦੋ ਗੀਤ ਹਨ। ਇਕ ਗੀਤ ਨਾਮੀ ਗਾਇਕ ਮਾਸਟਰ ਸਲੀਮ ਨੇ ਗਾਇਆ ਹੈ, ਦੂਸਰਾ ਨੀਰਜ ਸ਼੍ਰੀਧਰ ਅਤੇ ਪ੍ਰੀਆ ਮਲਿਕ ਨੇ ਗਾਇਆ ਹੈ। ਫ਼ਿਲਮ ਦਾ ਸੰਗੀਤ ਵਿਨੈ ਵਿਨਾਇਕ ਵੱਲੋਂ ਤਿਆਰ ਕੀਤਾ ਗਿਆ ਹੈ। ਗੀਤ ਰਾਏ ਕਲਸੀ ਅਤੇ ਭਾਨੂ ਠਾਕੁਰ ਨੇ ਲਿਖੇ ਹਨ।



ਹੌਲੀ ਬੇਸਿਲ ਫ਼ਿਲਮ ਦੇ ਬੈਨਰ ਹੇਠ ਡਾ. ਮਨਬੀਰ ਸਿੰਘ ਯੂ ਐੱਸ ਏ ਦੀ ਪੇਸ਼ਕਸ਼ ਇਸ ਫ਼ਿਲਮ ਵਿਚ ਦਿੱਵਿਆ ਦੱਤਾ, ਮੁਕੁਲ ਦੇਵ, ਦੇਵ ਸ਼ਰਮਾ, ਸ਼ਮੀਕਸ਼ਾ ਭਟਨਾਗਰ, ਦੀਪ ਰਾਜ ਰਾਣਾ ਅਤੇ ਅਮਨ ਧਾਲੀਵਾਲ ਨੇ ਮੁੱਖ ਭੂਮਿਕਾ ਨਿਭਾਈ ਹੈ। ਨਿਰਮਾਤਾ ਨਿਰਦੇਸ਼ਕ ਕੇ ਐੱਸ ਮਲਹੋਤਰਾ ਦੀ ਗੱਲ ਕਰੀਏ ਤਾਂ ਉਸਦਾ ਪਿਛੋਕੜ ਬਾਲੀਵੁੱਡ ਦੇ ਇਕ ਸੰਗੀਤਕ ਘਰਾਣੇ ਨਾਲ ਸਬੰਧਤ ਹੈ। ਉਸਦੇ ਪਿਤਾ ਹਰੀ ਅਰਜਨ ਆਪਣੇ ਸਮੇਂ ਦੇ ਨਾਮੀ ਸੰਗੀਤ ਨਿਰਦੇਸ਼ਕ ਰਹੇ।

ਕੇ ਐੱਸ ਮਲਹੋਤਰਾ ਆਪਣੇ ਪਿਤਾ ਵਾਂਗ ਹੀ ਫ਼ਿਲਮ ਕਲਾ ਨਾਲ ਜੁੜਿਆ ਹੋਇਆ ਹੈ, ਅਨੇਕਾਂ ਧਾਰਮਿਕ ਐਲਬਮਾਂ ਕਰਨ ਤੋਂ ਇਲਾਵਾ ਉਸਨੇ ਪੰਜਾਬੀ ਫ਼ਿਲਮਾਂ 'ਖਾਲਸਾ ਮੇਰੋ ਰੂਪ ਹੈ ਖ਼ਾਸ' ਅਤੇ 'ਮਿੱਟੀ ਦਾ ਬਾਵਾ' ਪੰਜਾਬੀ ਸਿਨੇਮੇ ਨੂੰ ਦਿੱਤੀਆਂ। ਇਹ ਉਨ੍ਹਾਂ ਦੀ ਤੀਸਰੀ ਪੰਜਾਬੀ ਫ਼ਿਲਮ ਹੈ। ਜਿਸਨੂੰ ਬਤੌਰ ਨਿਰਮਾਤਾ-ਨਿਰਦੇਸ਼ਕ ਲੈ ਕੇ ਆਏ ਹਨ। ਗੁਰਵਿੰਦਰ ਕੌਰ ਰੋਜੀ ਇਸ ਫ਼ਿਲਮ ਦੀ ਸਹਿ ਨਿਰਮਾਤਾ ਹੈ। 28 ਜੁਲਾਈ ਨੂੰ ਓਮ ਜੀ ਗਰੁੱਪ ਵਲੋਂ ਵਿਸ਼ਵ ਪੱਧਰ 'ਤੇ ਰਿਲੀਜ਼ ਕੀਤੀ ਜਾ ਰਹੀ ਇਹ ਫ਼ਿਲਮ ਪੰਜਾਬੀ ਸਿਨੇਮੇ ਨੂੰ ਨਵੇਂ ਦੌਰ ਨਾਲ ਜੋੜੇਗੀ। ਸਾਰਿਆਂ ਨੂੰ ਇਸ ਫ਼ਿਲਮ ਤੋਂ ਬਹੁਤ ਆਸਾਂ ਹਨ।

*-ਸੁਰਜੀਤ ਜੱਸਲ*
*ਫੋਨ: 98146-07737*

# ਅਸੀਂ ਪੇਂਡੂ ਹੁੰਨੇ ਆਂ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਪਿੰਡਾਂ ਦੇ ਲੋਕਾਂ ਦਾ ਜ਼ਿਕਰ ਕੀਤਾ ਹੈ, ਜੋ ਸਿੱਧੇ ਸਾਦੇ ਤੇ ਅੰਦਰੋਂ-ਬਾਹਰੋਂ ਇਕੋ ਜਿਹੇ ਹੁੰਦੇ ਹਨ।***

ਅਸੀਂ ਪੇਂਡੂ ਹੁੰਨੇ ਆਂ ਸਿੱਧੇ-ਸਾਦੇ, ਅੰਦਰੋਂ-ਬਾਹਰੋਂ ਇਕਸੁਰ, ਸੀਰਤ ਅਤੇ ਸੁਭਾਅ ਵਿਚ ਸਮਾਨ। ਕੋਈ ਮਲੰਮਾ ਨਹੀਂ। ਕਦੇ ਨਹੀਂ ਪਹਿਨਦੇ ਮਖੌਟਾ। ਪਾਕੀਜ਼ ਅਤੇ ਪ੍ਰਤੱਖ। ਕੋਈ ਓਹਲਾ ਨਹੀਂ ਅਤੇ ਨਾ ਹੀ ਮਨ ਵਿਚ ਕੋਈ ਫਰੇਬ, ਧੋਖਾ, ਦਗਾ ਜਾਂ ਕੂੜ-ਕੁਮੱਤ। ਜੋ ਮਨ ਵਿਚ, ਉਹੀ ਜ਼ੁਬਾਨ 'ਤੇ। ਜੋ ਦਿਮਾਗ ਸੋਚਦੈ, ਉਹੀ ਦਿਲ 'ਚ। ਸਾਡੀ ਜੀਵਨ-ਸ਼ੈਲੀ ਹਮੇਸ਼ਾ ਇਕਹਿਰੀ। ਕਦੇ ਨਹੀਂ ਪਰਤਾਂ ਵਿਚ ਜਿਉਂਦੇ ਕਿਉਂਕਿ ਪਰਤਾਂ ਵਿਚ ਜਿਊਣਾ, ਸਾਡੇ ਆਲੇ-ਦੁਆਲੇ ਵਿਚ ਹੀ ਨਹੀਂ ਹੁੰਦਾ। ਪਿੰਡਾਂ ਵਿਚ ਰਹਿਣ ਵਾਲਿਆਂ ਨੂੰ ਕੁਦਰਤ ਦੀ ਨੇੜਤਾ ਮਾਨਣ ਦਾ ਸੁਭਾਗ। ਕੁਦਰਤੀ ਨਿਆਮਤਾਂ ਹੰਢਾਉਂਦਿਆਂ, ਕੁਦਰਤ ਸੰਗ ਇਕਸੁਰਤਾ ਵਿਚੋਂ ਆਪਣੇ ਆਪ ਨੂੰ ਵਿਸਥਾਰਨ ਅਤੇ ਖੁਦ ਦੀ ਤਲਾਸ਼ ਕਰਨ ਦਾ ਮੌਕਾ ਮਿਲਦਾ।

ਪਿੰਡ ਦੀ ਪਾਕ ਫਿਜ਼ਾ ਵਿਚ ਪਲਣ ਵਾਲੇ ਕੁੱਕੜ ਦੀ ਬਾਂਗ ਸੁਣ ਕੇ ਜਾਗਦੇ। ਗੁਰਦੁਆਰੇ ਦੇ ਲਾਊਡ ਸਪੀਕਰ 'ਤੇ ਭਾਈ ਜੀ ਵਲੋਂ ਜਪੁਜੀ ਸਾਹਿਬ ਦਾ ਪਾਠ ਜਦ ਕੰਨਾਂ ਵਿਚ ਰਸ ਘੋਲਦਾ ਤਾਂ ਜੀਵਨ ਦੀਆਂ ਸਾਰੀਆਂ ਸੁਮੱਤਾਂ ਮਨ-ਬੂਹੇ ਦੀ ਦਸਤਕ ਬਣਦੀਆਂ। ਅਸੀਂ ਤਾਂ ਉਹ ਵੀ ਸਮਾਂ ਦੇਖਿਆ ਹੈ ਜਦ ਸਵੇਰੇ ਚਾਹ ਪਾਣੀ ਪੀਣ ਤੋਂ ਪਹਿਲਾਂ ਜੰਗਲ-ਪਾਣੀ ਲਈ ਖੇਤਾਂ ਨੂੰ ਜਾਈਦਾ ਸੀ। ਤ੍ਰੇਲ-ਭਿਜੀਆਂ ਵੱਟਾਂ 'ਤੇ ਤੁਰਦਿਆਂ, ਠੰਢਕ ਅਤੇ ਵਿਸਮਾਦ ਮਾਣੀਦਾ ਸੀ ਅਤੇ ਖੂਹ ਦੇ ਚੁਬੱਚੇ ਵਿਚ ਨਹਾ ਕੇ ਘਰ ਪਰਤੀਦਾ ਸੀ।

ਸਾਨੂੰ ਪੇਂਡੂਆਂ ਨੂੰ ਕਿੱਥੇ ਸਕੂਲ ਜਾਣ ਲਈ ਤਿਆਰ ਹੋਣ ਦੀ ਵਿਹਲ ਹੁੰਦੀ ਸੀ। ਸਵੇਰੇ ਸਕੂਲ ਜਾਣ ਤੋਂ ਪਹਿਲਾਂ ਖੂਹ ਤੋਂ ਪੱਠਿਆਂ ਦੀ ਭਰੀ ਲਿਆਣਾ, ਪਸ਼ੂਆਂ ਨੂੰ ਚਾਰਾ ਪਾਉਣਾ ਅਤੇ ਫਿਰ ਸਕੂਲੇ ਜਾਣਾ। ਸਾਡੀ ਕਿਹੜੀ ਖਾਸ ਡਰੈਸ ਹੁੰਦੀ ਸੀ। ਇਕ ਹੀ ਝੱਗੇ ਅਤੇ ਪਜਾਮੇ ਵਿਚ ਇਕ ਜਮਾਤ ਪਾਸ ਕਰ ਲਈਦੀ ਸੀ ਅਤੇ ਪੈਰਾਂ ਵਿਚ ਹੁੰਦੀਆਂ ਸਨ ਕੈਂਚੀ ਚੱਪਲਾਂ ਜਾਂ ਪਿੰਡ ਦੇ ਮੋਚੀ ਦੇ ਬਣਾਏ ਹੋਏ ਮੌਜੇ। ਭੋਲੇ-ਭਾਲੇ ਪੇਂਡੂਆਂ ਨੂੰ ਕਿਹੜਾ ਪਤਾ ਸੀ ਬਰਾਂਡਡ ਬੂਟਾਂ ਅਤੇ ਕੱਪੜਿਆਂ ਬਾਰੇ। ਵੈਸੇ ਸਾਡੇ ਮਾਪਿਆਂ ਕੋਲ ਮਹਿੰਗੇ ਕੱਪੜੇ ਲੈਣ ਦੀ ਸਮਰੱਥਾ ਕਿੱਥੇ ਸੀ? ਉਹ ਤਾਂ ਆਪ ਵੀ ਧੌੜੀ ਦੀ ਜੁੱਤੀ ਅਤੇ ਖੱਦਰ ਦੇ ਕੱਪੜੇ ਪਾਉਂਦੇ ਸਨ। ਮੇਰਾ ਬਾਪ ਤਾਂ ਮੇਰੇ ਪ੍ਰੋਫੈਸਰ ਬਣਨ ਤੋਂ ਬਾਅਦ ਵੀ ਪਿੰਡ ਵਿਚ ਅਕਸਰ ਹੀ ਨੰਗੇ ਪੈਰੀਂ ਖੂਹ 'ਤੇ ਜਾਂਦੇ ਸਨ। ਉਨ੍ਹਾਂ ਨੇ ਭਰ ਸਰਦੀਆਂ ਵਿਚ ਵੀ ਕਦੇ ਕੋਟੀ ਆਦਿ ਨਹੀਂ ਸੀ ਪਾਈ ਭਾਵੇਂ ਕਿ ਉਸਦੀਆਂ ਪੋਤਰੀਆਂ ਨੇ ਵਿਦੇਸ਼ ਤੋਂ ਵੀ ਲਿਆ ਕੇ ਦਿੱਤੀਆਂ ਸਨ। ਪਰ ਇਹ ਕੋਟੀਆਂ ਉਨ੍ਹਾਂ ਦੇ ਸਾਈਕਲ ਦੇ ਹੈਂਡਲ ਤੇ ਜ਼ਰੂਰ ਟੰਗੀਆਂ ਹੁੰਦੀਆਂ ਜਦ ਉਹ ਸਾਨੂੰ ਮਿਲਣ ਲਈ ਕਪੂਰਥਲਾ ਆਉਂਦੇ ਸਨ।

ਸਾਨੂੰ ਪੇਂਡੂਆਂ ਨੂੰ ਨਿੱਕੇ ਹੁੰਦਿਆਂ ਕਦੇ-ਕਦਾਈਂ ਸਾਈਕਲ ਮਿਲਦਾ ਸੀ। ਅਸੀਂ ਕੈਂਚੀ ਸਾਈਕਲ ਚਲਾਉਂਦਿਆ ਕਈ ਵਾਰ ਗੋਡੇ ਵੀ ਰਗੜਾਏ ਸਨ। ਜਦ ਕਾਲਜ ਵਿਚ ਦਾਖਲ ਹੋਇਆ ਤਾਂ ਨਵਾਂ ਐਟਲਸ ਸਾਈਕਲ ਮਿਲਿਆ। ਮਨ ਬਹੁਤ ਖੁਸ਼ ਸੀ। ਹੁਣ ਕਾਰਾਂ ਝੂਟਦੇ ਹਾਂ, ਹਵਾਈ ਜਹਾਜ਼ਾਂ ਵਿਚ ਸਫ਼ਰ ਕਰਦੇ ਹਾਂ ਪਰ ਜਿਹੜਾ ਸਫ਼ਰ ਐਟਲਸ ਸਾਈਕਲ 'ਤੇ ਕੀਤਾ, ਉਸਦਾ ਆਨੰਦ ਹੀ ਕਮਾਲ ਦਾ ਸੀ।

ਜੇ ਕਦੇ ਮੈਰ ਵਿੱਚੀਂ ਡੰਡੀ 'ਤੇ ਜਾਂਦਿਆ ਸਾਈਕਲ ਪੈਂਚਰ ਹੋ ਜਾਣਾ ਤਾਂ ਕਈ ਕਿਲੋਮੀਟਰ, ਸਾਈਕਲ ਨੂੰ ਰੇੜ ਕੇ ਪੈਂਚਰ ਲਗਵਾਉਣਾ। ਸਾਈਕਲ ਦੇ ਪਿਛਲੇ ਮੱਡਗਾਰਡ ਅਤੇ ਮੋਹਰਲੇ ਡੰਡੇ 'ਤੇ ਬਹਿ ਕੇ ਕਈ ਵਾਰ ਅਸੀਂ ਤਿੰਨ ਦੋਸਤਾਂ ਨੇ ਸਾਈਕਲ ਦੀ ਸਵਾਰੀ ਕੀਤੀ ਸੀ। ਭਾਵੇਂ ਕਿ 'ਕੇਰਾਂ ਨਿੱਕੇ ਜਿਹੇ ਟੋਏ ਵਿਚ ਪੈਣ 'ਤੇ ਮੱਡਗਾਰਡ ਹੀ ਟੁੱਟ ਗਿਆ ਸੀ।

ਅਸੀਂ ਪੇਂਡੂ ਹਾਂ, ਇਸ ਲਈ ਸਾਡੇ ਲਈ ਬੋਤਲ-ਬੰਦ ਪਾਣੀ ਵਿਚੋਂ ਉਹ ਸਵਾਦ ਨਹੀਂ ਆਉਂਦਾ ਜੋ ਆੜ ਵਿਚੋਂ ਬੁੱਕਾਂ ਨਾਲ ਪੀਂਦਿਆ ਆਉਂਦਾ ਸੀ ਜਾਂ ਬਿਆਸ ਦਰਿਆ ਦੇ ਕੰਢੇ ਗਿੱਲੀ ਰੇਤ ਵਿਚ ਟੋਆ ਪੁੱਟ ਕੇ, ਝੀਖ ਲਾ ਕੇ ਪਾਣੀ ਪੀਂਦੇ ਸਾਂ। ਖੂਹ ਨੂੰ ਗੇੜ ਕੇ ਟਿੰਡਾਂ ਵਿਚੋਂ ਪਾਣੀ ਪੀਣਾ ਤਾਂ ਆਮ ਸੀ ਜਦ ਕਿ ਖੂਹ ਵਿਚ ਡੱਡੂ ਅਤੇ ਕਈ ਵਾਰ ਸੱਪ ਵੀ ਹੁੰਦੇ ਸਨ ਪਰ ਪਾਣੀ ਪੀ ਕੇ ਕਦੇ ਬਿਮਾਰ ਨਹੀਂ ਸੀ ਹੋਏ। ਹੁਣ ਤਾਂ ਬੋਤਲਾਂ ਦਾ ਪਾਣੀ ਪੀ ਕੇ ਵੀ ਬਿਮਾਰ ਹੋਣ ਦਾ ਡਰ ਬਣਿਆ ਰਹਿੰਦਾ। ਹੁਣ ਕਦੇ-ਕਦਾਈਂ ਸਵਿਮਿੰਗ ਪੂਲ ਵਿਚ ਜਾਂਦਾ ਹਾਂ ਅਤੇ ਇਸ ਵਿਚ ਤਾਰੀਆਂ ਲਾਉਣਾ ਓਪਰਾ ਜਿਹਾ ਲੱਗਦਾ। ਕਿਥੇ ਬਿਆਸ ਦਰਿਆ ਵਿਚ ਤਾਰੀਆਂ ਲਾਉਣਾ ਅਤੇ ਤਰ ਕੇ ਦਰਿਆ ਨੂੰ ਪਾਰ ਕਰਨਾ। ਪਸ਼ੂ ਚਾਰਦਿਆਂ ਪਸ਼ੂਆਂ ਨਾਲ ਨਹਾਉਣਾ ਅਤੇ ਕਈ ਵਾਰ ਨਾਲ਼ੇ ਨੂੰ ਪਾਰ ਕਰਨ ਲਈ ਗੋਕੇ ਦੀ ਪੂਛ ਫੜ ਲੈਣਾ। ਮੱਝ ਦੀ ਪੂਛ ਫੜਿਆਂ ਡੁੱਬਣ ਦਾ ਡਰ ਹਮੇਸ਼ਾ ਹੀ ਲੱਗਾ ਰਹਿੰਦਾ ਕਿਉਂਕਿ ਮੱਝਾਂ ਅਕਸਰ ਹੀ ਡੂੰਘੇ ਪਾਣੀਆਂ ਵਿਚ ਜਾ ਕੇ ਤਾਰੀਆਂ ਲਾਉਣ ਲੱਗਪੈਂਦੀਆਂ ਸਨ।, ਛੱਪੜ ਵਿਚ ਮੱਝਾਂ ਨੂੰ ਪਾਣੀ ਪਿਆਣਾ ਅਤੇ ਨਹਾਣਾ ਤਾਂ ਆਮ ਹੁੰਦਾ ਸੀ। ਕਦੇ ਵੀ ਖ਼ੌਫ਼ ਨਹੀਂ ਸੀ ਹੁੰਦਾ ਕਿ ਪਾਣੀ ਨਾਲ ਕੋਈ ਬਿਮਾਰੀ ਲੱਗ ਜਾਵੇਗੀ ਜਾਂ ਕੁਝ ਲੜ ਜਾਵੇਗਾ। ਕੇਹੇ ਬੇਫ਼ਿਕਰੇ ਅਤੇ ਆਨੰਦਮਈ ਦਿਨ ਸਨ ਉਹ।

ਪਿੰਡਾਂ ਵਾਲੇ ਤਾਂ ਹੱਲ਼ ਵਾਹੁੰਦਿਆਂ, ਡੰਗਰਾਂ



ਦੀਆਂ ਪੂਛਾਂ ਮਰੋੜਦਿਆਂ, ਗੋਡੀ ਕਰਦਿਆਂ ਜਾਂ ਫ਼ਲੇ ਵਾਹੁੰਦਿਆਂ, ਹੱਥ ਝਾੜ ਕੇ ਰੋਟੀ ਖਾਣ ਵਿਚ ਮਜ਼ਾ ਲੈਣ ਦੇ ਆਦੀ। ਸਾਡੇ ਲਈ ਪੇਟ ਦੀ ਬਦਹਜ਼ਮੀ ਦੇ ਕੋਈ ਮਾਇਨੇ ਨਹੀਂ ਸਨ ਅਤੇ ਨਾ ਹੀ ਸਾਨੂੰ ਕਦੇ ਭੁੱਖ ਨੇ ਸਤਾਇਆ ਕਿਉਂਕਿ ਕਈ ਵਾਰ ਭੁੱਖੇ ਰਹਿ ਕੇ ਦਸੌਂਧੇ ਕੱਟਣ ਦੀ ਨੌਬਤ ਆ ਜਾਂਦੀ ਸੀ।

ਸਾਡੇ ਪੇਂਡੂਆਂ ਦੇ ਨਿੱਕੇ ਨਿੱਕੇ ਖ਼ਾਬ ਅਤੇ ਖਿਆਲ ਹੁੰਦੇ। ਛੋਟੀਆਂ ਆਸ਼ਾਵਾਂ ਤੇ ਰੀਝਾਂ ਅਤੇ ਨਿਗੂਣੀਆਂ ਜਹੀਆਂ ਤਰਜੀਹਾਂ। ਲੱਕੜ ਦਾ ਗੱਡਾ, ਕਾਗਜ਼ ਦੀ ਬੇੜੀ ਅਤੇ ਕਾਗਜ਼ੀ ਹਵਾਈ ਜਹਾਜ਼ ਸਾਡੇ ਮਨਪਸੰਦ ਖਿਡੌਣੇ ਸਨ। ਨਿੱਕੇ ਜਹੇ ਅੰਬਰ 'ਚੋਂ ਝਰਦੀ ਰੋਸ਼ਨੀ ਤੇ ਰਾਤ ਦੇ ਵਿਹੜੇ ਨੂੰ ਚਾਨਣ ਨਾਲ ਕਲੀ ਕਰਦੀ ਚੰਨ ਚਾਨਣੀ। ਰਾਤ ਨੂੰ ਛੱਤ 'ਤੇ ਚੜ੍ਹ, ਅੰਬਰ ਦੀ ਬੀਹੀ 'ਚ ਗੇੜੀ ਲਾਉਂਦਿਆ, ਤਾਰਿਆਂ ਦੀਆਂ ਖਿੱਤੀਆਂ ਦੇ ਵੱਖ-ਵੱਖ ਅਕਾਰਾਂ 'ਚੋਂ ਕਲਾ-ਕਿਰਤਾਂ ਦੀ ਸਿਰਜਣਾ ਕਰ ਲਈਦੀ ਸੀ। ਇਉਂ ਜਾਪਦਾ ਸੀ ਕਿ ਅੰਬਰ ਵਿਚ ਲਿਸ਼ਕਦੇ ਤਾਰੇ ਸਾਡੇ ਹੀ ਆੜੀ ਆ।

ਪਿੰਡਾਂ ਵਾਲੇ ਅਕਸਰ ਹੀ ਮੁੱਢਲੀਆਂ ਤੇ ਜ਼ਰੂਰੀ ਸਹੂਲਤਾਂ ਤੋਂ ਵਿਰਵੇ। ਸਾਡੇ ਸਮਿਆਂ ਵਿਚ ਕਿੱਥੇ ਸੀ ਅਜੋਕੀਆਂ ਸੁੱਖ ਸਹੂਲਤਾਂ। ਸਾਡੇ ਲਈ ਪ੍ਰਮੁੱਖਤਾ ਸੀ ਕਿ ਪਰਿਵਾਰ ਲਈ ਮੁੱਢਲੀਆਂ ਲੋੜਾਂ ਨੂੰ ਪੂਰਿਆਂ ਕਰਨਾ, ਪੈਰਾਂ 'ਤੇ ਖੜ੍ਹਾ ਹੋਣਾ, ਘਰ ਬਦੀ ਗੁਰਬਤ ਨੂੰ ਦੂਰ ਕਰਨਾ ਅਤੇ ਆਪਣੇ ਤੇ ਆਪਣੇ ਪਰਿਵਾਰ ਲਈ ਹੋਂਦ ਅਤੇ ਹਾਸਲ ਬਣਨਾ।

ਅਸੀਂ ਜਾਣਦੇ ਸਾਂ ਸੀਮਤ ਸਾਧਨਾਂ ਨਾਲ ਸੀਮਤ ਜੇਹੀਆਂ ਲੋੜਾਂ ਨੂੰ ਪੂਰੀਆਂ ਕਰਨਾ ਅਤੇ ਸੁਖਨ ਦਾ ਮੁਹਾਰਨੀ ਪੜ੍ਹਨੀ। ਖਾਣ ਤੋਂ ਪਹਿਨਣ ਤੀਕ ਸੱਭੇ ਲੋੜਾਂ ਘਰ 'ਚ ਪੂਰੀਆਂ ਕਰਨਾ। ਸਾਡੀਆਂ ਕਿਰਸੀ ਮਾਵਾਂ ਤਾਂ ਕੱਲਰ ਨਾਲ ਹੀ ਕਪੜੇ ਧੋ ਲੈਂਦੀਆਂ ਸਨ ਜੋ ਅਸੀਂ ਮੈਰ 'ਚੋਂ 'ਕੱਠਾ ਕਰ, ਬੋਰੇ ਭਰ ਕੇ ਲਿਆਂਉਂਦੇ ਸਾਂ। ਪੱਗਾਂ ਨੂੰ ਘਰ ਹੀ ਰੰਗ ਲੈਣਾ ਜੋ ਕੱਚੇ ਹੀ ਹੁੰਦੇ ਸਨ। 'ਕੇਰਾਂ ਮੇਰੀ ਉਨਾਬੀ ਪੱਗ ਦੇ ਕੱਚੇ ਰੰਗ ਨੇ ਚਿੱਟੀ ਕਮੀਜ਼ ਨੂੰ ਡੱਬ-ਖੜੱਬੀ ਕਰ ਦਿੱਤਾ ਸੀ ਜਦ ਵਰ੍ਹਦੇ ਮੀਂਹ ਵਿਚ ਮੈਂ ਸਕੂਲ ਤੋਂ ਤੁਰ ਕੇ ਘਰ ਆ ਰਿਹਾ ਸਾਂ।

ਅਸੀਂ ਤਾਂ ਮੰਡ ਵਿਚ ਪਸ਼ੂ ਚਾਰਦਿਆਂ, ਉਡਦੇ ਜਹਾਜ਼ ਨੂੰ ਦੇਖ ਕੇ ਸੋਚਦੇ ਸਾਂ, ਪਤਾ ਨਹੀਂ ਇਹ ਕਿਹੜੇ ਦੇਸ਼ ਨੂੰ ਜਾ ਰਿਹਾ? ਇੰਗਲੈਂਡ, ਅਮਰੀਕਾ ਤੇ ਕੈਨੇਡਾ ਆਦਿ ਦਾ ਪਤਾ ਨੀ ਕਿਸ ਪਾਸੇ ਹਨ? ਸੱਚੀ ਗੱਲ ਤਾਂ ਇਹ ਹੈ ਕਿ ਕਦੇ ਸੁਪਨੇ ਵਿਚ ਵੀ ਨਹੀਂ ਸੀ ਆਇਆ ਕਿ ਸਾਇੰਸ ਦੀ ਪੜ੍ਹਾਈ ਕਰਕੇ, ਕਦੇ ਵਿਦੇਸ਼ ਵਿਚ ਜਾ ਸਕਾਂਗੇ। ਅਮਰੀਕਾ ਵਰਗੇ ਦੇਸ਼ ਵਿਚ ਪੜ੍ਹਾਉਣ ਦਾ ਤਾਂ ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਕਾਲਜ ਵਿਚ ਪੜ੍ਹਦਿਆਂ ਸ਼ਹਿਰ ਵਾਲਿਆਂ ਨੂੰ ਬੜੇ ਅੱਖਰਦੇ ਸਾਂ ਕਿ ਪਿੰਡਾਂ ਵਾਲੇ ਸਾਇੰਸ ਪੜ੍ਹਦੇ ਨੇ ਅਤੇ ਨੰਬਰਾਂ ਵਿਚ ਸਾਡੇ ਤੋਂ ਅੱਗੇ ਨੇ।

ਕਾਲਜ ਦੀ ਪੜ੍ਹਾਈ ਵੇਲੇ ਅਸੀਂ ਪੇਂਡੂਆਂ ਦੇ ਨਿੱਕੇ-ਨਿੱਕੇ ਸੁਪਨਿਆਂ ਦਾ ਫੈਲ ਕੇ ਵੱਡ-ਅਕਾਰੀ ਹੋਣਾ ਅਤੇ ਇਨ੍ਹਾਂ ਵਿਚੋਂ ਹੀ ਸਾਨੂੰ ਸੁਪਨਿਆਂ ਦਾ ਖੁੱਲ੍ਹਾ ਅਸਮਾਨ ਅਤੇ ਅਸੀਮ ਸੰਭਾਵਨਾਵਾਂ ਨਜ਼ਰ ਆਉਣ ਲੱਗ ਪਈਆਂ ਸਨ। ਹੌਲੀ ਹੌਲੀ ਸੁਪਨਿਆਂ ਦਾ ਸੱਚ, ਹੱਥਾਂ ਦਿਆਂ ਰੱਟਨਾਂ ਅਤੇ ਪੈਰਾਂ ਦੀਆਂ ਬਿਆਈਆਂ ਵਿਚ ਉਕਰਨਾ ਸ਼ੁਰੂ ਹੋ ਗਿਆ।

ਅਸੀਂ ਪੇਂਡੂ ਹਾਂ ਤਾਂ ਹੀ ਅਸੀਂ ਕਿਸੇ ਦੀਆਂ ਮੋਮੋਠੱਗਣੀਆਂ ਵਿਚ ਜਲਦੀ ਹੀ ਆ ਜਾਂਦੇ ਤੇ ਨੁਕਸਾਨ ਉਠਾਉਂਦੇ ਹਾਂ। ਕਈ ਵਾਰ ਘਾਟੇ ਵੀ ਖਾਧੇ। ਸਾਨੂੰ ਨਹੀਂ ਆਉਂਦਾ ਕਿਸੇ ਦੀ ਕਿਤਾਬ ਜਾਂ ਕਲਾਸ-ਨੋਟਿਸ ਚੋਰੀ ਕਰ ਕੇ ਆਪ ਚੰਗੇ ਨੰਬਰ ਲੈਣਾ ਅਤੇ ਮੰਨਤ ਮੰਗਣੀ ਕਿ ਦੂਸਰਾ ਫੇਲ੍ਹ ਹੋ ਜਾਵੇ। ਅਸੀਂ ਪੇਂਡੂ ਸਾਂ ਤਾਂ ਹੀ ਸਿਰੜ, ਸਿਦਕ, ਸਬਰ, ਸੰਤੋਖ ਅਤੇ ਸਖਤ ਮਿਹਨਤ ਦੀ ਗੁੜ੍ਹਤੀ ਜੰਮਦਿਆਂ ਸਾਰ ਹੀ ਮਿਲ ਜਾਂਦੀ। ਸਾਨੂੰ ਟੁੱਟੇ ਹੋਏ ਸੁਪਨੇ ਦੀ ਚੀਸ ਨੂੰ ਜਰਨ ਅਤੇ ਚੀਸ ਵਿਚੋਂ ਉਭਰ ਕੇ ਆਪਣੀਆਂ ਕਮਜ਼ੋਰੀਆਂ ਨੂੰ ਤਾਕਤ ਬਣਾਉਣ ਦਾ ਵੱਲ ਆਉਂਦਾ। ਆਪਣੇ-ਆਪ ਨਾਲ ਯੁੱਧ ਕਰਨਾ, ਅਸਫ਼ਲਤਾਵਾਂ ਵਿਚੋਂ ਸਫ਼ਲਤਾ ਨੂੰ ਨਿਹਾਰਨਾ। ਆਪਣੇ ਜੀਵਨ-ਸਫ਼ਰ ਦੀ ਦਸ਼ਾ ਅਤੇ ਦਿਸ਼ਾ ਨੂੰ ਖੁਦ ਨਿਰਧਾਰਤ ਕਰਨ ਦਾ ਹੁਨਰ ਵੀ ਅਤੇ ਮੰਜ਼ਲ 'ਤੇ ਪਹੁੰਚ ਕੇ ਹੀ ਦਮ ਲਈਦਾ।

ਅਸਾਂ ਪੇਂਡੂਆਂ ਨੂੰ ਸਾਡੇ ਮਾਪਿਆਂ ਨੇ ਮਿਹਨਤ ਕਰਨਾ ਸਿਖਾਇਆ। ਘਰ ਅਤੇ ਖੇਤੀ ਦੇ ਸਾਰੇ ਕੰਮ ਹੱਥੀਂ ਕਰਨ ਦੀ ਜਾਚ। ਸਾਨੂੰ ਤਾਂ ਹੁਣ ਵੀ ਚੰਗਾ ਲੱਗਦਾ ਰੰਬੇ ਨਾਲ ਲਾਅਨ ਦੀ ਗੋਡੀ ਕਰਨਾ, ਫੁੱਲ-ਬੂਟਿਆਂ ਅਤੇ ਪੌਦਿਆਂ ਦੀ ਸਾਂਭ-ਸੰਭਾਲ ਕਰਦਿਆਂ, ਜੜ੍ਹੀ-ਬੂਟੀਆਂ ਨੂੰ ਜੜ੍ਹਾਂ ਤੋਂ ਕੱਢਣਾ।

ਅਸੀਂ ਟੁੱਟਦੇ ਨਹੀਂ ਲਿਫਦੇ ਜ਼ਰੂਰ। ਤੂਤ ਦੇ ਮੋਛੇ ਵਰਗੇ ਪਰ ਕਾਲੀ ਟਾਹਲੀ ਵਰਗੇ ਸਖ਼ਤ ਜਾਨ। ਡੂੰਘੇ ਖੂਹਾਂ ਦੇ ਅੰਮ੍ਰਿਤ ਵਰਗੇ ਪਾਣੀਆਂ ਜੇਹੀ ਹੈ ਸਾਡੀ ਤਾਸੀਰ ਅਤੇ ਦਿਲ ਨੇ ਖੇਤਾਂ ਵਰਗੇ ਖੁੱਲ੍ਹੇ-ਡੁੱਲੇ ਅਤੇ ਅੰਬਰਾਂ ਤੀਕ ਹੈ ਸਾਡੀ ਮਨ-ਪ੍ਰਵਾਜ਼।

ਅਸੀਂ ਪੇਂਡੂ ਹਾਂ ਤਾਂ ਹੀ ਸਾਨੂੰ ਸਾਂਝਾਂ ਪਾਲਣ ਦੀ ਜਾਚ ਏ। ਇਹ ਸਾਂਝ ਭਾਵੇਂ ਖੇਤਾਂ ਨਾਲ ਹੋਵੇ, ਖੂਹ ਨਾਲ ਹੋਵੇ, ਬਲਦਾਂ ਦੀ ਜੋਗ ਨਾਲ ਹੋਵੇ, ਲਵੇਰੀਆਂ ਨਾਲ ਹੋਵੇ, ਭਾਈਚਾਰਕ ਹੋਵੇ ਜਾਂ ਆਪਣੇ ਪੁੱਤਾਂ ਧੀਆਂ ਵਰਗੇ ਡੰਗਰਾਂ ਜਾਂ ਹੱਥੀ ਲਾਏ ਅੰਬਾਂ ਅਤੇ ਜਾਮਨੂੰਆਂ ਦੇ ਦਰਖ਼ਤਾਂ ਨਾਲ ਹੋਵੇ।

ਅਸੀਂ ਪੇਂਡੂ ਪਿਆਰ ਦੇ ਪੁਜਾਰੀ। ਗੰਨੇ ਦੀ ਬਜਾਏ ਗੁੜ ਦੀ ਭੇਲੀ ਦੇ ਦੇਈਏ। ਸਿਰਾਂ ਨਾਲ ਸਬੰਧਾਂ ਨਿਭਾਉਂਦੇ, ਪਰ ਜੇ ਦੁਸ਼ਮਣੀ ਪੈ ਜਾਵੇ ਤਾਂ ਜਾਨ ਦੀ ਪ੍ਰਵਾਹ ਨਹੀਂ ਕਰੀਦੀ। ਕਈ ਵਾਰ ਤਾਂ ਇਹ ਦੁਸ਼ਮਣੀਆਂ ਕਈਆਂ ਪੀੜ੍ਹੀਆਂ ਤੀਕ ਚੱਲਦੀਆਂ। ਕਈ ਕਤਲਾਂ ਦੀਆਂ ਕਥਾ-ਕਹਾਣੀਆਂ ਵੀ ਬਣ ਜਾਂਦੀਆਂ।

ਸਾਡੇ ਪੇਂਡੂਆਂ ਦੇ ਅਕੀਦੇ ਸਪੱਸ਼ਟ। ਸਾਡੇ ਵਿਸ਼ਵਾਸ਼ ਵੀ ਪੱਕੇ। ਸ਼ਰਧਾ 'ਚ ਨਹੀਂ ਕੋਈ ਖੋਟ। ਮਿਹਨਤ-ਮੁਸ਼ੱਕਤ ਵਿਚੋਂ ਮਿਲਦਾ ਹੈ ਸੁਖਦ ਅਹਿਸਾਸ। ਮੁੜਕੇ ਦੀ ਮਹਿਕ ਸਾਹਵੇਂ ਤੁੱਛ ਨੇ ਪ੍ਰੀਫ਼ਿਊਮ। ਇਹ ਮੁੜਕਾ ਹੀ ਸਾਡੇ ਪਿੰਡੇ ਨੂੰ ਖਾਸ ਕਿਸਮ ਦੀ ਤਾਜ਼ਗੀ ਅਤੇ ਸੁਗੰਧ ਅਰਪਦਾ। ਪਿੱਤਲ ਰੰਗੇ ਪਿੰਡੇ ਤੇ ਮੁੜਕੇ ਦੀਆਂ ਤਤੀਰੀਆਂ, ਕਾਮੇ ਲਈ ਤੀਰਥ ਇਸ਼ਨਾਨ। ਹੱਕ ਦੀ ਕਮਾਈ ਕਰਨ ਅਤੇ ਖਾਣ ਵਾਲੇ। ਮੇਰਾ ਬਾਪ ਅਕਸਰ ਹੀ ਕਹਿੰਦਾ ਹੁੰਦਾ ਸੀ, "ਕਿਸੇ ਦੇ ਚੋਰੀ ਪੱਠੇ ਨਾ ਵੱਢੋ, ਇਹੀ ਸਭ ਤੋਂ ਵੱਡੀ ਤੀਰਥ-ਯਾਤਰਾ ਅਤੇ ਸਤਸੰਗ ਆ।"

ਖੇਤਾਂ ਦਾ ਹਰ ਕਾਮਾ ਫੱਕਰ-ਲੋਕ। ਤਾਂ ਹੀ ਖੇਤਾਂ ਵਿਚ ਰੱਬ ਵੱਸਦਾ। ਸਾਡੇ ਲਈ ਖੇਤਾਂ ਦਾ ਗੇੜਾ, ਕੁਦਰਤ ਦੀ ਇਬਾਦਤ। ਲਹਿਰਾਉਂਦੀਆਂ ਫਸਲਾਂ ਦਾ ਨਜ਼ਾਰਾ ਮਨ ਨੂੰ ਮੋਂਹਦਾ। ਕੀਰਤਨ ਕਰ ਰਹੇ ਪਰਿੰਦਿਆਂ ਦੇ ਰੂਹਾਨੀ ਸਤਸੰਗ ਵਿਚ ਹਾਜ਼ਰੀ ਭਰਨਾ। ਤੁਹਾਨੂੰ ਕਿਸੇ ਧਾਰਮਿਕ ਅਸਥਾਨ, ਗੁਰੂ, ਬਾਬੇ ਜਾਂ ਪੀਰ ਕੋਲ ਜਾਣ ਦੀ ਜ਼ਰੂਰਤ ਨਹੀਂ ਪਵੇਗੀ। ਆੜ 'ਚ ਵਗਦਾ ਪਾਣੀ ਸਰੋਵਰ ਤੋਂ ਉੱਤਮ। ਵਿਚਾਰਾਂ ਵਿਚਲਾ ਕਪਟ ਅਤੇ ਮਨ-ਰੂਹ ਦੀ ਮੈਲ ਤੋਂ ਕੋਹਾਂ ਦੂਰ। ਤਾਂ ਹੀ ਅਸੀਂ ਮੱਸਿਆ ਜਾਂ ਪੁੰਨਿਆ ਨਹਾਉਣਾ ਯਾਦ ਨਹੀਂ ਰੱਖਦੇ।

ਅਸੀਂ ਪੇਂਡੂ ਹਾਂ ਤਾਂ ਹੀ ਅਸੀਂ ਕਾਰ 'ਤੇ ਜਾਂਦਿਆਂ ਵੀ ਜਦ ਕਿਸੇ ਨੂੰ ਪੈਦਲ ਜਾਂ ਸਾਈਕਲ 'ਤੇ ਜਾਂਦਾ ਦੇਖਦੇ ਹਾਂ ਤਾਂ ਸਾਨੂੰ ਆਪਣਾ ਪਿਛੋਕੜ ਯਾਦ ਆ ਜਾਂਦਾ। ਸਾਡੀ ਮਨਸ਼ਾ ਉਸਨੂੰ ਰਾਹ ਦੇਣਾ ਹੁੰਦੀ ਨਾ ਕਿ ਚਿੱਕੜ ਨਾਲ ਲਬੇੜ ਦੇਣਾ। ਸਾਨੂੰ ਤਾਂ ਹੁਣ ਵੀ ਤੁਰਨਾ ਚੰਗਾ ਲੱਗਦਾ ਹੈ। ਭਾਵੇਂ ਕਿ ਤਾਅਨੇ ਮਾਰਨ ਵਾਲੇ ਅਕਸਰ ਹੀ ਕਹਿ ਦਿੰਦੇ ਨੇ ਪੈਸੇ ਬਚਾਉਣ ਲਈ ਤੁਰਿਆ ਜਾਂਦਾ ਏ ਅਤੇ ਕਾਰ ਘਰ ਵਿਚ ਖੜ੍ਹੀ ਆ।

ਅਸੀਂ ਪੇਂਡੂ ਹਾਂ ਤਾਂ ਹੀ ਅਸੀਂ ਨਿਸ਼ਚਿਤ ਦਾਇਰਿਆਂ ਦੀਆਂ ਵਲਗਣਾਂ ਨੂੰ ਵੀ ਕਈ ਵਾਰ ਤੋੜ ਦਿੰਦੇ ਹਾਂ। ਸਾਡਾ ਮਨ ਕਰਦਾ ਹੈ ਕੁਝ ਅੱਥਰਾ, ਵੱਖਰਾ ਅਤੇ ਨਿਵੇਕਲਾ ਕਰਨਾ। ਆਪਣਾ ਮਕਸਦ ਅਤੇ ਮੰਜ਼ਲ਼ ਖੁਦ ਮਿੱਥਦੇ ਹਾਂ। ਤਾਂ ਹੀ ਸਾਡੀ ਦਿੱਖ, ਦ੍ਰਿਸ਼ਟੀ, ਦ੍ਰਿਸ਼ਟਾਂਤ, ਦਰਿਆ-ਦਿਲੀ ਅਤੇ ਦਮਦਾਰੀ ਵਿਚ ਵਿਲੱਖਣਤਾ। ਅਸੀਂ ਪੇਂਡੂ ਬਹੁਤ ਹੀ ਕੋਮਲਭਾਵੀ, ਮਾਸੂਮ, ਸੂਖਮਮਈ, ਤੇ ਦਾਨੀ। ਕਿਸੇ ਦੇ ਦਰਦ ਵਿਚ ਪਸੀਜਣ ਵਾਲੇ। ਕਿਸੇ ਦੇ ਗ਼ਮ ਵਿਚ ਹਉਕਾ ਬਣਨ ਦੀ ਆਰਜ਼ਾ। ਕਿਸੇ ਦੀ ਪੀੜਾ ਲਈ ਦਵਾ ਬਣਨ ਦੀ ਚਾਹਨਾ। ਜ਼ਖ਼ਮ 'ਤੇ ਮਰਹਮ ਲਾਉਣ ਅਤੇ ਦਰਦਵੰਤੇ ਲਈ ਦੁਆ ਕਰਨ ਵਿਚ ਢਿੱਲ ਨਹੀਂ ਕਰਦੇ। ਅਸੀਂ ਪੇਂਡੂਆਂ ਨੇ ਤਾਂ ਹੱਥਾਂ ਵਿਚ ਲੋਹ ਦਾ ਫੁਲਕਾ ਧਰ, ਉਪਰ ਦਾਲ ਪੁਆ ਕੇ ਲੰਗਰ ਛਕਦਿਆਂ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ। ਸਾਡੇ ਮਨਾਂ ਵਿਚ ਅਜੋਕੇ ਪੀਜ਼ਿਆਂ ਤੇ ਬਰਗਰਾਂ ਆਦਿ ਦੇ ਪੰਜ ਸਿਤਾਰੀ ਲੰਗਰਾਂ ਦੀ ਕੋਈ ਚਾਹਤ ਨਹੀਂ। ਇਹ ਲੰਗਰ ਨਹੀਂ, ਦਸਅਸਲ ਦਿਖਾਵਾ ਬਣ ਗਏ ਨੇ।

ਅਸੀਂ ਪੇਂਡੂ ਹਾਂ ਤਾਂ ਹੀ ਸਾਨੂੰ ਰੁਤਬੇ ਨਾਲੋਂ ਕਿੱਤਾ ਵੱਡਾ ਜਾਪਦਾ ਹੈ। ਖਾਸ ਨਾਲੋਂ ਆਮ ਬਣ ਕੇ ਰਹਿਣਾ ਚੰਗਾ ਲੱਗਦਾ ਹੈ। ਆਮ ਵਿਅਕਤੀ ਵਾਲਾ ਰੁਤਬਾ ਹੀ ਸਭ ਤੋਂ ਉਚਾ ਅਤੇ ਸੁੱਚਾ। ਦਰਅਸਲ ਆਮ ਆਦਮੀ ਹੀ ਵੱਡੇ ਹੁੰਦੇ ਕਿਉਂਕਿ ਉਨ੍ਹਾਂ ਦੀ ਸੋਚ ਅਤੇ ਕੀਰਤੀ ਸਨਮਾਨਯੋਗ ਹੁੰਦੀ। ਬਹੁਤੀ ਵਾਰ ਵੱਡੇ ਲੋਕ ਬੌਣੀ ਸ਼ਖ਼ਸੀਅਤ ਦੇ ਮਾਲਕ। ਸਾਨੂੰ ਅਜੇਹੇ ਬੌਣੇਪਣ ਤੋਂ ਬਹੁਤ ਕੋਫ਼ਤ ਆ।

ਅਸੀਂ ਪਿੰਡਾਂ ਵਾਲੇ ਕੁਦਰਤ ਦੇ ਸਭ ਤੋਂ ਕਰੀਬ। ਚੜ੍ਹਦੇ ਸੂਰਜ ਦੀ ਲਾਲੀ ਅਤੇ ਡੁੱਬਦੇ ਹੋਏ ਸੂਰਜ ਦਾ ਅਲਵਿਦਾ ਕਹਿਣਾ ਅਤੇ ਧਰਤੀ ਦੀ ਬੁੱਕਲ ਵਿਚ ਲੁਕ ਜਾਣ ਦਾ ਦ੍ਰਿਸ਼ ਸਾਡੇ ਚੇਤਿਆਂ ਵਿਚ ਸਦਾ ਤਾਜ਼ਾ। ਅਸੀਂ ਦੇਖਿਆ ਕਿ ਕਿਵੇਂ ਤਿੱਤਰਖੰਭੀਆਂ ਹੌਲੀ ਹੌਲੀ ਕਾਲੀ ਘਟਾ ਬਣਦੀਆਂ ਅਤੇ ਮੋਹਲੇਧਾਰ ਬਾਰਸ਼ ਦਾ ਰੂਪ ਧਾਰਦੀਆਂ। ਪੁਰੇ ਦੀ ਪੁਰਵਾਈ ਅਤੇ ਪੱਛੋਂ ਦੀਆਂ ਕਣੀਆਂ ਦਾ ਆਨੰਦ ਅਸਾਂ ਮਾਣਿਆ ਹੈ। ਕੁਦਰਤ ਦੀ ਕਰੀਬੀ ਵਿਚੋਂ ਉਪਜੀ ਅਨਾਇਤ ਹੀ ਹੈ ਪਿੰਡਾਂ ਵਾਲੇ ਸਿਹਤਮੰਦ ਜੀਵਨ-ਜਾਚ ਨਾਲ ਵਰਸੋਏ ਨੇ। ਸੱਚੀ ਗੱਲ ਇਹ ਹੈ ਕਿ ਅਸੀਂ ਪੇਂਡੂ ਹੁੰਨੇ ਆਂ ਅਤੇ ਪੇਂਡੂ ਹੀ ਰਹਿਣਾ ਏ ਤਾਅ-ਉਮਰ।

## ਤੂੰ ਛੱਡਦੇ ਫਿਕਰਾਂ ਨੂੰ

ਰੱਬ ਹੀ ਜੱਗ ਚਲਾਵਣਹਾਰਾ,
ਪੱਥਰਾਂ ਵਿਚ ਖੁਆਵਣ ਵਾਲਾ
ਤੀਰ ਨਿਸ਼ਾਨੇ ਲਾਵਣ ਹਾਰਾ,
ਓਹਦੇ ਹੱਥ ਕਮਾਣ,
ਤੂੰ ਛੱਡਦੇ ਫਿਕਰਾਂ ਨੂੰ
ਚਿੰਤਾ ਚਿਤਾ ਸਮਾਨ,
ਤੂੰ ਛੱਡਦੇ ਫਿਕਰਾਂ ਨੂੰ।

ਜੋ ਬਣਿਆ ਉਹ,
ਇੱਕ ਦਿਨ ਢਹਿਣਾ
ਇਸ ਦੁਨੀਆ 'ਤੇ ਸਦਾ ਨੀ ਰਹਿਣਾ
ਸਭ ਕੁਝ ਛੱਡ ਕੇ ਜਾਣਾ ਪੈਣਾ
ਜਦ ਆਇਆ ਫਰਮਾਨ,
ਤੂੰ ਛੱਡਦੇ ਫਿਕਰਾਂ ਨੂੰ
ਚਿੰਤਾ ਚਿਤਾ ਸਮਾਨ,
ਤੂੰ ਛੱਡਦੇ ਫਿਕਰਾਂ ਨੂੰ।

ਰੱਖ ਭਰੋਸਾ ਬੰਦਿਆ ਰੱਬ 'ਤੇ
ਕਾਹਨੂੰ ਨੱਚਦਾ ਫਿਰਦੈਂ ਅੱਗ 'ਤੇ
ਕਿਹੜੇ ਕੰਮ ਨੂੰ ਆਇਆ ਜੱਗ 'ਤੇ
ਭੁੱਲ ਗਿਆ ਅੱਜ ਇਨਸਾਨ,
ਤੂੰ ਛੱਡਦੇ ਫਿਕਰਾਂ ਨੂੰ
ਚਿੰਤਾ ਚਿਤਾ ਸਮਾਨ,
ਤੂੰ ਛੱਡਦੇ ਫਿਕਰਾਂ ਨੂੰ ।


ਬਿਨ ਓਹਦੇ ਨਾ ਪੱਤਾ ਹਿੱਲਦਾ
ਮਿਹਰ ਕਰੇ ਤਾਂ ਸਭ ਕੁਝ ਮਿਲਦਾ
ਡਾਣਸੀਵਾਲੀਆ ਓਹੀ ਹੋਣਾ
ਜੋ ਓਹਨੂੰ ਪਰਵਾਨ,
ਤੂੰ ਛੱਡਦੇ ਫਿਕਰਾਂ ਨੂੰ
ਚਿੰਤਾ ਚਿਤਾ ਸਮਾਨ,
ਤੂੰ ਛੱਡਦੇ ਫਿਕਰਾਂ ਨੂੰ

**-ਕੁਲਵੀਰ ਸਿੰਘ ਡਾਨਸੀਵਾਲ**

# ਹਨੇਰੇ ਰਾਹ

**ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ। ਇਸ ਤੋਂ ਪਹਿਲਾਂ ਉਹ ਟੈਕਸੀ ਸਨਅਤ ਬਾਰੇ ਅਹਿਮ ਕਿਤਾਬ 'ਟੈਕਸੀਨਾਮਾ' ਰਚ ਚੁੱਕਾ ਹੈ ਜੋ 'ਪੰਜਾਬ ਟਾਈਮਜ਼' ਦੇ ਪਾਠਕ ਲੜੀਵਾਰ ਪੜ੍ਹ ਚੁੱਕੇ ਹਨ। ਉਸ ਦੇ ਚਾਰ ਕਹਾਣੀ ਸੰਗ੍ਰਹਿ 'ਬੀ ਜੀ ਮੁਸਕਰਾ ਪਏ', 'ਬਾਰਾਂ ਬੂਹੇ', 'ਪ੍ਰਿਜ਼ਮ' ਤੇ 'ਡੱਗੀ' (ਸਾਰੀਆਂ ਕਹਾਣੀਆਂ) ਅਤੇ ਅਨੁਵਾਦ ਕਿਤਾਬ 'ਕਿਲ੍ਹੇ ਦੇ ਮੋਤੀ' (ਲੇਖਕ ਹੀਊ ਜੇ ਐਮ ਜੌਹਨਸਟਨ) ਛਪੇ ਹਨ।**






**ਕਾਂਡ ਦੋ- ਭਾਗ ਦੋ**

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ ਅਤੇ ਕੈਨਡਾ ਵਿਚ ਟਰੱਕ ਚਲਾਉਣ ਲਗਦਾ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

ਕਰਨਵੀਰ
ਜਨਵਰੀ 2017
ਬ੍ਰੈਂਪਟਨ, ਓਂਟੇਰੀਓ, ਕੈਨੇਡਾ

ਟਰਾਂਟੋ ਪਹੁੰਚਣ ਤੋਂ ਅਗਲੇ ਦਿਨ ਹੀ ਕਰਨਵੀਰ ਇਮੀਗ੍ਰੇਸ਼ਨ ਸਲਾਹਕਾਰ, ਚਿੱਟੀ ਨੂੰ ਮਿਲਣ ਤੁਰ ਪਿਆ। ਸਮੁੰਦਰੋਂ ਪਾਰ ਇਮੀਗ੍ਰੇਸ਼ਨ ਦੇ ਦਫ਼ਤਰ ਦੀ ਲਾਬੀ ਵਿਚ ਰੱਖੀਆਂ ਛੇਆਂ ਕੁਰਸੀਆਂ ਨੂੰ ਮੱਲੀਆਂ ਦੇਖ ਕੇ ਕਰਨਵੀਰ ਨੂੰ ਲੱਗਾ ਕਿ ਉਸ ਨੂੰ ਸਹੀ ਸਲਾਹਕਾਰ ਜਿਸ ਨੂੰ ਉਹ ਵਕੀਲ ਆਖਦਾ, ਮਿਲਿਆ ਸੀ। ਉਸ ਨੇ ਕੁਰਸੀਆਂ 'ਤੇ ਬੈਠੇ ਚਿਹਰਿਆਂ 'ਤੇ



**ਹਰਪ੍ਰੀਤ ਸੇਖਾ**
**ਫੋਨ: +1-778-231-1189**

ਸਰਸਰੀ ਨਜ਼ਰ ਮਾਰੀ ਅਤੇ ਰੀਸੈਪਸ਼ਨਿਸਟ ਕੁੜੀ ਨੂੰ ਆਪਣੀ ਅਪੁਇੰਟਮੈਂਟ ਬਾਰੇ ਦੱਸਣ ਲੱਗਾ। ਉਹ ਬੋਲੀ, "ਸਰ ਦੀ ਇਮੀਗ੍ਰੇਸ਼ਨ ਮਿਨਿਸਟਰ ਨਾਲ਼ ਇਮਪੌਰਟੈਂਟ ਡਿਸਕਸ਼ਨ ਹੋ ਰਹੀ ਹੈ। ਉਡੀਕ ਕਰਨੀ ਪਵੇਗੀ।"

ਇਹ ਸੁਣ ਕੇ ਕਰਨਵੀਰ ਹੋਰ ਉਤਸ਼ਾਹਤ ਹੋ ਗਿਆ। ਉਹ ਬੋਲਿਆ, "ਕੋਈ ਨਹੀਂ ਜੀ, ਕਰ ਲੈਨਾ ਵਾਂ ਉਡੀਕ।"

"ਬੈਠੋ।"

ਕਰਨਵੀਰ ਨੇ ਭਰੀਆਂ ਕੁਰਸੀਆਂ ਵੱਲ ਨਿਗ੍ਹਾ ਮਾਰੀ ਤੇ ਕੰਧ ਨਾਲ਼ ਢੋਅ ਲਾ ਕੇ ਉੱਥੇ ਹੀ ਖੜ੍ਹ ਗਿਆ। ਕੁੜੀ ਆਪ ਹੀ ਫਿਰ ਬੋਲੀ, "ਇੱਕ ਮਿੰਟ ਦਿਓ, ਮੈਂ ਅੰਦਰੋਂ ਕੁਰਸੀ ਲਿਆ ਦਿੰਨੀ ਆਂ।"

ਬੈਠਣ ਸਾਰ ਹੀ ਕਰਨਵੀਰ ਦੀ ਨਿਗ੍ਹਾ ਸਾਹਮਣੀ ਕੰਧ 'ਤੇ ਟੰਗੀ ਤਸਵੀਰ 'ਤੇ ਚਲੀ ਗਈ। ਉਸ ਵਿਚ ਚਿੱਟੀ ਕੈਨੇਡਾ ਦੇ ਪ੍ਰਧਾਨ ਮੰਤਰੀ ਨਾਲ਼ ਖੜ੍ਹਾ ਸੀ। ਕਰਨਵੀਰ ਬੇਫ਼ਿਕਰ ਹੋ ਕੇ ਆਪਣੀ ਵਾਰੀ ਦੀ ਉਡੀਕ ਕਰਨ ਲੱਗਾ। ਫਿਰ ਉਸ ਦੀ ਨਿਗ੍ਹਾ ਸਾਹਮਣੀ ਕੰਧ 'ਤੇ ਟੰਗੀ ਘੜੀ ਨਾਲ਼ ਟਕਰਾ ਗਈ। ਉਹ ਗਿਆਰਾਂ ਵਜਾ ਰਹੀ ਸੀ। 'ਡੇਢ ਕੁ ਵਜੇ ਤਕ ਵਿਹਲਾ ਹੋ ਜਾਵਾਂਗਾ', ਉਸ ਨੇ ਅੰਦਾਜ਼ਾ ਲਾਇਆ। ਕੁਝ ਦੇਰ ਬਾਅਦ ਦਫ਼ਤਰ ਵਿਚ ਕੋਈ ਔਰਤ ਦਾਖ਼ਲ ਹੋਈ। ਰੀਸੈਪਸ਼ਨਿਸਟ ਉੱਠ ਕੇ ਅੰਦਰੋਂ ਇਕ ਹੋਰ ਕੁਰਸੀ ਲੈ ਆਈ। ਕਰਨਵੀਰ ਦੇ ਕੰਨੀਂ ਘੁਸਰ-ਮੁਸਰ ਹੋਣ ਦੀ ਆਵਾਜ਼ ਪਈ। ਉਸ ਨੇ ਆਵਾਜ਼ ਵਾਲੇ ਪਾਸੇ ਦੇਖਿਆ। ਉਡੀਕ ਕਰ ਰਿਹਾਂ 'ਚੋਂ ਇਕ ਨਾਲ਼ ਵਾਲੇ ਨੂੰ ਆਖ ਰਿਹਾ ਸੀ, "ਪਹਿਲਾਂ ਈ ਕਿਉਂ ਨਹੀਂ ਵਾਧੂ ਕੁਰਸੀਆਂ ਰੱਖ ਦਿੰਦੇ, ਵਾਰੀ-ਵਾਰੀ ਅੰਦਰੋਂ ਲੈਣ ਭੱਜਦੀ ਐ?" ਦੂਜਾ ਬੋਲਿਆ, "ਏਦਾਂ ਈ ਫਸਾਉਂਦੇ ਆ ਅਗਲੇ ਨੂੰ। ਪਹਿਲੀ ਵਾਰ ਆਉਣ ਵਾਲ਼ਾ ਭਰੀਆਂ ਕੁਰਸੀਆਂ ਦੇਖ ਕੇ ਪ੍ਰਭਾਵਤ ਹੋ ਜਾਂਦੈ ਬਈ ਚੋਟੀ ਦੇ ਕਨਸਲਟੈਂਟ ਕੋਲ ਪਹੁੰਚੇ ਆਂ। ਆਪਾਂ ਉਡੀਕ ਵੀ ਏਸੇ ਚੱਕਰ 'ਚ ਕਰੀ ਜਾਨੇ ਆਂ, ਹੋਰ ਤੇਰੇ ਖਿਆਲ 'ਚ ਮਨਿਸਟਰ ਏਹਦੀ ਸਲਾਹ ਨਾਲ਼ ਹੀ ਪਾਲਿਸੀ ਬਣਾਉਂਦੇ ਆ?" ਆਖਣ ਵਾਲ਼ਾ ਇਹ ਆਖ ਕੇ ਉੱਠਿਆ ਅਤੇ ਰੀਸੈਪਸ਼ਨਿਸਟ ਨੂੰ ਪੁੱਛਣ ਲੱਗਾ, "ਕਿੰਨੀ ਕੁ ਹੋਰ ਦੇਰ ਲੱਗੂ ਹਾਲੇ?"

ਉਹ ਬੋਲੀ, "ਬੱਸ ਪਹਿਲੀ ਵਾਰੀ ਤੁਹਾਡੀ ਹੀ ਹੈ। ਮੈਂ ਦੇਖਦੀ ਹਾਂ, ਜੇ ਸਰ ਵਿਹਲੇ ਹੋ ਗਏ ਹੋਏ ਤਾਂ।" ਇਹ ਆਖ ਕੇ ਉਹ ਅੰਦਰ ਚਲੀ ਗਈ ਅਤੇ ਫਿਰ ਵਾਪਸ ਆ ਕੇ ਬੋਲੀ, "ਆ ਜੋ, ਸਰ ਨੇ ਹਾਲੇ ਹੁਣੇ ਫੋਨ ਰੱਖਿਆ ਈ ਐ।"

ਇਹ ਸਭ ਦੇਖ-ਸੁਣ ਕੇ ਕਰਨਵੀਰ ਅੰਦਰ ਪਹਿਲਾਂ ਉੱਠਿਆ ਉਤਸ਼ਾਹ ਮੱਠਾ ਪੈ ਗਿਆ। ਉਸ ਨੇ ਸੋਚਿਆ ਕਿ ਇੱਥੋਂ ਚਲਾ ਜਾਵੇ ਤੇ ਆਪਣੇ ਚਚੇਰੇ ਭਾਈ ਜਿਸ ਕੋਲ ਉਹ ਕੈਨੇਡਾ ਆਇਆ ਸੀ, ਨਾਲ਼ ਸਲਾਹ ਕਰ ਕੇ ਕਿਸੇ ਹੋਰ ਵਕੀਲ ਨੂੰ ਲੱਭੇ ਪਰ ਪਹਿਲਾਂ ਹੀ ਦਿੱਤੀ ਫ਼ੀਸ ਬਾਰੇ ਸੋਚ ਕੇ ਉਹ ਬੈਠਾ ਰਿਹਾ। ਫਿਰ ਉਸ ਨੇ ਘੜੀ ਵੱਲ ਦੇਖਿਆ। ਬਾਰਾਂ ਵੱਜ ਰਹੇ ਸਨ। 'ਡੇਢ ਵਜੇ ਤਕ ਵਾਰੀ ਨਹੀਂ ਆਵੇਗੀ', ਉਸ ਨੇ ਸੋਚਿਆ। ਉਸ ਦੇ ਦਿਮਾਗ ਵਿਚ ਆਈ ਕਿ ਉਹ ਆਪਣੇ ਚਚੇਰੇ ਭਾਈ ਦੀ ਘਰਵਾਲ਼ੀ ਰੁਪਿੰਦਰ ਭਾਬੀ ਨੂੰ ਸੁਨੇਹਾ ਛੱਡ ਦੇਵੇ ਕਿ ਬੱਚਿਆਂ ਦੀ ਬੱਸ ਆਉਣ ਤਕ ਉਸ ਤੋਂ ਬੱਸ ਸਟਾਪ ਤਕ ਪਹੁੰਚ ਨਹੀਂ ਹੋਣਾ। ਫਿਰ ਉਸ ਸੋਚਿਆ ਕਿ ਕਿਤੇ ਭਰਜਾਈ ਗੁੱਸਾ ਹੀ ਨਾ ਕਰ ਜਾਵੇ। ਭਰਜਾਈ ਨੇ ਇਹ ਪਹਿਲਾ ਕੰਮ ਕਿਹਾ ਸੀ ਤੇ ਉਹ ਵੀ ਨਹੀਂ ਹੋਣਾ। ਕਰਨਵੀਰ ਦੇ ਚਿੱਤ 'ਚ ਆਈ ਕਿ ਉਹ ਬੱਚਿਆਂ ਦੇ ਸਕੂਲ ਦੀ ਬੱਸ ਆਉਣ ਤੋਂ ਪਹਿਲਾਂ-ਪਹਿਲਾਂ ਚਲਿਆ ਜਾਵੇ ਅਤੇ ਵਕੀਲ ਨੂੰ ਮਿਲਣ ਦਾ ਕੰਮ ਕੱਲ੍ਹ 'ਤੇ ਪਾ ਦੇਵੇ। ਉਹ ਦੁਚਿੱਤੀ 'ਚ ਪੈ ਗਿਆ। ਫਿਰ ਉਸ ਨੇ ਵਟਸਐਪ 'ਤੇ ਆਪਣੀ ਭਰਜਾਈ ਨੂੰ ਸੁਨੇਹਾ ਭੇਜ ਹੀ ਦਿੱਤਾ। ਕੁਝ ਦੇਰ ਬਾਅਦ ਭਰਜਾਈ ਦਾ ਮੁੜਵਾਂ ਜਵਾਬ ਆ ਗਿਆ, "ਜੇ ਬੱਚਿਆਂ ਨੂੰ ਪਿੱਕ ਕਰਨ ਵੇਲੇ ਤਕ ਨਾ ਪਹੁੰਚ ਹੋਇਆ ਤਾਂ ਕੋਈ ਗੱਲ ਨਹੀਂ। ਮੈਂ ਗੁਆਂਢੀਆਂ ਨੂੰ ਫੋਨ ਕਰ ਦਿੱਤਾ ਹੈ। ਉਹ ਲੈ ਆਉਣਗੇ।" ਸੁਨੇਹਾ ਪੜ੍ਹ ਕੇ ਕਰਨਵੀਰ ਨਿਸਚਿੰਤ ਹੋ ਕੇ ਆਪਣੀ ਵਾਰੀ ਉਡੀਕਣ ਲੱਗਾ।




'ਕਿਉਂ ਮੈਂ ਸਵੇਰੇ ਆਪ ਹੀ ਜ਼ਿੰਮੇਵਾਰੀ ਆਪਣੇ ਗਲ਼ ਪੁਆ ਲਈ', ਕਰਨਵੀਰ ਨੇ ਸੋਚਿਆ। ਸਵੇਰੇ ਰੁਪਿੰਦਰ ਭਾਬੀ ਨੇ ਕਿਹਾ ਸੀ, "ਜਿੰਨੀ ਦੇਰ ਮੰਮੀ ਡੈਡੀ ਇੰਡੀਆ ਤੋਂ ਵਾਪਸ ਨਹੀਂ ਮੁੜ ਆਉਂਦੇ, ਬੱਚਿਆਂ ਨੂੰ ਬੱਸ ਸਟਾਪ ਤੋਂ ਪਿੱਕ ਕਰਨ ਦੀ ਬੜੀ ਔਖਿਆਈ ਹੈ। ਗੁਆਂਢੀਆਂ ਨੂੰ ਕਹਿਣਾ ਪੈਂਦਾ।" ਕਰਨਵੀਰ ਨੂੰ ਮਹਿਸੂਸ ਹੋਇਆ ਜਿਵੇਂ ਭਾਬੀ ਨੇ ਇਹ ਉਸ ਨੂੰ ਸੁਣਾ ਕੇ ਕਿਹਾ ਹੋਵੇ। ਉਹ ਆਪਣੇ ਆਪ ਨੂੰ ਉਨ੍ਹਾਂ ਦੇ ਅਹਿਸਾਨ ਥੱਲੇ ਦੱਬਿਆ ਮਹਿਸੂਸ ਕਰਦਾ ਸੀ। ਉਨ੍ਹਾਂ ਨੇ ਆਪਣੇ ਬੇਟੇ ਦੇ ਪੰਜਵੇਂ ਜਨਮ ਦਿਨ ਦੇ ਬਹਾਨੇ ਉਸ ਨੂੰ ਵਿਜ਼ਟਰ ਬੁਲਵਾਇਆ ਸੀ। ਤੇ ਉਹ ਰਹਿ ਵੀ ਉਨ੍ਹਾਂ ਦੇ ਘਰ ਹੀ ਰਿਹਾ ਸੀ। ਕਰਨਵੀਰ ਤੋਂ ਭਾਬੀ ਨੂੰ ਆਪ ਹੀ ਆਖ ਹੋ ਗਿਆ ਸੀ, "ਇਹਦੇ 'ਚ ਕੀ ਏ! ਮੈਂ ਲੈ ਆਇਆ ਕਰਾਂਗਾ।" ਤੇ ਹੁਣ ਉਸ ਨੂੰ ਵਾਅਦਾ ਪੂਰਾ ਨਾ ਕਰ ਸਕਣ ਦਾ ਦੁੱਖ ਮਹਿਸੂਸ ਹੋ ਰਿਹਾ ਸੀ।

ਕਰਨਵੀਰ ਦੀ ਵਾਰੀ ਪੌਣੇ ਦੋ ਵਜੇ ਆਈ। ਚਿੱਟੀ ਦੇ ਅੰਦਰਲੇ ਦਫ਼ਤਰ ਦੀ ਚਕਾਚੌਂਧ ਦੇਖ ਕੇ ਉਹ ਭੁਚੱਕਾ ਰਹਿ ਗਿਆ। ਲਾਬੀ ਵਿਚ ਬੈਠਿਆਂ ਦੀ ਗੱਲ-ਬਾਤ ਸੁਣਨ ਤੋਂ ਬਾਅਦ ਮਨ ਵਿਚ ਉੱਠਿਆ ਡਰ ਭੁੱਲ ਗਿਆ।

ਦਫ਼ਤਰ 'ਚ ਵੜਦਿਆਂ ਹੀ ਉਹ ਬੋਲਿਆ, "ਵਕੀਲ ਸਾਹਬ, ਤੁਸੀਂ ਤਾਂ ਬਹੁਤ ਬਿਜ਼ੀ ਬੰਦੇ ਓ।"

"ਦੇਖਲੋ, ਇਸੇ ਕਰ ਕੇ ਮੈਂ ਕਿਹਾ ਸੀ ਕਿ ਇੱਥੇ ਆ ਜਾਓ। ਫੋਨ ਰਾਹੀਂ ਪੂਰੀ ਗੱਲਬਾਤ ਸਮਝ ਨਹੀਂ ਲਗਦੀ ਹੁੰਦੀ। ਬੈਠੋ।"

ਕਰਨਵੀਰ ਦੇ ਬੈਠਣ ਸਾਰ ਚਿੱਟੀ ਬੋਲਿਆ, "ਸਪੇਨ ਤੋਂ ਜਿਹੜੇ ਡਾਕੂਮੈਂਟਸ ਤੁਸੀਂ ਭੇਜੇ ਸਨ, ਉਹ ਮੈਂ ਪੂਰੀ ਤਰ੍ਹਾਂ ਦੇਖ ਲਏ ਆ। ਤੁਹਾਡੀ ਕੁਆਲੀਫੀਕੇਸ਼ਨ ਦੀ ਪ੍ਰਾਬਲਮ ਆ। ਜੇ ਤੁਸੀਂ ਗਰੈਜੂਏਸ਼ਨ ਕੀਤੀ ਹੁੰਦੀ ਜਾਂ ਸਪੇਨ ਵਿਚ ਆਪਣਾ ਕੋਰਸ ਪੂਰਾ ਕਰ ਲਿਆ ਹੁੰਦਾ ਤਾਂ ਤੁਹਾਨੂੰ ਐਕਸਪ੍ਰੈੱਸ ਐਂਟਰੀ ਰਾਹੀਂ ਛੇ ਮਹੀਨਿਆਂ 'ਚ ਪੀ ਆਰ (ਪਰਮਾਨੈਂਟ ਰੈਜ਼ੀਡੈਂਸ) ਦਿਵਾ ਦੇਣੀ ਸੀ ਪਰ ਹੁਣ ਐਕਸਪ੍ਰੈੱਸ ਐਂਟਰੀ ਮੁਸ਼ਕਲ ਲੱਗਦੀ ਏ।"

"ਮੈਂ ਤਾਂ ਜੀ ਇਸੇ ਉਮੀਦ ਨਾਲ਼ ਆਇਆ ਵਾਂ ਇੱਥੇ। ਆਪਣੀ ਜੌਬ ਵੀ ਛੱਡ ਆਇਆ ਵਾਂ ਉੱਥੇ।"

"ਫ਼ਿਕਰ ਨਾ ਕਰੋ। ਤੁਹਾਡਾ ਕੋਈ ਕਰਦੇ ਆਂ ਜੁਗਾੜ। ਅੱਜ ਕੱਲ੍ਹ ਟਰੱਕਿੰਗ ਇੰਡਸਟਰੀ ਵਿਚ ਬਹੁਤ ਸਕੋਪ ਆ। ਡਰਾਈਵਿੰਗ ਲਾਈਸੰਸ ਹੈ ਨਾ ਤੁਹਾਡੇ ਕੋਲ?"

"ਹਾਂ ਜੀ।"

"ਗੁੱਡ ਗੁੱਡ। ਮੇਰੇ ਟਰੱਕਿੰਗ ਕੰਪਨੀਆਂ ਨਾਲ਼ ਕਨਟੈਕਟ ਆ। ਤੁਹਾਨੂੰ ਛੇਤੀ ਸੈੱਟ ਕਰਾ ਦਿਆਂਗਾ।"

"ਛੇ ਮਹੀਨਿਆਂ 'ਚ?"

"ਛੇ ਮਹੀਨਿਆਂ 'ਚ ਪੀ ਆਰ ਨਹੀਂ ਮਿਲਣੀ ਪਰ ਤੁਹਾਨੂੰ ਵਰਕ ਪਰਮਿਟ ਲੈ ਦੇਵਾਂਗੇ।"

"ਪੂਰਾ ਦੱਸੋ ਜੀ ਕੀ ਪ੍ਰੋਸੀਜਰ ਏ।"

"ਪਹਿਲਾਂ ਤੁਹਾਨੂੰ ਕਿਸੇ ਟਰੱਕਿੰਗ ਕੰਪਨੀ ਤੋਂ ਐੱਲ ਐੱਮ ਆਈ ਏ ਲੈ ਕੇ ਦੇਵਾਂਗੇ। ਇਸ ਨਾਲ਼ ਤੁਸੀਂ ਇੱਥੇ ਕੰਮ ਕਰਨ ਲੱਗ ਜਾਵੋਗੇ।"

"ਇਹ ਐੱਲ ਐੱਮ ਆਈ ਏ ਕੀ ਸ਼ੈਅ ਏ ਜੀ?" ਕਰਨਵੀਰ ਨੇ ਵਿਚੋਂ ਹੀ ਪੁੱਛਿਆ।

"ਲੇਬਰ ਮਾਰਕੀਟ ਇੰਪੈਕਟ ਅਸੈੱਸਮੈਂਟ ਨੂੰ ਛੋਟਾ ਕਰ ਕੇ ਆਖਦੇ ਆ। ਕੰਪਨੀਆਂ ਨੂੰ ਕਿਸੇ ਬਦੇਸ਼ੀ ਨੂੰ ਨੌਕਰੀ ਦੇਣ ਤੋਂ ਪਹਿਲਾਂ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਕਿ ਸਾਨੂੰ ਇਸ ਨੌਕਰੀ ਲਈ ਕੈਨੇਡਾ ਦਾ ਢੁੱਕਵਾਂ ਬੰਦਾ ਨਹੀਂ ਮਿਲਿਆ। ਇਸ ਮਨਜ਼ੂਰੀ ਨੂੰ ਹੀ ਆਖਦੇ ਆ ਐੱਲ ਐੱਮ ਆਈ ਏ।"

"ਅੱਛਾ।"

"ਫਿਰ ਦੋ ਸਾਲ ਬਾਅਦ ਤੁਹਾਨੂੰ ਉਹ ਕੰਪਨੀ ਪ੍ਰੋਵੈਂਸ਼ੀਅਲ ਨੌਮਨੀ ਪ੍ਰੋਗਰਾਮ ਦੀ ਸਪੌਂਸਰਸ਼ਿੱਪ ਦੇ ਦੇਵੇਗੀ ਤੇ ਤੁਸੀਂ ਪੀ ਆਰ ਹੋ ਜਾਵੋਗੇ। ਬੱਸ ਏਨਾ ਈ ਕੰਮ ਐ।"

ਸੁਣ ਕੇ ਕਰਨਵੀਰ ਸੋਚਣ ਲੱਗਾ। ਫਿਰ ਬੋਲਿਆ, "ਦੋ ਸਾਲ ਤਾਂ ਪੱਕੇ ਹੀ ਨੇ। ਉਸ ਤੋਂ ਬਾਅਦ ਪਤਾ ਨਹੀਂ ਹੋਰ ਕਿੰਨਾ ਚਿਰ ਲੱਗੇ?"

"ਬਹੁਤਾ ਚਿਰ ਨਹੀਂ ਲਗਦਾ। ਟਰੱਕਿੰਗ ਕੰਪਨੀ ਦਾ ਵਰਕ ਪਰਮਿਟ ਲੈਣ ਦਾ ਇਹ ਫਾਇਦਾ ਹੈ ਕਿ ਤੁਸੀਂ ਵਰਕ ਪਰਮਿਟ ਮਿਲਣ ਸਾਰ ਹੀ ਕਮਾਈ ਕਰਨ ਲੱਗ ਜਾਓਗੇ। ਜੇ ਕਿਸੇ ਹੋਰ ਕੰਮ ਦਾ ਵਰਕ ਪਰਮਿਟ ਲੈ ਕੇ ਦੇਈਏ ਤਾਂ ਜਿੰਨੀ ਕਮਾਈ ਜੌਬ ਕਰ ਕੇ ਹੁੰਦੀ ਆ, ਉਹ ਸਾਰੀ ਟੈਕਸਾਂ 'ਚ ਹੀ ਚਲੀ ਜਾਂਦੀ ਆ।"

"ਜੇ ਵਕੀਲ ਸਾਬ੍ਹ ਇਨ੍ਹਾਂ ਦੋ ਸਾਲਾਂ 'ਚ ਰੂਲ ਚੇਂਜ ਹੋ ਗਏ?"

"ਰੂਲ ਨੀ ਚੇਂਜ ਹੁੰਦੇ। ਕੈਨੇਡਾ ਨੂੰ ਬਹੁਤ ਇਮੀਗਰੈਂਟਸ ਚਾਹੀਦੇ ਆ। ਇਸੇ ਤਰੀਕੇ ਨਾਲ਼ ਹੀ ਅਸੀਂ ਪੱਕੇ ਕਰਾਉਨੇ ਆਂ ਅੱਜ ਕੱਲ੍ਹ। ਤੇ ਲੌਂਗ ਰੂਟਾਂ ਦੇ ਟਰੱਕ ਡਰਾਈਵਰ ਤਾਂ ਭਾਲ਼ੇ ਨਹੀਂ ਥਿਆਉਂਦੇ। ਐਸ ਵੇਲੇ ਮੇਰੇ ਹੱਥ ਵਿਚ ਚਾਰ ਜੌਬਾਂ ਨੇ ਟਰੱਕ ਡਰਾਈਵਰ ਦੀਆਂ।"

"ਖਰਚ ਕਿੰਨਾ ਕੁ ਹੋਵੇਗਾ ਜੀ?"

"ਵੀਹ ਹਜ਼ਾਰ ਮੰਗਦੇ ਆ।"

"ਇਹ ਵੀਹ ਹਜ਼ਾਰ ਕਾਹਦਾ ਮੰਗਦੇ ਨੇ ਜੀ? ਨਾਲ਼ੇ ਕਹਿੰਦੇ ਓ ਡਰਾਈਵਰਾਂ ਦੀ ਬਹੁਤ ਲੋੜ ਏ?"

"ਤੁਸੀਂ ਪੱਕਾ ਹੋਣਾ ਹੈ ਨਾ? ਇਹ ਸਮਝ ਲਓ ਕਿ ਪੱਕੇ ਹੋਣ ਦੀ ਫ਼ਸਿ ਏ।"

"ਪੱਕਾ ਤਾਂ ਹੋਣਾ ਏ ਪਰ ਇਹ ਨਜਾਇਜ਼ ਹੀ--।"

"ਨਜਾਇਜ਼ ਜਾਇਜ਼ ਦੇ ਚੱਕਰਾਂ 'ਚ ਪਉਗੇ ਤਾਂ ਕੁਝ ਨਹੀਂ ਬਣਨਾ। ਲੋਕ ਮਗਰ ਮਗਰ ਫਿਰਦੇ ਆ ਪੱਕੇ ਹੋਣ ਲਈ। ਤੁਹਾਨੂੰ ਮੈਂ ਸਪੇਨ ਤੋਂ ਬੁਲਵਾਇਆ, ਇਸੇ ਕਰ ਕੇ ਤੁਹਾਨੂੰ ਪ੍ਰੈਫਰੈਂਸ ਦੇ ਰਿਹਾਂ। ਤੁਸੀਂ ਛੇਤੀ ਡੀਸਾਈਡ ਕਰੋ।"

ਕਰਨਵੀਰ ਸੋਚੀਂ ਪੈ ਗਿਆ। ਫਿਰ ਬੋਲਿਆ, "ਅੱਛਾ, ਇਹ ਟਰੱਕ ਬਾਰੇ ਸਮਝਾਉ ਕਿ ਕੀ ਕਰਨਾ ਪਵੇਗਾ?"

"ਕਰਨਾ ਕੀ ਐ? ਕੁਝ ਵੀ ਨਹੀਂ। ਬੜਾ ਅਸਾਨ ਐ। ਥੁਹਾਡਾ ਸਪੇਨ ਵਾਲ਼ਾ ਲਾਈਸੰਸ ਦੇਖ ਕੇ ਓਂਟੇਰੀਓ ਦਾ ਕਲਾਸ ਜੀ ਲਾਈਸੰਸ ਦੇ ਦੇਣਗੇ। ਉਸ ਤੋਂ ਬਾਅਦ ਦੋ ਕੁ ਦਿਨਾਂ ਦਾ ਏਅਰ ਬ੍ਰੇਕ ਕੋਰਸ ਹੁੰਦਾ। ਫੇਰ ਟਰੱਕ ਦਾ ਲਾਈਸੰਸ। ਤੁਸੀਂ ਬਹੁਤ ਸਹੀ ਮੌਕੇ 'ਤੇ ਆਏ ਹੋ। ਜੇ ਦੋ-ਚਾਰ ਮਹੀਨੇ ਲੇਟ ਹੋ ਜਾਂਦੇ, ਫੇਰ ਔਖਾ ਹੋਣਾ ਸੀ। ਸਰਕਾਰ ਨੇ ਸ਼ਰਤ ਰੱਖੀ ਆ ਕਿ ਇਕ ਜੁਲਾਈ ਤੋਂ ਬਾਅਦ ਟਰੱਕ ਡਰਾਈਵਿੰਗ ਦਾ ਲਾਈਸੰਸ ਲੈਣ ਲਈ ਘੱਟੋ-ਘੱਟ ਸੌ ਘੰਟੇ ਕਿਸੇ ਟਰੱਕ ਡਰਾਈਵਿੰਗ ਸਕੂਲ ਵਿਚੋਂ ਟ੍ਰੇਨਿੰਗ ਲਈ ਹੋਵੇ। ਉਦੋਂ ਡਰਾਈਵਿੰਗ ਸਕੂਲਾਂ ਨੇ ਵੀ ਫੀਸ ਵਧਾ ਦੇਣੀ ਆ। ਆਪਾਂ ਛੇਤੀ ਕੰਮ ਸ਼ੁਰੂ ਕਰੀਏ। ਮੈਂ ਜਾਣਦੈਂ ਟਰੱਕ ਸਕੂਲ ਵਾਲਿਆਂ ਨੂੰ। ਜਾਂਦੇ ਹੋਏ ਮੇਰੀ ਸੈਕਟਰੀ ਤੋਂ ਉਨ੍ਹਾਂ ਦੇ ਫੋਨ ਨੰਬਰ ਲੈ ਜਾਇਓ। ਹੋ ਜਾਊ ਆਪਣਾ ਕੰਮ। ਇਕ ਵਾਰੀ ਲਾਈਸੰਸ ਲੈ ਆਓ। ਉਸ ਤੋਂ ਬਾਅਦ ਮੇਰਾ ਕੰਮ।"


ਦੋਚਿੱਤੀ 'ਚ ਪੈਰ ਘੜੀਸਦਾ ਕਰਨਵੀਰ ਚਿੱਟੀ ਦੇ ਦਫ਼ਤਰ ਵਿਚੋਂ ਬਾਹਰ ਆ ਗਿਆ।

**(ਚੱਲਦਾ)**

*"ਕਰਨਾ ਕੀ ਐ? ਬੜਾ ਅਸਾਨ ਐ। ਥੁਹਾਡਾ ਸਪੇਨ ਵਾ਼ਲਾ ਲਾਈਸੰਸ ਦੇਖ ਕੇ ਓਂਟੇਰੀਓ ਦਾ ਕਲਾਸ ਜੀ ਲਾਈਸੰਸ ਦੇ ਦੇਣਗੇ। ਦੋ ਕੁ ਦਿਨਾਂ ਦਾ ਏਅਰ ਬ੍ਰੇਕ ਕੋਰਸ ਹੁੰਦਾ। ਫੇਰ ਟਰੱਕ ਦਾ ਲਾਈਸੰਸ। ਤੁਸੀਂ ਬਹੁਤ ਸਹੀ ਮੌਕੇ 'ਤੇ ਆਏ ਹੋ। ਜੇ ਦੋ-ਚਾਰ ਮਹੀਨੇ ਲੇਟ ਹੋ ਜਾਂਦੇ, ਫੇਰ ਔਖਾ ਹੋਣਾ ਸੀ। ਸਰਕਾਰ ਨੇ ਸ਼ਰਤ ਰੱਖੀ ਆ ਕਿ ਇਕ ਜੁਲਾਈ ਤੋਂ ਬਾਅਦ ਟਰੱਕ ਡਰਾਈਵਿੰਗ ਦਾ ਲਾਈਸੰਸ ਲੈਣ ਲਈ ਘੱਟੋ-ਘੱਟ ਸੌ ਘੰਟੇ ਕਿਸੇ ਟਰੱਕ ਡਰਾਈਵਿੰਗ ਸਕੂਲ ਵਿਚੋਂ ਟ੍ਰੇਨਿੰਗ ਲਈ ਹੋਵੇ। ਉਦੋਂ ਡਰਾਈਵਿੰਗ ਸਕੂਲਾਂ ਨੇ ਵੀ ਫੀਸ ਵਧਾ ਦੇਣੀ ਆ। ਆਪਾਂ ਛੇਤੀ ਕੰਮ ਸ਼ੁਰੂ ਕਰੀਏ। ਮੈਂ ਜਾਣਦੈਂ ਟਰੱਕ ਸਕੂਲ ਵਾਲਿਆਂ ਨੂੰ। ਜਾਂਦੇ ਹੋਏ ਮੇਰੀ ਸੈਕਟਰੀ ਤੋਂ ਉਨ੍ਹਾਂ ਦੇ ਫੋਨ ਨੰਬਰ ਲੈ ਜਾਇਓ। ਹੋ ਜਾਊ ਆਪਣਾ ਕੰਮ। ਇਕ ਵਾਰੀ ਲਾਈਸੰਸ ਲੈ ਆਓ। ਉਸ ਤੋਂ ਬਾਅਦ ਮੇਰਾ ਕੰਮ।"*

# ਹੜ੍ਹ ਕੁਦਰਤੀ ਆਫ਼ਤ ਹੈ ਜਾਂ ਮਸਨੂਈ ਕਹਿਰ?

ਬਰਸਾਤ ਦੇ ਮੌਸਮ ਵਿਚ ਹੜ੍ਹ ਆਏ ਤਾਂ ਪੁਰਾਣੀ ਬਹਿਸ ਨਵੇਂ ਸਿਰੇ ਤੋਂ ਸ਼ੁਰੂ ਹੋ ਗਈ। ਇਸ ਬਹਿਸ ਦੇ ਸਿਰੇ ਇਕ ਪਾਸੇ ਆਲਮੀ ਤਪਸ਼ ਦੇ ਮਸਲੇ ਨੂੰ ਨਜ਼ਰਅੰਦਾਜ਼ ਕਰਨ ਅਤੇ ਮੌਸਮਾਂ ਦੀ ਵਿਗੜਦੀ ਤਰਤੀਬ ਨਾਲ ਜੁੜੇ ਹਨ; ਦੂਜੇ ਪਾਸੇ ਮੁਕਾਮੀ ਬਦਇੰਤਜ਼ਾਮੀ ਨਾਲ ਜੋ ਮੁਨਾਫ਼ੇ ਦੀ ਦੌੜ ਵਿਚ ਬਰਸਾਤ ਦੀ ਮਿਕਦਾਰ ਅਤੇ ਕੂਲ੍ਹਾਂ, ਚੋਆਂ ਅਤੇ ਨਦੀਆਂ ਦੇ ਰਵਾਇਤੀ ਵਹਿਣਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਤੀਜਾ ਪੱਖ ਮੌਜੂਦਾ ਰਿਆਸਤ ਦੇ ਖ਼ਾਸੇ ਨਾਲ ਜੁੜਿਆ ਹੋਇਆ ਹੈ ਜੋ ਅਰਥਚਾਰੇ ਨੂੰ ਮੰਡੀ ਨਾਲ ਜੋੜਨ ਤੁਰਿਆ ਸੀ ਅਤੇ ਹੁਣ ਸਮਾਜ ਦੇ ਨਾਲ-ਨਾਲ ਆਵਾਮੀ ਭਲੇ ਨਾਲ ਜੁੜੇ ਹਰ ਇੰਤਜ਼ਾਮ/



**ਦਲਜੀਤ ਅਮੀ**
ਫੋਨ: +91-72919-77145

ਉਪਰਾਲੇ ਨੂੰ ਮੰਡੀ ਨਾਲ ਜੋੜਨ ਤੱਕ ਪੁੱਜ ਗਿਆ ਹੈ। ਚੌਥਾ ਪੱਖ ਵੀ ਰਿਆਸਤ ਦੇ ਖ਼ਾਸੇ ਨਾਲ ਹੀ ਜੁੜਿਆ ਹੋਇਆ ਹੈ ਜਦੋਂ ਮੌਜੂਦਾ ਦੌਰ ਵਿਚ ਸਰਕਾਰਾਂ, ਰਿਆਸਤ ਦੇ ਅਦਾਰਿਆਂ ਉੱਤੇ ਭਾਰੂ ਹੋ ਗਈਆਂ ਹਨ। ਨਤੀਜੇ ਵਜੋਂ ਰਿਆਸਤ ਦਾ ਰੋਜ਼ਮੱਰਾ ਕੰਮ ਵੀ ਸਰਕਾਰਾਂ ਰਾਹੀਂ ਹੁਕਮਰਾਨ ਸਿਆਸੀ ਧਿਰਾਂ ਦੇ ਹੱਥ ਆ ਗਿਆ ਹੈ।

ਇਸ ਲੇਖ ਦਾ ਘੇਰਾ ਹੜ੍ਹ ਦੇ ਖ਼ਾਸੇ ਦੀ ਸ਼ਨਾਖ਼ਤ ਕਰਨ ਅਤੇ ਇਸ ਨਾਲ ਜੁੜੀਆਂ ਇੰਤਜ਼ਾਮੀਆ ਪੇਸ਼ਬੰਦੀਆਂ ਤੇ ਪਹਿਲਕਦਮੀਆਂ ਦੀ ਪੜਚੋਲ ਤੱਕ ਮਹਿਦੂਦ ਹੈ ਜਿਸ ਲਈ ਕਰੋਨਾ ਵਾਇਰਸ ਦੀ ਮਿਸਾਲ ਵਰਤੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਹੜ੍ਹ ਨਾਲ ਜੁੜਿਆ ਪੁਰਾਣਾ ਸੁਆਲ ਹੈ: ਕੀ ਇਹ ਕੁਦਰਤੀ ਆਫ਼ਤ ਹੈ ਜਾਂ ਮਨਸੂਈ ਕਰੋਪੀ? ਕੁਦਰਤੀ ਆਫ਼ਤਾਂ ਵਿਚ ਮਹਾਮਾਰੀਆਂ, ਭੂਚਾਲ, ਤੂਫ਼ਾਨ, ਗੜ੍ਹੇਮਾਰੀ ਅਤੇ ਹੜ੍ਹ ਆਉਂਦੇ ਹਨ ਕਿਉਂਕਿ ਇਨ੍ਹਾਂ ਦਾ ਅਹਿਮ ਪੱਖ ਕੁਦਰਤੀ ਸਰਗਰਮੀ ਨਾਲ ਜੁੜਿਆ ਹੋਇਆ ਹੈ। ਭੂਚਾਲ, ਤੂਫ਼ਾਨ, ਗੜ੍ਹੇਮਾਰੀ ਅਤੇ ਹੜ੍ਹ ਵਰਗੀਆਂ ਮਾਰਾਂ ਕੁਦਰਤੀ ਸਰਗਰਮੀ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਦੀ ਭਵਿੱਖਬਾਣੀ ਲਈ ਥਾਹ ਪਾਉਣ ਅਤੇ ਪੜਚੋਲ ਲਈ ਸਮਝ ਬਣਾਉਣ ਦੇ ਆਹਰ ਵਿਚ ਮਨੁੱਖ ਲਗਾਤਾਰ ਲੱਗਿਆ ਹੋਇਆ ਹੈ। ਹਰ ਪੜਚੋਲ ਅਗਲੀ ਵਾਰ ਲਈ ਬਿਹਤਰ ਅੰਦਾਜ਼ਾ ਲਗਾਉਣ ਵਿਚ ਸਹਾਈ ਹੁੰਦੀ ਹੈ ਅਤੇ ਹਰ ਤਜਰਬੇ ਨਾਲ ਬਿਹਤਰ ਪੜਚੋਲ ਦੀ ਗੁੰਜਾਇਸ਼ ਪੈਦਾ ਹੁੰਦੀ ਹੈ। ਮਨੁੱਖੀ ਸਮਝ ਦੇ ਬਿਹਤਰ ਹੋਣ ਦਾ ਨਤੀਜਾ ਹੈ ਕਿ ਮਹਾਮਾਰੀਆਂ ਦੀ ਬੇਮੁਹਾਰੀ ਨੂੰ ਨੱਥ ਪਈ ਹੈ। ਕਰੋਨਾ ਵਾਇਰਸ ਦੇ ਹਵਾਲੇ ਨਾਲ ਇਹ ਸਾਬਿਤ ਹੋ ਗਿਆ ਹੈ ਕਿ ਜ਼ਿਆਦਾ ਮਾਰਖੋਰਾ ਹੋਣ ਦੇ ਬਾਵਜੂਦ ਇਸ ਜਿਰਮ ਦੀ ਸ਼ਨਾਖ਼ਤ ਕਰਨ ਅਤੇ ਤੋੜ ਲੱਭਣ ਦੀ ਮਨੁੱਖੀ ਸਮਰੱਥਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸੀ। ਨਤੀਜੇ ਵਜੋਂ ਨਾ ਸਿਰਫ਼ ਇਸ ਵਾਇਰਸ ਦੀ ਮੁੱਢਲੀ ਸ਼ਨਾਖ਼ਤ ਜਲਦੀ ਹੋ ਸਕੀ ਸਗੋਂ ਇਸ ਦੇ ਬਦਲਦੇ ਰੂਪ ਦਾ ਰੁਝਾਨ ਵੀ ਸਮਝਿਆ ਜਾ ਸਕਿਆ। ਰੋਕਥਾਮ ਅਤੇ ਇਲਾਜ ਦੀਆਂ ਇਕ ਤੋਂ ਜ਼ਿਆਦਾ ਵਿਧੀਆਂ ਬਣੀਆਂ ਅਤੇ ਇਹ ਕੰਮ ਜਾਰੀ ਹੈ।

ਵਿਗਿਆਨੀ ਇਸ ਦਲੀਲ ਲਈ ਤੱਥ ਜੁਟਾਉਣ ਵਿਚ ਕਾਮਯਾਬ ਹੋਏ ਹਨ ਕਿ ਕਰੋਨਾ ਵਾਇਰਸ ਕੋਈ ਆਖ਼ਰੀ ਮਹਾਮਾਰੀ ਨਹੀਂ ਹੈ ਪਰ ਮਹਾਮਾਰੀ ਜਾਂ ਨਵੇਂ ਜਿਰਮਾਂ/ਮਰਜ਼ਾਂ ਨਾਲ ਸਿੱਝਣ ਦੇ ਮਾਮਲੇ ਵਿਚ ਵੀ ਕੋਈ ਅੰਤਿਮ ਗਿਆਨ ਵਾਲਾ ਪੜਾਅ ਨਹੀਂ ਆਇਆ ਅਤੇ ਨਾ ਹੀ ਕਦੇ ਆਵੇਗਾ। ਆਉਣ ਵਾਲੇ ਦੌਰ ਵਿਚ ਮਹਾਮਾਰੀ ਜਾਂ ਨਵੇਂ ਜਿਰਮ/ਮਰਜ਼ ਦੇ ਹਮਲੇ ਵੀ ਹੋਣਗੇ ਪਰ ਉਨ੍ਹਾਂ ਨਾਲ ਸਿੱਝਣ ਦੀ ਮਨੁੱਖੀ ਸਮਰੱਥਾ ਵਿਚ ਵੀ ਲਗਾਤਾਰ ਵਾਧਾ ਹੋਵੇਗਾ। ਨਵੇਂ ਗਿਆਨ-ਵਿਗਿਆਨ ਨਾਲ ਬਿਹਤਰ ਗਿਆਨ-ਵਿਗਿਆਨ ਪੈਦਾ ਹੋਣਾ ਹੈ ਜੋ ਨਵੀਆਂ ਮਹਾਮਾਰੀਆਂ ਵੇਲੇ ਜਿਰਮਾਂ ਦੀ ਸ਼ਨਾਖ਼ਤ ਕਰਨ, ਉਨ੍ਹਾਂ ਦੀ ਪੜਚੋਲ ਕਰਨ ਅਤੇ ਉਨ੍ਹਾਂ ਦੇ ਵੇਲ-ਵਾਧੇ ਦੀ ਤਰਤੀਬ ਬੁੱਝਣ ਵਿਚ ਸਹਾਈ ਹੋਵੇਗਾ। ਇਸੇ ਨਾਲ ਇਲਾਜ ਦੀ ਵਿਧ ਬਣੇਗੀ। ਵਿਗਿਆਨੀਆਂ ਦਾ ਮੰਨਣਾ ਹੈ ਕਿ ਹੁਣ ਸੁਆਲ ਇਹ ਹੈ ਕਿ ਨਵੀਂ ਮਹਾਮਾਰੀ ਵੇਲੇ ਜਿਰਮ ਦੀ ਸ਼ਨਾਖ਼ਤ ਵਿਚ ਸਮਾਂ ਕਿੰਨਾ ਘੱਟ ਤੋਂ ਘੱਟ ਲੱਗਦਾ ਹੈ। ਉਸ ਤੋਂ ਬਾਅਦ ਰੋਕਥਾਮ ਅਤੇ ਇਲਾਜ ਦਾ ਕਾਰਗਰ ਤਰੀਕਾ ਕਿੰਨੀ ਦੇਰ ਵਿਚ ਤਿਆਰ ਹੁੰਦਾ ਹੈ ਅਤੇ ਸਮੁੱਚੀ ਆਬਾਦੀ ਨੂੰ ਉਸ ਤਰੀਕੇ ਦੇ ਘੇਰੇ ਵਿਚ ਕਿੰਨੀ ਜਲਦੀ ਲਿਆਂਦਾ ਜਾ ਸਕਦਾ ਹੈ।



ਇਸੇ ਤਰ੍ਹਾਂ ਮਹਾਮਾਰੀ ਦਾ ਬਿਆਨੀਆ ਤਿਆਰ ਕਰਨ ਦਾ ਤਰੀਕਾ ਬਦਲ ਗਿਆ ਹੈ। ਨਵੇਂ ਜਿਰਮ ਦਾ ਆਉਣਾ ਕੁਦਰਤੀ ਹੋ ਸਕਦਾ ਹੈ ਜਾਂ ਮਨੁੱਖੀ ਸਰਗਰਮੀ ਦਾ ਹੈਰਤਅੰਗੇਜ਼ (ਸਬਬ ਜਾਂ ਸਾਜ਼ਿਸ਼ ਜਾਂ ਗ਼ਲਤੀ) ਨਤੀਜਾ ਹੋ ਸਕਦਾ ਹੈ। ਨਵੇਂ ਜਿਰਮ ਨਾਲ ਸਿੱਝਣ ਦੀ ਤਿਆਰੀ ਵਿਚ ਵਿਗਿਆਨ ਅਤੇ ਵਸੀਲੇ ਤਾਇਨਾਤ ਰਹਿਣੇ ਚਾਹੀਦੇ ਹਨ। ਹੁਣ ਮਹਾਮਾਰੀ ਦੀ ਮਾਰ ਦਾ ਬਿਆਨੀਆ ਸਿਰਫ਼ ਜਿਰਮ/ਮਰਜ਼ ਦੀ ਮਾਰ ਦੇ ਹਵਾਲੇ ਨਾਲ ਤਿਆਰ ਨਹੀਂ ਹੋਣਾ ਸਗੋਂ ਵਿਗਿਆਨ ਅਤੇ ਵਿਗਿਆਨਕ ਖੋਜ ਵਿਚ ਲੱਗੇ ਵਸੀਲਿਆਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਜਾਵੇਗਾ। ਇਸ ਨਾਲ ਰਿਆਸਤ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਕਿਸੇ ਨਵੇਂ ਜਿਰਮ/ਮਰਜ਼ ਦੀ ਰੋਕਥਾਮ ਅਤੇ ਇਲਾਜ ਲਈ ਲੋੜੀਂਦੇ ਵਸੀਲੇ ਲਾਮਬੰਦ ਕਰ ਕੇ ਰੱਖੇ। ਜੇ ਇਸ ਪੱਖੋਂ ਕੋਈ ਕੱਚ ਰਹਿ ਜਾਂਦਾ ਹੈ ਤਾਂ ਮਹਾਮਾਰੀ ਦੀ ਸਮੁੱਚੀ ਮਾਰ ਕੁਦਰਤੀ ਆਫ਼ਤ ਦੇ ਖਾਤੇ ਨਹੀਂ ਪੈਣੀ ਸਗੋਂ ਰਿਆਸਤ ਦੀ ਬਦਇੰਤਜ਼ਾਮੀ ਦੇ ਖਾਤੇ ਪੈਣੀ ਹੈ ਜੋ ਮਸਨੂਈ ਕਰੋਪੀ ਕਰਾਰ ਦਿੱਤੀ ਜਾਵੇਗੀ। ਮਿਸਾਲ ਵਜੋਂ ਕਰੋਨਾ ਵਾਇਰਸ ਨੇ ਸਰਕਾਰੀ ਹਸਪਤਾਲਾਂ ਦੀ ਖਸਤਾ ਹਾਲਤ ਬੇਪਰਦ ਕੀਤੀ ਸੀ ਜੋ ਦਹਾਕਿਆਂ ਦੇ ਰੁਝਾਨ ਨਾਲ ਪੈਦਾ ਕੀਤੀ ਗਈ ਸੀ। ਹਸਪਤਾਲਾਂ ਅਤੇ ਆਕਸੀਜਨ ਦੀ ਘਾਟ, ਮਹਿੰਗੀ ਦਵਾਈ ਅਤੇ ਰਿਆਸਤ ਦੇ ਉਪਰਾਲਿਆਂ ਬਾਰੇ ਬੇਵਿਸਾਹੀ ਕਾਰਨ ਕਰੋਨਾ ਵਾਇਰਸ ਦਾ ਸ਼ਿਕਾਰ ਹੋਣ ਵਾਲੇ ਲੋਕ ਕੁਦਰਤੀ ਆਫ਼ਤ ਦੇ ਖਾਤੇ ਨਹੀਂ ਪੈਂਦੇ ਸਗੋਂ ਰਿਆਸਤ ਦੀ ਵਰਤਾਈ ਗਈ ਮਸਨੂਈ ਕਰੋਪੀ ਦੇ ਖਾਤੇ ਪੈਂਦੇ ਹਨ। ਇਸ ਦੌਰਾਨ ਸਰਕਾਰਾਂ ਅਤੇ ਹੁਕਮਰਾਨ ਸਿਆਸੀ ਧਿਰਾਂ ਦਾ ਖ਼ਾਸਾ ਸਾਹਮਣੇ ਆਇਆ ਸੀ ਜੋ ਰਿਆਸਤ ਦੇ ਰੋਜ਼ਮੱਰਾ ਕੰਮ (ਸ਼ਹਿਰੀ ਦੀ ਜਾਨ ਬਚਾਉਣ ਅਤੇ ਉਸ ਦਾ ਭਰੋਸਾ ਕਾਇਮ ਰੱਖਣ) ਨੂੰ ਆਪਣਾ ਮੁਖ਼ਤਿਆਰ ਸਮਝਦੇ ਹਨ। ਇਸ ਨਾਲ ਬੁਨਿਆਦੀ ਤਬਦੀਲੀ ਇਹ ਵਾਪਰਦੀ ਹੈ ਕਿ ਰਿਆਸਤ ਆਪਣੇ ਰੋਜ਼ਮੱਰਾ ਦੇ ਕੰਮ ਲਈ ਸਰਕਾਰਾਂ ਦਾ ਮੂੰਹ ਦੇਖਣ ਲੱਗਦੀ ਹੈ ਜਿਸ ਦੇ ਫ਼ੈਸਲਿਆਂ ਉੱਤੇ ਹੁਕਮਰਾਨ ਸਿਆਸੀ ਧਿਰ ਦੀ ਸੋਚ ਅਤੇ ਪ੍ਰਚਾਰ ਭਾਰੂ ਹੈ।

ਕਰੋਨਾ ਵਾਇਰਸ ਦੇ ਸਮੁੱਚੇ ਸਬਕ ਬਾਕੀ ਦੀਆਂ ਕੁਦਰਤੀ ਆਫ਼ਤਾਂ/ਕਰੋਪੀਆਂ ਦੇ ਮਾਮਲੇ ਵਿਚ ਵੀ ਲਾਗੂ ਹੁੰਦੇ ਹਨ। ਨਹਿਰਾਂ, ਨਦੀਆਂ, ਸੂਏ, ਕੱਸੀਆਂ, ਕੂਲ੍ਹਾਂ ਅਤੇ ਖਾਲ਼ਾਂ ਦੀ ਸਫ਼ਾਈ ਦੇ ਨਾਲ-ਨਾਲ ਹੜ੍ਹ ਨਾਲ ਸਿੱਝਣ ਲਈ ਲੋੜੀਂਦੀ ਵਿਉਂਤਬੰਦੀ ਦਾ ਜਾਇਜ਼ਾ ਲੈਣਾ ਅਤੇ ਬਣਦੀ ਮਨਸੂਬਾਬੰਦੀ ਕਰਨਾ ਰਿਆਸਤ ਦਾ ਕੰਮ ਹੈ। ਸਰਕਾਰ ਦੀ ਜ਼ਿੰਮੇਵਾਰੀ ਰਿਆਸਤ ਦੇ ਕੰਮ ਦਾ ਜ਼ਿੰਮੇਵਾਰੀ ਨਾਲ ਨਿਭਾਅ ਯਕੀਨੀ ਬਣਾਉਣਾ ਹੈ। ਸਮੁੱਚੀਆਂ ਸਿਆਸੀ ਧਿਰਾਂ ਦਾ ਮੌਜੂਦਾ ਹੜ੍ਹਾਂ ਬਾਰੇ ਬਿਆਨੀਆ ਇਕ-ਦੂਜੇ ਉੱਤੇ ਇਲਜ਼ਾਮਤਰਾਸ਼ੀ ਕਰਦਿਆਂ ਖ਼ਾਸ ਤਰ੍ਹਾਂ ਦੀ ਸਹਿਮਤੀ ਵਿਚ ਬੱਝਿਆ ਹੋਇਆ ਹੈ। ਸਹਿਮਤੀ ਇਹ ਹੈ ਕਿ ਸਾਬਕਾ ਹੁਕਮਰਾਨ ਧਿਰਾਂ ਆਪਣੇ ਆਗੂਆਂ ਦੀਆਂ ਪਹਿਲਕਦਮੀਆਂ (ਬਿਨਾਂ ਤੱਥਾਂ ਅਤੇ ਤਾਰੀਕਾਂ ਤੋਂ) ਅਤੇ ਮੌਜੂਦਾ ਹੁਕਮਰਾਨ ਧਿਰਾਂ ਆਪਣੇ ਆਗੂਆਂ ਦੀ ਦੂਰਦਰਸ਼ੀ ਸਮਝ ਦਾ ਰਾਗ ਅਲਾਪਦੀਆਂ ਹਨ। ਸਹਿਮਤੀ ਇਹ ਉਸਰਦੀ ਹੈ ਕਿ ਹੜ੍ਹਾਂ ਦੇ ਖ਼ਦਸ਼ਿਆਂ ਨੂੰ ਧਿਆਨ ਵਿਚ ਰੱਖ ਕੇ ਲੋੜੀਂਦੀਆਂ ਪੇਸ਼ਬੰਦੀਆਂ ਕਰਨਾ ਅਤੇ ਸਮੇਂ ਸਿਰ ਇੰਤਜ਼ਾਮ ਦਾ ਜਾਇਜ਼ਾ ਲੈਣਾ ਰਿਆਸਤ ਦੀ ਬੁਨਿਆਦੀ ਜ਼ਿੰਮੇਵਾਰੀ ਨਹੀਂ ਸਗੋਂ ਸਰਕਾਰਾਂ ਦਾ ਮੁਖ਼ਤਿਆਰੀ ਕੰਮ ਹੈ ਜੋ ਹੁਕਮਰਾਨ ਸਿਆਸੀ ਧਿਰ ਦੇ ਪ੍ਰਚਾਰ ਲਈ ਲੋੜੀਂਦਾ ਹੈ।

ਇਸ ਵਾਰ ਦਾ ਮੀਂਹ ਬਰਸਾਤੀ ਮੌਸਮ ਵਿਚ ਹੀ ਪਿਆ ਹੈ। ਪਿਛਲੇ ਕਈ ਸਾਲਾਂ ਦਾ ਰੁਝਾਨ ਦਰਸਾਉਂਦਾ ਹੈ ਕਿ ਪੰਜਾਬ ਵਿਚ ਸੋਕੇ ਅਤੇ ਹੜ੍ਹ ਵਰਗੇ ਹਾਲਾਤ ਕੁਝ ਦਿਨਾਂ ਦੇ ਫ਼ਰਕ ਨਾਲ ਹੀ ਬਣਦੇ ਹਨ। ਘੱਗਰ ਸਮੇਤ ਹੋਰ ਵਹਿਣਾਂ ਵਿਚ ਆਉਣ ਵਾਲੇ ਬਰਸਾਤੀ ਪਾਣੀ ਦੀ ਰਫ਼ਤਾਰ ਦਾ ਅੰਦਾਜ਼ਾ ਸਬੰਧਿਤ ਮਹਿਕਮਿਆਂ ਵਿਚ ਦਰਜ ਹੈ। ਸਤਲੁਜ ਅਤੇ ਬਿਆਸ ਦੇ ਵਹਾਅ ਅਤੇ ਹਿਮਾਚਲ ਵਿਚ ਪਏ ਮੀਂਹ ਦਾ ਭਾਖੜਾ ਬੰਨ੍ਹ ਦੇ ਦਰਵਾਜ਼ਿਆਂ ਨਾਲ ਰਿਸ਼ਤਾ ਕੋਈ ਰਹੱਸ ਨਹੀਂ ਹੈ। ਜ਼ਿਆਦਾ ਪਾਣੀ ਨਾਲ ਵਗਣ ਵਾਲੇ ਪੁਰਾਣੇ ਵਹਿਣਾਂ ਦੀ ਸ਼ਨਾਖ਼ਤ ਤਾਂ ਦਸਤਾਵੇਜ਼ਾਂ ਵਿਚ ਇਸ ਤਫ਼ਸੀਲ ਨਾਲ ਦਰਜ ਹੈ ਕਿ ਬੂੰਦ-ਬੂੰਦ ਪਾਣੀ ਅਤੇ ਪੈਰ-ਪੈਰ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਮੌਜੂਦਾ ਤਕਨਾਲੋਜੀ ਰਾਹੀਂ ਹਾਸਿਲ ਕੀਤੀਆਂ ਸੈਟੇਲਾਈਟ ਤਸਵੀਰਾਂ ਪਾਣੀ ਦੇ ਵਹਿਣ ਨੂੰ ਰਹੱਸ ਨਹੀਂ ਰਹਿਣ ਦਿੰਦੀਆਂ। ਪਾਣੀ ਦੀ ਘਾਟ ਦਾ ਸ਼ਿਕਾਰ ਹੋ ਚੁੱਕੇ ਵੱਡੇ ਸ਼ਹਿਰਾਂ (ਚੇਨਈ, ਬੰਗਲੂਰੂ, ਸ਼ਿਲੌਂਗ, ਇੰਦੌਰ ਅਤੇ ਭੁਵਨੇਸ਼ਵਰ) ਨੇ ਪਾਣੀ ਬਚਾਉਣ ਅਤੇ ਸਾਂਭਣ ਦੇ ਇੰਤਜ਼ਾਮ ਰਾਹੀਂ ਸਾਬਤ ਕਰ ਦਿੱਤਾ ਹੈ ਕਿ ਮੀਂਹ ਅਤੇ ਹੜ੍ਹ ਦਾ ਬਿਆਨੀਆ ਇੰਤਜ਼ਾਮ ਦੇ ਹਵਾਲੇ ਤੋਂ ਬਿਨਾਂ ਤਿਆਰ ਨਹੀਂ ਹੋ ਸਕਦਾ। ਜੇ ਕਮੀ ਇੰਤਜ਼ਾਮ ਦੀ ਹੈ ਤਾਂ ਇਹ ਮਾਰ ਕੁਦਰਤੀ ਆਫ਼ਤ ਨਹੀਂ ਸਗੋਂ ਮਸਨੂਈ ਕਰੋਪੀ ਹੈ ਜੋ ਰਿਆਸਤ ਦੀ ਬਦਇੰਤਜ਼ਾਮੀ ਅਤੇ ਸਰਕਾਰ ਦੀ ਗ਼ੈਰ-ਜ਼ਿੰਮੇਵਾਰੀ ਨਾਲ ਵਾਪਰਦੀ ਹੈ।

ਕਈ ਥਾਵਾਂ ਉੱਤੇ ਹੜ੍ਹ ਦੇ ਪਾਣੀ ਨੇ ਸੜਕਾਂ ਨੂੰ ਪੁੱਟ ਸੁੱਟਿਆ ਹੈ। ਜੇ ਟੁੱਟੀਆਂ ਸੜਕਾਂ ਪਾਣੀ ਦੀ ਰਫ਼ਤਾਰ ਜਾਂ ਕੁਦਰਤੀ ਰੋਹ ਦਾ ਅੰਦਾਜ਼ਾ ਦਿੰਦੀਆਂ ਹਨ ਤਾਂ ਇਹ ਵੀ ਦੱਸਦੀਆਂ ਹਨ ਕਿ ਪਾਣੀ ਨੇ ਆਪਣੇ ਪੁਰਾਣੇ ਵਹਿਣ ਉੱਤੇ ਦਾਅਵੇਦਾਰੀ ਕੀਤੀ ਹੈ ਅਤੇ ਮੌਕੇ ਉੱਤੇ ਪਾਣੀ ਨੇ ਆਪਣਾ ਰਾਹ ਬਣਾ ਲੈਣਾ ਹੈ। ਜੇ ਪਹਿਲਾਂ ਬਦਇੰਤਜ਼ਾਮੀ ਨਾਲ ਇਹ ਵਹਿਣ ਬੰਦ ਹੋਏ ਹਨ ਤਾਂ ਪਾਣੀ ਨੇ ਪੁਲ/ਪੁਲੀਆਂ ਬਣਾਉਣ ਜਾਂ ਵਹਿਣ ਖ਼ਾਲੀ ਕਰਨ ਦੀ ਮੰਗ ਪੇਸ਼ ਕਰ ਦਿੱਤੀ ਹੈ। ਜੇ ਪਹਿਲਾਂ ਮੁਨਾਫ਼ੇ ਜਾਂ ਵਿਕਾਸ ਦੀ ਦੌੜ ਵਿਚ ਵਿਉਂਤਬੰਦੀ ਵੇਲੇ ਗਿਆਨ ਦੇ ਭੰਡਾਰ ਅਤੇ ਸਮਾਜਿਕ ਸੂਝ ਨਜ਼ਰਅੰਦਾਜ਼ ਕੀਤੀ ਗਈ ਹੈ ਤਾਂ ਇਸ ਹੜ੍ਹ ਦੇ ਲਿਖੇ ਮੰਗ ਪੱਤਰ ਪੜ੍ਹੇ ਜਾ ਸਕਦੇ ਹਨ। ਪਹਿਲਾਂ ਗਿਆਨ ਭੰਡਾਰੇ ਆਪਣੀ ਨਜ਼ਰਅੰਦਾਜ਼ੀ ਦਾ ਮੁਕੱਦਮਾ ਰਿਆਸਤ ਦੀ ਅਦਾਲਤ ਵਿਚ ਪੇਸ਼ ਕਰਨ ਵਿਚ ਨਾਕਾਮਯਾਬ ਰਹੇ ਹਨ ਅਤੇ ਹੁਣ ਹੜ੍ਹ ਦੇ ਲਿਖੇ ਮੰਗ ਪੱਤਰ ਨਜ਼ਰਅੰਦਾਜ਼ ਹੋਣ ਦਾ ਖ਼ਦਸ਼ਾ ਮੰਡਰਾ ਰਿਹਾ ਹੈ। ਇਹ ਸਾਫ਼ ਹੈ ਕਿ ਹੜ੍ਹ ਦਾ ਲਿਖਿਆ ਮੰਗ ਪੱਤਰ ਕਿਸੇ ਸਿਆਸਤ ਜਾਂ ਮੁਨਾਫ਼ੇ ਉੱਤੇ ਸਵਾਰ ਨਹੀਂ ਹੈ ਸਗੋਂ ਇਹ ਜ਼ਿੰਮੇਵਾਰੀ ਅਤੇ ਦਿਆਨਤਦਾਰੀ ਦੀ ਭਾਲ ਵਿਚ ਆਇਆ ਹੈ। ਇਕ ਵਾਰ ਨਜ਼ਰਅੰਦਾਜ਼ ਹੋਇਆ ਮੰਗ ਪੱਤਰ ਮੌਕਾ ਮਿਲਦੇ ਹੀ ਦੁਬਾਰਾ ਪੇਸ਼ ਹੋ ਜਾਂਦਾ ਹੈ ਜੋ ਕੁਦਰਤੀ ਆਫ਼ਤ ਦਾ ਨੁਮਾਇੰਦਾ ਨਹੀਂ ਹੈ ਸਗੋਂ ਮਸਨੂਈ ਕਰੋਪੀ ਦਾ ਹਰਕਾਰਾ ਹੈ।

# ਚੁਣਾਵੀ ਜੰਗ ਦੀਆਂ ਤਿਆਰੀਆਂ

ਸਮੇਂ ਸਮੇਂ 'ਤੇ ਭਾਰਤ ਦੇ ਧਰਾਤਲ ਉਪਰ ਕੁਲੀਸ਼ਨ ਰਾਜਨੀਤੀ ਦਾ ਪ੍ਰਭਾਵ ਰਿਹਾ ਹੈ ਪਰ 2014 ਵਿਚ ਭਾਜਪਾ ਨੂੰ ਆਪਣੇ ਬਲਬੁੱਤੇ ਬਹੁਮਤ ਹਾਸਲ ਹੋ ਜਾਣ ਤੋਂ ਬਾਅਦ ਲੋਕਾਂ ਦੇ ਮਨਮਸਤਕ ਤੋਂ ਕੁਲੀਸ਼ਨ ਰਾਜਨੀਤੀ ਦਾ ਪ੍ਰਭਾਵ ਪੇਤਲਾ ਪੈਂਦਾ ਚਲਾ ਗਿਆ ਸੀ। ਭਾਜਪਾ ਨੂੰ ਹੁਣ ਆਪਣੇ ਉਨ੍ਹਾਂ ਸਾਥੀਆਂ ਦੀ ਲੋੜ ਨਹੀਂ ਰਹਿ ਗਈ ਸੀ ਜਿਨ੍ਹਾਂ ਤੋਂ ਲੋੜ ਪੈਣ

**ਰਾਧਿਕਾ ਰਾਮਾਸੇਸ਼ਨ**

'ਤੇ ਕਿਸੇ ਮੌਕੇ ਸਮਝੌਤਾ ਕਰਨ ਜਾਂ ਤੋੜਨ ਦੀ ਤਵੱਕੋ ਕੀਤੀ ਜਾਂਦੀ ਸੀ। ਉਸ ਸਾਲ ਮਈ ਮਹੀਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਭਾਜਪਾ ਨੂੰ ਅਸਥਿਰਤਾ ਖਿਲਾਫ਼ ਭਰਵੀਂ ਤਾਕਤ ਮਿਲਣ ਦੇ ਬਾਵਜੂਦ ਉਹ ਆਪਣੀਆਂ ਸਾਥੀ ਪਾਰਟੀਆਂ ਨੂੰ ਨਾਲ ਲੈ ਕੇ ਚੱਲਣਗੇ।

ਇਹ ਬਿਆਨ ਉਨ੍ਹਾਂ ਸਮਿਆਂ ਦਾ ਚੇਤਾ ਕਰਾਉਂਦਾ ਸੀ ਜਦੋਂ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠਲੀ ਭਾਜਪਾ ਸਰਕਾਰ ਨੂੰ ਆਪਣੀਆਂ ਸਹਿਯੋਗੀ ਪਾਰਟੀਆਂ ਦੀ ਹਮਾਇਤ ਦੀ ਬਹੁਤ ਲੋੜ ਪਈ ਸੀ। ਅਜਿਹਾ ਜਾਪਦਾ ਸੀ ਕਿ ਮੋਦੀ, ਵਾਜਪਾਈ ਵਲੋਂ ਕਾਇਮ ਕੀਤੇ ਗਏ ਕੌਮੀ ਜਮਹੂਰੀ ਗਠਜੋੜ (ਐੱਨ.ਡੀ.ਏ.) ਨੂੰ ਤੋੜਨਾ ਨਹੀਂ ਚਾਹੁੰਦੇ ਸਨ ਕਿਉਂਕਿ ਪਤਾ ਨਹੀਂ ਮੁੜ ਕਦੋਂ ਉਸ ਦੀ ਲੋੜ ਪੈ ਜਾਵੇ।

ਐੱਨ.ਡੀ.ਏ. ਜਿਹੇ ਗੱਠਜੋੜ ਵਿਹਾਰ ਤੇ ਅੰਤਰ-ਨਿਰਭਰਤਾ ਦੀ ਘਾੜਤ ਹੁੰਦੇ ਹਨ ਅਤੇ ਸਮੇਂ ਸਮੇਂ ਤਬਦੀਲ ਹੁੰਦੇ ਰਹਿੰਦੇ ਹਨ। ਜਦੋਂ ਕੁਝ ਆਗੂਆਂ ਨੂੰ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਸਿਆਸੀ ਹਿੱਤ ਖ਼ਤਰੇ ਵਿਚ ਹਨ ਤਾਂ ਉਹ ਪਾਰਟੀਆਂ ਛੱਡ ਕੇ ਚਲੀਆਂ ਜਾਂਦੀਆਂ ਹਨ; ਕੁਝ ਹੋਰ ਪਾਰਟੀਆਂ ਜ਼ਿਆਦਾ ਲਾਹੇ ਦੀ ਤਲਾਸ਼ ਵਿਚ ਚਲੀਆਂ ਜਾਂਦੀਆਂ ਹਨ। 2014 ਵਿਚ 11 ਪਾਰਟੀਆਂ ਮੋਦੀ ਸਰਕਾਰ ਵਿਚ ਹਿੱਸੇਦਾਰ ਬਣੀਆਂ ਸਨ ਜਦਕਿ ਕੁਝ ਹੋਰ ਪਾਰਟੀਆਂ ਜਿਵੇਂ ਹਰਿਆਣਾ ਜਨਹਿਤ ਕਾਂਗਰਸ ਦਾ ਲੋਕ ਸਭਾ ਚੋਣਾਂ ਵਿਚ ਖਾਤਾ ਨਾ ਖੁੱਲ੍ਹਣ ਕਰ ਕੇ ਸਰਕਾਰ ਵਿਚ ਸ਼ਾਮਲ ਨਾ ਹੋ ਸਕੀਆਂ। 2019 ਵਿਚ ਅਣਵੰਡੀ ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ ਅਤੇ ਅੰਨਾ ਡੀ.ਐੱਮ.ਕੇ. ਮੋਦੀ ਦੇ ਨਾਲ ਸਨ। ਮੋਦੀ ਨਾਲ ਨਿਤੀਸ਼ ਕੁਮਾਰ ਦੀ ਅਣਬਣ ਹੋਣ ਕਰ ਕੇ 2014 ਤੋਂ ਪਹਿਲਾਂ ਐੱਨ.ਡੀ.ਏ. ਤੋਂ ਕਿਨਾਰਾਕਸ਼ੀ ਕਰਨ ਵਾਲਾ ਜਨਤਾ ਦਲ (ਯੂ) ਵੀ ਵਾਪਸ ਆ ਗਿਆ ਸੀ ਕਿਉਂਕਿ ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਧਰਮ ਨਿਰਪੱਖ ਖੇਮੇ ਵਿਚ ਜਾਣ ਅਤੇ ਹਾਸ਼ੀਏ 'ਤੇ ਵਿਚਰਨ ਦੀ ਕੋਈ ਤੁੱਕ ਨਹੀਂ ਬਣਦੀ। ਉਦੋਂ ਤੱਕ ਭਾਜਪਾ ਨੇ ਉੱਤਰ ਪੂਰਬੀ ਖਿੱਤੇ ਵਿਚ ਨਵੇਂ ਭਿਆਲ ਲੱਭ ਲਏ ਸਨ। ਉਸ ਸਾਲ ਹੋਈਆਂ ਚੋਣਾਂ ਵਿਚ ਭਾਜਪਾ ਨੇ ਨਵੀਂ ਉਚਾਣ ਛੋਹੀ ਜਿਸ ਕਰ ਕੇ ਐੱਨ.ਡੀ.ਏ. ਅਪ੍ਰਸੰਗਕ ਹੋ ਗਿਆ ਸੀ। ਭਾਜਪਾ ਸੱਤਾ ਦਾ ਧੁਰਾ ਬਣ ਗਈ। ਐੱਨ.ਡੀ.ਏ. ਦੀਆਂ ਭਾਈਵਾਲ ਪਾਰਟੀਆਂ ਕੋਲ ਉਹ ਦਮ ਖ਼ਮ ਨਹੀਂ ਬਚਿਆ ਸੀ ਜੋ ਕਦੇ ਵਾਜਪਾਈ ਦੀ ਅਗਵਾਈ ਵਾਲੀ ਕੁਲੀਸ਼ਨ ਸਰਕਾਰ ਵੇਲੇ ਸੀ।

ਉਦੋਂ ਅਤੇ ਹੁਣ ਦੇ ਸਮੇਂ ਵਿਚ ਫ਼ਰਕ ਇਹ ਆ ਗਿਆ ਕਿ ਮੋਦੀ ਨੇ ਕਦੇ ਕੋਈ ਸੰਚਾਲਨ ਕਮੇਟੀ ਬਣਾਉਣ ਦੀ ਖੇਚਲ ਨਹੀਂ ਕੀਤੀ ਅਤੇ ਐੱਨ.ਡੀ.ਏ. ਦੀਆਂ ਮੀਟਿੰਗਾਂ ਦਾ ਸਿਲਸਿਲਾ ਬੰਦ ਹੋ ਕੇ ਰਹਿ ਗਿਆ; ਵਾਜਪਾਈ ਸੰਚਾਲਨ ਕਮੇਟੀ ਦਾ ਕਨਵੀਨਰ ਕਿਸੇ ਗ਼ੈਰ-ਭਾਜਪਾ ਪਾਰਟੀ ਦੇ ਆਗੂ ਨੂੰ ਥਾਪਦੇ ਸਨ। ਮੋਦੀ ਦੇ ਐੱਨ.ਡੀ.ਏ. ਦਾ ਕੋਈ ਚਿਹਰਾ ਨਹੀਂ ਹੈ। ਐੱਨ.ਡੀ.ਏ. ਦੇ ਪ੍ਰਸੰਗ ਵਿਚ ਉਦੋਂ ਅਣਕਿਆਸਿਆ ਮੋੜ ਆ ਗਿਆ ਜਦੋਂ ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਇਹ ਐਲਾਨ ਕੀਤਾ ਸੀ ਕਿ 18 ਜੁਲਾਈ ਨੂੰ ਨਵੀਂ ਦਿੱਲੀ ਵਿਚ ਹੋਣ ਵਾਲੀ ਮੀਟਿੰਗ ਵਿਚ 38 ਭਾਈਵਾਲ ਪਾਰਟੀਆਂ ਦੇ ਆਗੂ ਸ਼ਾਮਲ ਹੋਣਗੇ। ਇਹ ਪਾਰਟੀਆਂ ਕੌਣ ਸਨ? ਸ਼ਿਵ ਸੈਨਾ ਜੋ ਭਾਜਪਾ ਦੀ ਸਭ ਤੋਂ ਪੁਰਾਣੀ ਸਹਿਯੋਗੀ ਰਹੀ ਸੀ, ਦੋਫਾੜ ਹੋ ਗਈ ਅਤੇ ਇਸ ਦਾ ਏਕਨਾਥ ਸ਼ਿੰਦੇ ਦੀ ਅਗਵਾਈ ਵਾਲਾ ਧੜਾ ਭਾਜਪਾ ਨਾਲ ਆ ਗਿਆ ਹੈ। ਪਾਰਟੀ ਦੇ ਬਾਨੀ ਬਾਲਾਸਾਹਿਬ ਠਾਕਰੇ ਦੇ ਪੁੱਤਰ ਊਧਵ ਠਾਕਰੇ ਜੋ ਮਹਾਰਾਸ਼ਟਰ ਵਿਚ ਮਹਾ ਵਿਕਾਸ ਅਗਾੜੀ ਸਰਕਾਰ ਦੀ ਅਗਵਾਈ ਵੀ ਕਰਦੇ ਰਹੇ ਹਨ, ਦੀ ਅਗਵਾਈ ਵਾਲੀ ਸ਼ਿਵ ਸੈਨਾ ਨੇ ਭਾਜਪਾ ਨਾਲੋਂ ਆਪਣੇ ਸਾਰੇ ਸੰਬੰਧ ਤੋੜ ਲਏ ਹਨ ਅਤੇ ਇਹ ਵਿਰੋਧੀ ਧਿਰ ਦੇ ਮੁਹਾਜ਼ ਵਿਚ ਸ਼ਾਮਲ ਹੈ। ਭਾਜਪਾ ਦੇ ਜੋੜ ਤੋੜ ਨੂੰ ਊਧਵ ਮਾਤ ਨਹੀਂ ਦੇ ਸਕੇ। ਇਸੇ ਤਰ੍ਹਾਂ 2020 ਵਿਚ ਸ਼੍ਰੋਮਣੀ ਅਕਾਲੀ ਦਲ ਐੱਨ.ਡੀ.ਏ. 'ਚੋਂ ਬਾਹਰ ਹੋ ਗਿਆ ਸੀ ਜਦਕਿ ਜਨਤਾ ਦਲ (ਯੂ) ਪਿਛਲੇ ਸਾਲ ਬਿਹਾਰ ਵਿਚ ਮਹਾਗਠਬੰਧਨ ਵਿਚ ਵਾਪਸ ਆ ਗਿਆ ਸੀ।

ਮਹਾਰਾਸ਼ਟਰ ਵਿਚ ਝਟਕਾ ਉਦੋਂ ਲੱਗਿਆ ਜਦੋਂ ਸ਼ਰਦ ਪਵਾਰ ਦੀ ਅਗਵਾਈ ਵਾਲੀ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ.ਸੀ.ਪੀ.) ਵਿਚ ਫੁੱਟ ਪੈ ਗਈ। ਬਗ਼ਾਵਤ ਕਰਨ ਵਾਲਾ ਵੀ ਹੋਰ ਕੋਈ ਨਹੀਂ ਸੀ ਸਗੋਂ ਪਵਾਰ ਦਾ ਭਤੀਜਾ ਅਜੀਤ ਪਵਾਰ ਸੀ ਜੋ ਐੱਨ.ਡੀ.ਏ. ਵਿਚ ਸ਼ਾਮਲ ਹੋ ਗਿਆ ਹੈ। ਨਵੀਂ ਦਿੱਲੀ ਵਿਚ ਐੱਨ.ਡੀ.ਏ. ਦੇ ਸ਼ੋਅ ਦੌਰਾਨ ਭਾਜਪਾ ਚਿਰਾਗ ਪਾਸਵਾਨ ਨੂੰ ਲਿਆਉਣ ਵਿਚ ਕਾਮਯਾਬ ਹੋਈ। ਹਾਲਾਂਕਿ ਤੈਲਗੂ ਦੇਸਮ ਪਾਰਟੀ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ ਪਰ ਇਸ ਗੱਲ ਦੇ ਆਸਾਰ ਹਨ ਕਿ ਉਹ ਵੀ ਐੱਨ.ਡੀ.ਏ. ਵਿਚ ਵਾਪਸ ਆ ਸਕਦੇ ਹਨ।

ਐੱਨ.ਡੀ.ਏ. ਦੀ ਮੀਟਿੰਗ ਦਾ ਕੇਂਦਰ ਬਿੰਦੂ ਮੋਦੀ ਹੀ ਬਣੇ ਹੋਏ ਸਨ ਤੇ ਸਾਰੇ ਆਗੂ ਉਨ੍ਹਾਂ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹਣ ਵਿਚ ਲੱਗੇ ਹੋਏ ਸਨ। ਆਪਣੇ ਲੰਮੇ ਭਾਸ਼ਣ ਵਿਚ ਮੋਦੀ ਨੇ ਉਨ੍ਹਾਂ ਆਗੂਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਜਿਨ੍ਹਾਂ ਦੀ ਮੀਟਿੰਗ ਕੁਝ ਸਮਾਂ ਪਹਿਲਾਂ ਖਤਮ ਹੋਈ ਸੀ। ਨਵੀਂ ਦਿੱਲੀ ਤੋਂ ਕਰੀਬ ਦੋ ਹਜ਼ਾਰ ਕਿਲੋਮੀਟਰ ਦੂਰ ਬੰਗਲੁਰੂ ਵਿਖੇ ਵਿਰੋਧੀ ਧਿਰ ਦੀਆਂ ਪਾਰਟੀਆਂ ਦੀ ਇਕੱਤਰਤਾ ਹੋਈ ਜਿਸ ਵਿਚ ਲੰਮਾ ਸਮਾਂ ਕਾਂਗਰਸ ਦੀਆਂ ਸਹਿਯੋਗੀ ਪਾਰਟੀਆਂ ਜਿਵੇਂ ਡੀਐੱਮਕੇ, ਰਾਸ਼ਟਰੀ ਜਨਤਾ ਦਲ ਅਤੇ ਝਾਰਖੰਡ ਮੁਕਤੀ ਮੋਰਚਾ ਤੋਂ ਇਲਾਵਾ ਊਧਵ ਠਾਕਰੇ ਦੀ ਸ਼ਿਵ ਸੈਨਾ, ਆਮ ਆਦਮੀ ਪਾਰਟੀ, ਜਨਤਾ ਦਲ (ਯੂ), ਤ੍ਰਿਣਮੂਲ ਕਾਂਗਰਸ, ਸਮਾਜਵਾਦੀ ਪਾਰਟੀ, ਰਾਸ਼ਟਰੀ ਲੋਕ ਦਲ ਆਦਿ ਸ਼ਾਮਲ ਹੋਏ। ਪਟਨਾ ਵਿਚ 23 ਜੂਨ ਦੀ ਪਹਿਲੀ ਇਕੱਤਰਤਾ ਤੋਂ ਬਾਅਦ ਇਸ ਦੀ ਵਿਉਂਤਬੰਦੀ ਕੀਤੀ ਗਈ। ਜਾਪਦਾ ਹੈ ਕਿ 26 ਪਾਰਟੀਆਂ ਦੀ ਇਕੱਤਰਤਾ ਨੂੰ ਦੇਖ ਕੇ ਐੱਨ.ਡੀ.ਏ. ਨੂੰ ਸੁਰਜੀਤ ਕਰਨ ਦਾ ਯਕਦਮ ਖਿਆਲ ਆਇਆ ਹੈ।

ਪਟਨਾ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਬੰਗਲੁਰੂ ਵਿਚ ਕੁਝ ਕਦਮ ਹੋਰ ਪੇਸ਼ਕਦਮੀ ਕੀਤੀ ਹੈ। ਸਭ ਤੋਂ ਅਹਿਮ ਕੰਮ ਇਸ ਕੁਲੀਸ਼ਨ ਦੇ ਨਾਮਕਰਨ 'ਇੰਡੀਆ' (ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ) ਦੇ ਰੂਪ ਵਿਚ ਹੋਇਆ ਹੈ। ਜੇ ਵਿਰੋਧੀ ਧਿਰ ਨੇ ਭਾਜਪਾ ਦਾ ਭਰੋਸੇਮੰਦ ਬਦਲ ਬਣਨਾ ਹੈ ਤਾਂ ਹੁਣ ਤੋਂ ਲੈ ਕੇ 2024 ਤੱਕ ਇਸ ਨੂੰ ਆਪਣੇ ਕਾਰਜ ਅੰਜਾਮ ਦੇਣੇ ਪੈਣਗੇ। ਜਿੱਥੋਂ ਤੱਕ ਭਾਜਪਾ ਦਾ ਸਵਾਲ ਹੈ, ਇਸ ਦੇ ਸਾਹਮਣੇ ਬੁਨਿਆਦੀ ਸਵਾਲ ਇਹ ਰਹੇਗਾ ਕਿ ਜੇ ਚੋਣ ਪ੍ਰਚਾਰ ਦਾ ਧੁਰਾ ਮੋਦੀ ਨੇ ਹੀ ਬਣਨਾ ਹੈ ਜਿਵੇਂ ਆਸ ਹੈ ਕਿ ਉਹੀ ਬਣਨਗੇ, ਤਾਂ ਫਿਰ ਐੱਨ.ਡੀ.ਏ. ਨੂੰ ਸੁਰਜੀਤ ਕਰਨ ਦੀ ਕੀ ਮਜਬੂਰੀ ਹੈ?

# Punjabi American Organization

PAO www.paochicago.org

ਵਲੋਂ ਮਾਣ ਨਾਲ ਪੇਸ਼ ਹੈ ਮਿਡਵੈਸਟ ਦਾ 19ਵਾਂ ਰੰਗਾਰੰਗ ਪ੍ਰੋਗਰਾਮ

# Teeyan Da Mela-2023

## ਤੀਆਂ ਦਾ ਮੇਲਾ-2023

## July 30th, 2023 - Sunday





Satwinder Bitti

*Time: 10:30 AM to 4:00 PM*

**Cotillion Banquets**

360 S. Creekside Dr, Palatine, IL 60074

Live Performance by World Famous Punjabi Singer Satwinder Bitti

**Chief Guest**

Dr. Darshan Singh Dhaliwal & Debra Dhaliwal

Grand Sponsor

PROFESSIONAL HEALTHCARE LAB, INC

Grand Sponsor

**Jodi & Mac Bhamra**

Scan QR for Tickets

**Join us and enjoy**

Giddha, Dholki, Singing, Dancing, Mehndi, Shopping and Food

Special attraction of the Event

**Shaunkan Mele Di**

**ਸ਼ੌਂਕਣ ਮੇਲੇ ਦੀ**

For Participants requirements, contact any team member.

Tickets: General- $40 *VIP- $100
*VIP Table- $1000
*Kids 6 years to 12 years - $20
*Kids under 5 years - Free admission

*Lunch will be served between 12pm to 2pm* ■ *Food included with the ticket price*






Programme Hosted by
Gurleen Kaur
*TV Host/MC*

*For General inquiries & Sponsors*

Minni Multani 630-935-5239
Naina Singh 847-828-9412
Jasmeet Suga 630-673-6300
Joti Khaira 630-277-1649
Raj Mago 630-890-1362
Naiha Walia 847-687-9074
Jeevan Dhami 847-409-4675
Pinki Walia 847-999-8720
Prabh Khaira 630-267-2107
Sukhi Singh 847-917-3664
Rosie Rehal 630-699-8555
Sheetal 630-442-3334

*Performances/Stalls* Shaloo Chhabra 813-317-6815 Gurpreet K. Singh 630-677-6144

*Tickets* Kamal Hunjan 630-673-5156 Pammi Sangha 630-965-2930 Jolly Dandona 847-630-6417

"Volunteers and new members needed. High school volunteers will get community service hours"

Design by Kuljeet Dyalpuri

# ਮਨੀਪੁਰ, ਤੂੰ ਕਿਉਂ ਜਲ ਰਿਹੈਂ?

ਭਖਦਾ ਮਸਲਾ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਮਨੀਪੁਰ ਵਿਚ ਦੋ ਕਬਾਇਲੀ ਮਹਿਲਾਵਾਂ ਨੂੰ ਇਕ ਪਿੰਡ ਵਿਚ ਵੱਡੇ ਹਜੂਮ ਵਲੋਂ ਨੰਗਿਆਂ ਕਰ ਕੇ ਘੁਮਾਇਆ ਗਿਆ। ਇਹ ਘਟਨਾ ਚਾਰ ਮਈ 2023 ਦੀ ਹੈ, ਜਿਸ ਦੀ ਵੀਡੀਓ ਹੁਣ ਵਾਇਰਲ ਹੋਈ ਹੈ। ਵਿਸ਼ਵ ਭਰ ਵਿਚ ਇਸ ਘਟਨਾ ਦੀ ਨਿੰਦਿਆ ਹੋਈ ਹੈ। 'ਮਹਾਨ ਦੇਸ਼ ਭਾਰਤ' ਸ਼ਰਮਸਾਰ ਹੋਇਆ ਹੈ।

ਵੀਡੀਓ ਵਿਚਲੀਆਂ ਦੋ ਮਹਿਲਾਵਾਂ 'ਚੋਂ ਇਕ ਸਾਬਕਾ ਫੌਜੀ ਦੀ ਪਤਨੀ ਹੈ। ਇਸ ਫੌਜੀ ਨੇ ਕਾਰਗਿਲ ਜੰਗ ਲੜੀ ਸੀ। ਉਸਨੂੰ ਇਸ ਗੱਲ ਦਾ ਝੋਰਾ ਖਾ ਰਿਹਾ ਹੈ ਕਿ ਉਸਨੇ ਆਪਣੇ ਦੇਸ਼ ਨੂੰ ਤਾਂ ਮਹਿਫੂਜ਼ ਕਰ ਲਿਆ ਪਰ ਆਪਣੀ ਪਤਨੀ ਨੂੰ ਬੇਇੱਜ਼ਤ ਹੋਣ ਤੋਂ ਨਹੀਂ ਬਚਾ ਸਕਿਆ। ਇਹ ਵੀਡੀਓ ਵਾਇਰਲ ਹੁੰਦਿਆਂ ਹੀ ਸੁਪਰੀਮ ਕੋਰਟ ਵਲੋਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਨੂੰ ਸਖ਼ਤ ਕਾਰਵਾਈ ਕਰਨ ਦੇ ਹੁਕਮ ਦਿੰਦਿਆਂ ਚਿਤਾਵਨੀ ਦਿੱਤੀ ਗਈ ਕਿ ਜੇ ਉਨ੍ਹਾਂ ਵਲੋਂ ਕੋਈ ਐਕਸ਼ਨ ਨਾ ਲਿਆ ਗਿਆ ਤਾਂ ਸੁਪਰੀਮ ਕੋਰਟ ਆਪ ਕਾਰਵਾਈ ਕਰੇਗੀ। ਹੁਣ ਕੁਝ ਦਿਨਾਂ 'ਚ ਹੀ ਪੰਜ ਕਥਿਤ ਦੋਸ਼ੀ ਗ੍ਰਿਫ਼ਤਾਰ ਕਰ ਲਏ ਗਏ ਹਨ। ਦੋ ਮਹੀਨਿਆਂ ਤੋਂ ਵੱਧ ਸਮਾਂ ਬੀਤਣ ਬਾਅਦ ਵੀ ਆਖ਼ਰ ਸਰਕਾਰਾਂ ਨੇ ਕਾਰਵਾਈ ਕਿਉਂ ਨਹੀਂ ਕੀਤੀ? ਸਵਾਲ ਵੱਡਾ ਹੈ।

ਮੌਨਸੂਨ ਸੈਸ਼ਨ ਦੇ ਸ਼ੁਰੂ ਹੋਣ ਦੇ ਪਹਿਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਘਟਨਾ ਦੀ ਨਿੰਦਿਆ ਕੀਤੀ ਅਤੇ ਕਿਹਾ ਕਿ ਉਹ ਬਹੁਤ ਗੁੱਸੇ 'ਚ ਹਨ ਅਤੇ ਇਹ ਘਟਨਾ ਸ਼ਰਮਨਾਕ ਹੈ। ਇਸ ਘਟਨਾ ਸਬੰਧੀ ਵਿਸ਼ਵ ਪ੍ਰਸਿੱਧ ਅਖ਼ਬਾਰ 'ਦਿ ਟੈਲੀਗ੍ਰਾਫ' ਨੇ ਪਹਿਲੇ ਸਫ਼ੇ 'ਤੇ ਮਗਰਮੱਛ ਦੀ ਫੋਟੋ ਛਾਪ ਕੇ 79 ਦਿਨਾਂ ਦੀ ਕਾਰਵਾਈ ਛਾਪ ਕੇ ਲਿਖਿਆ ਹੈ ਕਿ ਆਖ਼ਰ ਘਟਨਾ ਦੇ 79ਵੇਂ ਦਿਨ ਮਨੀਪੁਰ, ਜੋ ਜਲ ਰਿਹਾ ਹੈ, ਸਬੰਧੀ 'ਮਗਰਮੱਛ ਦੇ ਹੰਝੂ' ਵਹਾਏ ਗਏ ਹਨ। ਇਹ ਅੱਥਰੂ ਕਿਸਦੇ ਹਨ, ਹਰ ਕੋਈ ਸਮਝ ਸਕਦਾ ਹੈ।

ਮਨੀਪੁਰ ਦੇ ਮੁੱਖ ਮੰਤਰੀ ਐਨ.ਬੀਰੇਨ ਨੇ ਮਨੀਪੁਰ 'ਚ ਵਾਪਰੀਆਂ ਘਟਨਾਵਾਂ ਸਬੰਧੀ ਕਿਹਾ ਕਿ ਸੂਬੇ 'ਚ ਇਨ੍ਹੀਂ ਦਿਨੀਂ ਸੈਂਕੜੇ ਘਟਨਾਵਾਂ ਵਾਪਰੀਆਂ ਹਨ। ਇਨ੍ਹਾਂ ਘਟਨਾਵਾਂ ਸਬੰਧੀ ਐਫ. ਆਈ. ਆਰ. (ਮੁਢਲੀਆਂ ਰਿਪੋਰਟਾਂ) ਦਰਜ ਕੀਤੀਆਂ ਗਈਆਂ ਹਨ।

ਪਰ ਜਿਸ ਢੰਗ ਨਾਲ ਮਨੀਪੁਰ 'ਚ ਪੁਲਿਸ/ਸਿਵਲ ਪ੍ਰਸ਼ਾਸਨ ਕੰਮ ਕਰ ਰਿਹਾ ਹੈ, ਉਸ ਦੀ ਇਕ ਮਿਸਾਲ ਇਹ ਹੈ ਕਿ ਇਕ ਕਬਾਇਲੀ ਮਹਿਲਾ ਨੇ ਸੈਕੁਲ ਥਾਣੇ 'ਚ ਸ਼ਿਕਾਇਤ ਦਰਜ ਕਰਵਾਈ ਸੀ, ਜਿਸ 'ਚ ਕਿਹਾ ਗਿਆ ਸੀ ਕਿ ਚਾਰ ਮਈ 2023 ਨੂੰ ਕੋਨੂ ਮਾਰਗ ਨੇੜੇ ਕਿਰਾਏ ਦੇ ਮਕਾਨ 'ਚ ਉਸਦੀ 21 ਸਾਲਾ ਧੀ ਅਤੇ ਧੀ ਦੀ 24 ਸਾਲਾ ਦੋਸਤ ਦਾ ਜਬਰ-ਜਨਾਹ ਕੀਤਾ ਗਿਆ ਅਤੇ ਫਿਰ ਉਸ ਦੀ ਹੱਤਿਆ ਕਰ ਦਿੱਤੀ ਗਈ। ਪੁਲਿਸ ਵਲੋਂ ਇਸ ਸਬੰਧੀ 16 ਮਈ, 2023 ਨੂੰ ਐਫ.ਆਈ.ਆਰ. ਦਰਜ ਕੀਤੀ ਗਈ। ਇਸ ਔਰਤ ਨੇ ਦੋਸ਼ ਲਾਇਆ ਕਿ 4 ਮਈ, 2023 ਨੂੰ ਦੋਵਾਂ ਲੜਕੀਆਂ ਨਾਲ ਬਹੁ-ਗਿਣਤੀ ਭਾਈਚਾਰੇ ਨਾਲ ਸਬੰਧਤ ਵਿਅਕਤੀਆਂ ਨੇ ਜਬਰ-ਜਨਾਹ ਕੀਤਾ ਪਰ ਸਮੂਹਿਕ ਜਬਰ-ਜਨਾਹ ਨਾਲ ਸਬੰਧਤ ਧਾਰਾ, ਕੇਸ ਦਰਜ ਕਰਨ ਲੱਗਿਆਂ, ਦਰਜ ਨਹੀਂ ਕੀਤੀ ਗਈ, ਪੁਲਿਸ ਵਲੋਂ ਮਾਮਲਾ ਦਬਾਉਣ ਦੀ ਕੋਸ਼ਿਸ਼ ਹੋਈ ਹੈ।

ਮਨੀਪੁਰ 'ਚ ਹਿੰਸਾ ਦੌਰਾਨ 150 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। 5000 ਘਰ ਸਾੜੇ ਜਾ ਚੁੱਕੇ ਹਨ। 60,000 ਲੋਕ ਘਰ ਛੱਡ ਕੇ ਹੋਰ ਸੁਰੱਖਿਅਤ ਥਾਵਾਂ 'ਤੇ ਨਿਵਾਸ ਕਰ ਰਹੇ ਹਨ। ਮਨੀਪੁਰ ਹਿੰਸਾ ਨਾਲ ਝੰਬਿਆ ਪਿਆ ਹੈ। ਪਿਛਲੇ ਕੁਝ ਮਹੀਨਿਆਂ ਤੋਂ ਕੁਕੀ ਅਤੇ ਮੈਤੇਈ ਭਾਈਚਾਰਿਆਂ ਵਿਚਕਾਰ ਟਕਰਾਅ ਚੱਲ ਰਿਹਾ ਹੈ। ਨਫ਼ਰਤ, ਸਾੜੇ ਦੇ ਬੱਦਲ ਪੂਰੇ ਮਨੀਪੁਰ 'ਤੇ ਛਾਏ ਹੋਏ ਹਨ। ਆਖ਼ਰ ਕੌਣ ਜ਼ਿੰਮੇਵਾਰ ਹੈ ਇਸ ਨਫ਼ਰਤੀ ਮਾਹੌਲ ਦਾ?

ਮਨੀਪੁਰ 'ਚ ਘਟਨਾਵਾਂ ਤਾਂ ਸੈਂਕੜੇ ਵਾਪਰੀਆਂ ਹਨ ਜਾਂ ਵਾਪਰ ਰਹੀਆਂ ਹਨ ਪਰ ਔਰਤਾਂ ਨਾਲ ਜਬਰ-ਜਨਾਹ ਦੀਆਂ ਘਟਨਾਵਾਂ 1984 'ਚ ਦਿੱਲੀ ਅਤੇ ਹੋਰ ਸ਼ਹਿਰਾਂ 'ਚ ਵਾਪਰੀਆਂ ਅਜਿਹੀਆਂ ਘਟਨਾਵਾਂ ਦੀ ਯਾਦ ਤਾਜ਼ਾ ਕਰ ਰਹੀਆਂ ਹਨ, ਜਦੋਂ ਸਿੱਖਾਂ ਦਾ ਕਤਲੇਆਮ ਇਸੇ ਕਿਸਮ ਦੀਆਂ ਭੀੜਾਂ ਵਲੋਂ ਕੀਤਾ ਗਿਆ, ਉਨ੍ਹਾਂ ਦੇ ਘਰ ਸਾੜੇ ਗਏ। ਗਲਾਂ 'ਚ ਟਾਇਰ ਪਾ ਕੇ ਅੱਗ ਲਾ ਕੇ ਉਨ੍ਹਾਂ ਨੂੰ ਸਾੜਿਆ ਗਿਆ। ਸਿੱਖ ਔਰਤਾਂ ਨਾਲ ਸ਼ਰ੍ਹੇਆਮ ਬਲਾਤਕਾਰ ਹੋਏ। ਸੜਕਾਂ ਉਤੇ ਦਹਿਸ਼ਤੀ ਮਾਹੌਲ ਬਣਾਇਆ ਗਿਆ। ਇਹ ਸਭ ਕੁਝ ਹਾਕਮ ਧਿਰਾਂ ਦੇ ਪਾਲੇ 'ਯੋਧਿਆਂ' ਦੀ ਕਮਾਨ ਹੇਠ ਹੋਇਆ।

ਮਨੀਪੁਰ ਦੀਆਂ ਘਟਨਾਵਾਂ ਵੀ ਹਾਕਮ ਟੋਲੇ ਦੀ ਸ਼ਹਿ ਉਤੇ ਹੋਣ ਦੇ ਸਪੱਸ਼ਟ ਸੰਕੇਤ ਹਨ, ਕਿਉਂਕਿ ਜਿਨ੍ਹਾਂ ਦੋ ਔਰਤਾਂ ਨੂੰ ਨੰਗੇ ਘੁਮਾਇਆ ਗਿਆ, ਉਨ੍ਹਾਂ ਨੂੰ ਪਹਿਲਾਂ ਪੁਲਿਸ ਨੇ ਆਪਣੀ ਗੱਡੀ 'ਚ ਬਿਠਾਇਆ, ਫਿਰ ਥੋੜ੍ਹੀ ਦੇਰ ਬਾਅਦ ਭੀੜ ਦੇ ਹਵਾਲੇ ਕਰ ਦਿੱਤਾ ਗਿਆ। ਇਸ ਸਬੰਧੀ ਪੀੜਤ ਔਰਤਾਂ ਨੇ ਆਪਣੀ ਦਰਦ ਕਹਾਣੀ ਬਿਆਨ ਕੀਤੀ ਹੈ।



ਜਦੋਂ ਮਨੀਪੁਰ ਸੜ ਰਿਹਾ ਸੀ। ਕੇਂਦਰ ਸਰਕਾਰ ਚੁੱਪ ਰਹੀ। ਸਰਕਾਰੀ ਅਸਲਾਖਾਨੇ ਵਿਚੋਂ 4000 ਸਵੈਚਾਲਿਤ ਹਥਿਆਰ ਅਤੇ ਗੋਲੀ ਬਾਰੂਦ ਲੁੱਟ ਲਿਆ ਗਿਆ, ਪਰ ਸੁਰੱਖਿਆ ਬਲ ਹੱਥ 'ਤੇ ਹੱਥ ਧਰ ਕੇ ਬੈਠੇ ਰਹੇ। ਦੇਸ਼ ਦੇ ਗ੍ਰਹਿ ਮੰਤਰੀ ਇਕ ਵਾਰ ਮਨੀਪੁਰ ਦੇ ਦੌਰੇ 'ਤੇ ਗਏ ਪਰ ਕੋਈ ਸਖ਼ਤ ਕਦਮ ਨਹੀਂ ਚੁੱਕਿਆ, ਜਿਸ ਨਾਲ ਘਟਨਾਵਾਂ 'ਤੇ ਕਾਬੂ ਪਾਇਆ ਜਾ ਸਕੇ। ਆਖ਼ਿਰ ਉਪਰਲੀ, ਹੇਠਲੀ ਸਰਕਾਰ ਨੇ ਇਨ੍ਹਾਂ ਘਟਨਾਵਾਂ 'ਤੇ ਚੁੱਪੀ ਕਿਉਂ ਵੱਟੀ ਰੱਖੀ?

ਮਨੀਪੁਰ, ਭਾਰਤ ਦੇ ਉੱਤਰ-ਪੂਰਬ ਵਿਚ ਸਰਹੱਦੀ ਸੂਬਾ ਹੈ, ਜਿਸ ਦੀ 352 ਕਿਲੋਮੀਟਰ ਹੱਦ ਅੰਤਰਰਾਸ਼ਟਰੀ ਸਰਹੱਦਾਂ ਨਾਲ ਲਗਦੀ ਹੈ। ਇਸ ਦੇ ਉੱਤਰ ਵਿਚ ਨਾਗਾਲੈਂਡ, ਦੱਖਣ 'ਚ ਮਿਜ਼ੋਰਮ, ਪੂਰਬ 'ਚ ਮਿਆਂਮਾਰ ਅਤੇ ਪੱਛਮ 'ਚ ਆਸਾਮ ਦਾ ਇਕ ਜ਼ਿਲ੍ਹਾ ਕੱਚਰ ਲਗਦਾ ਹੈ।

ਮੌਜੂਦਾ ਘਟਨਾਵਾਂ ਦਾ ਆਰੰਭ ਉਸ ਵੇਲੇ ਹੋਇਆ ਜਦੋਂ ਸੂਬੇ ਦੇ ਦੋ ਗਰੁੱਪਾਂ ਕੁਕੀ ਅਤੇ ਮੈਤੇਈ 'ਚ ਹਿੰਸਕ ਝੜਪਾਂ ਤਿੰਨ ਮਈ 2023 ਨੂੰ ਆਰੰਭ ਹੋਈਆਂ। ਆਪਸੀ ਝੜਪਾਂ ਦਾ ਤਤਕਾਲੀ ਕਾਰਨ ਇਹ ਬਣਿਆ ਕਿ ਜਿਸ ਕੁਕੀ ਭਾਈਚਾਰੇ ਅਤੇ ਨਾਗਾ ਕਬੀਲਿਆਂ ਨੂੰ ਸ਼ਡਿਊਲਡ ਕਬੀਲੇ ਮੰਨ ਕੇ ਸਰਕਾਰ ਵਲੋਂ ਸਹੂਲਤਾਂ ਮਿਲਦੀਆਂ ਸਨ, ਉਨ੍ਹਾਂ ਵਿਚ ਮੈਤੇਈ ਕਬੀਲਿਆਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਤਾਂ ਕਿ ਉਨ੍ਹਾਂ ਨੂੰ ਵੀ ਬਣਦੇ ਆਰਥਿਕ ਲਾਭ ਮਿਲ ਸਕਣ। ਮੈਤੇਈ ਭਾਈਚਾਰਾ ਪਿਛਲੇ ਇਕ ਦਹਾਕੇ ਤੋਂ ਇਸ ਦੀ ਮੰਗ ਕਰ ਰਿਹਾ ਸੀ।

ਇਸ ਮੰਗ ਨੂੰ ਅਪ੍ਰੈਲ 2023 ਨੂੰ ਉਦੋਂ ਬਲ ਮਿਲਿਆ ਜਦੋਂ ਮਨੀਪੁਰ ਹਾਈਕੋਰਟ ਨੇ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਇਹ ਮੰਗ ਮੰਨੀ ਜਾਏ। ਅਤੇ ਇਸੇ ਸਾਲ ਮਈ ਦੇ ਅੱਧ ਤਕ ਲਾਗੂ ਕੀਤੀ ਜਾਵੇ। ਇਸ ਤਹਿਤ ਮੈਤੇਈ ਕਬੀਲੇ ਨੂੰ ਸਿੱਖਿਆ ਅਤੇ ਸਰਕਾਰੀ ਨੌਕਰੀਆਂ 'ਚ ਹਿੱਸਾ ਮਿਲ ਜਾਣਾ ਹੈ, ਜਿਹੜਾ ਪਹਿਲਾਂ ਸਿਰਫ਼ ਕੁਕੀ ਅਤੇ ਨਾਗਾ ਕਬੀਲਿਆਂ ਨੂੰ ਮਿਲਦਾ ਹੈ।

ਕੁਕੀ ਅਤੇ ਨਾਗਾ ਕਬੀਲੇ ਪਹਾੜੀ ਹਿੱਸੇ 'ਚ ਰਹਿੰਦੇ ਹਨ ਜਿਹੜੇ ਕੁੱਲ ਮਨੀਪੁਰ ਆਬਾਦੀ ਦਾ 43 ਫ਼ੀਸਦੀ ਹਨ ਅਤੇ ਉਸ ਖਿੱਤੇ 'ਚ ਰਹਿੰਦੇ ਹਨ ਜਿਹੜਾ ਵਿਕਸਤ ਨਹੀਂ ਹੈ ਜਦਕਿ ਮੈਤੇਈ ਕਬੀਲੇ ਦੇ ਲੋਕ (ਜਿਨ੍ਹਾਂ ਦੀ ਆਬਾਦੀ ਸੂਬੇ ਦੀ ਆਬਾਦੀ 'ਚੋਂ ਅੱਧ ਤੋਂ ਵੱਧ ਹੈ) ਵਿਕਸਿਤ ਇਲਾਕਿਆਂ 'ਚ ਰਹਿੰਦੇ ਹਨ।

ਮਨੀਪੁਰ 'ਚ ਭਾਰਤੀ ਜਨਤਾ ਪਾਰਟੀ ਦਾ ਰਾਜ ਹੈ ਅਤੇ ਇੱਥੋਂ ਦਾ ਮੁੱਖ ਮੰਤਰੀ ਬੀਰੇਨ ਸਿੰਘ, ਮੈਤੇਈ ਕਬੀਲੇ ਦਾ ਹੈ ਅਤੇ ਕੁਕੀ ਕਬੀਲੇ ਦੇ ਲੋਕਾਂ ਦਾ ਇਲਜ਼ਾਮ ਹੈ ਕਿ ਇਹ ਸਭ ਕੁਝ ਦੇ ਪਿੱਛੇ ਮੈਤੇਈ ਮੁੱਖ ਮੰਤਰੀ ਬੀਰੇਨ ਸਿੰਘ ਦੀ ਸਾਜ਼ਿਸ਼ ਹੈ ਅਤੇ ਉਹੀ ਅਜਿਹੀਆਂ ਘਟਨਾਵਾਂ ਖ਼ਾਸ ਕਰਕੇ ਪੁਲਿਸ ਪ੍ਰਸ਼ਾਸਨ ਨੂੰ ਚੁੱਪ ਕਰਾਉਣ-ਕਰਨ ਦੇ ਜ਼ਿੰਮੇਵਾਰ ਹਨ, ਜਿਨ੍ਹਾਂ ਦੀ ਸੂਬੇ 'ਚ ਸ਼ਾਂਤੀ ਬਹਾਲ ਕਰਨ ਦੀ ਜ਼ਿੰਮੇਵਾਰੀ ਹੈ।

ਇਸ ਵੇਲੇ ਮਨੀਪੁਰ 'ਚ ਗ੍ਰਹਿ ਯੁੱਧ ਚੱਲ ਰਿਹਾ ਹੈ। ਵੱਡੀ ਗਿਣਤੀ ਪੈਰਾ ਮਿਲਟਰੀ ਫੋਰਸਿਜ਼ ਦੀ ਤਾਇਨਾਤੀ ਦੇ ਬਾਵਜੂਦ ਪੁਲਿਸ ਅਸਲਾ ਲੁੱਟਿਆ ਗਿਆ ਹੈ, ਸੈਂਕੜੇ ਚਰਚ ਅਤੇ ਇਕ ਦਰਜਨ ਮੰਦਿਰ ਢਾਹੇ ਗਏ ਹਨ। ਨਾਗਾ ਅਤੇ ਕੁਕੀ ਕਬੀਲਾ ਈਸਾਈ ਹੈ, ਮੈਤੇਈ ਬਹੁਤਾ ਕਰਕੇ ਹਿੰਦੂ ਹਨ, ਪਰ ਮੌਜੂਦਾ ਸੰਘਰਸ਼ ਧਾਰਮਿਕ ਨਹੀਂ ਹੈ।

ਭਾਵੇਂ ਲੰਮੇ ਸਮੇਂ ਤੋਂ ਮੈਤੇਈ, ਕੁਕੀ, ਨਾਗਾ ਕਬੀਲੇ ਇਕ-ਦੂਜੇ ਨਾਲ ਵੈਰ ਵਿਰੋਧ ਦੇ ਹੁੰਦਿਆਂ ਵੀ ਆਪਣੇ ਲਈ ਹੋਮ ਲੈਂਡ ਲਈ ਭਾਰਤ ਦੇ ਸੁਰੱਖਿਆ ਬਲਾਂ ਨਾਲ ਲੜਦੇ ਰਹੇ ਹਨ, ਪਰ ਹੁਣ ਵਾਲੀਆਂ ਘਟਨਾਵਾਂ ਪਿੱਛੇ ਹੋਰ ਵੀ ਵੱਡੇ ਕਾਰਨ ਹਨ, ਜਿਨ੍ਹਾਂ ਵਿਚ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਉਨ੍ਹਾਂ ਵਿਚ ਫੈਲੀ ਅਸੰਤੁਸ਼ਟਤਾ ਹੈ। ਇਹ ਮਨੀਪੁਰ ਦੇ ਸਾਰੇ ਵਰਗਾਂ ਦੇ ਲੋਕਾਂ 'ਚ ਹੈ। ਭਾਵੇਂ ਉਹ ਕਿਸੇ ਵੀ ਕਬੀਲੇ ਦੇ ਹਨ।

ਜਿਹੋ ਜਿਹੀ ਗੰਭੀਰ ਸਥਿਤੀ ਮਨੀਪੁਰ ਵਿਚ ਬਣੀ ਹੋਈ ਹੈ, ਉਹ ਚਿੰਤਾਜਨਕ ਹੈ। ਇਹੋ ਜਿਹੇ ਸਮਿਆਂ 'ਚ ਹਾਕਮਾਂ ਦੀ ਚੁੱਪੀ ਪ੍ਰੇਸ਼ਾਨ ਕਰਦੀ ਹੈ। ਦੇਸ਼ ਵਿਚ ਘੱਟ ਗਿਣਤੀ ਨੂੰ ਸਬਕ ਸਿਖਾਉਣ ਦਾ ਜੋ ਵਰਤਾਰਾ ਚੱਲ ਰਿਹਾ ਹੈ, ਉਸਦੀ ਝਲਕ ਮਨੀਪੁਰ 'ਚ ਵਿਖਾਈ ਦੇ ਰਹੀ ਹੈ।

ਮਨੀਪੁਰ ਵਿਚ ਵਸਦੇ ਕੁਕੀ ਤੇ ਮੈਤੇਈ ਭਾਈਚਾਰਿਆਂ 'ਚ ਸ਼ੱਕ, ਨਫ਼ਰਤ, ਹਿੰਸਾ ਦਾ ਮਾਹੌਲ ਹੈ। ਇਸੇ ਕਰਕੇ ਲਗਾਤਾਰ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਦਿਨੋ-ਦਿਨ ਵਧ ਰਹੀਆਂ ਹਨ। ਦੋਹਾਂ ਧਿਰਾਂ 'ਚ ਆਪਸੀ ਭਰੋਸਾ ਪੈਦਾ ਕਰਨ ਦੇ ਕੋਈ ਯਤਨ ਨਹੀਂ ਹੋ ਰਹੇ। ਨਾ ਸਰਕਾਰੀ, ਨਾ ਹੀ ਗੈਰ-ਸਰਕਾਰੀ, ਨਾ ਸਿਆਸੀ।

ਸਵਾਲਾਂ ਦਾ ਸਵਾਲ ਇਹ ਹੈ ਕਿ ਭਾਰਤ ਦਾ ਗ੍ਰਹਿ ਵਿਭਾਗ ਇਨ੍ਹਾਂ ਵਾਪਰੀਆਂ ਘਟਨਾਵਾਂ 'ਤੇ ਚੁੱਪ ਕਿਉਂ ਹੈ? ਕੀ ਜੇਕਰ ਇਹ ਮਹਿਲਾਵਾਂ ਵਾਲੀ ਵੀਡੀਓ ਵਾਇਰਲ ਨਾ ਹੁੰਦੀ ਤਾਂ ਕੀ ਦੇਸ਼ ਦਾ ਪ੍ਰਧਾਨ ਮੰਤਰੀ ਚੁੱਪ ਹੀ ਬੈਠਾ ਰਹਿੰਦਾ? ਉਹ 79ਵੇਂ ਦਿਨ ਹੀ 4 ਮਈ ਦੀ ਸ਼ਰਮਨਾਕ ਘਟਨਾ 'ਤੇ ਕਿਉਂ ਬੋਲਿਆ?

4 ਮਈ 2023 ਦੀ ਘਟਨਾ ਸਬੰਧੀ ਦੇਸ਼ ਦਾ ਮੀਡੀਆ ਚੁੱਪ ਕਿਉਂ ਬੈਠਾ ਰਿਹਾ? ਕੀ ਦੇਸ਼ ਦੀਆਂ ਸਮਾਚਾਰ ਏਜੰਸੀਆਂ, ਵੱਡੇ-ਵੱਡੇ ਪ੍ਰਿੰਟ ਮੀਡੀਆ ਦੇ ਅਖ਼ਬਾਰ, ਚੈਨਲ ਇਨ੍ਹਾਂ ਘਟਨਾਵਾਂ ਦੀ ਥਾਹ ਹੀ ਨਾ ਪਾ ਸਕੇ?

ਗੋਦੀ ਮੀਡੀਆ ਨੇ ਤਾਂ ਚੁੱਪ ਵੱਟ ਕੇ ਬੈਠਣਾ ਹੀ ਸੀ, ਪਰ ਦੂਜਾ ਮੀਡੀਆ ਵੀ ਅਜਿਹੀਆਂ ਘਟਨਾਵਾਂ ਨੂੰ ਲੋਕਾਂ ਸਾਹਮਣੇ ਕਿਉਂ ਨਹੀਂ ਲੈ ਕੇ ਆ ਸਕਿਆ? ਆਖ਼ਰ ਸੋਸ਼ਲ ਮੀਡੀਆ ਹੀ ਇਹੋ ਜਿਹੀਆਂ ਸ਼ਰਮਨਾਕ ਘਟਨਾਵਾਂ ਉਤੋਂ ਪਰਦਾ ਚੁੱਕ ਸਕਿਆ ਹੈ।

ਇਥੇ ਹੈਰਾਨੀ ਵਾਲਾ ਸਵਾਲ ਸਿਆਸੀ ਆਗੂਆਂ ਨੂੰ ਵੀ ਪੁੱਛਿਆ ਜਾਣਾ ਬਣਦਾ ਹੈ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਕਿ ਉਹ ਮਨੁੱਖ ਮਾਰੂ ਔਰਤ ਵਿਰੋਧੀ, ਨਫਰਤ ਫੈਲਾਉਣ ਵਾਲੇ ਲੋਕਾਂ ਵਿਰੁੱਧ ਸਮੇਂ ਸਿਰ ਕਿਉਂ ਨਾ ਬੋਲ ਸਕੇ? ਕੀ ਇਨ੍ਹਾਂ ਘਟਨਾਵਾਂ ਦੀ ਸੂਚਨਾ ਉਨ੍ਹਾਂ ਤਕ ਪਹਿਲਾਂ ਨਹੀਂ ਪਹੁੰਚੀ? ਜਾਪਦਾ ਹੈ ਮਨੁੱਖ ਦਾ ਲਹੂ ਸਫੈਦ ਹੋ ਗਿਆ ਹੈ।

ਸਵਾਲ ਤਾਂ ਇਹ ਵੀ ਹੈ ਕਿ ਕਿਉਂ ਸਾਡੇ ਸਮਾਜ ਨੇ ਰੂੜ੍ਹੀਵਾਦੀ, ਭਰਾ ਮਾਰੂ, ਨਫ਼ਰਤੀ ਵਰਤਾਰੇ ਨੂੰ ਧਰਮ, ਜਾਤ ਦੇ ਨਾਂ 'ਤੇ ਵਧਣ ਫੁੱਲਣ ਦਿੱਤਾ ਹੋਇਆ ਹੈ? ਕਿਉਂ ਦੇਸ਼ ਦਾ ਬੁੱਧੀਜੀਵੀ, ਲੇਖਕ, ਸਭਿਅਕ ਆਗੂ, ਚੇਤੰਨ ਲੋਕ, ਭਾਰਤੀ ਪਰੰਪਰਾਵਾਂ ਦੇ ਹਿੱਤ 'ਚ ਬੋਲਣ ਦੀ ਥਾਂ ਡਰ ਦੇ ਮਾਹੌਲ 'ਚ ਜੀਉਣਾ ਸਿੱਖ ਰਹੇ ਹਨ।

ਫਿਲਾਸਫਰ ਸਾਰਤਰ ਦੇ ਸ਼ਬਦ ਯਾਦ ਆਉਂਦੇ ਹਨ, 'ਸੱਤਾਧਾਰੀ, ਸਾਡੀਆਂ ਜ਼ਬਾਨਾਂ ਬੰਦ ਕਰਨ 'ਤੇ ਲੱਗੇ ਹੋਏ ਹਨ। ਅਸੀਂ ਚੁੱਪ ਹਾਂ। ਅਸੀਂ ਹਰ ਵੇਲੇ ਕੈਦ, ਜਲਾਵਤਨੀ ਤੇ ਮੌਤ ਬਾਰੇ ਸੋਚਣ 'ਤੇ ਮਜਬੂਰ ਕਰ ਦਿੱਤੇ ਗਏ ਹਾਂ। ਅੱਜ ਹਰ ਪਾਸੇ-ਕੰਧਾਂ 'ਤੇ, ਅਖ਼ਬਾਰਾਂ ਵਿਚ, ਮੀਡੀਆ ਤੇ, ਸਾਨੂੰ ਆਪਣੀ ਬੇਪਤੀ ਵਾਲੀ ਤਸਵੀਰ ਵੇਖਣ ਨੂੰ ਮਿਲ ਰਹੀ ਹੈ, ਜੋ ਕਿ ਸਾਡੇ ਹੁਕਮਰਾਨ ਸਾਨੂੰ ਕਬੂਲ ਕਰਾਉਣਾ ਚਾਹੁੰਦੇ ਹਨ।'

ਇਹ ਸਭ ਕੁਝ ਕਦੇ ਫਰਾਂਸ 'ਚ ਵਾਪਰਦਾ ਸੀ, ਅੱਜ ਇੱਥੇ ਵਾਪਰ ਰਿਹਾ ਹੈ। ਕੀ ਭਾਰਤੀ ਬੇਬਸ ਹੋ ਗਏ ਹਨ।

'ਬੋਲ ਕਿ ਲਬ ਆਜ਼ਾਦ ਹੈਂ ਤੇਰੇ,
ਬੋਲ ਜ਼ਬਾਂ ਅਬ ਤਕ ਤੇਰੀ ਹੈ,'- ਫ਼ੈਜ਼ ਅਹਿਮਦ ਫ਼ੈਜ਼

## ਮਨੀਪੁਰ ਦੀਆਂ ਘਟਨਾਵਾਂ ਨੂੰ ਸਮਰਪਿਤ

### ਭਾਰਤ ਦੇਸ਼ ਮਹਾਨ

ਭਾਰਤ ਦੇਸ਼ ਮਹਾਨ ਹੈ ਅੱਜ ਮੈਂ ਉਸਦੀ ਕਥਾ ਸੁਣਾਵਾਂ
ਕਿੰਜ ਧੀਆਂ ਨੂੰ ਕਰਕੇ ਨੰਗੀਆਂ ਨੋਚਿਆ ਕੁੱਤਿਆਂ ਕਾਂਵਾਂ।

ਸੜਕਾਂ ਉਤੇ ਬੇਸ਼ਰਮੀ ਦੇ ਨਾਚ ਮਰਦ ਨੇ ਕੀਤੇ
ਤੱਕਦੀ ਰਹੀ ਤਮਾਸ਼ਾ ਖ਼ਲਕਤ ਖੜ੍ਹ ਕੇ ਚੁੱਪ ਚੁਪੀਤੇ।

ਅਲਫ਼ ਨੰਗੀ ਕਰ ਕੇ ਔਰਤ ਨੂੰ ਮਰਦ ਨੇ ਨਾਮ ਕਮਾਇਆ
ਜਿਸ ਔਰਤ ਨੇ ਜਨਮ ਸੀ ਦਿੱਤਾ ਕਹਿਰ ਉਸ 'ਤੇ ਢਾਇਆ।

ਔਰਤ ਨੇ ਜਦ ਮਰਦ ਨੂੰ ਜੰਮਿਆ ਬੇ-ਗ਼ੈਰਤ ਸੀ ਨੰਗਾ
ਉਸ ਮਾਂ ਦੀ ਹੀ ਇੱਜ਼ਤ ਲੁੱਟ ਕੇ ਫਿਰੇ ਨਹਾਉਂਦਾ ਗੰਗਾ।

ਔਰਤ ਮਾਂ ਹੈ, ਔਰਤ ਧੀ ਹੈ, ਗੰਗਾ ਨਦੀ ਵੀ ਮਾਂ ਹੈ
ਪਰ ਨਿਰਲੱਜ ਮਰਦ ਦੇ ਅੰਦਰ ਸ਼ਰਮ ਦੀ ਕਿੱਥੇ ਥਾਂ ਹੈ।

ਜੱਜ, ਵਕੀਲ, ਦਲੀਲ, ਅਪੀਲ ਨਾ ਕਿਧਰੇ ਹੈ ਸੁਣਵਾਈ
ਮੋਦੀ ਫਿਰੇ ਜਹਾਜ਼ਾਂ ਉਤੇ ਭੁੱਬਦੀ ਜਾਏ ਲੁਕਾਈ।

ਮੋਦੀ ਦੀ ਸਰਕਾਰ ਧਰਮ ਦੇ ਨਾਂ 'ਤੇ ਜ਼ੁਲਮ ਕਮਾਵੇ
ਵਹਿਸ਼ੀ ਮਰਦਾਂ ਹੱਥੋਂ ਔਰਤ ਹਰ ਥਾਂ ਲੁੱਟੀ ਜਾਵੇ।

ਚੁੱਪ ਹੈ ਕਿਉਂ, ਸਮ੍ਰਿਤੀ ਈਰਾਨੀ ਮੂੰਹ ਨੂੰ ਲਾ ਕੇ ਤਾਲੇ
ਲੱਖ ਲਾਹਣਤ ਹੈ ਉਸ 'ਤੇ ਜੋ ਨਾ ਔਰਤ ਦਾ ਪੱਖ ਪਾਲੇ।

ਕੀ ਔਰਤ ਪਾ ਗਹਿਣੇ ਗੱਟੇ, ਮੂਰਤ ਬਣ ਕੇ ਰਹਿ ਗਈ
ਰਾਣੀ ਝਾਂਸੀ, ਮਾਂ ਭਾਗੋ ਦੀ ਸਿੱਖਿਆ ਭੁੱਲ ਕੇ ਬਹਿ ਗਈ।

ਉਠੋ ਭੈਣੋ, ਧੀਓ, ਅੰਮੀਓ, ਜ਼ਾਲਮ ਨੂੰ ਲਲਕਾਰੋ
ਸ਼ਸਤਰ ਧਾਰੀ ਬਣੋ, ਜ਼ਾਲਮਾਂ ਤਾਈਂ ਚੁਣ ਚੁਣ ਮਾਰੋ।

ਹਰ ਥਾਂ ਚੀਰ ਹਰਨ ਪਏ ਹੋਂਦੇ ਪੰਚਾਲੀ ਕੁਰਲਾਵੇ
ਕੋਈ ਕ੍ਰਿਸ਼ਨ ਕਨ੍ਹੱਈਆ ਉਸਦੀ ਪੱਤ ਢੱਕਣ ਨਾ ਆਵੇ।

ਗੋਦੀ ਮੀਡੀਆ ਵਿਕਿਆ ਹੋਇਆ ਗੁਣ ਮੋਦੀ ਦੇ ਗਾਵੇ
ਨਾ ਕੋਈ ਜ਼ਖ਼ਮ ਕਿਸੇ ਦੇ ਬੰਨ੍ਹੇ ਨਾ ਕੋਈ ਮਰਹਮ ਲਾਵੇ।

ਕਲਮਾਂ ਵਾਲਿਓ ਉਠੋ ਵੀਰੋ ਕਲਮਾਂ ਅੱਜ ਚਲਾਓ
ਬਦਲ ਦਿਓ ਇਹ ਰਾਜ ਭਾਗ ਤੇ ਤਖ਼ਤਾਂ ਨੂੰ ਪਲਟਾਓ।

ਕੀ ਔਰਤ ਦੀ ਜੂਨ ਬਣਾਈ ਲਿਖੇ ਨੇ ਕੈਸੇ ਲੇਖ
ਇਹੋ ਹਮਾਰਾ ਜੀਵਣਾ ਤੂ ਸਾਹਿਬ ਸੱਚੇ ਵੇਖ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

---

### ਭਾਰਤ ਦਾ ਅਸਲੀ ਚਿਹਰਾ

ਏਹ ਹੈ ਭਾਰਤ ਦਾ, ਅਸਲੀ ਚਿਹਰਾ।
ਹਿੰਦੁਸਤਾਨ ਦਾ, ਗਰਕਿਆ ਵਿਹੜਾ।

ਖਿਡਾਰਨਾਂ ਨੇ, ਇਨਸਾਫ਼ ਸੀ ਮੰਗਿਆ।
ਸਭਨਾਂ ਨੂੰ ਪਤਾ ਹੈ, ਮਿਲਿਆ ਜਿਹੜਾ।

ਹਾਥਰਸ ਯੂ ਪੀ ਦੀ, ਓਹ ਕਹਾਣੀ।
ਪਤਾ ਹੈ ਸਭ ਨੂੰ, ਕੌਣ ਦੋਸ਼ੀ ਕਿਹੜਾ।

ਏਸ ਤਰ੍ਹਾਂ ਦੀਆਂ, ਬਹੁਤ ਸਚਾਈਆਂ।
ਬਿਆਨਬਾਜ਼ੀਆਂ ਦੇ, ਛੜਾਵਣ ਖਹਿੜਾ।

ਬੋਦਲਾਂ ਦੇ ਸੁੱਖਵਿੰਦਰਾ, ਏਹ ਭਾਰਤ।
ਹੁਣ ਨਹੀਂ ਰਿਹਾ, ਜੋ ਸੀ ਤੇਰਾ ਮੇਰਾ।

**-ਸੁੱਖਵਿੰਦਰ ਬੋਦਲਾਂਵਾਲਾ**
**ਵਾਸ਼ਿੰਗਟਨ ( ਯੂ ਐਸ ਏ )**

# ਗਵਾਰਾਂ ਦਾ ਹਾਸਾ

**ਚੰਡੀਗੜ੍ਹ :** ਅੱਜ ਸ਼ੁਰੂਆਤ 'ਦੀਵਾਰ' ਫਿਲਮ ਦੇ ਮਸ਼ਹੂਰ ਡਾਇਲਾਗ ਨਾਲ, 'ਮੇਰੇ ਪਾਸ ਬੰਗਲਾ ਹੈ, ਗਾੜੀ ਹੈ, ਤੁਮਹਾਰੇ ਪਾਸ ਕਿਆ ਹੈ'? ...ਮੇਰੇ ਪਾਸ ਮਾਂ ਹੈ'। ਮਨ ਹੌਲਾ ਨਾ ਕਰੋ ਸੱਜਣੋ! ਰੁੱਤਾਂ ਕੋਲ ਜੇ ਇੰਦਰ ਦੇਵਤਾ ਹੈ ਤਾਂ ਪੰਜਾਬ ਕੋਲ ਵੀ ਮਹਾਰਾਜਾ ਅਮਰਿੰਦਰ ਹਨ, ਬੀਬੀ ਰਜਿੰਦਰ ਕੌਰ ਭੱਠਲ ਹਨ। ਪਾਣੀ ਸਿਰੋਂ ਲੰਘਦਾ ਦਿਖੇ ਤਾਂ ਮਹਾਰਾਣੀ ਪ੍ਰਨੀਤ ਕੌਰ ਵੀ ਹਨ। ਏਨੇ ਪ੍ਰਤਾਪੀ ਚਿਹਰੇ ਹੋਣ, ਫਿਰ ਘੱਗਰਾਂ ਦੀ ਕੀ ਮਜਾਲ। 'ਚੰਗੇ ਮਲਾਹ ਦੀ ਪਛਾਣ ਤੂਫਾਨ ਆਏ ਤੋਂ ਹੀ ਹੁੰਦੀ ਹੈ।' ਇਕੱਲੇ ਪਾਣੀਆਂ ਦੇ ਰਾਖੇ ਨਹੀਂ, ਮਲਾਹਾਂ ਦੇ ਵੀ ਬਾਦਸ਼ਾਹ ਨੇ ਅਮਰਿੰਦਰ। ਨਹੀਂ ਯਕੀਨ ਤਾਂ ਗੁਟਕਾ ਸਾਹਿਬ ਦੀ ਸਹੁੰ

**ਚਰਨਜੀਤ ਭੁੱਲਰ**

ਚੁਕਵਾ ਦਿੰਦੇ ਹਾਂ। ਭਲਿ"! ਪੰਜਾਬ ਖਾਤਰ ਤਾਂ ਅਮਰਿੰਦਰ ਭਾਜਪਾ ਦੇ ਘਰ ਤੱਕ ਚਲੇ ਗਏ ਨੇ। ਹੋਰ ਕੀ ਭਾਲਦੇ ਹੋ..!

ਪਹਿਲਾਂ ਲਹਿਰਾਗਾਗਾ ਚੱਲਦੇ ਹਾਂ। ਬੀਬੀ ਭੱਠਲ ਕਿਤੇ ਲੰਡਨ ਨਾ ਗਏ ਹੁੰਦੇ, ਘੱਗਰ ਦੀ ਸਾਰ ਲੈਣ 'ਚ ਉਨ੍ਹਾਂ ਅੱਗੇ ਹੋਣਾ ਸੀ। ਚੇਤੇ ਕਰੋ ਉਹ ਦਿਨ, ਜਦੋਂ ਇੰਦਰ ਦੇਵਤਾ ਜੁਆਕਾਂ ਵਾਂਗੂ ਰੁੱਸੇ ਸਨ। ਸੋਕੇ ਨੇ ਬੱਸ ਕਰਵਾ ਦਿੱਤੀ ਸੀ। ਉਦੋਂ ਘੱਗਰ ਐਨ ਸੁੱਕਾ ਸੀ, ਚੰਡੀਗੜ੍ਹ 'ਚ ਹਾਰ ਸ਼ਿੰਗਾਰ ਲਾ ਕੇ, ਘੱਗਰੇ ਪਾ ਕੇ ਬੀਬੀਆਂ ਕੱਠੀਆਂ ਹੋਈਆਂ, ਤੀਆਂ ਮਨਾਉਣ ਲਈ ਨਹੀਂ, ਇੰਦਰ ਦੇਵਤਾ ਨੂੰ ਮਨਾਉਣ ਵਾਸਤੇ। ਅਗਵਾਈ ਉਦੋਂ ਦੀ ਮੰਤਰੀ ਬੀਬੀ ਭੱਠਲ ਨੇ ਕੀਤੀ ਸੀ। ਸਖੀਆਂ ਰਲ ਮਿਲ ਗੁੱਡੀ ਫੂਕੀ। ਗੁਲਜ਼ਾਰ ਵੀ ਸ਼ਰਧਾ 'ਚ ਗੁਣਗਣਾਏ ਸਨ.. 'ਅੱਲਾ ਮੇਘ ਦੇ..'।

ਨਵੀਂ ਪੀੜ੍ਹੀ ਨੂੰ ਨਹੀਂ ਪਤਾ ਕਿ ਸੋਕਾ ਪੈਣ 'ਤੇ ਕੁੜੀਆਂ ਗੁੱਡੀ ਫੂਕਦੀਆਂ ਨੇ। ਇੰਦਰ ਦੇਵਤਾ ਵੀ ਪਟਿਆਲਵੀ ਰਾਜੇ ਵਾਂਗੂ ਥੋੜਾ ਮਿਜਾਜ਼ੀ ਰੰਗ ਦੇ ਨੇ, ਰੰਗੀਨਪੁਣੇ ਦੇਖ ਪ੍ਰਸੰਨ ਹੁੰਦੇ ਨੇ। ਬਲਵੰਤ ਗਾਰਗੀ ਨੇ ਕੇਰਾਂ ਬਠਿੰਡੇ ਥਰਮਲ ਦੀਆਂ ਚਿਮਨੀਆਂ ਦੇਖ ਕਿਹਾ ਸੀ, 'ਬਈ! ਏਹ ਤਾਂ ਰੱਬ ਦਾ ਘੱਗਰਾ ਐ।' ਗਾਰਗੀ ਅੱਜ ਸਾਡੇ 'ਚ ਹੁੰਦੇ ਤਾਂ ਉਨ੍ਹਾਂ ਘੱਗਰ ਨੂੰ ਰੱਬ ਦੀ ਘੱਗਰੀ ਆਖ ਦੇਣਾ ਸੀ। ਪਰਲੋਕਪੁਰੀ 'ਚ ਗੂੰਜ ਪਈ ਹੋਣੀ ਐ, 'ਤੇਰੇ ਘੱਗਰੇ ਦੀ ਨੀਂ ਲੌਣ ਭਿੱਜ ਗਈ।' ਸਿਆਸਤਦਾਨ ਲੋੜ ਵੇਲੇ ਗਧੇ ਨੂੰ ਬਾਪ ਕਹਿਣੋਂ ਨਹੀਂ ਝਿਜਕਦੇ, ਘੱਗਰੀਆਂ ਪਾਉਣਾ ਇਨ੍ਹਾਂ ਲਈ ਕੀ ਔਖੈ। ਕਿਸਾਨਾਂ ਨੇ ਜ਼ਰੂਰ ਰੱਬ ਦੇ ਮਾਂਹ ਵਾਹੇ ਹੋਣੇ ਨੇ, ਤਾਹੀਂ" ਰੱਬ ਦਾ ਅੱਡਾ ਇੰਚਾਰਜ ਅੱਜ ਪੰਜਾਬ ਨਾਲ ਰੁੱਸਿਐ। 'ਕਦੇ ਡੋਬਾ, ਕਦੇ ਸੋਕਾ'।

'ਬੱਦਲ ਚੜਿਆ ਚੰਬਲੋਂ, ਡੰਗਰ ਵੱਛੇ ਸਾਂਭਲੋ'। ਸਤਲੁਜ ਤੇ ਘੱਗਰ ਕਿਥੋਂ ਸਾਂਭਣ ਦਿੰਦੇ ਆ। ਜੀਅ ਕਰਦੈ ਅਮਰਿੰਦਰ ਦੇ ਚਰਨ ਧੋਵਾਂ, ਜਿਨ੍ਹਾਂ ਤੋਂ ਪਰਜਾ ਦਾ ਦੁੱਖ ਝੱਲ ਨਹੀਂ" ਹੁੰਦਾ। 1993 'ਚ ਹੜ੍ਹ ਆਏ ਤਾਂ ਅਮਰਿੰਦਰ ਲੰਡਨੋਂ ਸਿੱਧੇ ਪਟਿਆਲੇ ਪੁੱਜੇ। ਪੁਰਾਣੀ ਮਿੱਥ ਹੈ ਕਿ ਜਦੋਂ ਪਟਿਆਲਾ ਨਦੀ ਚੜ੍ਹਦੀ ਹੈ, ਮਹਾਰਾਜਾ ਨਦੀ 'ਚ ਨੱਥ ਚੂੜਾ ਚੜ੍ਹਾਉਂਦੇ, ਨਦੀ ਉਤਰ ਜਾਂਦੀ ਹੈ।

ਕਹਿੰਦੇ ਕਿਸੇ ਫਕੀਰ ਨੇ ਸਰਾਪ ਦਿੱਤਾ ਸੀ। ਤਾਹੀਂ ਪਟਿਆਲਾ ਡੁੱਬਦੈ। 'ਔਖੇ ਵੇਲੇ ਸਾਥ ਜੋ ਦੇਵੇ, ਸੋਈ ਮੀਤ ਪਛਾਣੀਏ'। ਲੋਕ ਅਮਰਿੰਦਰ ਦੇ ਪੁਰਖਿਆਂ ਦੇ ਨਾਮ ਨਹੀਂ ਲੈਂਦੇ ਸਨ, ਉਨ੍ਹਾਂ ਨੂੰ ਸਰਕਾਰ ਆਖ ਬੁਲਾਉਂਦੇ ਸਨ। ਐਤਕੀਂ ਦੋਖੀਆਂ ਨੇ ਕੂੜ ਪ੍ਰਚਾਰ ਕੀਤਾ ਕਿ ਨਦੀ ਉਤਾਰਨ ਮਹਾਰਾਜਾ ਨਹੀਂ ਆਇਆ। ਇਨ੍ਹਾਂ ਬੁੱਧੂਆਂ ਨੂੰ ਕੌਣ ਸਮਝਾਏ ਕਿ ਉਹ ਦੁੱਖਾਂ ਦਾ ਦਰਦੀ, ਤੁਹਾਡੇ ਖਾਤਰ ਜ਼ਰੂਰ ਸਿਸਵਾਂ ਵਾਲੇ ਧੂਣੇ 'ਤੇ ਬੈਠ ਤਪੱਸਿਆ ਪਿਆ ਕਰਦਾ ਹੋਵੇਗਾ। ਮਹਾਰਾਣੀ ਪ੍ਰਨੀਤ ਕੌਰ ਕਿੰਨੀ ਬੇਰਪਵਾਹ ਹੈ ਜਿਨ੍ਹਾਂ ਪਟਿਆਲਾ ਨੂੰ ਹੱਥ ਦੇ ਕੇ ਰੱਖ ਲਿਆ। ਜੇ ਮਹਾਰਾਣੀ ਨਦੀ 'ਚ ਨੱਥ ਚੂੜਾ ਨਾ ਚੜ੍ਹਾਉਂਦੀ, ਸਭ ਵੋਟਾਂ ਨੇ ਰੁੜ੍ਹ ਜਾਣਾ ਸੀ। ਹਾਲੇ ਮੂੜ੍ਹਮੱਤੀਏ ਆਖਦੇ ਪਏ ਨੇ, ਏਹ ਤਾਂ ਅੰਧ ਵਿਸ਼ਵਾਸ ਐ।

ਮੂਰਖਦਾਸੋ ! ਜੇ ਧੰਨਾ ਭਗਤ ਪੱਥਰਾਂ ਚੋਂ ਰੱਬ ਨੂੰ ਪਾ ਸਕਦੈ, ਗਊ ਮੂਤਰ ਕਰੋਨਾ ਨੂੰ ਭਜਾ ਸਕਦੈ, ਮੋਦੀ ਦੇ ਜਹਾਜ਼ ਬੱਦਲਾਂ ਵਿਚ ਲੁਕ ਸਕਦੇ ਨੇ ਤਾਂ ਨੱਥ ਚੂੜਾ ਨਦੀ ਨੂੰ ਕਿਉਂ ਨਹੀਂ ਉਤਾਰ ਸਕਦਾ। ਇਤਿਹਾਸਿਕ ਤੇ ਮਿਥਹਾਸਿਕ ਤਜਰਬੇ ਨੇ ਇਸ 'ਤੇ ਵੱਡੀ ਮੋਹਰ ਲਾਈ ਹੈ। ਕੁਦਰਤ ਦਾ ਮਹਾਰਾਜੇ ਨਾਲ ਅਜੀਬ ਨੱਥ-ਜੋੜ ਹੈ, ਤਾਹੀਂ ਜਜਮਾਨ ਵੀ ਬਚਾਅ ਲਏ। ਭਗਵੰਤ ਮਾਨ ਤਾਂ ਐਵੇਂ ਟੱਕਰਾਂ ਮਾਰਦੇ ਫਿਰਦੈ, ਚੰਗਾ ਹੁੰਦਾ ਉਹ ਰਾਣੀ ਸਾਹਿਬਾਂ ਨੂੰ ਦੂਸਰੇ ਦਰਿਆਵਾਂ 'ਤੇ ਵੇਲੇ ਸਿਰ ਲੈ ਜਾਂਦਾ। ਘੱਟੋ ਘੱਟ ਪੰਜਾਬ ਤਾਂ ਬਚ ਜਾਂਦਾ। ਉਲਟਾ ਆਖਦਾ ਫਿਰਦੈ, ਇਨ੍ਹਾਂ ਨੇ ਤਾਂ ਪੰਜਾਬ ਡੋਬਿਐ। ਕਿਸੇ ਨੇ ਇਨ੍ਹਾਂ ਨੂੰ ਦੇਖ ਹੀ ਕਲਮ ਝਰੀਟੀ ਹੋਊ, 'ਕੁਛ ਤੋ ਲੋਗ ਕਹੇਂਗੇ, ਲੋਗੋਂ ਕਾ ਕਾਮ ਹੈ ਕਹਿਨਾ।'

ਕੌਣ ਕਹੇ ਰਾਣੀਏ ਅੱਗਾ ਢੱਕ। ਅੱਗੇ ਤਾਂ ਭਾਈ ਲੋਕ ਸਭਾ ਚੋਣਾਂ ਨੇ। ਰੰਜ ਤੇ ਤਨਜ਼ ਛੱਡੋ, ਦਾਸ ਦੀ ਮੰਨੋ ਤਾਂ ਮਹਾਰਾਣੀ ਨੂੰ ਉਨ੍ਹਾਂ ਟੈਕੀਆਂ ਕੋਲ ਵੀ ਲੈ ਕੇ ਜਾਓ, ਜਿਥੇ ਹੱਕ ਮੰਗਣ ਵਾਲੇ ਚੜ੍ਹੇ ਨੇ, ਸ਼ਾਇਦ ਨੱਥ ਚੂੜੇ ਨਾਲ ਹੀ ਉਤਰ ਜਾਣ। ਮੋਤੀ ਮਹਿਲ ਦੇ ਤਜਰਬੇ ਦਾ ਛਿੱਟਾ ਪੂਰੇ ਪੰਜਾਬ 'ਤੇ ਦੇਵੋ। ਮੁਫਤ ਦੀ ਸਲਾਹ ਮੰਨੋ ਤਾਂ ਪ੍ਰਨੀਤ ਕੌਰ ਨੂੰ 'ਨੌਲੇਜ ਸ਼ੇਅਰਿੰਗ ਪ੍ਰੋਗਰਾਮ' ਤਹਿਤ ਦਿੱਲੀ ਵੀ ਭੇਜੋ, ਯਮੁਨਾ ਦਾ ਪਾਣੀ ਤਾਂ ਉਤਰੂ। ਫਿਰ ਕੀ ਪਤੈ, ਮੋਦੀ ਸਰਕਾਰ ਕੋਈ ਨਵਾਂ 'ਨੱਥ ਮੰਤਰਾਲਾ' ਹੀ ਬਣਾ ਦੇਵੇ। ਪ੍ਰਨੀਤ ਕੌਰ ਦੀ ਵਜ਼ੀਰੀ ਪੱਕੀ।

ਦਾਨ ਪੁੰਨ 'ਚ ਮੋਤੀ ਮਹਿਲ ਦਾ ਕੋਈ ਸਾਨੀ ਨਹੀਂ। ਬਹੁਤਾ ਦੂਰ ਨਾ ਜਾਵੋ, 2022 ਦੀਆਂ ਚੋਣਾਂ ਤੋਂ ਐਨ ਪਹਿਲਾਂ ਅਮਰਿੰਦਰ ਨੇ ਪੰਡਤ ਬੁਲਾਏ, ਸਿਆਸੀ ਗੁਮਾਸ਼ਤੇ ਕਾਲਾ ਕੱਟਾ ਲੈ ਆਏ, ਪੰਡਤਾਂ ਨੇ ਮੰਤਰਾਂ ਦੀ ਝੜੀ ਲਾਈ, ਮਹਾਰਾਜੇ ਨੇ ਆਪਣੇ ਕਰ ਕਮਲਾਂ ਨਾਲ ਕੱਟਾ ਦਾਨ ਕੀਤਾ। ਮਹਾਰਾਜਵੀ ਹੱਥਾਂ ਦੀ ਛੋਹ ਪ੍ਰਾਪਤ ਹੋਣ ਨਾਲ ਕੱਟਾ ਸਾਹਿਬ ਧੰਨ ਹੋ ਗਏ। ਕੱਟਾ ਕੀ ਜਾਣੇ ਕਿ ਇਨ੍ਹਾਂ ਹੱਥਾਂ ਦੀ ਛੋਹ ਦਾ ਵਿਰਲਿਆਂ ਨੂੰ ਸੁਭਾਗ ਪ੍ਰਾਪਤ ਹੁੰਦੈ। ਮਰਹੂਮ ਕਾਂਗਰਸੀ ਨੇਤਾ ਰਤਨ ਦੇਵ ਭੰਡਾਰੀ ਦਾ ਸ਼ੇਅਰ ਹੈ, 'ਹਮ ਮਿਠਾਈ ਬਾਂਟਤੇ ਫਿਰਤੇ ਹੈਂ ਆਜ, ਹੈ ਹਮਾਰੀ ਭੈਂਸ ਨੇ ਕੱਟਾ ਦੀਆ'। ਸ਼ਾਇਦ ਇਹ ਭੰਡਾਰੀਆਂ ਦਾ ਹੀ ਕੱਟਾ ਹੋਵੇਗਾ ਜਿਹੜਾ ਰਾਜੇ ਦੀਆਂ ਅੱਖਾਂ 'ਚ ਅੱਖਾਂ ਗੱਡੀ ਖੜ੍ਹਾ ਸੀ। ਨਹੀਂ ਕਿਸੇ ਮਹਾਤੜ ਦੇ ਕੱਟੇ ਦੀ ਏਨੀ ਮਜਾਲ ਕਿਥੇ।

ਖੈਰ ਕਿਤੇ ਅਮਰਿੰਦਰ ਚੋਣ ਜਿੱਤ ਜਾਂਦੇ ਤਾਂ ਕੱਟਾ ਜਾਤੀ ਦਾ ਸਿਰ ਮਾਣ 'ਚ ਉੱਚਾ ਹੋਣਾ ਸੀ। ਹਾਰਪੁਣਾ ਇਕੱਲਾ ਮਹਾਰਾਜੇ ਪੱਲੇ ਨਹੀਂ ਪਿਆ ਬਲਕਿ ਕੱਟਾ ਜਾਤੀ ਵੀ ਮੂੰਹ ਦਿਖਾਉਣ ਜੋਗੀ ਨਹੀਂ ਰਹੀ। ਜਿੱਤ ਬਖਸ਼ਿਸ਼ ਹੁੰਦੀ ਤਾਂ ਸ਼ਾਹੀ ਸ਼ਹਿਰ ਨੇ 'ਕੱਟਿਆਂ ਵਾਲੇ ਪਟਿਆਲੇ'ਵਜੋਂ ਮਸ਼ਹੂਰ ਹੋਣਾ ਸੀ। ਮਹਾਰਾਜੇ ਨੂੰ ਗੱਦੀ ਮਿਲਦੀ ਤਾਂ ਕੱਟਾ ਜਾਤੀ' ਨੂੰ ਵੀ ਇੱਜ਼ਤ ਮਿਲਣੀ ਤੈਅ ਸੀ। ਹੋ ਸਕਦੈ ਸਰਕਾਰ ਕੱਟੇ ਨੂੰ 'ਰਾਜ ਪਸ਼ੂ' ਐਲਾਨ ਦਿੰਦੀ। ਲੋਕਾਂ ਨੇ ਫੇਰ ਸ਼ਾਹੀ ਸ਼ਹਿਰ ਨੂੰ ਪਟਿਆਲਾ ਨਹੀਂ, 'ਕਟਿਆਲਾ' ਕਹਿਣਾ ਸੀ।

ਮੋਦੀ ਬੰਦਿਆ! ਤੁਸੀਂ ਵੀ ਕੁਰਬਾਨੀ ਦਾ ਮੁੱਲ ਨਹੀਂ ਪਾਇਆ। ਤੁਹਾਨੂੰ ਡਰ ਮਾਰ ਗਿਆ ਹੋਊ ਕਿ ਜੇ ਅਮਰਿੰਦਰ ਨੂੰ ਗਵਰਨਰ ਲਾ'ਤਾ ਤਾਂ ਰਾਜ ਭਵਨ ਵਿਚ ਗਊ ਦੀ ਥਾਂ ਕੱਟੇ ਨੇ ਲੈ ਲੈਣੀ ਹੈ। ਚਲੋ ਕੱਟਾ ਬਾਣੀ ਛੱਡੀਏ, ਉਨ੍ਹਾਂ ਕੋਲ ਚੱਲੀਏ

ਜਿਨ੍ਹਾਂ ਨੂੰ ਹੜ੍ਹਾਂ ਅੱਗੇ ਗੋਡੇ ਟੇਕਣੇ ਪਏ ਨੇ, ਜਿਨ੍ਹਾਂ ਨੂੰ ਨਿੱਤ ਨਵੀਂ ਜੰਗ ਲੜਨੀ ਪੈ ਰਹੀ ਹੈ। ਲਤਾ ਮੰਗੇਸ਼ਕਰ ਠੀਕ ਫਰਮਾ ਰਹੀ ਹੈ.. 'ਜ਼ਿੰਦਗੀ ਹਰ ਕਦਮ ਇੱਕ ਨਈ ਜੰਗ ਹੈ ।' ਨੇਤਾਵਾਂ ਦਾ ਢਿੱਡ ਅਤੇ ਗਰੀਬ ਦਾ ਭੜੋਲਾ ਕਦੇ ਨਹੀਂ ਭਰਦੇ। 'ਚਿੜੀਆਂ ਦਾ ਮਰਨ, ਗਵਾਰਾਂ ਦਾ ਹਾਸਾ'। ਸੱਚਮੁੱਚ ਨੇਤਾਵਾਂ ਨੇ ਹੜਾਂ ਨੂੰ ਤਮਾਸ਼ਾ ਬਣਾ ਰੱਖਿਆ ਹੈ। ਕਿਤੇ ਕਾਮਰੇਡ ਗੁੱਸਾ ਨਾ ਕਰ ਜਾਣ, ਹੜ੍ਹ ਝੱਲਣ ਵਾਲਿਓ! ਨੇਤਾਵਾਂ ਤੋਂ ਨਹੀਂ, ਉਸ ਮਾਲਕ ਤੋਂ ਮੰਗੋ..'ਇਤਨੀ ਸ਼ਕਤੀ ਹਮੇਂ ਦੇਨਾ ਦਾਤਾ..'।

# ਮਰਦੀ ਨੇ ਅੱਕ ਚੱਬਿਆ-ਮਨੀਪੁਰ ਵਾਰੇ ਪ੍ਰਧਾਨ ਸੇਵਕ ਨੂੰ ਬੋਲਣਾ ਹੀ ਪਿਆ

ਮਨੀਪੁਰ ਵਿਚਲੇ ਸ਼ਰਮਨਾਕ ਕਾਂਡ ਦੇ 77ਵੇਂ ਦਿਨ ਸਾਡੇ 'ਮੋਨੀ ਬਾਬਾ' ਪ੍ਰਧਾਨ ਸੇਵਕ ਨੂੰ ਆਖਿਰਕਾਰ ਮੂੰਹ ਖੋਲ੍ਹਣਾ ਹੀ ਪਿਆ, ਪਰ ਮਨੀਪੁਰ ਦੀ ਕਰਤੂਤ ਉਪਰ ਆਪਣੀ 'ਪੀੜਾ' ਬਿਆਨ ਕਰਦੇ ਕਰਦੇ ਵੀ ਉਹ ਸਿਆਸੀ ਠੁਲ੍ਹਾ ਲਾਉਣੋਂ ਬਾਝ ਨਹੀਂ ਆਏ।

ਕਿਸ ਗੱਲ ਨੇ ਸਾਡੇ 'ਮੋਨੀ ਬਾਬਾ ਜੀ' ਨੂੰ ਬੋਲਣ ਲਈ ਮਜਬੂਰ ਕੀਤਾ?

ਸੁਪਰੀਮ ਕੋਰਟ ਦੀ ਤਾੜਨਾ, ਵਿਰੋਧੀ ਧਿਰ ਦੇ ਜੁਟਵੇਂ ਜ਼ੋਰਦਾਰ ਵਿਰੋਧ, ਲੋਕਾਂ ਦੇ ਰੋਹ, ਸੋਸ਼ਲ ਮੀਡੀਆ ਉਪਰ ਅਤੇ ਵਿਦੇਸ਼ਾਂ ਵਿਚ ਹੋ ਰਹੀ ਸਰਕਾਰ ਦੀ ਕਿਰਕਿਰੀ ਨੇ 'ਮਰਦੀ ਨੂੰ ਅੱਕ ਚੱਬਣ' ਲਈ ਮਜਬੂਰ ਕੀਤਾ!



ਮਾਮਲਾ ਮਨੀਪੁਰ ਵਿਚ ਕੁੱਕੀ ਕਬੀਲੇ ਦੀਆਂ ਦੋ ਕੁੜੀਆਂ ਨੂੰ ਮਨੀਪੁਰ ਦੇ ਬਹੁਮਤ ਵਾਲੇ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਕਬੀਲੇ ਦੇ ਗੁੰਡਿਆਂ ਵਲੋਂ 4 ਮਈ ਨੂੰ ਨਿਰਵਸਤਰ ਕਰ ਕੇ ਪੁਲਿਸ ਦੀ ਹਾਜ਼ਰੀ ਵਿਚ ਸੜਕਾਂ ਉਪਰ ਨੰਗੇ ਪਰੇਡ ਕਰਵਾਏ ਜਾਣ ਅਤੇ ਇਕ ਦੇ ਗੈਂਗਰੇਪ ਜਿਹੀ ਸ਼ਰਮਨਾਕ ਕਰਤੂਤ ਅਤੇ ਉਸ ਦੇ ਭਰਾ ਦੇ ਨਿਰਦੈਤਾ ਨਾਲ ਕੀਤੇ ਗਏ ਕਤਲ ਦਾ ਹੈ।

ਮਨੀਪੁਰ ਵਿਚ ਭਾਜਪਾ ਦੀ ਸਰਕਾਰ ਹੈ ਅਤੇ ਕੇਂਦਰ ਵਿਚ ਵੀ ਇਸੇ ਹੀ ਪਾਰਟੀ ਦੀ ਸਰਕਾਰ ਹੈ। ਇਹ ਗੱਲ ਜੱਗ ਜ਼ਾਹਿਰ ਹੈ ਕਿ ਮਨੀਪੁਰ ਵਿਚ ਪਿਛਲੇ ਦੋ-ਢਾਈ ਮਹੀਨਿਆਂ ਤੋਂ ਦੋ ਕਬਾਇਲੀ ਬਿਰਾਦਰੀਆਂ ਵਿਚ ਇਕ ਕਿਸਮ ਦੀ ਜੰਗ ਵਰਗੇ ਹਾਲਾਤ ਬਣੇ ਹੋਏ ਹਨ। ਸਾਡੇ ਪ੍ਰਧਾਨ ਸੇਵਕ ਵਿਦੇਸ਼ਾਂ ਦੇ ਦੌਰੇ ਕਰ ਰਹੇ ਹਨ, ਫਰਾਂਸ ਅਤੇ ਸੰਯੁਕਤ ਅਰਬ ਅਮੀਰਾਤ ਦੇ ਪ੍ਰਮੁੱਖਾਂ ਨਾਲ ਬਗਲਗੀਰ ਹੋ ਰਹੇ ਹਨ, ਸਨਮਾਨ ਪ੍ਰਾਪਤ ਕਰ ਰਹੇ ਹਨ। ਭਾਰਤ ਮਹਾਨ 'ਸ਼ਾਈਨ' (ਲਿਸ਼ਕ ਰਿਹੈ) ਕਰ ਰਿਹੈ ਅਤੇ ਬਸ ਸਮਝੋ ਵਿਸ਼ਵ ਗੁਰੂ ਬਣਿਆ ਕਿ ਬਣਿਆ।

ਏਧਰ ਮਨੀਪੁਰ ਵਿਚ ਕਹਿਰ ਜਾਰੀ ਹੈ। ਘੱਟ-ਗਿਣਤੀ ਕਬੀਲੇ ਉਪਰ ਬਹੁ-ਗਿਣਤੀ ਕਬੀਲੇ ਵਲੋਂ ਸੱਤਧਾਰੀਆਂ ਦੀ ਪੁਸ਼ਤਪਨਾਹੀ ਨਾਲ ਜਬਰ ਢਾਏ ਜਾ ਰਹੇ ਹਨ। ਪਰ ਪ੍ਰਧਾਨ ਸੇਵਕ ਦੀ ਨਿਰੰਤਰ ਚੁੱਪ ਇਸ ਗੱਲ ਦਾ ਸੰਕੇਤ ਹੈ ਕਿ 'ਸਭ ਅੱਛਾ' ਹੈ। ਵਿਦੇਸ਼ੀ ਦੌਰਿਆਂ ਦਾ ਮਤਲਬ ਵੀ ਇਹੀ ਹੈ। ਆਹ ਤਾਂ 'ਬੇੜਾ ਬੈਠੇ' ਇੰਟਰਨੈਟ ਦਾ, ਜਿਸ ਨੇ 4 ਮਈ ਦੀ ਸ਼ਰਮਨਾਕ ਵੀਡੀਓ ਵਾਇਰਲ ਕਰ ਦਿੱਤੀ (ਭਾਵੇਂ ਇਹ ਰਿਕਾਰਡਿਡ 3 ਮਈ ਦੀ ਹੈ)। ਦੇਸ਼ ਵਿਚ ਕੁਹਰਾਮ ਮਚ ਗਿਆ।

ਸੁਪਰੀਮ ਕੋਰਟ ਦੇ 3-ਮੈਂਬਰੀ ਬੈਂਚ, ਜਿਸ ਦੀ ਅਗਵਾਈ ਦੇਸ਼ ਦੀ ਸਰਬ-ਉੱਚ ਅਦਾਲਤ ਦੇ ਮੁੱਖ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਕਰ ਰਹੇ ਸਨ, ਨੇ ਇਸ ਗੱਲ ਦਾ ਆਪਣੇ ਆਪ (ਸੂਓ ਮੋਟੋ) ਨੋਟਿਸ ਲੈਂਦਿਆਂ ਕੇਂਦਰ ਅਤੇ ਮਨੀਪੁਰ ਦੀਆਂ ਸਰਕਾਰਾਂ ਨੂੰ ਤਾੜਨਾ ਕੀਤੀ ਕਿ ਕੀ ਉਹ ਇਸ ਸਬੰਧੀ ਆਪ ਕੋਈ ਕਾਰਵਾਈ ਕਰਨਗੇ ਕਿ ਜਾਂ ਉਹ (ਸਿਖਰਲੀ ਅਦਾਲਤ) ਖੁਦ ਕੋਈ ਕਾਰਵਾਈ ਕਰੇ?

ਜਸਟਿਸ ਚੰਦਰਚੂੜ ਨੇ ਕਿਹਾ, 'ਅਦਾਲਤ ਵੀਡੀਓ ਦੇਖ ਕੇ ਬਹੁਤ ਬੇਚੈਨ ਤੇ ਪ੍ਰੇਸ਼ਾਨ ਹੋਈ ਹੈ। ਹਿੰਸਾ ਕਰਨ ਲਈ ਔਰਤਾਂ ਨੂੰ ਇਕ ਸੰਦ ਵਜੋਂ ਵਰਤਣਾ ਬਿਲਕੁਲ ਹੀ ਨਾਮਨਜ਼ੂਰ ਹੈ। ਘਟਨਾ ਸੰਵਿਧਾਨਕ ਤੇ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ। ਇਹੋ ਜਿਹੀਆਂ ਘਟਨਾਵਾਂ ਸਹਿਣ ਨਹੀਂ ਕਰਾਂਗੇ। ਜੇ ਬਣਦੀ ਕਾਰਵਾਈ ਨਾ ਹੋਈ ਤਾਂ ਅਸੀਂ ਸਖਤ ਕਦਮ ਚੁੱਕਾਂਗੇ'।

ਬੈਂਚ, ਜਿਸ ਵਿਚ ਜਸਟਿਸ ਪੀ.ਐਸ.ਨਰਸਿਮ੍ਹਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਿਲ ਸਨ, ਨੇ ਕਿਹਾ, 'ਮਨੀਪੁਰ ਵਿਚ ਦੋ ਔਰਤਾਂ ਦੀ ਨਗਨ ਪਰੇਡ ਸੰਵਿਧਾਨਕ ਜਮਹੂਰੀਅਤ ਵਿਚ ਨਾ-ਬਰਦਾਸ਼ਤ ਕਰਨਯੋਗ ਹਰਕਤ ਹੈ। ਕੇਂਦਰ ਅਤੇ ਰਾਜ ਸਰਕਾਰਾਂ ਅਪਰਾਧੀਆਂ ਵਿਰੁਧ ਫੌਰੀ ਕਦਮ ਚੁੱਕਣ ਅਤੇ ਕੋਰਟ ਨੂੰ ਇਹ ਦੱਸਣ ਕਿ ਅਪਰਾਧੀਆਂ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ। ਅਦਾਲਤ ਸਰਕਾਰ ਨੂੰ ਕਾਰਵਾਈ ਕਰਨ ਲਈ ਕੁਝ ਸਮਾਂ ਦੇਵੇਗੀ ਅਤੇ ਜੇ ਜ਼ਮੀਨੀ ਪੱਧਰ ਉਪਰ ਕੋਈ ਕਾਰਵਾਈ ਨਾ ਹੋਈ ਤਾਂ ਉਸ ਵਲੋਂ ਖੁਦ ਕਾਰਵਾਈ ਕੀਤੀ ਜਾਵੇਗੀ'।

ਜਸਟਿਸ ਚੰਦਰਚੂੜ ਨੇ ਤਾਂ ਇਥੋਂ ਤਕ ਕਿਹਾ,'ਅਸੀਂ ਗਏ ਦਿਨ ਸਾਹਮਣੇ ਆਏ ਵੀਡੀਓਜ਼ ਤੋਂ ਬਹੁਤ ਬੇਚੈਨ ਹਾਂ। ਫਿਰਕੂ ਵਿਵਾਦ ਵਾਲੇ ਇਲਾਕੇ ਵਿਚ ਹਿੰਸਾ ਨੂੰ ਹਵਾ ਦੇਣ ਲਈ ਔਰਤਾਂ ਦੀ ਵਰਤੋਂ ਕਰਨਾ ਬਹੁਤ ਬੇਚੈਨ ਕਰਨ ਵਾਲਾ ਅਤੇ ਅਸਵੀਕਾਰਯੋਗ ਹੈ। ਇਹ ਸੰਵਿਧਾਨਕ ਤੇ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਹੈ। ਮੇਰਾ ਮੰਨਣਾ ਹੈ ਹੁਣ ਸਮਾਂ ਹੈ ਜਦੋਂ ਸਰਕਾਰ ਨੂੰ ਸੱਚਮੁੱਚ ਦਖਲ ਦੇਣਾ ਅਤੇ ਕਾਰਵਾਈ ਕਰਨੀ ਚਾਹੀਦੀ ਹੈ ਕਿਉਂਕਿ ਇਹ ਕੁਦਰਤੀ ਤੌਰ 'ਤੇ ਅਸਵੀਕਾਰਨਯੋਗ ਹੈ। ਅਸੀਂ ਸਰਕਾਰ ਨੂੰ ਕਾਰਵਾਈ ਲਈ ਥੋੜਾ ਸਮਾਂ ਦਿੰਦੇ ਹਾਂ, ਅਤੇ ਜੇ ਜ਼ਮੀਨੀ ਪੱਧਰ 'ਤੇ ਕੁਝ ਨਾ ਹੋਇਆ ਤਾਂ ਅਸੀਂ ਆਪ ਕਾਰਵਾਈ ਕਰਾਂਗੇ। ਕੋਰਟ ਇਸ ਗੱਲ ਤੋਂ ਭਲੀਭਾਂਤ ਜਾਣੂੰ ਹੈ ਕਿ ਸਬੰਧਤ ਵੀਡੀਓ, ਜੋ ਬੁੱਧਵਾਰ ਨੂੰ ਸਾਹਮਣੇ ਆਈ ਹੈ, 4 ਮਈ ਦੀ ਹੈ, ਪਰ ਇਸ ਨਾਲ ਕੋਈ ਫਰਕ ਨਹੀਂ ਪੈਂਦਾ''।

ਬੈਂਚ, ਜਿਸ ਨੇ ਇਸ ਸ਼ਰਮਨਾਕ ਘਟਨਾ ਦਾ ਖੁਦ 20 ਜੁਲਾਈ ਨੂੰ ਨੋਟਿਸ ਲਿਆ, ਨੇ ਹੋਰ ਸਬੰਧਤ ਕੇਸਾਂ ਲਈ ਬੈਠਦਿਆਂ ਸਾਰ ਹੀ ਦੇਸ਼ ਦੇ ਅਟਾਰਨੀ ਜਨਰਲ ਆਰ. ਵੈਂਕਟਰਮਾਨੀ ਅਤੇ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਅਦਾਲਤ ਆਉਣ ਲਈ ਕਿਹਾ। ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਦੋਵਾਂ ਨੂੰ ਸੰਬੋਧਨ ਕਰਦਿਆਂ ਪੁੱਛਿਆ, ''ਅਪਰਾਧੀਆਂ ਨੂੰ ਨਿਆਂ ਦੇ ਕਟਹਿਰੇ ਵਿਚ ਖੜਾ ਕਰਨ ਲਈ ਮਈ ਤੋਂ ਹੁਣ ਤਕ ਕੀ ਕਾਰਵਾਈ ਕੀਤੀ ਹੈ ਅਤੇ ਅਜਿਹੀਆਂ ਘਟਨਾਵਾਂ ਨੂੰ ਮੁੜ ਨਾ ਹੋਣ ਤੋਂ ਰੋਕਣ ਲਈ ਸਰਕਾਰ ਇਸ ਨੂੰ ਯਕੀਨੀ ਬਣਾਉਣ ਲਈ ਕੀ ਕਦਮ ਚੁੱਕ ਰਹੀ ਹੈ, ਕਿਉਂਕਿ ਕੌਣ ਜਾਣਦੈ ਕਿ ਇਹ ਵੱਖਰਾ ਹੋ ਸਕਦੈ, ਇਹ ਵੱਖਰਾ ਨਹੀਂ ਹੋ ਸਕਦਾ, ਇਕ ਪੈਟਰਨ ਵੀ ਹੋ ਸਕਦੈ ਹੈ''।

ਚੀਫ ਜਸਟਿਸ ਨੇ ਕਿਹਾ ਕਿ ਇਤਿਹਿਸ ਅਤੇ ਕੁੱਲ ਆਲਮ ਵਿਚ ਅਜਿਹੇ ਹਾਲਾਤ ਵਿਚ ਹਿੰਸਾ ਭੜਕਾਉਣ ਲਈ ਔਰਤਾਂ ਦੀ ਸੰਦ ਵਜੋਂ ਵਰਤੋਂ ਹੁੰਦੀ ਰਹੀ ਹੈ, ਪਰ ਸੰਵਿਧਾਨਕ ਜਮਹੂਰੀਅਤ ਵਿਚ ਇਹ ਸਹਿਣਯੋਗ ਨਹੀਂ''।

ਓਧਰ ਵਿਰੋਧੀ ਪਾਰਟੀਆਂ ਨੇ ਇਸ ਸ਼ਰਮਨਾਕ ਘਟਨਾ ਵਿਰੁੱਧ ਖੂਬ ਹੋ-ਹੱਲਾ ਮਚਾਇਆ। 26 ਵਿਰੋਧੀ ਪਾਰਟੀਆਂ ਨੇ 'ਇੰਡੀਆ' (ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ) ਨਾਮ ਦਾ ਇਕ ਫਰੰਟ ਵੀ ਖੜਾ ਕਰ ਲਿਆ। 'ਛੱਪਨ




ਇੰਚ' ਦੇ ਸੀਨੇ ਵਾਲੇ ਅਤੇ 'ਮੈਂ ਅਕੇਲਾ ਹੀ ਸਭ ਪੇ ਭਾਰੀ' ਦੀਆਂ ਫੜਾਂ ਮਾਰਨ ਵਾਲਾ ਸਾਡਾ ਪ੍ਰਧਾਨ ਸੇਵਕ ਐਨਾ ਘਬਰਾ ਗਿਆ ਕਿ ਉਸ ਨੂੰ ਆਪਣੇ 38-ਪਾਰਟੀਆਂ ਦੇ ਗੱਠਜੋੜ ਨੈਸ਼ਨਲ ਡੈਮੋਕ੍ਰੈਟਿਕ ਅਲਾਇੰਸ ਦਾ ਚਾਣਚੱਕ ਚੇਤਾ ਆ ਗਿਆ!

ਖੈਰ ਇਹ ਤਾਂ ਇਕ ਵੱਖਰਾ ਮਾਮਲਾ ਹੈ।

ਪ੍ਰਧਾਨ ਸੇਵਕ ਸਰਬ-ਉੱਚ ਅਦਾਲਤ ਵਲੋਂ ਮਨੀਪੁਰ ਦੀ ਸ਼ਰਮਨਾਕ ਘਟਨਾ ਦਾ ਖੁਦ ਨੋਟਿਸ (ਜਿਸ ਨੂੰ ਭਾਜਪਾਈ 'ਸੰਗਿਆਨ' ਕਹਿੰਦੇ ਹਨ) ਅਤੇ ਬੜਾ ਸਖਤ ਨੋਟਿਸ ਲਏ ਜਾਣ, ਵਿਰੋਧੀਆਂ ਦੇ ਹੋ-ਹੱਲੇ, ਦੇਸ਼ ਵਿਚ ਪਈ ਹਾਹਾਕਾਰ ਅਤੇ ਵਿਦੇਸ਼ਾਂ ਵਿਚ ਸਾਡੇ 'ਵਿਸ਼ਵ ਗੁਰੂ' ਦੀ ਹੋ ਰਹੀ ਲੱਸੀ ਉਪਰੰਤ ਬੋਲੇ, ''ਮਨੀਪੁਰ ਦੀ ਘਟਨਾ ਨੇ 140 ਕਰੋੜ ਭਾਰਤੀਆਂ ਨੂੰ ਸ਼ਰਮਸਾਰ ਕੀਤਾ ਹੈ''। ਵਾਹ, ਪ੍ਰਧਾਨ ਸੇਵਕ ਜੀ, ਬੜੀ ਜਲਦ ਪਤਾ ਲੱਗਾ 140 ਕਰੋੜ ਦੇਸ਼ ਵਾਸੀਆਂ ਦੇ ਦਰਦ ਦਾ! ਚਲੋ, 'ਕੁਫਰ ਟੂਟਾ ਖੁਦਾ ਖੁਦਾ ਕਰਕੇ'!

ਜ਼ਰਾ ਮਾਅਨੀਖੇਜ਼ ਮੌਕਾ-ਮੇਲ ਤਾਂ ਦੇਖੋ, ਜਿਸ ਦਿਨ ਸੁਪਰੀਮ ਕੋਰਟ ਦੇ ਬੈਂਚ ਨੇ ਇਸ ਘਟਨਾ ਦਾ ਨੋਟਿਸ ਲਿਆ ਓਸੇ ਦਿਨ ਸੰਸਦ ਦੇ ਅਹਾਤੇ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਧਾਨ ਸੇਵਕ ਨੇ ਇਸ ਘਟਨਾ ਉਪਰ ਟਿੱਪਣੀ ਕੀਤੀ। ਆਪ ਜੀ ਨੇ ਹੋਰ ਫੁਰਮਾਇਆ, 'ਅੱਜ ਜਦੋਂ ਮੈਂ ਜਮਹੂਰੀਅਤ ਦੇ ਇਸ ਮੰਦਰ ਕੋਲ ਖੜ੍ਹਾ ਹਾਂ ਤਾਂ ਮੇਰਾ ਦਿਲ ਪੀੜ ਤੇ ਗੁੱਸੇ ਨਾਲ ਭਰਿਆ ਹੈ'।

ਦੇਸ਼ਵਾਸੀਆਂ ਨੂੰ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਦਾ ਭਰੋਸਾ ਦਿੰਦਿਆਂ ਅਤੇ ਇਹ ਭਾਵੁਕਤਾ ਭਰਪੂਰ ਗੱਲ ਕਹਿੰਦਿਆਂ ਕਿ ਮਨੀਪੁਰ ਦੀਆਂ ਇਨ੍ਹਾਂ ਧੀਆਂ ਨਾਲ ਜੋ ਕੁਝ ਹੋਇਆ ਕਦੀ ਭੁਲਿਆ ਨਹੀਂ ਜਾ ਸਕਦਾ, ਪ੍ਰਧਾਨ ਸੇਵਕ ਜੀ ਸਿਆਸਤ ਕਰਨਾ ਨਹੀਂ ਭੁੱਲੇ। ਉਨ੍ਹਾਂ ਭਾਜਪਾ ਦੀ ਸੱਤਾ ਵਾਲੇ ਮਨੀਪੁਰ ਦੇ ਨਾਲ ਕਾਂਗਰਸੀ-ਸੱਤਾ ਵਾਲੇ ਪ੍ਰਾਂਤਾਂ ਛੱਤੀਸਗੜ੍ਹ ਅਤੇ ਰਾਜਸਥਾਨ ਨੂੰ ਵੀ ਨਾਲ ਹੀ ਨੱਥੀ ਕਰ ਲਿਆ ਅਤੇ ਬੜੇ ਮਾਸੂਮ ਜਿਹੇ ਲਹਿਜ਼ੇ ਵਿਚ ਅਸਿੱਧੇ ਤੌਰ 'ਤੇ ਇਹ ਕਹਿ ਗਏ ਕਿ ਔਰਤਾਂ ਵਿਰੁੱਧ ਜੁਰਮ ਤਾਂ ਇਨ੍ਹਾਂ ਪ੍ਰਾਂਤਾਂ ਵਿਚ ਵੀ ਹੁੰਦੇ ਹਨ।


ਸੰਸਦ ਦਾ ਮੌਨਸੂਨ ਇਜਲਾਸ ਜਾਰੀ ਹੈ। ਸ਼ੁਰੂ ਵਾਲੇ ਦਿਨ ਤਾਂ ਇਸ ਰੌਲੇ-ਰੱਪੇ ਵਿਚ ਲੰਘ ਗਏ ਕਿ ਪ੍ਰਧਾਨ ਮੰਤਰੀ ਸੰਸਦ ਦੇ ਬਾਹਰ ਮੀਡੀਆ ਕੋਲ ਤਾਂ ਮਨੀਪੁਰ ਉਪਰ ਲਗਭਗ ਢਾਈ ਮਹੀਨੇ ਖਾਮੋਸ਼ ਰਹਿਣ ਉਪਰੰਤ ਬੋਲੇ ਹਨ ਪਰ ਸੰਸਦ ਦੇ ਅੰਦਰ ਵੀ ਇਸ ਸਬੰਧੀ ਹੁਣ ਬਿਆਨ ਦੇਣ। ਸੰਗਠਤ ਵਿਰੋਧੀ ਧਿਰ 'ਇੰਡੀਆ' ਦੇ ਬੈਨਰ ਹੇਠ ਡਟੀ ਹੋਈ ਹੈ, ਦੇਖੋ ਕੀ ਬਣਦੈ।

ਮਨੀਪੁਰ ਵਿਚ ਇਸ ਕੇਸ ਨਾਲ ਸਬੰਧਤ ਕੁਝ ਗ੍ਰਿਫਤਾਰੀਆਂ ਵੀ ਹੋਈਆਂ ਹਨ।

ਪਰ ਬਲਿਹਾਰੇ ਜਾਈਏ ਭਾਰਤ ਮਹਾਨ ਦੇ ਪ੍ਰਧਾਨ ਸੇਵਕ ਦੇ! ਮਨੀਪੁਰ ਬਾਰੇ ਪਹਿਲੀ ਵਾਰ ਮੂੰਹ ਖੋਲ੍ਹਣ ਵੇਲੇ ਵੀ ਸਿਆਸਤ ਕਰਨੋਂ ਨਹੀਂ ਖੁੰਝੇ! ਮਲਕੜੇ ਜਿਹੇ ਆਪਣੀ ਗੱਲ ਕਹਿ ਗਏ!

ਦਾਮਨ ਪੇ ਕੋਈ ਛੀਂਟ ਨ ਖੰਜਰ ਪੇ ਕੋਈ ਦਾਗ,
ਤੁਮ ਕਤਲ ਕਰੋ ਹੋ ਕਿ ਕਰਾਮਾਤ ਕਰੋ ਹੋ।-ਕਲੀਮ ਆਜਿਜ਼

# ਸਮਾਜਵਾਦੀ ਸੋਵੀਅਤ ਯੂਨੀਅਨ ਨੇ ਬੇਰੁਜ਼ਗਾਰੀ ਨੂੰ ਕਿਵੇਂ ਖਤਮ ਕੀਤਾ?



**ਮਾਨਵ**
**ਫੋਨ: 98888-08188**

ਬੇਰੁਜ਼ਗਾਰੀ ਦਾ ਖਾਤਮਾ ਸੋਵੀਅਤ ਯੂਨੀਅਨ ਜਿਹੇ ਵੱਡੇ ਮੁਲਕ ਦਾ ਅਹਿਮ ਹਾਸਲ ਸੀ। ਪੀੜ੍ਹੀਆਂ ਤੋਂ ਚੱਲੀ ਆਉਂਦੀ ਸਰਮਾਏਦਾਰਾ ਪ੍ਰਬੰਧ ਦੀ ਇਸ ਅਲਾਮਤ ਨੂੰ ਖਤਮ ਕਰਨ ਲਈ ਸੋਵੀਅਤ ਸਮਾਜਵਾਦੀ ਹਕੂਮਤ (1917-56) ਨੂੰ ਸਿਰਫ 13 ਸਾਲਾਂ ਦਾ ਸਮਾਂ ਲੱਗਾ। ਨਵੰਬਰ 1917 ਦੇ ਰੂਸੀ ਇਨਕਲਾਬ ਦੇ ਨਾਲ਼ ਹੀ ਇਸ ਕੋਹੜ ਖ਼ਿਲਾਫ਼ ਨਵੇਂ ਮਜ਼ਦੂਰ ਰਾਜ ਨੇ ਜੰਗ ਵਿੱਢ ਦਿੱਤੀ ਸੀ ਤੇ ਤੀਜੇ ਦਹਾਕੇ ਦੇ ਅਖੀਰ ਤੱਕ ਆਖਰੀ ਰੁਜ਼ਗਾਰ ਦਫਤਰ ਦੇ ਬੰਦ ਹੋਣ ਨਾਲ਼ ਹੀ ਇਸ ਅਲਾਮਤ 'ਤੇ ਫਤਹਿ ਪਾ ਲਈ ਗਈ। ਬੇਰੁਜ਼ਗਾਰੀ ਉੱਪਰ ਸਮਾਜਵਾਦੀ ਨਿਜ਼ਾਮ ਦੀ ਜਿੱਤ ਨੇ ਸਮਾਜਵਾਦੀ ਪ੍ਰਬੰਧ ਦੀ ਸਰਮਾਏਦਾਰੀ ਉੱਪਰ ਉੱਤਮਤਾ ਨੂੰ ਸਿੱਧ ਕੀਤਾ। ਆਧੁਨਿਕ ਇਤਿਹਾਸ ਵਿਚ ਪਹਿਲੀ ਵਾਰੀ ਹੋਇਆ ਸੀ ਕਿ ਮਨੁੱਖਤਾ ਨੂੰ ਬੇਰੁਜ਼ਗਾਰੀ ਤੇ ਇਸ ਨਾਲ਼ ਜੁੜੀਆਂ ਹੋਰ ਅਲਾਮਤਾਂ ਤੋਂ ਛੁਟਕਾਰਾ ਦੁਆਇਆ ਗਿਆ ਸੀ। ਸੋਵੀਅਤ ਯੂਨੀਅਨ ਦੀ ਮਿਸਾਲ 'ਤੇ ਚਲਦੇ ਹੋਏ ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਇਨਕਲਾਬੀ ਚੀਨ (1949-76) ਨੇ ਵੀ ਕਰੋੜਾਂ ਲੋਕਾਂ ਨੂੰ ਇਸ ਸਰਮਾਏਦਾਰਾ ਕੋਹੜ ਤੋਂ ਮੁਕਤੀ ਦੁਆਈ। ਪਰ ਸੋਵੀਅਤ ਯੂਨੀਅਨ ਵਿਚ ਬੇਰੁਜ਼ਗਾਰੀ ਦਾ ਖਾਤਮਾ ਕੋਈ ਸਿੱਧੀ-ਸੌਖੀ ਲੜਾਈ ਨਹੀਂ ਸੀ। ਇਨਕਲਾਬ ਤੋਂ ਪਹਿਲਾਂ ਦੇ ਜਾਰਸ਼ਾਹੀ ਦੌਰ ਵਿਚ ਬੇਰੁਜ਼ਗਾਰੀ ਇਕ ਵੱਡਾ ਮਸਲਾ ਸੀ।

**ਇਨਕਲਾਬ ਤੋਂ ਪਹਿਲਾਂ ਦਾ ਖੌਫਨਾਕ ਵਿਰਸਾ:** ਨਵੰਬਰ 1917 ਦੇ ਇਨਕਲਾਬ ਤੋਂ ਬਾਅਦ ਤੋਂ ਹੀ ਰੂਸ ਵਿਚ ਵਸਣ ਵਾਲ਼ੀਆਂ ਸਭੇ ਕੌਮਾਂ ਨੂੰ ਨਾ ਸਿਰਫ ਪਿਛਲੀ ਜਾਰਸ਼ਾਹੀ ਹਕੂਮਤ ਦੀਆਂ ਦਿੱਤੀਆਂ ਮੁਸ਼ਕਲਾਂ ਨਾਲ਼ ਦੋ-ਚਾਰ ਹੋਣਾ ਪਿਆ ਸਗੋਂ ਪਹਿਲੀ ਸੰਸਾਰ ਜੰਗ ਵਿਚ ਰੂਸ ਦੀ ਹੋਈ ਭਾਰੀ ਤਬਾਹੀ ਤੋਂ ਪੈਦਾ ਹੋਈ ਆਰਥਿਕ ਬਦਨਿਜ਼ਾਮੀ ਤੇ ਅਫਰਾ-ਤਫਰੀ ਦਾ ਵੀ ਸਾਹਮਣਾ ਕਰਨਾ ਪਿਆ। ਇਸ ਤੋਂ ਬਿਨਾਂ ਨਵੇਂ ਮਜ਼ਦੂਰ ਰਾਜ ਨੇ ਅਜੇ ਪੈਰ ਵੀ ਨਹੀਂ ਜਮਾਏ ਸਨ ਕਿ ਗੱਦੀਓਂ ਲਾਹ ਦਿੱਤੀ ਗਈ ਸਰਮਾਏਦਾਰਾ ਜਮਾਤ ਨੇ ਪੱਛਮ ਦੇ 19 ਸਰਮਾਏਦਾਰਾ ਮੁਲਕਾਂ ਦੀ ਮਦਦ ਨਾਲ਼ ਇਸ ਉੱਪਰ ਤਬਾਹਕੁੰਨ ਘਰੇਲੂ ਜੰਗ ਥੋਪ ਦਿੱਤੀ।

ਹੋਰਨਾਂ ਸਰਮਾਏਦਾਰਾ ਮੁਲਕਾਂ ਵਾਂਗੂ ਰੂਸ ਵਿਚ ਵੀ ਬੇਰੁਜ਼ਗਾਰੀ ਦਾ ਕਾਰਨ ਸਰਮਾਏਦਾਰਾ ਨਿਜ਼ਾਮ ਸੀ। ਆਰਥਿਕ ਮੰਦਹਾਲੀ ਦੇ ਸਮੇਂ ਕਾਰਖਾਨਿਆਂ ਦੇ ਬੰਦ ਹੋਣ ਨਾਲ਼ ਸਥਿਤੀ ਹੋਰ ਗੰਭੀਰ ਹੁੰਦੀ ਗਈ। ਸਰਕਾਰੀ ਰਿਪੋਰਟਾਂ ਮੁਤਾਬਕ ਰੂਸ ਵਿਚ 1900-03 ਦੇ ਆਰਥਿਕ ਸੰਕਟ ਦੌਰਾਨ ਤਿੰਨ ਹਜ਼ਾਰ ਅਜਿਹੇ ਕਾਰਖਾਨੇ ਬੰਦ ਹੋਏ ਜਿਨ੍ਹਾਂ ਵਿਚ ਇੱਕ ਲੱਖ ਤੋਂ ਵੱਧ ਮਜ਼ਦੂਰ ਕੰਮ ਕਰਦੇ ਸਨ। ਪਹਿਲੀ ਸੰਸਾਰ ਜੰਗ ਦੇ ਸ਼ੁਰੂ ਹੋਣ ਤੱਕ ਬੇਰੁਜ਼ਗਾਰਾਂ ਦੀ ਔਸਤ ਗਿਣਤੀ ਪੰਜ ਲੱਖ ਸੀ ਪਰ ਇਹ ਅਧੂਰਾ ਅੰਕੜਾ ਸੀ। ਰੂਸ ਦਾ ਵੱਡਾ ਇਲਾਕਾ ਦਿਹਾਤੀ ਸੀ ਜਿੱਥੇ ਲੁਕਵੀਂ ਬੇਰੁਜ਼ਗਾਰੀ ਬਹੁਤ ਵਿਆਪਕ ਸੀ। ਇਸ ਭਿਆਨਕ ਹਾਲਤ ਤੋਂ ਮੁਲਕੀ/ਗੈਰ-ਮੁਲਕੀ, ਦੋਹਾਂ ਸਰਮਾਏਦਾਰਾਂ ਨੇ ਅਥਾਹ ਫਾਇਦਾ ਲਿਆ। ਇਹ ਮਾਲਕ ਮਜਬੂਰੀ ਦੇ ਮਾਰੇ ਕਾਮਿਆਂ ਤੋਂ ਬੇਹੱਦ ਘੱਟ ਤਨਖਾਹ 'ਤੇ ਬੇਹੱਦ ਜ਼ਿਆਦਾ ਕੰਮ ਕਰਵਾਉਂਦੇ ਸਨ ਤੇ ਔਰਤਾਂ, ਬੱਚਿਆਂ ਤੇ ਕੈਦੀਆਂ ਦੀ ਕਿਰਤ ਦੀ ਤਾਂ ਖਾਸਕਰ ਭਾਰੀ ਲੁੱਟ ਹੁੰਦੀ ਸੀ ਤੇ ਤਨਖਾਹ ਵੀ ਨਿਗੂਣੀ ਹੁੰਦੀ ਸੀ। ਜੇ ਮਜ਼ਦੂਰ ਇਸ ਅਨਿਆਈਂ ਹਾਲਤ ਖ਼ਿਲਾਫ਼ ਇਕੱਠੇ ਹੋਣ ਦੀ ਕੋਸ਼ਿਸ਼ ਕਰਦੇ ਤਾਂ ਉਨ੍ਹਾਂ ਨੂੰ ਪੁਲਿਸ ਤੇ ਫੌਜ ਦੀ ਮਦਦ ਨਾਲ਼ ਤੁਰੰਤ ਦਬਾ ਦਿੱਤਾ ਜਾਂਦਾ।

ਪਹਿਲੀ ਸੰਸਾਰ ਜੰਗ ਵਿਚ ਭਾਵੇਂ ਲੱਖਾਂ ਨੌਜਵਾਨਾਂ ਨੂੰ ਫੌਜ ਵਿਚ ਭਰਤੀ ਕੀਤਾ ਗਿਆ ਤੇ ਮਜਬੂਰੀ ਦੇ ਮਾਰੇ ਇਹ ਨੌਜਵਾਨ ਵੀ ਵੱਡੀ ਗਿਣਤੀ ਵਿਚ ਫੌਜ ਅੰਦਰ ਭਰਤੀ ਹੋਏ। ਪਰ ਜੰਗ ਦੀ ਬਦਨਿਜ਼ਾਮੀ, ਕੱਚੇ ਮਾਲ ਦੀ ਥੁੜ੍ਹ ਆਦਿ ਕਾਰਨ ਬੰਦ ਹੋਏ ਕਾਰਖਾਨਿਆਂ ਨੇ ਤੇ ਖਾਸਕਰ ਜੰਗੀ ਇਲਾਕਿਆਂ ਵਿਚੋਂ ਹਿਜਰਤ ਕਰ ਕੇ ਆਏ ਸ਼ਰਨਾਰਥੀਆਂ ਨੇ ਬੇਰੁਜ਼ਗਾਰਾਂ ਦੀ ਫੌਜ ਵਿਚ ਵੱਡਾ ਵਾਧਾ ਕਰ ਦਿੱਤਾ। ਅੰਦਾਜ਼ੇ ਮੁਤਾਬਕ 30 ਲੱਖ ਤੋਂ ਵੱਧ ਸ਼ਰਨਾਰਥੀ ਜੰਗ ਕਾਰਨ ਆਪਣੇ ਘਰ-ਬਾਰ ਛੱਡਣ ਨੂੰ ਮਜਬੂਰ ਹੋਏ ਤੇ ਰੂਸ ਦੇ ਵੱਖੋ-ਵੱਖਰੇ ਇਲਾਕਿਆਂ ਵਿਚ ਪਨਾਹ ਲਈ। ਮਜ਼ਦੂਰਾਂ ਨੇ ਇਨ੍ਹਾਂ ਔਖੀਆਂ ਹਾਲਤਾਂ ਖ਼ਿਲਾਫ਼ ਅਨੇਕਾਂ ਸ਼ਹਿਰਾਂ ਵਿਚ ਜਥੇਬੰਦ ਹੋ ਕੇ ਮੁਜ਼ਾਹਰੇ ਵੀ ਕੀਤੇ ਤੇ ਕੰਮ ਬੰਦ ਕਰ ਰਹੇ ਮਾਲਕਾਂ ਖ਼ਿਲਾਫ਼ ਕਾਰਵਾਈ ਜਿਹੀਆਂ ਮੰਗਾਂ ਵੀ ਕੀਤੀਆਂ। ਜਾਰਸ਼ਾਹੀ ਨੂੰ ਮਜਬੂਰ ਹੋ ਕੇ ਰੁਜ਼ਗਾਰ ਦਫਤਰ ਖੋਲ੍ਹਣੇ ਪਏ ਪਰ ਸੱਚਾਈ ਇਹ ਸੀ ਕਿ ਨਵੰਬਰ 1917 ਦੇ ਇਨਕਲਾਬ ਤੋਂ ਐਨ ਪਹਿਲਾਂ ਤੱਕ ਰੂਸ ਵਿਚ ਬੇਰੁਜ਼ਗਾਰੀ ਲਗਾਤਾਰ ਵਧਦੀ ਗਈ।

ਇਨਕਲਾਬ ਤੋਂ ਬਾਅਦ ਗੱਦੀਓਂ ਲਾਹੀ ਸਰਮਾਏਦਾਰਾ ਜਮਾਤ ਨੇ ਭੂਤਰ ਕੇ ਨਵੇਂ ਮਜ਼ਦੂਰ ਰਾਜ ਖ਼ਿਲਾਫ਼ ਭੰਨ-ਤੋੜ ਦੀਆਂ ਕਾਰਵਾਈਆਂ ਤੇਜ਼ ਕਰ ਦਿੱਤੀਆਂ। ਇਨਕਲਾਬ ਦੇ ਸ਼ੁਰੂਆਤੀ ਦੌਰ ਵਿਚ ਅਜੇ ਕਈ ਕਾਰਖਾਨੇ ਸਰਮਾਏਦਾਰਾਂ ਕੋਲ਼ ਹੀ ਸਨ ਜਿਨ੍ਹਾਂ ਨੇ ਜਾਣਬੁੱਝ ਕੇ ਪੈਦਾਵਾਰ ਬੰਦ ਕਰ ਕੇ ਨਵੀਂ ਹਕੂਮਤ ਦਾ ਗਲ਼ ਘੋਟਣ ਦੀ ਕੋਸ਼ਿਸ਼ ਕੀਤੀ। ਨਵੀਂ ਇਨਕਲਾਬੀ ਹਕੂਮਤ ਨੂੰ ਇੱਕੋ ਵੇਲ਼ੇ ਦੋ ਮੁਸੀਬਤਾਂ ਨਾਲ਼ ਸਿੱਝਣਾ ਪੈਣਾ ਸੀ; ਪਹਿਲਾ ਸੀ, ਸਾਮਰਾਜੀ ਜੰਗ ਤੇ ਦੁਸ਼ਮਣਾਂ ਵੱਲੋਂ ਪੈਦਾ ਕੀਤੀ ਬਦਨਿਜ਼ਾਮੀ ਕਾਰਨ ਜ਼ਰੂਰੀ ਵਸਤਾਂ ਦੀ ਹੋਈ ਭਾਰੀ ਕਿੱਲਤ ਨੂੰ ਪੂਰਾ ਕਰਨਾ ਤੇ ਦੂਜਾ ਸਰਮਾਏਦਾਰਾ ਮਾਹਿਰਾਂ ਤੇ ਤਕਨੀਸ਼ਨਾਂ ਦੇ ਇਕ ਹਿੱਸੇ ਵੱਲੋਂ ਕੰਮ ਵਿਚ ਰੁਕਾਵਟ ਪਾ ਕੇ ਨਵੀਂ ਹਕੂਮਤ ਨੂੰ ਸਾਬੋਤਾਜ ਕਰਨ ਦੀਆਂ ਕੋਸ਼ਿਸ਼ਾਂ ਨਾਲ਼ ਸਿੱਝਣਾ।

**ਇਨਕਲਾਬੀ ਹਕੂਮਤ ਵੱਲੋਂ ਹੰਗਾਮੀ ਕਦਮ:** ਨਵੰਬਰ 1917 ਦੇ ਇਨਕਲਾਬ ਦੇ ਤਿੰਨ ਹਫਤਿਆਂ ਬਾਅਦ ਹੀ ਨਵੀਂ ਹਕੂਮਤ ਨੇ ਮਜ਼ਦੂਰਾਂ ਦੇ ਕੰਟਰੋਲ ਬਾਰੇ ਇਕ ਕਾਨੂੰਨ ਪਾਸ ਕੀਤਾ। ਜਲਦ ਹੀ ਨਿੱਜੀ ਤੇ ਗੈਰ-ਰੂਸੀ ਕੰਪਨੀਆਂ ਦੇ ਕਾਰਖਾਨਿਆਂ ਵਿਚ ਸਰਕਾਰ ਦੀ ਨਿਗਰਾਨੀ ਹੇਠ ਮਜ਼ਦੂਰਾਂ ਦਾ ਕੰਟਰੋਲ ਸਥਾਪਿਤ ਕੀਤਾ। ਮਜ਼ਦੂਰਾਂ ਨੂੰ ਮਨਚਾਹੇ ਢੰਗ ਨਾਲ਼ ਨੌਕਰੀ ਤੋਂ ਬਰਖਾਸਤ ਕਰਨ ਦੀ ਪੁਰਾਣੀ ਨੀਤੀ ਵੀ ਖਤਮ ਕਰ ਦਿੱਤੀ ਗਈ। ਕਾਰਖਾਨਿਆਂ ਦੇ ਕੌਮੀਕਰਨ ਦੀ ਨੀਤੀ ਨੇ ਇਨਕਲਾਬ ਦੁਸ਼ਮਣਾਂ ਨੂੰ ਦਬਾਉਣ ਵਿਚ ਹੋਰ ਵੀ ਅਹਿਮ ਭੂਮਿਕਾ ਨਿਭਾਈ। ਇਨਕਲਾਬ ਦੇ ਕੁਝ ਮਹੀਨਿਆਂ ਮਗਰੋਂ ਹੀ ਵੱਡੀਆਂ ਸਨਅਤਾਂ, ਬੈਂਕਾਂ ਤੇ ਗੈਰ-ਮੁਲਕੀ ਵਪਾਰ ਦਾ ਕੌਮੀਕਰਨ ਕਰ ਦਿੱਤਾ ਗਿਆ ਜਦਕਿ ਛੋਟੇ ਕਾਰਖਾਨਿਆਂ ਵਿਚ ਮਜ਼ਦੂਰਾਂ ਦਾ ਕੰਟਰੋਲ ਸਥਾਪਿਤ ਕੀਤਾ ਗਿਆ। ਬੇਰੁਜ਼ਗਾਰਾਂ ਦੀ ਮਦਦ ਲਈ ਫੰਡ ਕਾਇਮ ਕੀਤੇ ਗਏ ਜਿਨ੍ਹਾਂ ਲਈ ਸਰਕਾਰ ਤੋਂ ਬਿਨਾਂ ਰੁਜ਼ਗਾਰਸ਼ੁਦਾ ਮਜ਼ਦੂਰਾਂ ਤੇ ਦਫਤਰੀ ਮੁਲਾਜ਼ਮਾਂ ਨੇ ਅੱਗੇ ਹੋ ਕੇ ਹਿੱਸਾ ਪਾਇਆ। ਇਸ ਤੋਂ ਬਿਨਾਂ ਰੁਜ਼ਗਾਰਸ਼ੁਦਾ ਮਜ਼ਦੂਰਾਂ/ਮੁਲਾਜ਼ਮਾਂ ਨੇ ਅਜਿਹੇ ਬੇਰੁਜ਼ਗਾਰਾਂ ਨੂੰ ਆਪਣੀ ਥਾਂ 'ਤੇ ਕੁਝ ਦਿਨ ਕੰਮ ਕਰਨ ਦਾ ਮੌਕਾ ਵੀ ਦਿੱਤਾ ਤੇ ਇਸ ਤਰ੍ਹਾਂ ਨਵੀਂ ਸਮਾਜਵਾਦੀ ਨੈਤਿਕਤਾ ਦੀ ਉੱਨਤ ਮਿਸਾਲ ਕਾਇਮ ਕੀਤੀ।

ਇਸੇ ਤਰ੍ਹਾਂ ਦਿਹਾਤੀ ਇਲਾਕਿਆਂ ਵਿਚ ਵੀ ਬੇਰੁਜ਼ਗਾਰੀ ਦਾ ਖਾਤਮਾ ਕਰਨ ਲਈ ਫੌਰੀ ਕਦਮ ਚੁੱਕੇ ਗਏ। ਅਕਤੂਬਰ ਇਨਕਲਾਬ ਦੇ ਦਿਨ ਹੀ ਜਿਹੜਾ ਫਰਮਾਨ ਜਾਰੀ ਕੀਤਾ ਗਿਆ ਉਸ ਵਿਚ ਜ਼ਮੀਨ ਦੇ ਕੌਮੀਕਰਨ ਦਾ ਐਲਾਨ ਵੀ ਸ਼ਾਮਲ ਸੀ ਜਿਸ ਤਹਿਤ 10 ਕਰੋੜ ਹੈਕਟੇਅਰ ਜ਼ਮੀਨ ਕਿਸਾਨਾਂ ਨੂੰ ਮੁਫਤ ਦਿੱਤੀ ਗਈ ਤੇ ਇਸ ਤਰ੍ਹਾਂ ਕਰੋੜਾਂ ਕਿਸਾਨ ਆਪਣੇ ਲਈ ਜ਼ਮੀਨ ਵਾਹੁਣ ਲੱਗੇ। ਇਸ ਤੋਂ ਬਿਨਾਂ ਗਰੀਬ ਕਿਸਾਨਾਂ ਨੂੰ ਸਬਸਿਡੀ ਤਹਿਤ ਹੋਰ ਸਹੂਲਤਾਂ ਵੀ ਦਿੱਤੀਆਂ ਗਈਆਂ। ਇਸ ਇਤਿਹਾਸਕ ਕਦਮ ਨੇ ਪੇਂਡੂ ਖਿੱਤੇ ਵਿਚ ਬੇਰੁਜ਼ਗਾਰੀ ਦੇ ਦਬਾਅ ਨੂੰ ਕਾਫੀ ਘੱਟ ਕੀਤਾ ਤੇ ਕੰਮ ਦੀ ਭਾਲ਼ ਵਿਚ ਸ਼ਹਿਰਾਂ ਵੱਲ ਪਰਵਾਸ ਲਈ ਆਉਣ ਵਾਲ਼ੇ ਗਰੀਬ ਕਿਸਾਨਾਂ ਦੀ ਆਮਦ ਨੂੰ ਵੀ ਇਕ ਹੱਦ ਤਕ ਠੱਲ੍ਹ ਪਾਈ ਤੇ ਸ਼ਹਿਰਾਂ ਵਿਚੋਂ ਬੇਰੁਜ਼ਗਾਰੀ ਦੇ ਖਾਤਮੇ ਦੀ ਲੜਾਈ ਨੂੰ ਹੋਰ ਤਾਕਤ ਮਿਲ਼ੀ।

ਜਾਰਸ਼ਾਹੀ ਦੌਰ ਵਿਚ ਮਜ਼ਦੂਰਾਂ ਤੋਂ 15-16 ਘੰਟੇ ਤਕ ਕੰਮ ਕਰਵਾਇਆ ਜਾਂਦਾ ਸੀ। ਸੋਵੀਅਤ ਹਕੂਮਤ ਦੀ ਕਿਰਤ ਕਮਿਸਾਰੀਅਤ (ਵਜਾਰਤ) ਨੇ ਫਰਮਾਨ ਜਾਰੀ ਕਰ ਕੇ ਅੱਠ ਘੰਟੇ ਕੰਮ ਦਾ ਦਿਨ ਬੰਨ੍ਹਿਆ ਜਿਸ ਕਰਕੇ ਸੁਭਾਵਿਕ ਹੀ ਰੁਜ਼ਗਾਰ ਦੀ ਮੰਗ ਵਿਚ ਵੀ ਤੇਜ਼ੀ ਆਈ। ਇਨਕਲਾਬ ਦੇ ਫੌਰਨ ਮਗਰੋਂ ਆਗੂ ਲੈਨਿਨ ਦੀ ਦੇਖ-ਰੇਖ ਵਿਚ ਬੇਰੁਜ਼ਗਾਰੀ ਤੋਂ ਸੁਰੱਖਿਆ ਲਈ ਲਾਜ਼ਮੀ ਬੀਮੇ ਦਾ ਫਰਮਾਨ ਜਾਰੀ ਕੀਤਾ ਗਿਆ ਤੇ ਇਸ ਲਈ ਵੀ ਫੰਡ ਜੁਟਾਇਆ ਗਿਆ। ਆਪਣੇ ਬੇਰੁਜ਼ਗਾਰ ਸਾਥੀਆਂ ਲਈ ਭਰੱਪਣ ਦੀ ਮਿਸਾਲ ਦਿੰਦਿਆਂ ਕਿਸੇ ਸ਼ਹਿਰ ਵਿਚ ਮਜ਼ਦੂਰਾਂ ਨੇ ਐਤਵਾਰ ਜਾਂ ਛੁੱਟੀ ਵਾਲ਼ੇ ਦਿਨ ਹੋਣ ਵਾਲ਼ੇ ਨਾਟਕਾਂ, ਫਿਲਮਾਂ ਦੀ ਸਾਰੀ ਕਮਾਈ ਫੰਡ ਲਈ ਦਿੱਤੀ, ਕਿਸੇ ਸ਼ਹਿਰ ਵਿਚ ਮਨੋਰੰਜਨ ਦੇ ਸਭ ਅਦਾਰਿਆਂ ਨੂੰ ਆਪਣੀ ਕਮਾਈ ਦਾ ਇਕ ਹਿੱਸਾ ਫੰਡਾਂ ਲਈ



ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਤੇ ਕਿਸੇ ਵਿਚ ਖਾਸ ਨਾਟਕ, ਭਾਸ਼ਣ, ਸੰਗੀਤ ਸਮਾਗਮ ਆਦਿ ਕਰਵਾਏ ਗਏ। ਇਸ ਤੋਂ ਬਿਨਾਂ ਹਕੂਮਤ ਵੱਲੋਂ ਰੁਜ਼ਗਾਰ ਹਾਸਲ ਕਰਨ ਵਿਚ ਮਦਦ ਕਰਨ ਲਈ ਪੂਰੇ ਮੁਲਕ ਵਿਚ ਰੁਜ਼ਗਾਰ ਦਫਤਰਾਂ ਦਾ ਜਾਲ਼ ਵਿਛਾ ਦਿੱਤਾ ਗਿਆ ਜਿੱਥੇ ਬੇਰੁਜ਼ਗਾਰਾਂ ਦਾ ਰਿਕਾਰਡ ਤੇ ਉਪਲੱਬਧ ਕੰਮ ਦੀ ਜਾਣਕਾਰੀ ਦਿੱਤੀ ਜਾਂਦੀ ਸੀ। 1924-25 ਦੇ ਮਾਲੀ ਸਾਲ ਵਿਚ ਹੀ ਇਨ੍ਹਾਂ ਦਫਤਰਾਂ ਰਾਹੀਂ 20 ਲੱਖ ਲੋਕਾਂ ਨੂੰ ਰੁਜ਼ਗਾਰ ਦਿੱਤਾ ਗਿਆ। ਜਦੋਂ ਤੱਕ ਬੇਰੁਜ਼ਗਾਰੀ ਖਤਮ ਨਾ ਹੋਈ ਉਦੋਂ ਤੱਕ ਬੇਰੁਜ਼ਗਾਰੀ ਭੱਤੇ ਤੇ ਬੀਮੇ ਤੋਂ ਬਿਨਾਂ ਬੇਰੁਜ਼ਗਾਰਾਂ ਨੂੰ ਦੂਜੀ ਤਰ੍ਹਾਂ ਦੀ ਮਦਦ ਵੀ ਦਿੱਤੀ ਗਈ ਜਿਸ ਵਿਚ ਸਰਕਾਰੀ ਹੋਟਲਾਂ ਵਿਚ ਮੁਫਤ ਖਾਣਾ ਤੇ ਰਿਹਾਇਸ਼ ਲਈ ਹੋਸਟਲ ਆਦਿ ਸ਼ਾਮਲ ਸਨ।

**ਪੰਜ ਸਾਲਾ ਯੋਜਨਾ, ਸਮੂਹੀਕਰਨ ਤੇ ਬੇਰੁਜ਼ਗਾਰੀ:** ਪਰ ਬੇਰੁਜ਼ਗਾਰੀ ਖਤਮ ਕਰਨ ਲਈ ਇਹ ਹੰਗਾਮੀ ਕਦਮ ਹੀ ਕਾਫੀ ਨਹੀਂ ਸਨ। ਇਸ ਲਈ ਵਿਉਂਤਬੱਧ ਢੰਗ ਨਾਲ਼ ਵੱਡਾ ਆਰਥਿਕ ਤਾਣਾ-ਬਾਣਾ ਖੜ੍ਹਾ ਕਰਨ ਦੀ ਲੋੜ ਸੀ ਤੇ ਇਹ ਬੁਨਿਆਦ ਰੱਖੀ ਗਈ ਮੁਲਕ ਦੇ ਸਨਅਤੀਕਰਨ ਦੀ ਨੀਤੀ ਨਾਲ਼ ਜਿਸ ਨੂੰ ਕਮਿਊਨਿਸਟ ਪਾਰਟੀ ਦੀ 1925 ਦੀ ਕਾਂਗਰਸ ਵਿਚ ਮਨਜ਼ੂਰ ਕੀਤਾ ਗਿਆ। ਉਦੋਂ ਤੱਕ ਪਹਿਲੀ ਸੰਸਾਰ ਜੰਗ ਤੇ ਘਰੇਲੂ ਜੰਗ ਕਾਰਨ ਤਬਾਹ ਹੋਏ ਅਰਥਚਾਰੇ ਨੂੰ ਠੀਕ-ਠਾਕ ਹੱਦ ਤੱਕ ਬਹਾਲ ਕਰ ਲਿਆ ਗਿਆ ਸੀ ਤੇ ਹੁਣ ਇਸ ਤੋਂ ਅੱਗੇ ਵੱਡੀ ਪੁਲਾਂਘ ਭਰਨ ਦੀ ਲੋੜ ਸੀ। ਪਰ ਅਹਿਮ ਸਵਾਲ ਸੀ ਕਿ ਇਸ ਵੱਡੀ ਤਬਦੀਲੀ ਲਈ ਪੈਸਾ ਕਿੱਥੋਂ ਆਵੇ? ਇਹ ਤੈਅ ਕੀਤਾ ਗਿਆ ਕਿ ਮੁਲਕ ਦੇ ਸਾਰੇ ਅੰਦਰੂਨੀ ਵਸੀਲਿਆਂ ਨੂੰ ਇਸ ਮਕਸਦ ਲਈ ਵਰਤਿਆ ਜਾਵੇ, ਫੰਡਾਂ ਨੂੰ ਬੇਹੱਦ ਕਿਫਾਇਤ ਨਾਲ਼ ਖਰਚਿਆ ਜਾਵੇ ਤੇ ਸਾਰੇ ਸਰਕਾਰੀ ਅਦਾਰਿਆਂ ਨੂੰ ਮੁਨਾਫਾ ਬਖਸ਼ ਬਣਾਇਆ ਜਾਵੇ। ਇਸ ਕਾਰਜ ਨੂੰ ਆਪਣਾ ਕਾਰਜ ਸਮਝਦਿਆਂ ਸੋਵੀਅਤ ਲੋਕਾਂ ਨੇ ਵਧ-ਚੜ੍ਹ ਕੇ ਹਿੱਸਾ ਪਾਇਆ। ਮਜ਼ਦੂਰਾਂ, ਕਿਸਾਨਾਂ ਤੇ ਦਫਤਰੀ ਮੁਲਾਜ਼ਮਾਂ ਨੇ ਆਪਣੀ ਕਮਾਈ ਵਿਚੋਂ ਹਿੱਸੇ ਕੱਟ ਕੇ ਸਰਕਾਰੀ ਬਾਂਡ ਖਰੀਦੇ ਜਿਸ ਨਾਲ਼ ਸਰਕਾਰ ਕੋਲ਼ ਅਥਾਹ ਫੰਡ ਜਮ੍ਹਾਂ ਹੋਏ; ਇਸੇ ਤਰ੍ਹਾਂ ਕਿਸਾਨੀ ਨੇ ਸਨਅਤੀਕਰਨ ਲਈ ਵੱਡੀ ਪੱਧਰ 'ਤੇ ਯੋਗਦਾਨ ਦਿੱਤਾ। ਗੈਰ-ਮੁਲਕੀ ਸਨਅਤਾਂ ਤੇ ਵਪਾਰ ਜਿਨ੍ਹਾਂ ਨੂੰ ਸਰਕਾਰ ਨੇ ਆਪਣੇ ਕੰਟਰੋਲ ਹੇਠ ਲੈ ਲਿਆ ਸੀ ਉਨ੍ਹਾਂ ਤੋਂ ਵੀ ਕਰੋੜਾਂ ਰੂਬਲ ਇਕੱਠਾ ਹੋਏ। ਜਿਹੜਾ ਪੈਸਾ ਪਹਿਲਾਂ ਵਿਦੇਸ਼ੀ ਸਰਮਾਏਦਾਰਾਂ ਦੇ ਸੰਦੂਕਾਂ ਵਿਚ ਜਮ੍ਹਾਂ ਹੋ ਜਾਂਦਾ ਸੀ ਉਹ ਹੁਣ ਸੋਵੀਅਤ ਯੂਨੀਅਨ ਦੇ ਆਮ ਲੋਕਾਂ ਦੀ ਭਲਾਈ ਲਈ ਇਕੱਠਾ ਕਰ ਲਿਆ ਗਿਆ। ਇਸ ਸਭ ਨਾਲ਼ ਸਨਅਤੀਕਰਨ ਦੀ ਨੀਤੀ ਨੂੰ ਅੱਗੇ ਵਧਾਇਆ ਗਿਆ। ਦਿਓਕਾਰੀ ਸਨਅਤਾਂ ਨੇ ਸਾਲਾਂ ਵਿਚ ਹੀ ਮੁਲਕ ਦਾ ਨਕਸ਼ਾ ਬਦਲ ਦਿੱਤਾ। ਵੱਡੇ ਬਿਜਲੀਘਰ, ਲੋਹੇ ਤੇ ਹੋਰ ਬੁਨਿਆਦੀ ਧਾਤਾਂ ਦੇ ਪਲਾਂਟ, ਟਰੈਕਟਰ ਦੇ ਵੱਡੇ ਕਾਰਖਾਨੇ, ਸਾਇਬੇਰਿਆ ਤੋਂ ਕੇਂਦਰੀ ਏਸ਼ੀਆ ਤੱਕ ਲੰਬੀ ਰੇਲ ਲਾਈਨ, ਰਸਾਇਣਕ ਕਾਰਖਾਨੇ ਆਦਿ ਕਿੰਨਾ ਕੁੱਝ ਹੀ ਸਾਲਾਂ ਵਿਚ ਖੜ੍ਹਾ ਕਰ ਦਿੱਤਾ ਗਿਆ ਤੇ ਇਸ ਮਕਸਦ ਲਈ ਆਮ ਲੋਕਾਈ ਨੇ ਕਈ-ਕਈ ਦਿਨਾਂ ਦੀ ਬਿਨਾਂ ਤਨਖਾਹ ਕਿਰਤ ਨਾਲ਼ ਆਪਣਾ ਹਿੱਸਾ ਪਾਇਆ। ਇਸੇ ਜੋਸ਼ ਸਦਕਾ ਹੀ ਪਹਿਲੀ ਪੰਜ ਸਾਲਾ ਯੋਜਨਾ (1928-32) ਦੇ ਟੀਚਿਆਂ ਨੂੰ ਤਿੰਨ ਕੁ ਸਾਲਾਂ ਵਿਚ ਹੀ ਪੂਰਾ ਕਰ ਲਿਆ ਗਿਆ। ਇਸ ਯੋਜਨਾ ਤਹਿਤ 1500 ਦੇ ਕਰੀਬ ਵੱਡੇ ਕਾਰਖਾਨੇ ਕਾਇਮ ਕੀਤੇ ਗਏ ਤੇ ਕਿੰਨੇ ਹੀ ਹੋਰ ਹਜ਼ਾਰਾਂ ਪ੍ਰੋਜੈਕਟ ਨੇਪਰੇ ਚਾੜ੍ਹੇ ਗਏ। 1927-28 ਜਾਣੀ ਇਸ ਯੋਜਨਾ ਦੀ ਸ਼ੁਰੂਆਤ ਵੇਲ਼ੇ ਬੇਰੁਜ਼ਗਾਰਾਂ ਦੀ ਗਿਣਤੀ ਤਕਰੀਬਨ 11 ਲੱਖ ਸੀ ਤੇ ਟੀਚਾ ਰੱਖਿਆ ਗਿਆ ਸੀ ਕਿ ਯੋਜਨਾ ਦੇ ਅੰਤ ਤੱਕ ਇਸ ਵਿਚ 50% ਦੀ ਕਮੀ ਲਿਆਂਦੀ ਜਾਵੇ। ਪਰ ਲੋਕਾਂ ਦੇ ਜਜ਼ਬੇ ਤੇ ਸਮਾਜਵਾਦੀ ਰਾਜ ਦੀ ਵਿਉਂਤਬੰਦੀ ਨੇ ਯੋਜਨਾ ਦੇ ਖਤਮ ਹੋਣ ਤੋਂ ਪਹਿਲਾਂ ਹੀ ਬੇਰੁਜ਼ਗਾਰੀ ਦਾ ਫਸਤਾ ਪੂਰੀ ਤਰ੍ਹਾਂ ਵੱਢ ਦਿੱਤਾ।

ਬੇਰੁਜ਼ਗਾਰੀ ਦਾ ਕੋਹੜ ਖਤਮ ਕਰਨ ਵਿਚ ਖੇਤੀ ਦੀ ਕੀਤੀ ਕਾਇਆਪਲਟੀ ਦੀ ਵੀ ਅਹਿਮ ਥਾਂ ਸੀ। ਵੱਡੀ ਪੱਧਰ 'ਤੇ ਹੋ ਰਹੇ ਸਨਅਤੀਕਰਨ ਨਾਲ਼ ਪੁਰਾਣੀਆਂ ਲੀਹਾਂ 'ਤੇ ਚੱਲ ਰਹੀ ਨਿੱਜੀ ਮਲਕੀਅਤ ਵਾਲ਼ੀ ਖੇਤੀ ਪੂਰੀ ਤਰ੍ਹਾਂ ਬੇਮੇਲ ਸੀ। ਇਸ ਲਈ ਅਮਲੀ ਢੰਗ ਨਾਲ਼ ਕਿਸਾਨੀ ਨੂੰ ਪ੍ਰੇਰ ਕੇ ਪਹਿਲਾਂ ਉਨ੍ਹਾਂ ਨੂੰ ਸਹਿਕਾਰੀ ਖੇਤੀ ਲਈ ਉਤਸ਼ਾਹਿਤ ਕੀਤਾ ਗਿਆ ਤੇ ਜਦੋਂ ਕਿਸਾਨੀ ਦਾ ਵੱਡਾ ਹਿੱਸਾ ਸਹਿਕਾਰੀ ਖੇਤੀ ਵੱਲ ਆ ਗਿਆ ਤਾਂ ਖੇਤੀ ਨੂੰ ਵੱਡੇ ਸਮੂਹਿਕ ਖੇਤਾਂ ਵਿਚ ਤੇ ਫੇਰ ਰਾਜਕੀ ਫਾਰਮਾਂ ਵਿਚ ਜਥੇਬੰਦ ਕਰ ਦਿੱਤਾ ਗਿਆ। ਇਸ ਤਰ੍ਹਾਂ ਖੇਤੀ ਨੂੰ ਆਧੁਨਿਕ ਲੀਹਾਂ 'ਤੇ ਜਥੇਬੰਦ ਕਰਨ ਨਾਲ਼ ਵੱਡੇ ਪੈਮਾਨੇ ਦੀ ਉੱਨਤ ਖੇਤੀ ਸੰਭਵ ਹੋਈ ਤੇ ਵੱਡੀ ਪੱਧਰ 'ਤੇ ਖੇਤੀ ਵਿਚ ਸਨਅਤੀ ਸਾਜ਼ੋ-ਸਾਮਾਨ ਦੀ ਖਪਤ ਵਧੀ ਜਿਸ ਨੇ ਅੱਗੇ ਸਨਅਤੀ ਪੈਦਾਵਾਰ ਨੂੰ ਤੇ ਨਤੀਜਤਨ ਰੁਜ਼ਗਾਰ ਨੂੰ ਵੱਡੀ ਹੱਲਾਸ਼ੇਰੀ ਦਿੱਤੀ।

ਬੇਰੁਜ਼ਗਾਰੀ ਖ਼ਿਲਾਫ਼ ਜੰਗ ਦਾ ਇੱਕ ਹੋਰ ਅਹਿਮ ਪੱਖ ਸੀ ਸੱਭਿਆਚਾਰਕ ਤਰੱਕੀ। ਮੁਲਕ ਵਿਚ ਸਿੱਖਿਆ ਤੇ ਸੱਭਿਆਚਾਰਕ ਅਦਾਰਿਆਂ ਨੂੰ ਉੱਚਾ ਚੁੱਕੇ ਬਿਨਾਂ ਨਵੇਂ ਸਮਾਜ ਦੀ ਸਿਰਜਣਾ ਨਹੀਂ ਕੀਤੀ ਜਾ ਸਕਦੀ ਸੀ। ਜਦੋਂ ਰੂਸ ਵਿਚ 1917 ਦਾ ਇਨਕਲਾਬ ਹੋਇਆ ਉਦੋਂ ਅਨਪੜ੍ਹਤਾ ਦੀ ਦਰ ਬੇਹੱਦ ਜ਼ਿਆਦਾ ਸੀ। ਸ਼ਹਿਰਾਂ ਵਿਚ 60% ਤੱਕ ਤੇ ਪੇਂਡੂ ਖੇਤਰਾਂ ਵਿਚ 80% ਤੱਕ ਲੋਕ ਅਨਪੜ੍ਹ ਸਨ। ਸਰਹੱਦੀ ਇਲਾਕਿਆਂ ਦਾ (ਜਿਨ੍ਹਾਂ ਵਿਚ ਕਜਾਕ, ਉਜ਼ਬੇਕ, ਤਾਜਿਕ ਆਦਿ ਕੌਮਾਂ ਦੇ ਇਲਾਕੇ ਸ਼ਾਮਲ ਸਨ) ਹੋਰ ਵੀ ਮਾੜਾ ਹਾਲ ਸੀ ਜਿੱਥੇ ਬਾਮੁਸ਼ਕਲ 5-10% ਲੋਕ ਹੀ ਪੜ੍ਹੇ-ਲਿਖੇ ਸਨ। ਇਸ ਲਈ ਨਵੀਂ ਮਜ਼ਦੂਰ ਹਕੂਮਤ ਨੇ ਇਸ ਕੋਹੜ ਖ਼ਿਲਾਫ਼ ਇਨਕਲਾਬ ਦੇ ਸ਼ੁਰੂਆਤੀ ਸਾਲਾਂ ਤੋਂ ਹੀ ਜੰਗ ਛੇੜ ਦਿੱਤੀ। ਲੱਖਾਂ ਨਵੇਂ ਅਧਿਆਪਕ, ਨਵੇਂ ਮੁਲਾਜ਼ਮ, ਨਵੀਆਂ ਕਿਤਾਬਾਂ ਤੇ ਹੋਰ ਜ਼ਰੂਰੀ ਸਾਜ਼ੋ-ਸਾਮਾਨ ਰਾਹੀਂ ਮੁਲਕ ਨੂੰ ਸਾਖਰ ਬਣਾਇਆ ਗਿਆ। ਇਸ ਕੰਮ ਲਈ ਵੀ ਜਿੱਥੇ ਪੜ੍ਹੇ-ਲਿਖੇ ਆਮ ਲੋਕਾਂ ਨੇ ਵੱਡੀ ਪੱਧਰ 'ਤੇ ਵਾਲੰਟੀਅਰ ਸੇਵਾਵਾਂ ਦਿੱਤੀਆਂ ਓਥੇ ਹੀ ਇਸ ਕਾਰਜ ਨੂੰ ਪੂਰਾ ਕਰਨ ਲਈ ਹਜ਼ਾਰਾਂ ਨਵੇਂ ਸਕੂਲ, ਨਵੇਂ ਛਾਪੇਖਾਨੇ, ਨਵੀਆਂ ਇਮਾਰਤਾਂ ਬਣਾਈਆਂ ਗਈਆਂ ਤੇ ਨਵਾਂ ਅਮਲਾ ਫੈਲਾ ਭਰਤੀ ਕੀਤਾ ਗਿਆ। ਇਸ ਉੱਦਮ ਨੇ ਨਵੇਂ ਰੁਜ਼ਗਾਰ ਪੈਦਾ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਜਿੱਥੇ ਪੁਰਾਣੇ ਸਮਾਜ ਵਿਚ ਬਹੁਤ ਸਾਰੇ ਬੱਚੇ ਤੇ ਨੌਜਵਾਨ ਉਚੇਰੀ ਪੜ੍ਹਾਈ ਮਹਿੰਗੀ ਹੋਣ ਕਾਰਨ ਇਸ ਨੂੰ ਵਿਚਾਲਿਓਂ ਛੱਡ ਜਾਂਦੇ ਸਨ ਓਥੇ ਹੀ ਸੋਵੀਅਤ ਹਕੂਮਤ ਨੇ ਆਪਣੇ ਸਾਰੇ ਨਾਗਰਿਕਾਂ ਨੂੰ ਸਿੱਖਿਆ ਮੁਫਤ ਮੁਹੱਈਆ ਕਰਵਾਈ। ਇਸੇ ਤਰ੍ਹਾਂ ਨਵੇਂ ਨਾਟਘਰਾਂ, ਸਿਨੇਮਿਆਂ, ਲਾਇਬ੍ਰੇਰੀਆਂ, ਕਾਲਜਾਂ-ਯੂਨੀਵਰਸਿਟੀਆਂ ਆਦਿ ਦੇ ਮਿਸਾਲੀ ਫੈਲਾਅ ਨੇ ਬੇਰੁਜ਼ਗਾਰੀ ਖ਼ਿਲਾਫ਼ ਜੰਗ ਵਿਚ ਅਹਿਮ ਭੂਮਿਕਾ ਨਿਭਾਈ। ਇਸੇ ਤਰ੍ਹਾਂ ਸਿਹਤ ਸਹੂਲਤਾਂ ਦੇ ਵਿਸਥਾਰ ਜਿਨ੍ਹਾਂ ਵਿਚ ਨਵੇਂ ਹਸਪਤਾਲਾਂ, ਡਿਸਪੈਂਸਰੀਆਂ, ਜੱਚਾ ਕੇਂਦਰਾਂ ਆਦਿ ਦਾ ਬਣਨਾ ਸ਼ਾਮਲ ਸੀ, ਨੇ ਲੱਖਾਂ ਹੀ ਮਾਹਿਰ ਨੌਜਵਾਨਾਂ, ਮੁਲਾਜ਼ਮਾਂ ਆਦਿ ਨੂੰ ਸਟਾਫ ਵਜੋਂ ਰੁਜ਼ਗਾਰ ਦਿੱਤਾ। ਇਨ੍ਹਾਂ ਪੇਸ਼ਕਦਮੀਆਂ ਦੀ ਬਦੌਲਤ ਹੀ 1930 ਦੇ ਅਖੀਰ ਤੱਕ ਸੋਵੀਅਤ ਯੂਨੀਅਨ ਦੇ ਆਖਰੀ ਰੁਜ਼ਗਾਰ ਦਫਤਰ ਨੂੰ ਵੀ ਬੰਦ ਕਰ ਦਿੱਤਾ ਗਿਆ ਕਿਉਂਕਿ ਹੁਣ ਇਸ ਦੀ ਕੋਈ ਲੋੜ ਨਹੀਂ ਰਹਿ ਗਈ ਸੀ।

ਸੋਵੀਅਤ ਯੂਨੀਅਨ ਦੇ ਤਜਰਬੇ ਨੇ ਕੀ ਸਾਬਤ ਕੀਤਾ ਤੇ ਭਾਰਤ ਦੇ ਕਿਰਤੀਆਂ ਲਈ ਇਸਦਾ ਕੀ ਸਬਕ ਹੈ?

1930 ਦੇ ਅਖੀਰ ਵਿਚ ਸੋਵੀਅਤ ਯੂਨੀਅਨ ਦੇ ਆਖਰੀ ਰੁਜ਼ਗਾਰ ਦਫਤਰ ਦਾ ਬੰਦ ਹੋਣਾ ਤੇ ਉਸੇ ਵੇਲ਼ੇ ਸੰਯੁਕਤ ਰਾਜ ਅਮਰੀਕਾ, ਜਰਮਨੀ, ਫਰਾਂਸ, ਬਰਤਾਨੀਆ ਜਿਹੇ ਦਿੱਗਜ ਪੱਛਮੀ ਮੁਲਕਾਂ ਦਾ ਹੁਣ ਤਕ ਦੇ ਸਭ ਤੋਂ ਡੂੰਘੇ ਆਰਥਿਕ ਸੰਕਟ ਦਾ ਸ਼ਿਕਾਰ ਹੋਣਾ ਇਹ ਦੋ ਸਮਾਨਾਂਤਰ ਵਰਤਾਰੇ ਦੋ ਵੱਖੋ-ਵੱਖਰੇ ਨਿਜਾਮਾਂ ਸਮਾਜਵਾਦੀ ਨਿਜ਼ਾਮ ਤੇ ਸਰਮਾਏਦਾਰਾ ਨਿਜ਼ਾਮ ਵਿਚਾਲੇ ਫਰਕ ਨੂੰ ਐਨ ਸਪੱਸ਼ਟ ਕਰ ਦਿੰਦੇ ਹਨ। ਸੋਵੀਅਤ ਯੂਨੀਅਨ ਤੇ ਚੀਨ ਦੇ ਸਮਾਜਵਾਦੀ ਦੌਰ ਦੇ ਤਜਰਬੇ ਨੇ ਪੂਰੀ ਦੁਨੀਆਂ ਅੱਗੇ ਸਾਬਤ ਕਰ ਦਿੱਤਾ ਕਿ ਸਰਮਾਏਦਾਰਾਂ ਦੇ ਮੁਨਾਫੇ ਦੀ ਹਵਸ 'ਤੇ ਟਿਕਿਆ ਸਰਮਾਏਦਾਰਾ ਨਿਜ਼ਾਮ ਨਹੀਂ ਸਗੋਂ ਮਜ਼ਦੂਰਾਂ ਦੇ ਰਾਜ ਵਾਲ਼ਾ ਸਮਾਜਵਾਦੀ ਨਿਜ਼ਾਮ ਹੀ ਮਨੁੱਖਤਾ ਨੂੰ ਬੇਰੁਜ਼ਗਾਰੀ ਦੇ ਕੋਹੜ ਤੋਂ ਨਿਜ਼ਾਤ ਦਿਵਾ ਸਕਦਾ ਹੈ।

ਭਾਰਤ ਨੇ 1947 ਵਿਚ ਅੰਗਰੇਜ਼ਾਂ ਕੋਲ਼ੋਂ ਆਜ਼ਾਦ ਹੋਣ ਤੋਂ ਬਾਅਦ ਸਰਮਾਏਦਾਰਾ ਰਾਹ ਅਪਣਾਇਆ ਤੇ ਅੱਜ ਅਸੀਂ ਉਸਦਾ ਨਤੀਜਾ ਦੇਖ ਸਕਦੇ ਹਾਂ। 75 ਸਾਲਾਂ ਬਾਅਦ ਵੀ ਅੱਜ ਲੱਖਾਂ-ਕਰੋੜਾਂ ਲੋਕ ਬੇਰੁਜ਼ਗਾਰ ਹਨ ਤੇ ਜਿਹੜੇ ਕਰੋੜਾਂ ਨੌਕਰੀਸ਼ੁਦਾ ਹਨ ਵੀ ਉਹ ਵੀ ਬਿਨਾਂ ਨੌਕਰੀ ਦੀ ਗਾਰੰਟੀ, ਬਿਨਾਂ ਬੋਨਸ ਭੱਤੇ, ਬਿਨਾਂ ਪੈਨਸ਼ਨ, ਬਿਨਾਂ ਸਾਲਾਨਾ ਛੁੱਟੀਆਂ ਆਦਿ ਤੋਂ ਭਾਰੀ ਬੇਯਕੀਨੀ ਵਿਚ ਕੰਮ ਕਰ ਰਹੇ ਹਨ। ਐਥੋਂ ਦੀਆਂ ਹਕੂਮਤਾਂ ਨੇ ਲਗਾਤਾਰ ਮਜ਼ਦੂਰ ਵਿਰੋਧੀ ਨੀਤੀਆਂ ਨੂੰ ਅੰਜ਼ਾਮ ਦਿੱਤਾ ਹੈ ਜਿਨ੍ਹਾਂ ਵਿਚ ਮੋਦੀ ਹਕੂਮਤ ਸਭ ਤੋਂ ਅੱਗੇ ਹੈ। ਅੱਜ ਅੰਕੜਿਆਂ ਮੁਤਾਬਕ ਭਾਰਤ ਵਿਚ ਬੇਰੁਜ਼ਗਾਰੀ ਚਾਲ਼ੀ ਸਾਲਾਂ ਦੇ ਰਿਕਾਰਡ ਪੱਧਰ 'ਤੇ ਹੈ। ਸਰਕਾਰੀ ਖੇਤਰ ਵਿਚ ਹੀ ਸੂਬਿਆਂ ਤੇ ਕੇਂਦਰ ਸਰਕਾਰ ਦੀਆਂ ਖਾਲੀ ਪਈਆਂ ਅਸਾਮੀਆਂ ਮਿਲ਼ਾ ਲਈਆਂ ਜਾਣ ਤਾਂ ਇਕ ਕਰੋੜ ਦੇ ਕਰੀਬ ਸਰਕਾਰੀ ਨੌਕਰੀਆਂ ਖਾਲੀ ਪਈਆਂ ਹਨ। ਪਰ ਮੋਦੀ ਹਕੂਮਤ ਤੇ ਸੂਬਿਆਂ ਦੀਆਂ ਲੋਟੂ ਸਰਕਾਰਾਂ ਇਨ੍ਹਾਂ ਨੂੰ ਭਰਨ ਦੀ ਥਾਂ ਸਰਕਾਰੀ ਅਦਾਰਿਆਂ ਨੂੰ ਹੀ ਵੇਚਣ ਲੱਗੀਆਂ ਹਨ ਕਿਉਂਜੋ ਇਨ੍ਹਾਂ 'ਤੇ ਅਜਾਰੇਦਾਰ ਸਰਮਾਏਦਾਰਾਂ ਦੀ ਗਿਰਝ ਅੱਖ ਟਿਕੀ ਹੋਈ ਹੈ।

ਬੇਸ਼ੱਕ ਸਾਨੂੰ ਸਰਕਾਰਾਂ ਕੋਲ਼ੋਂ ਖਾਲ਼ੀ ਪਈਆਂ ਅਸਾਮੀਆਂ ਭਰਨ ਦੀ ਜ਼ੋਰਦਾਰ ਮੰਗ ਕਰਨੀ ਚਾਹੀਦੀ ਹੈ ਪਰ ਨਾਲ਼ ਹੀ ਇਹ ਵੀ ਸਮਝਣਾ ਪੈਣਾ ਹੈ ਕਿ ਬੇਰੁਜ਼ਗਾਰੀ ਦੀ ਸਮਾਜਿਕ ਲਾਹਨਤ ਤੇ ਸਰਮਾਏਦਾਰੀ ਦਾ ਨਹੁੰ-ਮਾਸ ਦਾ ਰਿਸ਼ਤਾ ਹੈ। ਆਮ ਬੇਰੁਜ਼ਗਾਰੀ ਸਰਮਾਏਦਾਰਾ ਪੈਦਾਵਾਰ ਤੇ ਇਸਦੇ ਇਕੱਤਰੀਕਰਨ ਦਾ ਅਟੱਲ ਨਤੀਜਾ ਹੈ। ਤੇ ਜਦੋਂ-ਜਦੋਂ ਇਹ ਪ੍ਰਬੰਧ ਆਰਥਿਕ ਸੰਕਟ ਦਾ ਸ਼ਿਕਾਰ ਹੁੰਦਾ ਹੈ ਉਦੋਂ ਬੇਰੁਜ਼ਗਾਰੀ ਦੀ ਇਸ ਅਲਾਮਤ ਵਿਚ ਬੇਤਹਾਸ਼ਾ ਵਾਧਾ ਹੋ ਜਾਂਦਾ ਹੈ। ਇਸ ਲਈ ਇਸ ਕੋਹੜ ਦਾ ਅੰਤਿਮ ਹੱਲ ਇਕ ਸਮਾਜਵਾਦੀ ਨਿਜ਼ਾਮ ਹੀ ਹੈ ਜਿਹੜਾ ਸਭ ਨੂੰ ਸਨਮਾਨਯੋਗ ਕੰਮ ਦੇ ਸਕਦਾ ਹੈ ਤੇ ਕਿਰਤੀ ਲੋਕਾਂ ਨੂੰ ਇਸ ਵੱਡੀ ਚਿੰਤਾ ਤੋਂ ਮੁਕਤ ਕਰ ਉਨ੍ਹਾਂ ਦੀ ਊਰਜਾ ਹੋਰ ਚੰਗੇ, ਉਸਾਰੂ ਕੰਮਾਂ ਵੱਲ ਸੇਧਿਤ ਕਰ ਸਕਦਾ ਹੈ।

# ਸਿਨੇਮਾ ਵਿਚ ਸੰਘੀ ਲਾਣੇ ਦਾ ਵਧਦਾ ਦਖਲ

**ਡਾ. ਅਮਨ ਸੰਤਨਗਰ**
**ਫੋਨ: 99918-54101**



ਸਮਾਜ ਦੀਆਂ ਬਹੁਤੀਆਂ ਖੋਜਾਂ ਮਨੁੱਖੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀਆਂ ਅਥਾਹ ਸੰਭਾਵਨਾਵਾਂ ਲੈ ਕੇ ਆਉਂਦੀਆਂ ਹਨ। ਪਰ ਮੌਜੂਦਾ ਸਰਮਾਏਦਾਰਾ ਪ੍ਰਬੰਧ ਅੰਦਰ ਵਿਗਿਆਨ ਦੀ ਹਰ ਖੋਜ ਮਨੁੱਖਤਾ ਦੀ ਬਿਹਤਰੀ ਦੀ ਬਜਾਏ ਮੁੱਠੀ ਭਰ ਸਰਮਾਏਦਾਰਾਂ ਵੱਲੋਂ ਆਪਣੇ ਸੌੜੇ ਹਿੱਤਾਂ ਲਈ ਵਰਤੀ ਜਾਂਦੀ ਹੈ। ਕਲਾ ਦੇ ਖੇਤਰ ਵਿਚ ਵੀ ਇਹੋ ਕੁੱਝ ਹੋ ਰਿਹਾ ਹੈ। ਕਲਾ ਦਾ ਬੇਹਤਰੀਨ ਨਮੂਨਾ ਸਿਨੇਮਾ, ਜਿਸ ਦੇ ਵੱਡੇ ਹਿੱਸੇ ਉੱਤੇ ਅੱਜ ਮੁੱਖ ਤੌਰ 'ਤੇ ਕਲਾ ਤੇ ਮੀਡੀਆ ਦੇ ਹੋਰਾਂ ਸਾਧਨਾਂ ਵਾਂਗ ਸਰਮਾਏਦਾਰੀ ਦਾ ਹੀ ਕਬਜ਼ਾ ਹੈ, ਸਰਮਾਏਦਾਰਾ ਸੱਭਿਆਚਾਰ ਨੂੰ ਲੋਕ ਮਨਾਂ ਵਿਚ ਭਰਨ ਦਾ ਇਕ ਸਾਧਨ ਹੈ। ਭਾਰਤ ਵਿਚ ਭਾਜਪਾ ਵਰਗੀ ਫਿਰਕੂ ਫਾਸ਼ੀਵਾਦੀ ਪਾਰਟੀ ਦੇ ਸੱਤਾ ਵਿਚ ਆਉਣ ਤੋਂ ਬਾਅਦ ਤਾਂ ਆਰ ਐਸ ਐਸ ਵੱਲੋਂ ਇਸ ਰਾਹੀਂ ਆਪਣੀ ਫਿਰਕੂ ਫਾਸ਼ੀਵਾਦੀ ਮੁਸਲਿਮ ਵਿਰੋਧੀ ਮੁਹਿੰਮ ਨੂੰ ਲੋਕਾਂ ਦੀ ਆਮ ਚੇਤਨਾ ਦਾ ਹਿੱਸਾ ਬਣਾਉਣ ਦੇ ਯਤਨ ਹੋਰ ਜ਼ੋਰਾਂ ਸ਼ੋਰਾਂ ਨਾਲ਼ ਕੀਤੇ ਜਾ ਰਹੇ ਹਨ।

ਇਹੋ ਕਾਰਨ ਹੈ ਕਿ 2014 ਤੋਂ ਬਾਅਦ, ਜਦੋਂ ਤੋਂ ਭਾਜਪਾ ਸੱਤਾ ਵਿਚ ਆਈ ਹੈ, ਅੰਨ੍ਹੀ ਕੌਮਪ੍ਰਸਤੀ ਦੇ ਏਜੰਡੇ ਹੇਠ ਮੁਸਲਿਮ ਵਿਰੋਧੀ ਬਿਰਤਾਂਤ ਨੂੰ ਸਥਾਪਤ ਕਰਦੀਆਂ ਫਿਲਮਾਂ ਦੀ ਝੜੀ ਹੀ ਲੱਗ ਗਈ ਹੈ। ਇਸ ਸਮੇਂ ਦੌਰਾਨ ਹਿੰਦੀ ਸਿਨੇਮਾ ਵਿਚ ਇਤਿਹਾਸਕ ਫਿਲਮਾਂ ਦੇ ਨਾਂ ਹੇਠ ਫਾਸ਼ੀਵਾਦੀ ਪ੍ਰਚਾਰ ਵਾਲ਼ੀਆਂ ਫਿਲਮਾਂ ਦਾ ਰੁਝਾਨ ਵਧਿਆ ਹੈ। ਪਿੱਛੇ ਜਿਹੇ ਆਈ ਸੰਜੇ ਲੀਲਾ ਭੰਸਾਲੀ ਦੀ ਫਿਲਮ ਬਾਜੀਰਾਓ ਮਸਤਾਨੀ ਵਿਚ "ਹਿੰਦੂ ਸਵਰਾਜ" ਨੂੰ ਛਤਰਪਤੀ ਸ਼ਿਵਾਜੀ ਦੇ ਇਕੋ ਇਕ ਮਕਸਦ ਵਜੋਂ ਪੇਸ਼ ਕੀਤਾ ਗਿਆ ਹੈ ਅਤੇ ਇਸੇ ਨੂੰ ਉਸ ਵੱਲੋਂ ਲੜੀਆਂ ਜੰਗਾਂ ਦੇ ਅਸਲ ਮਕਸਦ ਵਜੋਂ ਪੇਸ਼ ਕੀਤਾ ਗਿਆ ਹੈ ਜਦਕਿ ਇਤਿਹਾਸਕ ਤੱਥ ਇਹ ਸਾਫ ਦੱਸਦੇ ਹਨ ਕਿ ਸ਼ਿਵਾਜੀ ਵੱਲੋਂ ਲੜੀਆਂ ਜੰਗਾਂ ਪਿੱਛੇ ਫਿਰਕੂ ਮਨਸੂਬੇ ਕਿਤੇ ਨੇੜੇ ਤੇੜੇ ਵੀ ਨਹੀਂ ਸਨ ਅਤੇ ਉਸਦਾ ਮਕਸਦ ਸਿਰਫ ਆਪਣੇ ਰਾਜ ਦੀਆਂ ਭੂਗੋਲਿਕ ਹੱਦਾਂ ਦਾ ਵਿਸਥਾਰ ਸੀ।

ਫਿਲਮ 'ਤਾਨ੍ਹਾਜੀ: ਦਿ ਅਨਸੰਗ ਹੀਰੋ' ਵਿਚ ਵੀ ਲਗਭਗ ਇਸੇ ਤਰ੍ਹਾਂ ਦੇ ਯਤਨ ਕੀਤੇ ਗਏ ਹਨ। ਤਾਨ੍ਹਾਜੀ ਮਾਲੂਸਰੇ ਅਤੇ ਉਸਦੀ ਪਤਨੀ ਸਾਵਿਤਰੀ ਮਾਲੂਸਰੇ, ਮਛੇਰਾ ਜਾਤੀ ਵਿਚੋਂ ਸਨ ਜਦਕਿ ਫਿਲਮ ਵਿਚ ਉਨ੍ਹਾਂ ਨੂੰ ਬ੍ਰਾਹਮਣ ਵਜੋਂ ਪੇਸ਼ ਕੀਤਾ ਗਿਆ ਹੈ। ਫਿਲਮ ਵਿਚ ਸਾਵਿੱਤਰੀ ਦੇ ਕਿਰਦਾਰ ਦੇ ਮੂਹੋਂ ਇਹ ਡਾਇਲਾਗ ਵੀ ਕਹਾਇਆ ਜਾਂਦਾ ਹੈ ਕਿ "ਜਦੋਂ ਸ਼ਿਵਾਜੀ ਆਪਣੀ ਤਲਵਾਰ ਕੱਢਦਾ ਹੈ ਤਾਂ ਉਹ ਔਰਤਾਂ ਦੀ ਇੱਜ਼ਤ ਅਤੇ ਬ੍ਰਾਹਮਣ ਦੇ ਪਵਿੱਤਰ ਧਾਗੇ ਦੀ ਰੱਖਿਆ ਕਰਦਾ ਹੈ"। ਬਾਲੀਵੁੱਡ ਅਤੇ ਹਿੰਦੀ ਫਿਲਮ ਸਨਅਤ ਤੋਂ ਬਿਨਾਂ ਹੋਰਨਾਂ ਫਿਲਮਾਂ ਵਿਚ ਵੀ ਇਸ ਤਰ੍ਹਾਂ ਦੇ ਰੁਝਾਨ ਦੀਆਂ ਕੁੱਝ ਮਿਸਾਲਾਂ ਮਿਲ਼ਦੀਆਂ ਹਨ, ਜਿਵੇਂ ਕਿ ਆਰ.ਆਰ.ਆਰ., ਜਿਸ ਵਿਚ ਇਕ ਕ੍ਰਾਂਤੀਕਾਰੀ (ਅਲੂਰੀ ਸੀਤਾਰਾਮ ਰਾਜੂ, ਜਿਸਨੇ ਅੰਗਰੇਜ਼ ਸਾਮਰਾਜ ਨਾਲ਼ ਲੜਨ ਲਈ ਇਕ ਸੰਨਿਆਸੀ ਦੇ ਭੇਸ ਵਿਚ ਗੁਰੀਲਾ ਯੁੱਧਨੀਤੀ ਦੀ ਵਰਤੋਂ ਕੀਤੀ), ਨੂੰ ਹਿੰਦੂ ਦੇਵਤਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਅਤੇ ਨਾਲ਼ ਹੀ ਪਿਛੋਕੜ ਵਿਚ ਜੈ ਸ੍ਰੀ ਰਾਮ ਦੀ ਗੂੰਜ ਲਗਾਤਾਰ ਮੌਜੂਦ ਰਹਿੰਦੀ ਹੈ। ਗਾਜ਼ੀ ਅਟੈਕ, ਸਰਬਜੀਤ, ਫੈਂਟਮ, ਬਜਰੰਗੀ ਭਾਈਜਾਨ, ਸੁਲਤਾਨ, ਜੌਲੀ ਐਲ ਐਲ ਬੀ, ਡਿਸ਼ੂਮ, ਐਮ.ਐਸ. ਧੋਨੀ, ਮੈਰੀ ਕੌਮ, ਏਅਰਲਿਫ਼ਟ ਆਦਿ ਫਿਲਮਾਂ ਬੀਤੇ ਸਮੇਂ ਵਿਚ ਅੰਨ੍ਹੇ ਕੌਮਪ੍ਰਸਤ ਅਤੇ ਮੁਸਲਿਮ ਵਿਰੋਧੀ ਭਾਵਨਾ ਪੈਦਾ ਕਰਨ ਵਾਲ਼ੀਆਂ ਫਿਲਮਾਂ ਦੀਆਂ ਕੁੱਝ ਚੋਣਵੀਆਂ ਮਿਸਾਲਾਂ ਹਨ। ਆਰ ਐਸ ਐਸ ਦੇ ਰਸਾਲੇ ਪੰਚਜੱਨਿਆ ਅਤੇ ਆਰਗੇਨਾਈਜ਼ਰ ਵਿਚ ਐਵੇਂ ਹੀ ਨਹੀਂ ਦੰਗਲ ਫਿਲਮ ਦੀ ਸਿਫਤ ਕੀਤੀ ਗਈ ਅਤੇ ਮੋਹਨ ਭਾਗਵਤ ਵੱਲੋਂ ਆਮਿਰ ਖਾਨ ਦੀ। ਇਸੇ ਤਰ੍ਹਾਂ ਪਿਛਲੇ ਸਮੇਂ ਆਈ ਫਿਲਮ ਕਸ਼ਮੀਰ ਫਾਈਲਜ਼ ਭਾਜਪਾ-ਸੰਘ ਦੀ ਇਕ ਅਜਿਹੀ ਹੀ ਪ੍ਰਚਾਰ ਫਿਲਮ ਸੀ ਜਿਸਦੀ ਮੋਦੀ ਨੇ ਰੱਜ ਕੇ ਮਸ਼ਹੂਰੀ ਕੀਤੀ। ਸਰਕਾਰ ਵੱਲੋਂ ਇਸ ਫਿਲਮ ਨੂੰ ਖੂਬ ਪ੍ਰਚਾਰਿਆ ਗਿਆ। ਸਰਕਾਰੀ ਮੁਲਾਜ਼ਮਾਂ ਨੂੰ ਵਿਸ਼ੇਸ਼ ਤੌਰ 'ਤੇ ਇਹ ਫਿਲਮ ਵੇਖਣ ਲਈ ਪ੍ਰੇਰਿਆ ਗਿਆ। ਕਸ਼ਮੀਰੀ ਪੰਡਤਾਂ ਦੇ ਮਸਲੇ ਨੂੰ ਕਸ਼ਮੀਰ ਦੇ ਇਤਿਹਾਸ ਤੋਂ ਤੋੜ ਕੇ ਪੇਸ਼ ਕਰਦੀ ਇਹ ਫਿਲਮ ਕਸ਼ਮੀਰ ਵਿਚ ਹੁਣ ਤੱਕ 90,000 ਤੋਂ ਵੱਧ ਮਾਰੇ ਗਏ ਤੇ 10,000 ਤੋਂ ਵੱਧ ਲਾਪਤਾ ਲੋਕਾਂ ਦੇ ਮਸਲੇ ਉੱਤੇ ਕੋਈ ਗੱਲ ਨਹੀਂ ਕਰਦੀ। ਬੱਸ ਕਸ਼ਮੀਰੀ ਪੰਡਤਾਂ ਦੇ ਮਸਲੇ ਨੂੰ ਫਿਰਕੂ ਤਰੀਕੇ ਨਾਲ਼ ਪੇਸ਼ ਕਰਦੀ ਹੈ। ਇਹ ਫਿਲਮ ਕਸ਼ਮੀਰੀ ਪੰਡਤਾਂ ਦੀ ਹਿਜਰਤ ਲਈ ਕਸ਼ਮੀਰੀ ਮੁਸਲਮਾਨਾਂ ਨੂੰ ਦੋਸ਼ੀ ਗਰਦਾਨ ਕੇ ਫਿਰਕੂ ਨਫਰਤ ਫੈਲਾਉਂਦੀ ਹੈ ਤੇ ਇਸ ਸਭ ਕਾਸੇ ਲਈ ਮੁੱਖ ਦੋਸ਼ੀ ਭਾਰਤ ਸਰਕਾਰ ਅਤੇ ਉਹਦੀ ਕੌਮੀ ਜਬਰ ਦੀ ਨੀਤੀ ਨੂੰ ਬਰੀ ਕਰਦੀ ਹੈ।

ਅਜਿਹੀਆਂ ਫਿਲਮਾਂ ਦੀ ਇਹ ਖਾਸੀਅਤ ਹੁੰਦੀ ਹੈ ਕਿ ਇਨ੍ਹਾਂ ਵਿਚ ਫਾਸ਼ੀਵਾਦੀਆਂ ਵੱਲੋਂ ਨਿਸ਼ਾਨੇ 'ਤੇ ਰੱਖੇ ਸਮੂਹ ਨੂੰ ਖਲਨਾਇਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਨਾਜ਼ੀਆਂ ਵੱਲੋਂ ਯਹੂਦੀਆਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਸੀ ਅਤੇ ਭਾਰਤ ਵਿਚ ਆਰ ਐਸ ਐਸ ਵੱਲੋਂ ਮੁਸਲਮਾਨਾਂ ਨੂੰ ਅਜਿਹੇ ਖਲਨਾਇਕ ਵਜੋਂ ਪੇਸ਼ ਕੀਤਾ ਜਾਂਦਾ ਹੈ। ਲੋਕਾਂ ਵਿਚ ਘੱਟ-ਗਿਣਤੀ ਭਾਈਚਾਰਿਆਂ ਬਾਰੇ ਪ੍ਰਚੱਲਤ ਬਹੁਤ ਸਾਰੇ ਰੂੜ੍ਹੀਵਾਦੀ ਵਿਚਾਰ ਉਨ੍ਹਾਂ ਦੇ ਵਿਰੁੱਧ ਘੜੇ ਗਏ ਅਜਿਹੇ ਬਿਰਤਾਂਤਾਂ 'ਤੋਂ ਹੀ ਪੈਦਾ ਹੁੰਦੇ ਹਨ। ਸਿਨੇਮਾ ਦੇ ਨਾਲ਼-ਨਾਲ਼ ਭਾਰਤ ਵਿਚ ਗੋਦੀ ਮੀਡੀਆ ਅਜਿਹੇ ਬਿਰਤਾਂਤ ਸਿਰਜਣ ਵਿਚ ਸਰਕਾਰ ਦੀ ਪੂਰੀ ਮਦਦ ਕਰ ਰਿਹਾ ਹੈ। ਇਸ ਮਾਮਲੇ ਵਿਚ ਵੀ ਸੰਘੀ ਲਾਣਾ ਹਿਟਲਰ ਦੀ ਲੀਹ ਉੱਤੇ ਹੀ ਚੱਲ ਰਿਹਾ ਹੈ। ਹਿਟਲਰ ਅਕਸਰ ਅਜਿਹੇ ਵਿਚਾਰਾਂ ਨੂੰ ਦਬਾਉਣ ਲਈ, ਜੋ ਉਸ ਲਈ ਜਾਂ ਉਸਦੀ ਵਿਚਾਰਧਾਰਾ ਲਈ ਖਤਰਾ ਸਨ, ਖ਼ਬਰਾਂ ਅਤੇ ਫਿਲਮਾਂ ਵਰਗੇ ਮਾਧਿਅਮਾਂ ਨੂੰ ਕੰਟਰੋਲ ਕਰਦਾ ਸੀ ਅਤੇ ਮੋਦੀ ਵੀ ਗੋਦੀ ਮੀਡੀਆ ਰਾਹੀਂ ਅਤੇ 'ਦ ਕੇਰਲਾ ਸਟੋਰੀ' ਅਤੇ 'ਕਸ਼ਮੀਰ ਫਾਈਲਜ਼' ਵਰਗੀਆਂ ਮੁਸਲਿਮ ਵਿਰੋਧੀ ਜ਼ਹਿਰ ਘੋਲ਼ਦੀਆਂ ਫਾਸ਼ੀਵਾਦੀ ਏਜੰਡੇ ਵਾਲ਼ੀਆਂ ਫਿਲਮਾਂ ਰਾਹੀਂ ਇਹੋ ਕੁੱਝ ਕਰ ਰਿਹਾ ਹੈ।

ਸਿਨੇਮਾ ਰਾਹੀਂ ਕੀਤੇ ਜਾਂਦੇ ਅਜਿਹੇ ਖਤਰਨਾਕ ਝੂਠੇ ਪ੍ਰਚਾਰ ਵਿਚ ਜਿਸ ਆਮ ਵਰਤਾਰੇ ਨੂੰ ਨੋਟ ਕਰਨਾ ਬੇਹੱਦ ਮਹੱਤਵਪੂਰਨ ਹੈ। ਉਹ ਇਹ ਕਿ ਇਸ ਵਿਚ ਘੱਟ ਗਿਣਤੀ ਭਾਈਚਾਰਿਆਂ ਨੂੰ ਨਾ ਸਿਰਫ ਬਹੁ-ਗਿਣਤੀ ਲਈ ਖਤਰੇ ਵਜੋਂ ਪੇਸ਼ ਕੀਤਾ ਜਾਂਦਾ ਹੈ, ਸਗੋਂ ਇਸਨੂੰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀਆਂ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਇਕ ਖਤਰੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਸੰਘ ਭਾਜਪਾ ਵੱਲੋਂ ਪ੍ਰਚਾਰਿਆ ਜਾਂਦਾ "ਲਵ ਜਿਹਾਦ" ਵੀ ਇਸੇ ਦੀ ਇਕ ਵੰਨਗੀ ਹੈ। ਸੰਯੁਕਤ ਰਾਜ ਅਮਰੀਕਾ ਵਿਚ ਨਸਲੀ ਨਫਰਤ ਫੈਲਾਉਣ ਲਈ ਵੀ ਅਜਿਹੇ ਹੀ ਤਰੀਕੇ ਵਰਤੇ ਜਾਂਦੇ ਹਨ। ਕੁਝ ਚੋਣਵੇਂ ਤੱਥਾਂ ਨੂੰ ਤੋੜ-ਮਰੋੜ ਕੇ ਝੂਠ ਨੂੰ ਸੱਚ ਬਣਾ ਕੇ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਸਰੋਤੇ ਉਸ ਉੱਤੇ ਸੌਖਿਆਂ ਹੀ ਭਰੋਸਾ ਕਰ ਲੈਣ। ਆਲੋਚਨਾਤਮਕਤਾ ਦੀ ਅਜਿਹੀਆਂ ਫਿਲਮਾਂ ਵਿਚ ਕੋਈ ਥਾਂ ਨਹੀਂ ਹੁੰਦੀ। ਇਨ੍ਹਾਂ ਵਿਚ ਦੋ ਧਿਰਾਂ ਵਿਚ ਇਕ ਨੂੰ ਪੀੜਤ ਅਤੇ ਦੂਸਰੇ ਨੂੰ ਹਮਲਾਵਰ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਹਿਲੇ ਵਿਚ ਸਾਰਿਆਂ ਨੂੰ ਹੀ ਚੰਗੇ ਵਿਖਾਇਆ ਜਾਂਦਾ ਹੈ ਤੇ ਮਗਰਲੇ ਵਿਚ ਸਾਰਿਆਂ ਨੂੰ ਹੀ ਮਾੜੇ। ਮਿਸਾਲ ਵਜੋਂ, 'ਦ ਕੇਰਲਾ ਸਟੋਰੀ' ਵਿਚ ਹਰ ਮੁਸਲਿਮ ਪਾਤਰ ਨੂੰ ਦੁਸ਼ਟ ਜਾਂ ਹੇਰਾ-ਫੇਰੀ ਕਰਨ ਵਾਲ਼ੇ ਆਦਿ ਦੇ ਰੂਪ ਵਿਚ ਦਿਖਾਇਆ ਗਿਆ ਹੈ ਅਤੇ ਹਿੰਦੂ ਪਾਤਰਾਂ ਖਾਸਕਰ ਲੜਕੀਆਂ ਨੂੰ ਪੀੜਤ ਅਤੇ ਭੋਲ਼ੇਪਣ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਫਿਲਮ ਰਾਹੀਂ ਵੀ ਮੁਸਲਮਾਨਾਂ ਖ਼ਿਲਾਫ ਲੋਕਾਂ ਦੇ ਮਨਾਂ ਵਿਚ ਨਫ਼ਰਤ ਪੈਦਾ ਕਰਨ ਦਾ ਪੂਰਾ ਯਤਨ ਕੀਤਾ ਗਿਆ ਹੈ। ਹੁਣੇ-ਹੁਣੇ ਆਈ ਆਦੀਪੁਰਸ਼ ਫਿਲਮ ਰਾਹੀਂ ਵੀ ਇਸੇ ਹਿੰਦੂਤਵੀ ਏਜੰਡੇ ਨੂੰ ਪਰੋਸਿਆ ਗਿਆ ਹੈ।

ਸਿਨੇਮਾ ਪ੍ਰਚਾਰ ਦਾ ਇਕ ਏਡਾ ਪ੍ਰਭਾਵਸ਼ਾਲੀ ਸਾਧਨ ਹੈ ਕਿ ਇਸ ਵਿਚ ਜਦ ਅਜਿਹਾ ਝੂਠ ਲੋਕਾਂ ਸਾਹਮਣੇ ਕਲਾ ਦੇ ਅੱਤ ਵਿਕਸਤ ਰੂਪਾਂ ਰਾਹੀਂ ਪਰੋਸਿਆ ਜਾਂਦਾ ਹੈ ਤਾਂ ਲੋਕ ਕਈ ਵਾਰ ਉਸਨੂੰ ਇਕ ਬਾਹਰਮੁਖੀ ਸੱਚਾਈ ਮੰਨ ਲੈਂਦੇ ਹਨ। ਸਨਸਨੀਖੇਜ਼ ਤਰੀਕੇ ਨਾਲ਼ ਪੇਸ਼ ਕੀਤੇ ਗਏ ਤੱਥ ਅਸਲੀਅਤ ਦੀ ਥਾਂ ਲੈ ਲੈਂਦੇ ਹਨ, ਅਤੇ ਇਕ ਮਿੱਥ ਚੇਤਨਾ ਦੀ ਉਸਾਰੀ ਕਰਦੇ ਹਨ। ਮਿਸਾਲ ਵਜੋਂ, ਭਾਵੇਂ 'ਦ ਕੇਰਲਾ ਸਟੋਰੀ' ਦੇ ਹਦਾਇਤਕਾਰ ਸੁਦੀਪਤੋ ਸੇਨ ਨੇ ਵਿਰੋਧ ਤੋਂ ਬਾਅਦ ਆਪਣੀ ਫਿਲਮ ਦੇ ਵੇਰਵਿਆਂ ਵਿਚ ਕੇਰਲਾ ਦੀਆਂ ਆਈ ਐਸ ਆਈ ਐਸ ਵਿਚ ਭਰਤੀ ਹੋਣ ਵਾਲ਼ੀਆਂ ਲੜਕੀਆਂ ਦੇ ਅੰਕੜਿਆਂ ਨੂੰ 32,000 ਤੋਂ ਬਦਲ ਕੇ '3' ਕਰ ਦਿੱਤਾ ਹੈ, ਪਰ ਸੋਸ਼ਲ ਮੀਡੀਆ 'ਤੇ ਬਹੁਤੀ ਚਰਚਾ ਪਹਿਲੇ 32000 ਦੇ ਅੰਕੜੇ ਉੱਤੇ ਹੀ ਹੁੰਦੀ ਰਹੀ ਹੈ। ਇਸ ਤਰ੍ਹਾਂ ਫਿਲਮ ਲੋਕਾਂ ਨੂੰ ਇਹ ਭਰੋਸਾ ਦਿਵਾਉਂਦੀ ਹੈ ਕਿ ਕੇਰਲਾ ਆਈ ਐਸ ਆਈ ਐਸ ਭਰਤੀ ਲਈ ਇਕ ਹੌਟਸਪੌਟ ਹੈ। ਇਹ ਤੁਹਾਨੂੰ ਵਿਸ਼ਵਾਸ ਕਰਵਾਉਂਦੀ ਹੈ ਕਿ ਇੱਥੇ ਕਿਤੇ ਕੋਈ ਸਹਿਮਤੀ ਨਾਲ਼ ਅੰਤਰਜਾਤੀ ਵਿਆਹ ਨਹੀਂ ਹੁੰਦੇ ਅਤੇ ਸਾਰੇ ਮੁਸਲਮਾਨ ਦੁਸ਼ਟ ਅਤੇ ਸਾਜ਼ਿਸ਼ੀ ਹੁੰਦੇ ਹਨ।

ਪਰ ਇਸ ਸਭ ਕਾਸੇ ਦੇ ਬਾਵਜੂਦ ਸਿਨੇਮਾ ਦੀ ਬੇਹੱਦ ਹਾਂਦਰੂ ਭੂਮਿਕਾ ਰਹੀ ਹੈ ਅਤੇ ਸਦਾ ਰਹੇਗੀ। ਸੋਵੀਅਤ ਸਿਨੇਮਾ ਅਤੇ ਆਇਜ਼ੈਂਸਤਾਈਨ ਨੇ ਇਸ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ। ਭਾਰਤ ਵਿਚ ਆਜ਼ਾਦੀ ਲਈ ਘੋਲ਼ ਦੇ ਦੌਰ ਵੇਲ਼ੇ ਅਤੇ ਉਸ ਤੋਂ ਬਾਅਦ ਦੇ ਸਿਨੇਮਾ ਵਿਚ ਵੀ ਅਸੀਂ ਕਈ ਅਗਾਂਹਵਧੂ ਫਿਲਮਾਂ ਵੇਖ ਸਕਦੇ ਹਾਂ। 'ਡਾ. ਕੋਟਨੀਸ ਕੀ ਅਮਰ ਕਹਾਣੀ' ਜਿਹੀਆਂ ਲੋਕਪੱਖੀ ਫਿਲਮਾਂ ਦੀ ਸਿਫਤ ਕੀਤੀ ਜਾਣੀ ਬਣਦੀ ਹੈ। ਭਾਰਤ ਦੇ ਸਿਨੇਮਾ ਵਿਚ, ਸਥਾਪਤੀ ਨੂੰ ਚੁਣੌਤੀ ਦੇਣ ਵਾਲ਼ੀਆਂ ਅਤੇ ਘੱਟ ਗਿਣਤੀਆਂ ਦੇ ਜਬਰ 'ਤੇ ਸਵਾਲ ਕਰਨ ਵਾਲ਼ੀਆਂ ਫਿਲਮਾਂ ਵੀ ਮੌਜੂਦ ਹਨ, ਭਾਵੇਂ ਉਹ ਮੁਕਾਬਲਤਨ ਘੱਟ ਗਿਣਤੀ ਵਿਚ ਹਨ। ਇੱਕ ਪਾਸੇ ਸੋਵੀਅਤ ਯੂਨੀਅਨ ਵੇਲ਼ੇ ਦੀਆਂ ਫਿਲਮਾਂ ਸਨ ਜਿਨ੍ਹਾਂ ਦੀ 1917 ਦੇ ਅਕਤੂਬਰ ਇਨਕਲਾਬ ਤੋਂ ਬਾਅਦ, ਵਲਾਦੀਮੀਰ ਲੈਨਿਨ ਦੀ ਅਗਵਾਈ ਵਾਲ਼ੀ ਬਾਲਸ਼ਵਿਕ ਸਰਕਾਰ ਨੇ ਲੋਕਾਈ ਨੂੰ ਸਿੱਖਿਅਤ ਕਰਨ ਲਈ ਅਤੇ ਲੋਕ ਪੱਖੀ ਸਮਾਜ, ਸਮਾਜਵਾਦ ਦੀ ਉਸਾਰੀ ਦੇ ਟੀਚਿਆਂ ਨੂੰ ਅੱਗੇ ਵਧਾਉਣ ਲਈ ਵਰਤੋਂ ਕੀਤੀ। ਦੂਜੇ ਪਾਸੇ ਨਾਜ਼ੀਆਂ ਵੱਲੋਂ ਬਣਾਈਆਂ ਫਿਲਮਾਂ ਰਾਹੀਂ ਆਰਿਅਨਾਂ ਨੂੰ ਵਡਿਆਉਣ ਅਤੇ ਯਹੂਦੀਆਂ ਨੂੰ ਬਦਨਾਮ ਕਰਨ ਅਤੇ ਹਿਟਲਰ ਵੱਲੋਂ ਯਹੂਦੀਆਂ ਦੇ ਕਤਲੇਆਮ ਨੂੰ ਜਾਇਜ਼ ਠਹਿਰਾਉਣ ਵਜੋਂ ਪੇਸ਼ ਕੀਤਾ ਗਿਆ।

ਭਾਰਤ ਵਿਚ ਸਿਨੇਮਾ ਉੱਤੇ ਇਨ੍ਹਾਂ ਦੋਵੇਂ ਰੁਝਾਨਾਂ ਦਾ ਹੀ ਅਸਰ ਵੇਖਿਆ ਜਾ ਸਕਦਾ ਹੈ। 1940-50 ਦੇ ਦਹਾਕੇ ਵਿਚ ਭਾਰਤ ਅੰਦਰ ਰਚੇ ਸਿਨੇਮਾ ਉੱਤੇ ਸੋਵੀਅਤ ਸਿਨੇਮਾ ਦਾ ਵੀ ਕਿਸੇ ਹੱਦ ਤੱਕ ਪ੍ਰਭਾਵ ਸੀ। ਪਰ ਅੱਜ ਸਿਨੇਮਾ ਵਿਚ ਫਿਰਕੂ ਫਾਸ਼ੀਵਾਦੀ, ਮੁਸਲਿਮ ਵਿਰੋਧੀ, ਅੰਨ੍ਹੀ ਕੌਮਪ੍ਰਸਤੀ ਆਦਿ ਦਾ ਨਫਰਤ ਭਰਿਆ ਪ੍ਰਚਾਰ ਭਾਰਤ ਦੇ ਸਿਨੇਮਾ ਵਿਚ ਲਗਾਤਾਰ ਵਧਦਾ ਜਾ ਰਿਹਾ ਹੈ। ਕਸ਼ਮੀਰ ਫਾਈਲਜ਼ ਅਤੇ ਦ ਕੇਰਲਾ ਸਟੋਰੀ ਵਰਗੀਆਂ ਫਿਲਮਾਂ ਦੀ ਮੋਦੀ ਸਮੇਤ ਹੋਰਨਾਂ ਭਾਜਪਾ ਦੇ ਬੁਲਾਰਿਆਂ ਨੇ ਸ਼ਰ੍ਹੇਆਮ ਹਮਾਇਤ ਕੀਤੀ ਹੈ। ਏਸੇ ਲਈ ਤਾਂ ਮੋਦੀ ਲਾਣੇ ਵੱਲੋਂ ਪਹਿਲਾਜ ਨਿਹਲਾਨੀ, ਗਜੇਂਦਰ ਚੌਹਾਨ ਅਤੇ ਮੁਕੇਸ਼ ਖੰਨਾ ਵਰਗੇ ਸੰਘੀਆਂ ਨੂੰ ਕੇਂਦਰੀ ਫਿਲਮ ਸਰਟੀਫਿਕੇਟ ਬੋਰਡ, ਫਿਲਮ ਅਤੇ ਟੈਲੀਵੀਜਨ ਇੰਸਟੀਚਿਊਟ ਆਫ ਇੰਡੀਆ ਅਤੇ ਬਾਲ ਫਿਲਮ ਸੋਸਾਇਟੀ ਦੇ ਮਹੱਤਵਪੂਰਨ ਅਹੁਦੇ ਦਿੱਤੇ ਜਾਂਦੇ ਰਹੇ ਹਨ।

ਇਸ ਤਰ੍ਹਾਂ ਅਜਿਹੀਆਂ ਫਿਰਕੂ ਏਜੰਡੇ ਵਾਲ਼ੀਆਂ ਫਿਲਮਾਂ, ਸਮਾਜ ਵਿਚਲੇ ਗੰਭੀਰ ਮਸਲਿਆਂ ਅਤੇ ਉਨ੍ਹਾਂ ਦੇ ਅਸਲ ਕਾਰਨਾਂ ਨੂੰ ਸੰਬੋਧਤ ਹੋਣ ਦੀ ਥਾਂ ਲੋਕਾਂ ਨੂੰ ਫਿਰਕੂ ਲੀਹਾਂ ਉੱਤੇ ਆਪਸ ਵਿਚ ਭੜਕਾਉਂਦੀਆਂ ਹਨ। ਪਰ ਅਜਿਹੀਆਂ ਫਿਲਮਾਂ (ਕਸ਼ਮੀਰ ਫਾਈਲਜ਼ ਤੇ ਕੇਰਲਾ ਸਟੋਰੀ ਵਰਗੀਆਂ) ਦੀ ਉਮਰ ਬਹੁਤੀ ਲੰਮੀ ਨਹੀਂ ਹੁੰਦੀ ਕਿਉਂਕਿ ਇਹ ਫਿਲਮਾਂ ਇਕ ਤਾਂ ਰਾਜ ਸੱਤਾ ਦੇ ਨਿਰਦੇਸ਼ ਹੇਠ ਬਣਦੀਆਂ ਹਨ ਜਿਸ ਕਰਕੇ ਫਿਲਮ ਹਦਾਇਤਕਾਰ, ਫਿਲਮ ਕਥਾ ਲੇਖਕ ਦੀ ਕਲਾ ਆਪਣੇ ਪੂਰੇ ਜਲੌਅ ਵਿਚ ਨਿਖਰ ਕੇ ਸਾਹਮਣੇ ਨਹੀਂ ਆਉਂਦੀ ਤੇ ਦੂਜਾ ਜੋ ਇਨ੍ਹਾਂ ਫਿਲਮਾਂ ਨੇ ਪਰੋਸਿਆ ਹੈ ਲੋਕਾਂ ਦੀ ਜ਼ਿੰਦਗੀ ਦੀਆਂ ਅਸਲ ਹਕੀਕਤਾਂ ਉਸ ਦੀ ਪੁਸ਼ਟੀ ਨਹੀਂ ਕਰਦੀਆਂ। ਖੁਦ ਕਸ਼ਮੀਰੀ ਪੰਡਤਾਂ ਅਤੇ ਉਨ੍ਹਾਂ ਦੀਆਂ ਕਈ ਜਥੇਬੰਦੀਆਂ ਨੇ ਕਸ਼ਮੀਰ ਫਾਈਲਜ਼ ਵਰਗੀਆਂ ਫਿਲਮਾਂ ਨੂੰ ਗਲਤ ਕਿਹਾ ਸੀ। ਪਰ ਇਸਦੇ ਬਾਵਜੂਦ ਇਨ੍ਹਾਂ ਫਿਲਮਾਂ ਦੇ ਲੋਕਾਂ ਉੱਤੇ ਪੈਣ ਵਾਲ਼ੇ ਅਸਰ ਨੂੰ ਘਟਾ ਕੇ ਵੀ ਨਹੀਂ ਵੇਖਣਾ ਚਾਹੀਦਾ ਅਤੇ ਸਮੇਂ ਸਮੇਂ 'ਤੇ ਇਨ੍ਹਾਂ ਦੀ ਅਸਲੀਅਤ ਲੋਕਾਂ ਸਾਹਮਣੇ ਲਿਜਾਣੀ ਚਾਹੀਦੀ ਹੈ ਅਤੇ ਇੱਕ ਮਜ਼ਬੂਤ ਬਦਲਵਾਂ ਲੋਕ ਪੱਖੀ ਸਿਨੇਮਾ ਦਾ ਮਾਡਲ ਖੜ੍ਹਾ ਕਰਨ ਦਾ ਯਤਨ ਵਿੱਢਣਾ ਚਾਹੀਦਾ ਹੈ।

## ਦੇਵੀਪ੍ਰਸਾਦ ਮਿਸ਼ਰ ਦੀ ਕਵਿਤਾ
## 'ਉਹ ਮੁਸਲਮਾਨ ਸਨ'

ਉਹ ਕੱਪੜੇ ਬੁਣਦੇ ਸੀ
ਉਹ ਕੱਪੜੇ ਸਿਊਂਦੇ ਸੀ
ਉਹ ਜਿੰਦਰੇ ਬਣਾਉਂਦੇ ਸੀ
ਉਹ ਬਕਸੇ ਬਣਾਉਂਦੇ ਸੀ।

ਉਨ੍ਹਾਂ ਦੀ ਮਿਹਨਤ ਦੀਆਂ ਅਵਾਜ਼ਾਂ
ਪੂਰੇ ਸ਼ਹਿਰ 'ਚ ਗੂੰਜਦੀਆਂ ਰਹਿੰਦੀਆਂ ਸੀ
ਉਹ ਸ਼ਹਿਰ ਦੇ ਬਾਹਰ ਰਹਿੰਦੇ ਸੀ
ਉਹ ਮੁਸਲਮਾਨ ਸਨ
ਪ੍ਰੰਤੂ ਦਮਿਸ਼ਕ ਉਨ੍ਹਾਂ ਦਾ ਸ਼ਹਿਰ ਨਹੀਂ ਸੀ।

ਉਹ ਮੁਸਲਮਾਨ ਸਨ
ਅਰਬ ਦਾ ਪਟਰੌਲ ਉਨ੍ਹਾਂ ਦਾ ਨਹੀਂ ਸੀ
ਉਹ ਦਜ਼ਲਾ ਦਾ ਨਹੀਂ ਜਮਨਾ ਦਾ ਪਾਣੀ ਪੀਂਦੇ ਸਨ
ਉਹ ਮੁਸਲਮਾਨ ਸਨ।

ਉਹ ਮੁਸਲਮਾਨ ਸਨ
ਇਸ ਲਈ ਬਚਕੇ ਨਿਕਲਦੇ ਸਨ
ਉਹ ਮੁਸਲਮਾਨ ਸਨ
ਕੁੱਝ ਕਹਿੰਦੇ ਸੀ ਤਾਂ ਝਿਜਕਦੇ ਸੀ।

ਦੇਸ਼ ਦੇ ਬਹੁਤੇ ਅਖ਼ਬਾਰ ਇਹ ਕਹਿੰਦੇ ਸੀ
ਕਿ ਮੁਸਲਮਾਨਾਂ ਕਰਕੇ ਕਰਫ਼ਿਊ ਲਗਦੇ ਹਨ
ਕਰਫ਼ਿਊ ਲਗਦੇ ਸਨ ਤਾਂ
ਇਕ ਤੋਂ ਬਾਅਦ
ਦੂਸਰੇ ਹਾਦਸੇ ਦੀਆਂ ਖ਼ਬਰਾਂ ਆਉਂਦੀਆਂ ਸੀ
ਉਨ੍ਹਾਂ ਦੀਆਂ ਔਰਤਾਂ
ਬਿਨਾਂ ਦਹਾੜ ਮਾਰੇ ਪਿਛਾੜਾਂ ਖਾਂਦੀਆਂ ਸੀ
ਬੱਚੇ ਕੰਧਾਂ ਨਾਲ ਲੱਗੇ ਰਹਿੰਦੇ ਸੀ

ਉਹ ਮੁਸਲਮਾਨ ਸਨ।
ਉਹ ਮੁਸਲਮਾਨ ਸਨ ਇਸ ਲਈ
ਜਰ ਲੱਗੇ ਜਿੰਦਰਿਆਂ ਦੀ ਤਰ੍ਹਾਂ ਉਹ ਖੁਲ੍ਹਦੇ ਨਹੀਂ ਸੀ

ਉਹ ਜੇ ਪੰਜ ਬਾਰ ਨਮਾਜ਼ ਪੜ੍ਹਦੇ ਸਨ
ਤਾਂ ਉਸ ਤੋਂ ਕਈ ਗੁਣਾਂ ਵੱਧ ਬਾਰ
ਸਿਰ ਪਟਕਦੇ ਸੀ
ਉਹ ਮੁਸਲਮਾਨ ਸਨ।

ਉਹ ਪੁੱਛਣਾ ਚਾਹੁੰਦੇ ਸਨ ਕਿ
ਇਸ ਲਾਲ ਕਿਲੇ ਦਾ ਅਸੀਂ ਕੀ ਕਰੀਏ
ਉਹ ਪੁੱਛਣਾ ਚਾਹੁੰਦੇ ਸਨ ਕਿ
ਇਸ ਹਿੰਮਾਂਯੂ ਦੇ ਮਕਬਰੇ ਦਾ
ਅਸੀਂ ਕੀ ਕਰੀਏ
ਅਸੀਂ ਕੀ ਕਰੀਏ ਇਸ ਮਸੀਤ ਦਾ ਜਿਸ ਦਾ ਨਾਮ
ਕੁਵਤ-ਉਲ-ਇਸਲਾਮ ਹੈ
ਇਸਲਾਮ ਦੀ ਤਾਕਤ।

ਅਦਰਕ ਦੀ ਤਰ੍ਹਾਂ ਉਹ ਬਹੁਤ ਕੌੜੇ ਸੀ
ਉਹ ਮੁਸਲਮਾਨ ਸਨ
ਉਹ ਸੋਚਦੇ ਸੀ ਕਿ ਕਿਧਰੇ ਹੋਰ ਚਲੇ ਜਾਣ
ਪਰ ਨਹੀਂ ਜਾ ਸਕਦੇ ਸਨ
ਉਹ ਸੋਚਦੇ ਸੀ ਇਥੇ ਹੀ ਰਹਿ ਜਾਣ
ਤਾਂ ਨਹੀਂ ਰਹਿ ਸਕਦੇ ਸਨ
ਉਹ ਅੱਧੇ ਜਿਬਾਹ ਕੀਤੇ ਬੱਕਰੇ ਵਾਂਗ ਦਰਦ ਦੇ ਝਟਕੇ
ਮਹਿਸੂਸ ਕਰਦੇ ਸੀ।

ਉਹ ਮੁਸਲਮਾਨ ਸਨ ਇਸ ਲਈ
ਤੂਫ਼ਾਨ ਵਿਚ ਫਸੇ ਜਹਾਜ਼ ਦੇ ਮੁਸਾਫ਼ਰਾਂ ਵਾਂਗ
ਇਕ ਦੂਸਰੇ ਨੂੰ ਭਚੀੜੀ ਰੱਖਦੇ ਸਨ।

ਕੁਝ ਲੋਕਾਂ ਨੇ ਇਹ ਬਹਿਸ ਚਲਾਈ ਸੀ ਕਿ
ਉਨ੍ਹਾਂ ਨੂੰ ਸੁੱਟ ਦਿੱਤਾ ਜਾਵੇ ਤਾਂ
ਕਿਸ ਸਮੁੰਦਰ ਵਿਚ ਸੁੱਟਿਆ ਜਾਵੇ
ਬਹਿਸ ਇਹ ਸੀ
ਕਿ ਉਨ੍ਹਾਂ ਨੂੰ ਧੱਕਿਆ ਜਾਵੇ
ਤਾਂ ਕਿਸ ਪਹਾੜ ਤੋਂ ਧੱਕਿਆ ਜਾਵੇ?
ਉਹ ਮੁਸਲਮਾਨ ਸਨ ਪਰ ਕੀੜੀਆਂ ਨਹੀਂ ਸਨ
ਉਹ ਮੁਸਲਮਾਨ ਸਨ ਪਰ ਚੂਚੇ ਨਹੀਂ ਸਨ।

ਸਾਵਧਾਨ!
ਸਿੰਧ ਦੇ ਦੱਖਣ ਵਿਚ
ਸੈਂਕੜੇ ਸਾਲਾਂ ਦੀ ਨਾਗਰਿਕਤਾ ਦੇ ਬਾਅਦ
ਮਿੱਟੀ ਦੇ ਢੇਲੇ ਨਹੀਂ ਸਨ ਉਹ।

ਉਹ ਚਟਾਨ ਅਤੇ ਉਸ ਵਾਂਗ ਸੱਚ ਸਨ
ਉਹ ਸਿੰਧ ਅਤੇ ਹਿੰਦੂਕੁਸ਼ ਦੀ ਤਰ੍ਹਾਂ ਸੱਚ ਸਨ
ਸੱਚ ਨੂੰ ਜਿਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੋਵੇ
ਉਸ ਤਰ੍ਹਾਂ ਉਹ ਸੱਚ ਸਨ।
ਉਹ ਸੱਭਿਅਤਾ ਦਾ ਜ਼ਰੂਰੀ ਨੇਮ ਸਨ
ਉਹ ਮੁਸਲਮਾਨ ਸਨ ਅਫ਼ਵਾਹ ਨਹੀਂ ਸਨ।

ਉਹ ਮੁਸਲਮਾਨ ਸਨ
ਉਹ ਮੁਸਲਮਾਨ ਸਨ
ਉਹ ਮੁਸਲਮਾਨ ਸਨ

ਉਹ ਨਾ ਹੁੰਦੇ ਤਾਂ ਲਖਨਊ ਨਾ ਹੁੰਦਾ
ਅੱਧਾ ਇਲਾਹਾਬਾਦ ਨਾ ਹੁੰਦਾ
ਮਹਿਰਾਬਾਂ ਨਾ ਹੁੰਦੀਆਂ, ਗੁੰਬਦ ਨਾ ਹੁੰਦਾ
ਆਦਾਬ ਨਾ ਹੁੰਦਾ।
ਮੀਰ ਮਕਦੂਮ ਮੋਮਨ ਨਾ ਹੁੰਦੇ
ਸ਼ਬਾਨਾ ਨਾ ਹੁੰਦੀ।

ਉਹ ਨਾ ਹੁੰਦੇ ਤਾਂ
ਉਪਮਹਾਂਦੀਪ ਦੇ ਸੰਗੀਤ ਨੂੰ ਸੁਣਨ ਵਾਲਾ
ਖ਼ੁਸਰੋ ਨਾ ਹੁੰਦਾ।
ਉਹ ਨਾ ਹੁੰਦੇ ਤਾਂ
ਪੂਰੇ ਦੇਸ਼ ਦੇ ਗੁੱਸੇ ਨਾਲ ਬੇਚੈਨ ਹੋਣ ਵਾਲਾ
ਕਬੀਰ ਨਾ ਹੁੰਦਾ।

ਉਹ ਨਾ ਹੁੰਦੇ ਤਾਂ
ਭਾਰਤੀ ਉਪਮਹਾਂਦੀਪ ਦੇ ਦੁੱਖ ਨੂੰ
ਕਹਿਣ ਵਾਲਾ ਗ਼ਾਲਿਬ ਨਾ ਹੁੰਦਾ।
ਮੁਸਲਮਾਨ ਨਾ ਹੁੰਦੇ ਤਾਂ
ਅਠਾਰਾਂ ਸੌ ਸਤਵੰਜਾ ਨਾ ਹੁੰਦਾ

ਉਹ ਸਨ ਤਾਂ ਚਾਚਾ ਹਸਨ ਸੀ
ਉਹ ਸਨ ਤਾਂ ਪਤੰਗਾਂ ਨਾਲ ਰੰਗੀਨ ਹੁੰਦੇ ਅਸਮਾਨ ਸਨ
ਉਹ ਮੁਸਲਮਾਨ ਸਨ।

**ਭਾਰਤ ਵਿਚ ਲੰਮੇ ਸਮੇਂ ਤੋਂ ਵੱਖ-ਵੱਖ ਪਾਰਟੀਆਂ ਅਤੇ ਇਨ੍ਹਾਂ ਦੇ ਆਗੂਆਂ ਨੇ ਅਜਿਹੀਆਂ ਨੀਤੀਆਂ ਲਾਗੂ ਕੀਤੀਆਂ ਕਿ ਹੌਲੀ-ਹੌਲੀ ਸਿਆਸਤ ਅਤੇ ਲੋਕਤੰਤਰ ਵਿਚ ਨਿਘਾਰ ਆਉਂਦਾ ਗਿਆ। ਕੁਝ ਲੀਡਰਾਂ ਦੇ ਸਮੇਂ ਦੌਰਾਨ ਇਹ ਨਿਘਾਰ ਸਭ ਹੱਦਾਂ ਬੰਨੇ ਪਾਰ ਕਰ ਗਿਆ ਅਤੇ ਆਮ ਮਨੁੱਖ ਲਗਾਤਾਰ ਪੀੜਤ ਹੁੰਦਾ ਗਿਆ। ਉਘੇ ਵਿਦਵਾਨ ਰਾਮਚੰਦਰ ਗੁਹਾ ਨੇ ਆਪਣੇ ਇਸ ਲੇਖ ਵਿਚ ਭਾਰਤੀ ਸਿਆਸਤ, ਵੱਖ-ਵੱਖ ਪਾਰਟੀਆਂ ਅਤੇ ਆਗੂਆਂ ਬਾਰੇ ਚੀਰ-ਫਾੜ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਭਾਰਤੀ ਸਿਆਸਤ ਦੇ ਭਵਿੱਖ ਬਾਰੇ ਵੀ ਕੁਝ ਅਹਿਮ ਟਿੱਪਣੀਆਂ ਕੀਤੀਆਂ ਹਨ।**

# ਭਾਰਤੀ ਸਿਆਸਤ ਦਾ ਭਵਿੱਖ: ਕੁਝ ਖਾਸ ਨੁਕਤੇ






2009 ਦੀਆਂ ਆਮ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਮੈਂ ਦਿੱਲੀ ਦੇ ਇੱਕ ਰਸਾਲੇ ਲਈ ਲੇਖ ਲਿਖਿਆ ਸੀ ਜਿਸ ਵਿਚ ਭਾਰਤ ਵਿਚ ਜਮਹੂਰੀ ਸਿਲਸਿਲੇ 'ਚ ਨਵੀਂ ਜਾਨ ਪਾਉਣ ਲਈ ਚਾਰ ਜ਼ਰੂਰੀ ਚੀਜ਼ਾਂ ਹੋਣ ਦੀ ਕਾਮਨਾ ਕੀਤੀ ਗਈ ਸੀ।

ਪਹਿਲੀ, ਮੈਂ ਚਾਹੁੰਦਾ ਸੀ ਕਿ ਅਜਿਹੀ ਕਾਂਗਰਸ ਬਣੇ ਜੋ ਪੂਰੀ ਤਰ੍ਹਾਂ ਪਰਿਵਾਰ ਦੇ ਚੁੰਗਲ ਵਿਚ ਨਾ ਫਸੀ ਹੋਵੇ। ਦੂਜੀ; ਮੈਂ ਚਾਹੁੰਦਾ ਸੀ, ਅਜਿਹੀ ਭਾਜਪਾ ਜੋ ਆਪਣੇ ਆਪ ਨੂੰ ਆਰ.ਐੱਸ.ਐੱਸ. ਅਤੇ ਹਿੰਦੂ ਰਾਸ਼ਟਰ ਦੇ ਵਿਚਾਰ ਤੋਂ ਦੂਰ ਕਰੇ। ਤੀਜੀ, ਮੈਂ ਚਾਹੁੰਦਾ ਸੀ ਕਿ ਇਕਜੁੱਟ ਅਤੇ ਸੁਧਾਰਮੁਖੀ ਖੱਬੀ ਧਿਰ ਉੱਭਰੇ ਜੋ ਹਿੰਸਾ ਨੂੰ ਪੂਰੀ ਤਰ੍ਹਾਂ ਰੱਦ



**ਰਾਮਚੰਦਰ ਗੁਹਾ**

ਕਰੇ ਅਤੇ ਅਰਥਚਾਰੇ ਉਪਰ ਸਟੇਟ/ਰਿਆਸਤ ਦੇ ਕੰਟਰੋਲ ਨੂੰ ਦਰਕਿਨਾਰ ਕਰਦੀ ਹੋਵੇ। ਚੌਥੀ ਤੇ ਆਖ਼ਰੀ ਇਹ ਕਿ ਦੇਸ਼ ਅੰਦਰ ਵਧ-ਫੁੱਲ ਰਹੇ ਮੱਧਵਰਗ ਦੀਆਂ ਉਮੰਗਾਂ ਦੇ ਆਧਾਰ 'ਤੇ ਅਸਲੋਂ ਨਵੀਂ ਪਾਰਟੀ ਦੀ ਸਿਰਜਣਾ ਹੋਵੇ ਜੋ ਹਰ ਜਾਤ ਜਾਂ ਧਰਮ ਲਈ ਬਾਹਾਂ ਪਸਾਰਦੀ ਹੋਵੇ ਅਤੇ ਅਜਿਹੀਆਂ ਨੀਤੀਆਂ ਨੂੰ ਹੱਲਾਸ਼ੇਰੀ ਦੇਵੇ ਜੋ ਕਿਸੇ ਵਿਸ਼ੇਸ਼ ਫ਼ਿਰਕੇ ਜਾਂ ਨਸਲੀ ਸਮੂਹ 'ਤੇ ਕੇਂਦਰਿਤ ਨਾ ਹੋਣ।

ਪੰਦਰਾਂ ਸਾਲਾਂ ਦੇ ਅਰਸੇ ਅਤੇ ਤਿੰਨ ਆਮ ਚੋਣਾਂ ਤੋਂ ਬਾਅਦ ਮੈਂ ਬਹੁਤ ਆਜਜ਼ੀ ਨਾਲ ਆਪਣੀ ਇੱਛਾ ਸੂਚੀ ਨੂੰ ਚੇਤੇ ਕਰਦਿਆਂ ਦੇਖਣਾ ਚਾਹੁੰਦਾ ਹਾਂ ਕਿ ਇਹ ਸਾਕਾਰ ਹੋਣ ਤੋਂ ਅਜੇ ਕਿੰਨੀ ਕੁ ਦੂਰ ਹੈ। ਹਾਲਾਂਕਿ ਗਾਂਧੀ ਪਰਿਵਾਰ ਤੋਂ ਬਾਹਰਲਾ ਇੱਕ ਆਗੂ ਕਾਂਗਰਸ ਦਾ ਪ੍ਰਧਾਨ ਬਣ ਚੁੱਕਿਆ ਹੈ ਪਰ ਇਹ ਪਾਰਟੀ ਅਜੇ ਵੀ ਪਰਿਵਾਰ ਦੇ ਕੰਟਰੋਲ ਹੇਠ ਹੈ। ਦਰਅਸਲ, ਕਾਂਗਰਸ ਪ੍ਰਧਾਨ ਬਣਨ ਤੋਂ ਥੋੜ੍ਹੀ ਦੇਰ ਬਾਅਦ ਹੀ ਮਲਿਕਾਰਜੁਨ ਖੜਗੇ ਨੇ 'ਭਾਰਤ ਜੋੜੋ ਯਾਤਰਾ' ਵਿਚ ਸ਼ਾਮਿਲ ਹੋ ਕੇ ਆਖਿਆ ਸੀ ਕਿ ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ਰਾਹੁਲ ਗਾਂਧੀ ਹੋਣਾ ਚਾਹੀਦਾ ਹੈ। ਯਾਤਰਾ ਸ਼ੁਰੂ ਹੋਣ ਨਾਲ ਹੀ ਸੋਸ਼ਲ ਮੀਡੀਆ 'ਤੇ 'ਰਾਹੁਲ ਫਾਰ ਪੀ.ਐਮ.' (ਪ੍ਰਧਾਨ ਮੰਤਰੀ ਦੇ ਅਹੁਦੇ ਲਈ ਰਾਹੁਲ) ਦੀ ਮੁਹਿੰਮ ਵਿੱਢ ਦਿੱਤੀ ਗਈ ਸੀ; ਕਰਨਾਟਕ ਵਿਚ ਕਾਂਗਰਸ ਦੀ ਜਿੱਤ ਤੋਂ ਬਾਅਦ ਇਹ ਸੋਸ਼ਲ ਮੀਡੀਆ ਕਾਰਕੁਨ ਹੋਰ ਵੀ ਸਰਗਰਮ ਹੋ ਗਏ ਸਨ। ਇਹ ਠੀਕ ਹੈ ਕਿ ਪਾਰਟੀ ਸਫ਼ਾਂ ਅੰਦਰ ਕੁਝ ਵਿਰੋਧੀ ਸੁਰਾਂ ਸੁਣਦੀਆਂ ਰਹਿੰਦੀਆਂ ਹਨ ਜੋ ਕਦੇ ਕਦਾਈਂ ਪ੍ਰਧਾਨ ਮੰਤਰੀ ਲਈ ਬਦਲਵੇਂ ਕਾਂਗਰਸੀ ਉਮੀਦਵਾਰ ਦਾ ਸੁਝਾਅ ਦਿੰਦੀਆਂ ਰਹਿੰਦੀਆਂ ਹਨ ਤੇ ਇਹ ਕੋਈ ਹੋਰ ਨਹੀਂ ਸਗੋਂ ਰਾਹੁਲ ਦੀ ਭੈਣ ਪ੍ਰਿਅੰਕਾ ਗਾਂਧੀ ਹੈ।

ਜਿੱਥੋਂ ਤੱਕ ਭਾਜਪਾ ਦਾ ਤਾਅਲੁਕ ਹੈ ਤਾਂ ਇਹ ਆਰ.ਐੱਸ.ਐੱਸ. ਅਤੇ ਹਿੰਦੂਤਵ ਤੋਂ ਦੂਰੀ ਅਖਤਿਆਰ ਕਰਨ ਦੇ ਸਵਾਲ ਤੋਂ ਬਹੁਤ ਦੂਰ ਨਜ਼ਰ ਆ ਰਹੀ ਹੈ ਅਤੇ ਅਸਲ ਵਿਚ ਇਹ ਪਹਿਲਾਂ ਨਾਲੋਂ ਵੀ ਜ਼ਿਆਦਾ ਇਸ ਦੀ ਜਕੜ ਵਿਚ ਆ ਚੁੱਕੀ ਹੈ। ਲੋਕ ਸਭਾ ਵਿਚ ਪਾਰਟੀ ਦੇ 300 ਸੰਸਦ ਮੈਂਬਰਾਂ 'ਚੋਂ ਇੱਕ ਵੀ ਮੁਸਲਮਾਨ ਨਹੀਂ ਹੈ ਤੇ ਇਹ ਤੱਥ ਹੀ ਆਮ ਤੌਰ 'ਤੇ ਘੱਟਗਿਣਤੀਆਂ, ਖ਼ਾਸਕਰ ਮੁਸਲਮਾਨਾਂ ਨਾਲ ਸਲੂਕ ਦੇ ਇਸ ਦੇ ਫਲਸਫ਼ੇ ਨੂੰ ਬਿਆਨ ਕਰ ਦਿੰਦਾ ਹੈ ਜਿਨ੍ਹਾਂ ਨੂੰ ਇਹ ਬਰਾਬਰ ਦਾ ਨਾਗਰਿਕ ਮੰਨਣ ਲਈ ਤਿਆਰ ਨਹੀਂ ਹੈ। ਪਾਠ ਪੁਸਤਕਾਂ ਅਤੇ ਸਕੂਲੀ ਸਿਲੇਬਸ ਨੂੰ ਨਵੇਂ ਸਿਰਿਓਂ ਲਿਖਣ ਦਾ ਏਜੰਡਾ ਸੱਤਾਧਾਰੀ ਪਾਰਟੀ ਦੀ ਬਹੁਗਿਣਤੀਪ੍ਰਸਤ ਮਾਨਸਿਕਤਾ ਦਾ ਇੱਕ ਹੋਰ ਪ੍ਰਗਟਾਵਾ ਹੈ।

ਐੱਨ.ਡੀ.ਏ. ਦੀ ਪਹਿਲੀ ਸਰਕਾਰ 1998 ਤੋਂ 2004 ਤੱਕ ਚੱਲੀ ਸੀ। ਇਸ ਦੌਰਾਨ ਵੀ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮ ਹਿੰਦੂਤਵੀ ਪ੍ਰਭਾਵ ਤੋਂ ਅਛੂਤੇ ਨਹੀਂ ਸਨ। ਉਂਝ, ਇਹ ਪ੍ਰਭਾਵ ਕਾਫ਼ੀ ਹੱਦ ਤੱਕ ਦਬਵੇਂ ਸਨ ਜਦੋਂਕਿ 2014 ਵਿਚ ਕੇਂਦਰ ਵਿਚ ਐੱਨ.ਡੀ.ਏ. ਦੇ ਦੂਜੀ ਵਾਰ ਸੱਤਾ ਵਿਚ ਆਉਣ ਤੋਂ ਬਾਅਦ ਇਹ ਬਹੁਤ ਉੱਘੜਵੇਂ ਰੂਪ 'ਚ ਸਾਹਮਣੇ ਆਉਣ ਲੱਗੇ। ਇਸ ਤੋਂ ਇਲਾਵਾ, ਨਾ ਸਿਰਫ਼ ਭਾਜਪਾ ਦਾ ਹੋਰ ਜ਼ਿਆਦਾ ਹਿੰਦੂਤਵੀਕਰਨ ਹੋ ਗਿਆ ਸਗੋਂ ਇਹ ਸ਼ਖ਼ਸੀ ਪੂਜਾ ਦੀ ਗ਼ੁਲਾਮ ਵੀ ਬਣ ਗਈ। ਅਤੀਤ ਵਿਚ ਇੱਕ ਹੱਦ ਤੱਕ ਇੰਦਰਾ ਗਾਂਧੀ ਦੀ ਕਾਂਗਰਸ ਨਾਲੋਂ ਆਪਣੇ ਆਪ ਨੂੰ ਵੱਖਰੀ ਦਰਸਾਉਣ ਖ਼ਾਤਰ ਭਾਜਪਾ 'ਸ਼ਖ਼ਸੀ ਪੂਜਾ' ਵਿਰੋਧੀ ਪੈਂਤੜਾ ਲੈਂਦੀ ਰਹੀ ਸੀ। ਬਹਰਹਾਲ, ਉਹ ਪੈਂਤੜਾ ਹੁਣ ਤਿਆਗ ਦਿੱਤਾ ਗਿਆ ਹੈ ਅਤੇ ਸੰਸਦ ਮੈਂਬਰਾਂ ਤੇ ਕੈਬਨਿਟ ਮੰਤਰੀਆਂ ਅੰਦਰ ਖੁਸ਼ਾਮਦੀ ਢੰਗ ਨਾਲ ਪ੍ਰਧਾਨ ਮੰਤਰੀ ਦੇ ਸੋਹਲੇ ਗਾਉਣ ਦੀ ਹੋੜ ਲੱਗੀ ਰਹਿੰਦੀ ਹੈ।

ਹਾਲ ਹੀ ਵਿਚ ਨਵੇਂ ਸੰਸਦ ਭਵਨ ਦੇ ਉਦਘਾਟਨੀ ਸਮਾਗਮ ਮੌਕੇ ਹੋਈਆਂ ਰਸਮਾਂ ਵਿਚ ਧਾਰਮਿਕ ਬਹੁਗਿਣਤੀਵਾਦ ਅਤੇ ਸ਼ਖ਼ਸੀ ਪੂਜਾ ਦਾ ਇਹ ਮਿਸ਼ਰਨ ਸਥੂਲ ਅਤੇ ਪ੍ਰਤੀਕਾਤਮਕ ਦੋਵਾਂ ਰੂਪਾਂ ਵਿਚ ਪ੍ਰਗਟ ਹੋਇਆ ਸੀ। ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਸਮਾਗਮ 'ਚੋਂ ਉੱਕਾ ਹੀ ਗ਼ੈਰ-ਹਾਜ਼ਰ ਰਹੇ ਜਦੋਂਕਿ ਸਮਾਗਮਾਂ ਦੀ ਕੋਰੀਓਗ੍ਰਾਫੀ 'ਚ ਕੈਬਨਿਟ ਮੰਤਰੀ ਵੀ ਕਿਤੇ-ਕਿਤੇ ਨਜ਼ਰ ਆਏ। ਮਕਸਦ ਇਹ ਸੀ ਕਿ ਸਿਰਫ਼ ਤੇ ਸਿਰਫ਼ ਇੱਕ ਵਿਅਕਤੀ ਨੂੰ ਦਿਖਾਇਆ ਜਾਵੇ ਜਿਸ ਦੌਰਾਨ ਉਸ ਦੁਆਲੇ ਫਰਮਾਬਰਦਾਰ ਪੁਜਾਰੀਆਂ ਨੇ ਘੇਰਾ ਘੱਤਿਆ ਹੋਇਆ ਸੀ। ਉਨ੍ਹਾਂ ਦੇ ਪਾਰਟੀ ਮੈਂਬਰਾਂ ਅਤੇ ਵਡੇਰੇ ਸੰਘ ਪਰਿਵਾਰ ਨੇ ਪ੍ਰਧਾਨ ਮੰਤਰੀ ਨੂੰ 'ਹਿੰਦੂ ਸਮਰਾਟ' ਦਾ ਦਰਜਾ ਦੇ ਦਿੱਤਾ ਹੈ।

ਹੁਣ ਆਉਂਦੇ ਹਾਂ ਖੱਬੀ ਧਿਰ ਵੱਲ ਜੋ ਭਾਰਤੀ ਰਾਜ ਪ੍ਰਣਾਲੀ ਦਾ ਅਜਿਹਾ ਕਾਰਕ ਹੈ ਜਿਸ ਨੇ ਆਪਣੇ ਆਪ ਨੂੰ ਉਸ ਢੰਗ ਨਾਲ ਸੁਧਾਰਿਆ ਜਿਸ ਦੀ ਕਾਮਨਾ ਇਨ੍ਹਾਂ ਸਤਰਾਂ ਦੇ ਲੇਖਕ ਨੇ ਕੀਤੀ ਸੀ। ਇਸ ਦੀ ਥਾਂ ਨਕਸਲੀ ਜਨਤਕ ਖੇਤਰ ਵਿਚ ਸਾਹਮਣੇ ਨਿੱਤਰ ਕੇ ਬਹੁ-ਪਾਰਟੀ ਲੋਕਰਾਜ ਦਾ ਰਾਹ ਅਪਣਾਉਣ ਦੀ ਬਜਾਇ ਉਨ੍ਹਾਂ ਜ਼ਿਲ੍ਹਿਆਂ ਅੰਦਰ ਅੰਨ੍ਹੇਵਾਹ ਹਿੰਸਾ ਦੇ ਕਾਰੇ ਲਗਾਤਾਰ ਕਰ ਰਹੇ ਹਨ ਜਿੱਥੇ ਇਨ੍ਹਾਂ ਦਾ ਥੋੜ੍ਹਾ ਬਹੁਤ ਅਸਰ ਹੈ। ਜਿੱਥੋਂ ਤੱਕ ਸੰਸਦੀ ਸਿਆਸਤ ਕਰਨ ਵਾਲੀ ਖੱਬੀ ਧਿਰ ਦਾ ਤਾਅਲੁਕ ਹੈ ਤਾਂ ਇਹ ਇੱਕ ਸੂਬੇ, ਕੇਰਲ ਦੀ ਸੱਤਾ ਵਿਚ ਬਣੇ ਹੋਏ ਹਨ ਪਰ ਇਸ ਨੇ ਸ਼ਾਸਨ ਦੀ ਆਪਣੀ ਪਹੁੰਚ ਵਿਚ ਕੋਈ ਖ਼ਾਸ ਬਦਲਾਓ ਨਹੀਂ ਲਿਆਂਦਾ। ਉੱਚ ਮਾਨਵੀ ਵਿਕਾਸ ਦੇ ਸੂਚਕਾਂ ਨੂੰ ਬਾਹਰੀ ਪ੍ਰਾਈਵੇਟ ਨਿਵੇਸ਼ ਲਈ ਚੁੰਬਕ ਦਾ ਕੰਮ ਕਰਨਾ ਚਾਹੀਦਾ ਹੈ ਪਰ ਅਜਿਹਾ ਹੋ ਨਹੀਂ ਸਕਿਆ ਕਿਉਂਕਿ ਸੀ.ਪੀ.ਆਈ.(ਐਮ.) ਨੇ ਹਾਲੇ ਵੀ ਅਰਥਚਾਰੇ ਪ੍ਰਤੀ ਕਮਾਂਡ ਅਤੇ ਕੰਟਰੋਲ ਦੀ ਪਹੁੰਚ ਅਪਣਾਈ ਹੋਈ ਹੈ।

ਪੰਦਰਾਂ ਸਾਲ ਪਹਿਲਾਂ ਮੇਰੀ ਖ਼ੁਆਹਿਸ਼ ਸੂਚੀ ਦੀ ਆਖ਼ਰੀ ਸ਼ੈਅ ਸੀ- ਅਸਲੋਂ ਵੱਖਰੀ ਪਾਰਟੀ ਦਾ ਗਠਨ। ਸਿਧਾਂਤਕ ਰੂਪ ਵਿਚ ਇਹ ਇੱਛਾ 2012 ਵਿਚ ਆਮ ਆਦਮੀ ਪਾਰਟੀ ਦੇ ਗਠਨ ਨਾਲ ਪੂਰੀ ਹੋ ਗਈ ਸੀ। ਉਂਝ, ਅਮਲੀ ਰੂਪ ਵਿਚ 'ਆਪ' ਉਹੋ ਜਿਹੀ ਭਰਵੀਂ ਤਬਦੀਲੀ ਨਹੀਂ ਲਿਆ ਸਕੀ ਜਿਸ ਦੀ ਤਵੱਕੋ ਇਸ ਦੇ ਹਮਾਇਤੀਆਂ ਨੇ ਕੀਤੀ ਸੀ। ਹਾਲਾਂਕਿ ਦਿੱਲੀ ਵਿਚ ਸਰਕਾਰੀ ਸਿੱਖਿਆ ਤੇ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਵਿਚ ਇਸ ਦਾ ਰਿਕਾਰਡ ਵਧੀਆ ਰਿਹਾ ਹੈ ਪਰ ਅਰਵਿੰਦ ਕੇਜਰੀਵਾਲ ਦਾ ਗੁੱਡਾ ਬੰਨ੍ਹਣ ਅਤੇ ਨਿਸ਼ਾਨੇ 'ਤੇ ਲਈਆਂ ਜਾ ਰਹੀਆਂ ਘੱਟਗਿਣਤੀਆਂ ਦੇ ਹੱਕ ਵਿਚ ਨਾ ਨਿੱਤਰਨ ਦੇ ਨਾਂਹ ਮੁਖੀ ਰੁਝਾਨ ਵੀ ਕਾਫ਼ੀ ਭਾਰੂ ਹਨ।

ਪੰਦਰਾਂ ਸਾਲ ਪਹਿਲਾਂ ਮੈਂ ਭਾਰਤ ਦੀ ਪਾਰਟੀ ਪ੍ਰਣਾਲੀ ਦੇ ਮੁੜ ਨਿਰਮਾਣ ਲਈ ਚਾਰ ਨੁਕਾਤੀ ਚਾਰਟਰ ਤਿਆਰ ਕੀਤਾ ਸੀ। ਇਸ ਦੌਰਾਨ ਦੇਸ਼ ਅੰਦਰ ਤਿੰਨ ਆਮ ਚੋਣਾਂ ਹੋ ਚੁੱਕੀਆਂ ਹਨ। ਜੇ



2009 ਦਾ ਮੇਰਾ ਇਹ ਚਾਰਟਰ ਹੁਣ ਤੱਕ ਵੀ ਜਿਉਂ ਦਾ ਤਿਉਂ ਪਿਆ ਹੈ ਤਾਂ ਨਿਸ਼ਚੇ ਹੀ ਕੋਈ ਇਹ ਨਤੀਜਾ ਕੱਢ ਸਕਦਾ ਹੈ ਕਿ ਇਸ ਦਾ ਮੁੱਦਈ ਕੋਈ ਅਨਾੜੀ ਜਾਂ ਖ਼ਿਆਲੀ ਪੁਲਾਓ ਪਕਾਉਣ ਵਾਲਾ ਹੋਵੇਗਾ। ਹੁਣ ਮੈਂ ਇਹ ਗੱਲ ਲੜ ਬੰਨ੍ਹ ਲਈ ਹੈ ਕਿ ਕਾਂਗਰਸ ਨੂੰ ਗਾਂਧੀ ਪਰਿਵਾਰ ਨੂੰ ਅਲਵਿਦਾ ਆਖਣ, ਭਾਜਪਾ ਨੂੰ ਆਰ.ਐੱਸ.ਐੱਸ. ਨਾਲੋਂ ਨਾਤਾ ਤੋੜਨ, ਖੱਬੀ ਧਿਰ ਨੂੰ ਮਾਓ ਤੇ ਲੈਨਿਨ ਤੋਂ ਅਗਾਂਹ ਤੱਕਣ ਜਾਂ ਆਮ ਆਦਮੀ ਪਾਰਟੀ ਦੇ ਕਿਸੇ ਅਗਾਂਹਵਧੂ, ਵਾਤਾਵਰਨ ਪ੍ਰਤੀ ਜ਼ਿੰਮੇਵਾਰ ਅਤੇ ਜਰਮਨੀ ਦੀ ਔਰਤਾਂ ਪੱਖੀ ਗ੍ਰੀਨ ਪਾਰਟੀ ਦਾ ਭਾਰਤੀ ਰੂਪ ਬਣਨ ਦੀ ਤਵੱਕੋ ਨਿਰਮੂਲ ਹੈ।

ਅਗਲੀਆਂ ਚੋਣਾਂ ਵਿਚ ਸਾਲ ਕੁ ਦਾ ਸਮਾਂ ਬਚਿਆ ਹੈ। ਉਸ ਦੇ ਪੇਸ਼ੇਨਜ਼ਰ ਮੈਂ ਨਵੀਂ ਇੱਛਾ ਸੂਚੀ ਬਣਾਈ ਹੈ। ਉਹ ਪਹਿਲੀ ਸੂਚੀ ਨਾਲੋਂ ਵਧੇਰੇ ਸਾਵੀਂ ਹੈ। ਮੇਰੀ ਉਮੀਦ ਹੈ ਕਿ ਕਿਸੇ ਵੀ ਇੱਕ ਪਾਰਟੀ ਨੂੰ ਲੋਕ ਸਭਾ ਵਿਚ ਬਹੁਮਤ ਹਾਸਲ ਨਾ ਹੋ ਸਕੇ; ਦਰਅਸਲ, ਇਕਹਿਰੀ ਸਭ ਤੋਂ ਵੱਡੀ ਪਾਰਟੀ ਦੀ ਗਿਣਤੀ ਬਹੁਮਤ ਤੋਂ ਕਾਫ਼ੀ ਘੱਟ ਰਹਿਣੀ ਚਾਹੀਦੀ ਹੈ। ਹਾਲਾਂਕਿ ਸਾਡੇ ਮੌਜੂਦਾ ਪ੍ਰਧਾਨ ਮੰਤਰੀ ਮੁੱਢੋਂ-ਸੁੱਢੋਂ ਹੀ ਸੱਤਾਵਾਦੀ ਹਨ, ਆਮ ਚੋਣਾਂ ਵਿਚ ਲਗਾਤਾਰ ਦੋ ਵਾਰ ਬਹੁਮਤ ਹਾਸਲ ਹੋਣ ਨਾਲ ਉਨ੍ਹਾਂ ਦੀ ਸ਼ਖ਼ਸੀਅਤ ਦੇ ਇਸ ਮਾੜੇ ਪਹਿਲੂ ਨੂੰ ਬਹੁਤ ਬਲ ਮਿਲਿਆ ਹੈ। ਮੋਦੀ ਤੋਂ ਪਹਿਲਾਂ 1971 ਦੀਆਂ ਆਮ ਚੋਣਾਂ ਵਿਚ ਭਾਰੀ ਬਹੁਮਤ ਹਾਸਲ ਹੋਣ ਨਾਲ ਇੰਦਰਾ ਗਾਂਧੀ ਅੰਦਰ ਨਿਰੰਕੁਸ਼ਵਾਦੀ ਰੁਝਾਨ ਪ੍ਰਬਲ ਹੋ ਗਏ ਸਨ। ਮੋਦੀ ਅਤੇ ਇੰਦਰਾ ਦੇ ਅਰਸਿਆਂ ਦੌਰਾਨ ਵੋਟਰਾਂ ਨੇ ਆਪਣੀ ਸਮਝ ਜਾਂ ਇਸ ਦੀ ਘਾਟ ਕਰ ਕੇ 1984 ਦੀਆਂ ਚੋਣਾਂ ਵਿਚ ਰਾਜੀਵ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਨੂੰ 400 ਸੀਟਾਂ ਜਿਤਾ ਦਿੱਤੀਆਂ ਸਨ ਜਿਸ ਦੇ ਦੇਸ਼ ਦੀ ਸਿਆਸਤ ਅਤੇ ਸ਼ਾਸਨ ਲਈ ਬਹੁਤ ਘਾਤਕ ਸਿੱਟੇ ਨਿਕਲੇ ਸਨ।


ਭਾਰਤ ਐਨਾ ਵਿਸ਼ਾਲ ਅਤੇ ਵੰਨ-ਸਵੰਨਤਾ ਭਰਿਆ ਮੁਲਕ ਹੈ ਕਿ ਇਸ ਨੂੰ ਮਿਲ ਜੁਲ ਕੇ ਅਤੇ ਸਲਾਹ ਮਸ਼ਵਰੇ ਤੋਂ ਬਿਨਾਂ ਹੋਰ ਕਿਵੇਂ ਵੀ ਚਲਾਇਆ ਹੀ ਨਹੀਂ ਜਾ ਸਕਦਾ। ਸੰਸਦ ਵਿਚ ਭਾਰੀ ਬਹੁਮਤ ਮਿਲਣ ਨਾਲ ਸੱਤਾਧਾਰੀ ਪਾਰਟੀ ਅੰਦਰ ਹੰਕਾਰ ਜਾਗ ਉੱਠਦਾ ਹੈ। ਇਹੋ ਜਿਹੇ ਬਹੁਮਤ ਦੇ ਜ਼ੋਰ 'ਤੇ ਕੋਈ ਵੀ ਪ੍ਰਧਾਨ ਮੰਤਰੀ ਆਪਣੇ ਵਜ਼ਾਰਤੀ ਸਾਥੀਆਂ ਨੂੰ ਟਿੱਚ ਜਾਣ ਸਕਦਾ ਹੈ, ਵਿਰੋਧੀ ਧਿਰ ਨੂੰ ਦੁਤਕਾਰ ਸਕਦਾ ਹੈ, ਪ੍ਰੈੱਸ ਨੂੰ ਨੱਥ ਪਾਉਂਦਾ ਹੈ ਅਤੇ ਸੁਤੰਤਰ ਅਦਾਰਿਆਂ ਦੀ ਵੁਕਤ ਖ਼ਤਮ ਕਰ ਦਿੰਦਾ ਹੈ ਤੇ ਨਾਲ ਹੀ ਸੂਬਿਆਂ, ਖ਼ਾਸਕਰ ਜਿਨ੍ਹਾਂ ਵਿਚ ਵਿਰੋਧੀ ਪਾਰਟੀ ਦਾ ਆਗੂ ਸੱਤਾ ਚਲਾ ਰਿਹਾ ਹੁੰਦਾ ਹੈ, ਦੇ ਹੱਕਾਂ ਅਤੇ ਹਿੱਤਾਂ ਦੀ ਬੇਹੁਰਮਤੀ ਕਰਦਾ ਹੈ।

ਭਵਿੱਖ ਦੇ ਇਤਿਹਾਸਕਾਰ ਸ਼ਾਇਦ ਕਦੇ ਇਹ ਗੱਲ ਦਰਜ ਕਰਨਗੇ ਕਿ ਕੁੱਲ ਮਿਲਾ ਕੇ ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਨਰਿੰਦਰ ਮੋਦੀ ਨਾਲੋਂ ਪੀ.ਵੀ. ਨਰਸਿਮਹਾ ਰਾਓ, ਅਟਲ ਬਿਹਾਰੀ ਵਾਜਪਾਈ ਅਤੇ ਮਨਮੋਹਨ ਸਿੰਘ ਕਿਤੇ ਬਿਹਤਰ ਪ੍ਰਧਾਨ ਮੰਤਰੀ ਸਨ। ਜ਼ਰੂਰੀ ਨਹੀਂ ਕਿ ਇਹ ਇਸ ਕਰ ਕੇ ਸੀ ਕਿ ਉਹ ਉਨ੍ਹਾਂ ਨਾਲੋਂ ਜ਼ਿਆਦਾ ਸੂਝਵਾਨ ਸਨ ਸਗੋਂ ਇਸ ਕਰ ਕੇ ਕਿ ਰਾਓ, ਵਾਜਪਾਈ ਅਤੇ ਮਨਮੋਹਨ ਸਿੰਘ ਨੇ ਜਿਨ੍ਹਾਂ ਹਾਲਾਤ ਵਿਚ ਸ਼ਾਸਨ ਚਲਾਇਆ ਸੀ, ਉਨ੍ਹਾਂ ਹਾਲਾਤ ਵਿਚ ਆਪਣੇ ਵਜ਼ਾਰਤੀ ਸਾਥੀਆਂ ਨੂੰ ਜ਼ਿਆਦਾ ਖ਼ੁਦਮੁਖ਼ਤਾਰੀ ਦੇਣਾ, ਆਪਣੇ ਗੱਠਜੋੜ ਭਾਈਵਾਲਾਂ (ਜੋ ਵੱਖੋ-ਵੱਖਰੇ ਸਮੂਹਾਂ, ਖਿੱਤਿਆਂ ਅਤੇ ਹਿੱਤਾਂ ਦੀ ਤਰਜਮਾਨੀ ਕਰਦੇ ਸਨ) ਦੀ ਗੱਲ ਸੁਣਨਾ, ਵਿਰੋਧੀ ਧਿਰ ਨਾਲ ਵਧੇਰੇ ਸਰਗਰਮੀ ਨਾਲ ਸਲਾਹ ਮਸ਼ਵਰਾ ਕਰਨਾ, ਸੁਤੰਤਰ ਪ੍ਰੈੱਸ ਨੂੰ ਖੁੱਲ੍ਹ ਦੇਣਾ, ਨਿਆਂਪਾਲਿਕਾ 'ਤੇ ਦਬਾਓ ਨਾ ਪਾਉਣਾ, ਸਰਕਾਰੀ ਸੰਸਥਾਵਾਂ ਦੀ ਖ਼ੁਦਮੁਖ਼ਤਾਰੀ ਵਿਚ ਗ਼ੈਰ-ਵਾਜਬ ਦਖ਼ਲ ਨਾ ਦੇਣਾ, ਸੂਬਿਆਂ ਦੇ ਅਧਿਕਾਰਾਂ ਅਤੇ ਹਿੱਤਾਂ ਦਾ ਸਤਿਕਾਰ ਕਰਨਾ ਉਨ੍ਹਾਂ ਲਈ ਲਾਜ਼ਮੀ ਸੀ। ਜਿਨ੍ਹਾਂ ਸਮਿਆਂ ਵਿਚ ਇਹ ਗੱਠਜੋੜ ਸਰਕਾਰਾਂ ਕੰਮ ਕਰ ਰਹੀਆਂ ਸਨ ਤਾਂ ਇੱਕ ਪਾਰਟੀ ਦੇ ਗਲਬੇ ਅਤੇ ਬੇਲਗਾਮ ਪ੍ਰਧਾਨ ਮੰਤਰੀ ਦੀ ਗ਼ੈਰ-ਮੌਜੂਦਗੀ ਵਿਚ ਆਰਥਿਕ ਵਿਕਾਸ, ਫੈਡਰਲਿਜ਼ਮ, ਘੱਟਗਿਣਤੀਆਂ ਦੇ ਹੱਕਾਂ, ਸੁਤੰਤਰ ਅਦਾਰਿਆਂ ਆਦਿ ਸਭਨਾਂ ਨੂੰ ਬਲ ਮਿਲਿਆ ਸੀ।

ਕੀ 2024 ਦੀਆਂ ਆਮ ਚੋਣਾਂ ਵਿਚ ਨਰਿੰਦਰ ਮੋਦੀ ਅਤੇ ਭਾਜਪਾ ਨੂੰ ਲਗਾਤਾਰ ਤੀਜੀ ਵਾਰ ਬਹੁਮਤ ਹਾਸਲ ਹੋਵੇਗਾ- ਇਹ ਅਜਿਹਾ ਕਾਰਕ ਹੋਵੇਗਾ ਜੋ ਭਾਰਤ ਅੰਦਰ ਲੋਕਰਾਜ, ਬਹੁਵਾਦ ਅਤੇ ਫੈਡਰਲਿਜ਼ਮ ਲਈ ਫ਼ੈਸਲਾਕੁਨ ਬਣ ਸਕਦਾ ਹੈ। ਜੇ ਅਜਿਹਾ ਹੋਇਆ ਤਾਂ ਵਿਰੋਧੀ ਧਿਰ ਨੂੰ ਹੋਰ ਜ਼ਿਆਦਾ ਦਬਾਇਆ ਜਾਵੇਗਾ, ਸੁਤੰਤਰ ਪ੍ਰੈੱਸ ਦੀ ਸੰਘੀ ਹੋਰ ਘੁੱਟ ਦਿੱਤੀ ਜਾਵੇਗੀ, ਘੱਟਗਿਣਤੀਆਂ ਅੰਦਰ ਅਸੁਰੱਖਿਆ ਦੀ ਭਾਵਨਾ ਹੋਰ ਜ਼ਿਆਦਾ ਵਧ ਜਾਵੇਗੀ, ਸੂਬਿਆਂ ਨੂੰ ਪੂਰੀ ਤਰ੍ਹਾਂ ਕੇਂਦਰ ਸਾਹਮਣੇ ਗੋਡੇ ਟੇਕਣ ਲਈ ਆਖਿਆ ਜਾਵੇਗਾ। ਇਹੋ ਜਿਹੇ ਹਾਲਾਤ ਅਰਥਚਾਰੇ ਲਈ ਵੀ ਬਿਨਾਂ ਸ਼ੱਕ ਸ਼ੁਭ ਨਹੀਂ ਹੋਣਗੇ (ਕਿਸੇ ਗੱਠਜੋੜ ਸਰਕਾਰ ਦਾ ਕੋਈ ਵੀ ਪ੍ਰਧਾਨ ਮੰਤਰੀ ਐਨਾ ਘਮੰਡੀ ਨਹੀਂ ਹੋਵੇਗਾ ਕਿ ਨੋਟਬੰਦੀ ਜਿਹਾ ਘਾਤਕ ਤਜਰਬਾ ਕਰਨ ਦਾ ਕਦਮ ਚੁੱਕ ਲਵੇ)।

ਲਿਹਾਜ਼ਾ, ਅਗਲੇ ਸਾਲ ਦੀਆਂ ਆਮ ਚੋਣਾਂ ਲਈ ਮੇਰੀ ਇੱਕੋ-ਇੱਕ ਕਾਮਨਾ ਹੈ ਕਿ ਕਿਸੇ ਵੀ ਪਾਰਟੀ ਨੂੰ 250 ਤੋਂ ਵੱਧ ਸੀਟਾਂ ਨਾ ਮਿਲਣ, ਹਾਲਾਂਕਿ ਜੇ ਇਹ ਗਿਣਤੀ 200 ਤੋਂ ਨਾ ਵਧੇ ਤਾਂ ਹੋਰ ਵੀ ਬਿਹਤਰ ਰਹੇਗਾ। ਜੇ ਇੰਝ ਹੁੰਦਾ ਹੈ ਤਾਂ ਭਾਰਤ ਵਿਚ ਅਜਿਹਾ ਸ਼ਾਸਨ ਚੱਲੇਗਾ ਜੋ ਭਾਵੇਂ ਬਹੁਤ ਜ਼ਿਆਦਾ ਸੂਝ ਭਰਿਆ ਨਾ ਵੀ ਹੋਵੇ ਪਰ ਘੱਟ ਹੰਕਾਰੀ ਜ਼ਰੂਰ ਹੋਵੇਗਾ, ਇੱਕ ਪਾਰਟੀ ਦੇ ਦਮਨ ਵਾਲਾ ਬਿਲਕੁਲ ਨਹੀਂ ਹੋਵੇਗਾ ਤੇ ਕਿਸੇ ਇਕਹਿਰੇ ਵਿਅਕਤੀ 'ਤੇ ਕੇਂਦਰਿਤ ਨਹੀਂ ਹੋਵੇਗਾ ਸਗੋਂ ਇਹ ਸਾਡੇ ਸਭਨਾਂ ਦੇ ਹੱਕ ਦੀ ਗੱਲ ਕਰੇਗਾ।

# ਵਿਜੈ ਵਰਮਾ ਦਾ ਵਿਜੈ ਪਰਚਮ




ਵਿਜੈ ਵਰਮਾ ਨੇ ਆਪਣੀ ਅਦਾਕਾਰੀ ਨਾਲ ਸਭ ਦਾ ਧਿਆਨ ਫਿਲਮ 'ਪਿੰਕ' ਨਾਲ ਖਿੱਚਿਆ ਸੀ। ਇਹ ਫਿਲਮ 2016 ਵਿਚ ਰਿਲੀਜ਼ ਹੋਈ ਸੀ। ਇਸ ਤੋਂ ਪਹਿਲਾਂ ਉਹ ਭਾਵੇਂ 'ਸ਼ੋਰ', 'ਚਿਟਾਗਾਂਗ', 'ਰੰਗਰੇਜ਼', 'ਗੈਂਗਜ਼ ਆਫ ਘੋਸਟਸ' ਵਰਗੀਆ ਫਿਲਮਾਂ ਵਿਚ ਅਦਾਕਾਰੀ ਕਰ ਚੁੱਕਾ ਸੀ ਪਰ ਕਿਸੇ ਨੇ ਢੰਗ ਨਾਲ ਉਸ ਦਾ ਨੋਟਿਸ ਨਹੀਂ ਸੀ ਲਿਆ। 'ਪਿੰਕ' ਨੇ ਉਸ ਦੇ ਵਾਰੇ-ਨਿਆਰੇ ਕਰ ਦਿੱਤੇ ਅਤੇ ਇਸ ਤੋਂ ਬਾਅਦ ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ।

ਇਹੀ ਨਹੀਂ, ਵੈੱਬ ਸੀਰੀਜ਼ ਵਿਚ ਵੀ ਵਿਜੈ ਵਰਮਾ ਨਵੀਆਂ ਪੈੜਾਂ ਪਾਉਣ ਵਿਚ ਕਾਮਯਾਬ ਰਿਹਾ ਹੈ। ਹੁਣ ਉਸ ਦੀਆਂ ਦੋ ਸੀਰੀਜ਼ ਚੱਲ ਰਹੀਆਂ ਹਨ। ਇਕ ਦਾ ਨਾਂ 'ਦਹਾੜ' ਹੈ ਅਤੇ ਦੂਜੀ ਦਾ ਨਾਂ ਹੈ 'ਕਾਲਕੂਟ'। ਦੋਹਾਂ ਸੀਰੀਜ਼ ਵਿਚ ਹੀ ਉਸ ਦੀ ਅਦਾਕਾਰੀ ਦੀ ਖੂਬ ਪ੍ਰਸ਼ੰਸਾ ਹੋਈ ਹੈ। ਹਾਲ ਹੀ ਵਿਚ ਉਸ ਨੂੰ ਬੌਲੀਵੁੱਡ ਹੰਗਾਮਾ ਸਟਾਈਲ ਆਈਕਨਜ਼ ਦਾ 'ਮੋਸਟ ਸਟਾਈਲਿਸ਼ ਐਮਰਜਿੰਗ ਆਈਕਨ' ਦਾ ਐਵਾਰਡ ਵੀ ਮਿਲਿਆ ਹੈ। ਵਿਜੈ ਵਰਮਾ ਦਾ ਜਨਮ 29 ਮਾਰਚ 1986 ਦਾ ਹੈ। ਉਸ ਦਾ ਪਰਿਵਾਰ ਮਾਰਵਾੜੀ ਹੈ ਜੋ ਬਾਅਦ ਵਿਚ ਹੈਦਰਾਬਾਦ (ਤਿਲੰਗਾਨਾ) ਵਿਚ ਵੱਸ ਗਿਆ। ਉਹ ਐਫ.ਟੀ.ਆਈ.ਆਈ. ਦਾ ਪੜ੍ਹਿਆ ਹੋਇਆ ਹੈ।

ਆਪਣੀ ਅਦਾਕਾਰੀ ਬਾਰੇ ਵਿਜੈ ਵਰਮਾ ਦਾ ਕਹਿਣਾ ਹੈ ਕਿ ਉਹ ਫਿਲਮ ਜਾਂ ਸੀਰੀਜ਼ ਵਿਚ ਜਿਹੜਾ ਵੀ ਕਿਰਦਾਰ ਨਿਭਾਅ ਰਿਹਾ ਹੁੰਦਾ ਹੈ, ਉਸ ਨਾਲ ਪੂਰੀ ਤਰ੍ਹਾਂ ਇਕ-ਮਿਕ ਹੋ ਜਾਂਦਾ ਹੈ। ਇਸੇ ਲਈ ਉਸ ਦੀ ਅਦਾਕਾਰੀ ਹਕੀਕਤ ਦੇ ਬਹੁਤ ਕਰੀਬ ਜਾਪਦੀ ਹੈ ਅਤੇ ਇਹੀ ਗੱਲ ਦਰਸ਼ਕਾਂ ਅਤੇ ਫਿਲਮਾਂ ਦੇ ਆਲੋਚਕਾਂ ਦੇ ਦਿਲਾਂ ਨੂੰ ਭਾਉਂਦੀ ਹੈ। ਉਹ ਕਿਰਦਾਰ ਅੰਦਰ ਨਵੀਂ ਰੂਹ ਫੂਕਣ ਲਈ ਜਾਨ ਦੀ ਬਾਜ਼ੀ ਤੱਕ ਲਾ ਦਿੰਦਾ ਹੈ।

# ਕਿੰਜ਼ਾ ਹਾਸ਼ਮੀ ਦਾ ਹੁਸਨ



ਪਾਕਿਸਤਾਨੀ ਅਦਾਕਾਰਾ ਕਿੰਜ਼ਾ ਹਾਸ਼ਮੀ ਅੱਜ ਕੱਲ੍ਹ ਆਪਣੇ ਨਵੇਂ ਡਰਾਮੇ 'ਮੇਰੇ ਬਨ ਜਾਉ' ਨਾਲ ਚਰਚਾ ਵਿਚ ਹੈ। ਇਸ ਡਰਾਮੇ ਵਿਚ ਕਿੰਜ਼ਾ ਹਾਸ਼ਮੀ ਨੇ ਅਜ਼ਮੀਆ ਦਾ ਕਿਰਦਾਰ ਨਿਭਾਇਆ ਹੈ। ਡਰਾਮੇ ਦੀ ਕਹਾਣੀ ਆਪਣੇ ਖਾਵੰਦ ਨੂੰ ਖੁਸ਼ ਰੱਖਣ ਦੀ ਹੈ। ਇਸ ਡਰਾਮੇ ਵਿਚ ਕਈ

**ਆਮਨਾ ਕੌਰ**

ਉਤਰਾਅ-ਚੜ੍ਹਾਅ ਆਉਂਦੇ ਹਨ ਜਿਸ ਨੂੰ ਕਿੰਜ਼ਾ ਹਾਸ਼ਮੀ ਨੇ ਬਾਖੂਬੀ ਨਿਭਾਇਆ ਹੈ।

7 ਮਾਰਚ 1997 ਨੂੰ ਜਨਮੀ ਕਿੰਜ਼ਾ ਹਾਸ਼ਮੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2014 ਵਿਚ 'ਅਧੂਰਾ ਮਿਲਨ' ਨਾਲ ਕੀਤੀ ਸੀ। ਇਸ ਤੋਂ ਬਾਅਦ ਉਸ ਨੇ ਬਹੁਤ ਸਾਰੇ ਟੈਲੀਵਿਜ਼ਨ ਨਾਟਕਾਂ ਵਿਚ ਕੰਮ ਕੀਤਾ ਅਤੇ ਇਸ ਖੇਤਰ ਵਿਚ ਆਪਣੇ ਲਈ ਖਾਸ ਥਾਂ ਬਣਾਈ। ਉਸ ਦੀ ਸਭ ਤੋਂ ਜ਼ਿਆਦਾ ਚਰਚਾ ਹਮ ਟੀ.ਵੀ. ਦੇ ਰੁਮਾਂਟਿਕ ਨਾਟਕ 'ਇਸ਼ਕ ਤਮਾਸ਼ਾ' ਨਾਲ ਹੋਈ। ਇਹ ਨਾਟਕ 2018 ਵਿਚ ਨਸ਼ਰ ਹੋਇਆ ਸੀ ਅਤੇ ਇਸ ਵਿਚ ਕਿੰਜ਼ਾ ਹਾਸ਼ਮੀ ਨੇ ਖਲਨਾਇਕਾ ਦਾ ਕਿਰਦਾਰ ਨਿਭਾਇਆ ਸੀ। ਇਹ ਕਿਰਦਾਰ ਇੰਨਾ ਅਹਿਮ ਹੋ ਨਿੱਬੜਿਆ ਕਿ ਕਿੰਜ਼ਾ ਹਾਸ਼ਮੀ ਨੂੰ ਹਮ ਐਵਾਰਡਸ ਦਾ ਸਰਵੋਤਮ ਅਦਾਕਾਰਾ (ਖਲਨਾਇਕਾ) ਦਾ ਇਨਾਮ ਦਿੱਤਾ ਗਿਆ।

ਕਿੰਜ਼ਾ ਹਾਸ਼ਮੀ ਨੂੰ ਭਾਰਤੀ ਦਰਸ਼ਕਾਂ ਦਾ ਵੀ ਭਰਪੂਰ ਹੁੰਗਾਰਾ ਮਿਲਿਆ ਹੈ। ਯਾਦ ਰਹੇ ਕਿ ਪਹਿਲਾਂ-ਪਹਿਲ ਪਾਕਿਸਤਾਨੀ ਡਰਾਮਿਆਂ ਨੂੰ ਭਾਰਤੀ ਦਰਸ਼ਕਾਂ ਦਾ ਹੁੰਗਾਰਾ 2014 ਵਿਚ ਮਿਲਣਾ ਸ਼ੁਰੂ ਹੋਇਆ ਸੀ ਜਦੋਂ 'ਜ਼ਿੰਦਗੀ' ਚੈਨਲ 23 ਜੂਨ 2014 ਨੂੰ ਸ਼ੁਰੂ ਹੋਇਆ ਸੀ ਅਤੇ ਇਸ ਉਤੇ ਪਾਕਿਸਤਾਨ ਵਿਚ ਬਣੇ ਡਰਾਮੇ ਨਸ਼ਰ ਕੀਤੇ ਜਾਣ ਲੱਗੇ ਸਨ ਪਰ ਇਹ ਚੈਨਲ ਛੇਤੀ ਹੀ ਫਿਰਕੂ ਸਿਆਸਤ ਦੀ ਭੇਟ ਚੜ੍ਹ ਗਿਆ। ਹੋਇਆ ਇੰਝ ਕਿ ਇਸ ਚੈਨਲ ਦਾ ਕਰਤਾ-ਧਰਤਾ ਹੌਲੀ-ਹੌਲੀ ਭਾਰਤੀ ਜਨਤਾ ਪਾਰਟੀ ਦੇ ਨੇੜੇ ਚਲਾ ਗਿਆ ਅਤੇ ਸਭ ਜਾਣਦੇ ਹਨ ਕਿ ਭਾਰਤੀ ਜਨਤਾ ਪਾਰਟੀ ਦਾ ਪਾਕਿਸਤਾਨ ਪ੍ਰਤੀ ਰਵੱਈਆ ਕਿਸ ਤਰ੍ਹਾਂ ਹੈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਦੀ ਅੱਧੀ ਸਿਆਸਤ ਤਾਂ ਪਾਕਿਸਤਾਨ ਦੇ ਵਿਰੋਧ ਵਿਚੋਂ ਚੱਲਦੀ ਹੈ ਤਾਂ ਕਿ ਲੋਕਾਂ ਨੂੰ ਫਿਰਕੂ ਆਧਾਰ ਉਤੇ ਵੰਡਿਆ ਜਾ ਸਕੇ। ਇਉਂ 2017 ਵਿਚ ਇਹ ਚੈਨਲ ਬੰਦ ਕਰ ਦਿੱਤਾ ਗਿਆ। ਬਾਅਦ ਵਿਚ ਯੂਟਿਊਬ ਨੇ ਭਾਰਤੀ ਦਰਸ਼ਕਾਂ ਲਈ ਪਾਕਿਸਤਾਨੀ ਡਰਾਮਿਆਂ ਦੇ ਰਾਹ ਖੋਲ੍ਹ ਦਿੱਤੇ। ਹੁਣ ਭਾਰਤੀ ਦਰਸ਼ਕਾਂ ਦਾ ਅੱਛਾ-ਖਾਸਾ ਹਿੱਸਾ ਪਾਕਿਸਤਾਨੀ ਡਰਾਮੇ ਦੇਖਦਾ ਹੈ।

# ਕੈਰੀ ਆਨ ਜੱਟਾ-3: ਮਾੜੀ ਫਿਲਮ, ਅੰਨ੍ਹੀ ਕਮਾਈ

ਪੰਜਾਬੀ ਫਿਲਮ 'ਕੈਰੀ ਆਨ ਜੱਟਾ-3' ਬਾਕਸ ਆਫਿਸ 'ਤੇ ਰਿਕਾਰਡ ਤੋੜ ਰਹੀ ਹੈ। ਇਹ ਅਜਿਹੀ ਪਹਿਲੀ ਪੰਜਾਬੀ ਫਿਲਮ ਹੋ ਨਿੱਬੜੀ ਹੈ ਜਿਸ ਨੇ 100 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕੀਤੀ ਹੈ। ਇਹੀ ਨਹੀਂ, ਇਹ ਪਹਿਲੇ ਹੀ ਦਿਨ ਸਭ ਤੋਂ ਵੱਧ ਕਮਾਈ ਕਰਨ ਵਾਲੀ ਫਿਲਮ ਵੀ ਬਣੀ ਸੀ। ਇਸ ਫਿਲਮ ਨੇ ਪਹਿਲੇ ਹੀ ਦਿਨ 3.55 ਕਰੋੜ ਰੁਪਏ ਦੀ ਕਮਾਈ ਕੀਤੀ ਸੀ।

ਇਹ ਫਿਲਮ 29 ਜੁਲਾਈ ਨੂੰ ਰਿਲੀਜ਼ ਹੋਈ ਸੀ ਅਤੇ ਇਸ ਫਿਲਮ ਨੂੰ ਇਕ ਵੀ ਚੰਗਾ ਰਿਵਿਊ ਨਹੀਂ ਮਿਲਿਆ। ਦਰਸ਼ਕਾਂ ਦਾ ਵੀ ਕਹਿਣਾ ਸੀ ਕਿ ਫਿਲਮ ਬਹੁਤ ਮਾੜੀ ਬਣੀ ਹੈ। ਅਸਲ ਵਿਚ ਦਰਸ਼ਕ ਇਸ ਫਿਲਮ ਦਾ ਮੁਕਾਬਲਾ ਇਸ ਸੀਰੀਜ਼ ਤਹਿਤ ਪਹਿਲਾਂ ਬਣੀਆਂ ਫਿਲਮਾਂ 'ਕੈਰੀ ਆਨ ਜੱਟਾ' ਅਤੇ 'ਕੈਰੀ ਆਨ ਜੱਟਾ-2' ਨਾਲ ਕਰ ਰਹੇ ਸਨ। ਸਭ ਦਰਸ਼ਕਾਂ ਦੀ ਰਾਇ ਸੀ ਕਿ 'ਕੈਰੀ ਆਨ ਜੱਟਾ' ਫਿਲਮ ਠੀਕ ਸੀ। ਸਾਰੇ ਅਦਾਕਾਰਾਂ ਦੀ ਅਦਾਕਾਰੀ ਵੀ ਠੀਕ ਹੀ ਸੀ ਪਰ 'ਕੈਰੀ ਆਨ ਜੱਟਾ-2' ਵਿਚ 'ਕੈਰੀ ਆਨ ਜੱਟਾ' ਵਰਗੀ ਕੋਈ ਗੱਲ ਨਹੀਂ ਸੀ। ਹੁਣ 'ਕੈਰੀ ਆਨ ਜੱਟਾ-3' ਭਾਵੇਂ ਰਿਕਾਰਡ ਕਾਇਮ ਕਰ ਰਹੀ ਹੈ ਪਰ ਇਸ ਸੀਰੀਜ਼ ਵਿਚੋਂ ਸਭ ਤੋਂ ਮਾੜੀ ਫਿਲਮ 'ਕੈਰੀ ਆਨ ਜੱਟਾ-3' ਨੂੰ ਹੀ ਗਿਣਿਆ ਜਾ ਰਿਹਾ ਹੈ। ਫਿਲਮ ਵਿਚ ਜਿਸ ਤਰ੍ਹਾਂ ਦੀ ਕਾਮੇਡੀ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਉਸ ਨੂੰ ਫਿਲਮ ਆਲੋਚਕਾਂ ਅਤੇ ਬਹੁਤ ਸਾਰੇ ਦਰਸ਼ਕਾਂ ਨੇ ਸਵੀਕਾਰ ਨਹੀਂ ਕੀਤਾ ਹੈ। ਫਿਲਮ 'ਕੈਰੀ ਆਨ ਜੱਟਾ-3' ਗਿੱਪੀ ਗਰੇਵਾਲ ਦੀ ਘਰੇਲੂ ਪ੍ਰੋਡਕਸ਼ਨ ਦੀ ਫਿਲਮ ਹੈ। ਫਿਲਮ ਦੀ ਸਾਰੀ ਸ਼ੂਟਿੰਗ ਇੰਗਲੈਂਡ ਵਿਚ ਮੁਕੰਮਲ ਹੋਈ ਹੈ। ਫਿਲਮ ਵਿਚ ਗਿੱਪੀ

**ਕੁਦਰਤ ਕੌਰ**

ਗਰੇਵਾਲ ਤੋਂ ਇਲਾਵਾ ਸੋਨਮ ਬਾਜਵਾ, ਐਮੀ ਵਿਰਕ ਨੇ ਅਦਾਕਾਰੀ ਕੀਤੀ ਹੈ।

ਉਂਝ, ਇਕ ਗੱਲ ਤੋਂ ਸਭ ਹੈਰਾਨ ਹਨ ਕਿ ਇਕ ਪਾਸੇ ਤਾਂ ਫਿਲਮ ਦੀ ਇੰਨੀ ਤਿੱਖੀ ਆਲੋਚਨਾ ਹੋ ਰਹੀ ਹੈ, ਦੂਜੇ ਬੰਨੇ ਫਿਲਮ ਇੰਨੀ ਜ਼ਿਆਦਾ ਕਮਾਈ ਕਰ ਰਹੀ ਹੈ। ਇਸ ਬਾਰੇ ਕੁਝ ਫਿਲਮ ਆਲੋਚਕਾਂ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਇਹ ਜ਼ਰੂਰੀ ਨਹੀਂ ਕਿ ਚੰਗੀ ਫਿਲਮ ਵੱਧ ਪੈਸੇ ਕਮਾਏ, ਇਸੇ ਤਰ੍ਹਾਂ ਇਹ ਵੀ ਜ਼ਰੂਰੀ ਨਹੀਂ ਕਿ ਜਿਹੜੀ ਫਿਲਮ ਮਾੜੀ ਹੈ, ਉਹ ਕਮਾਈ ਨਹੀਂ ਕਰੇਗੀ। ਅਸਲ ਵਿਚ ਫਿਲਮਾਂ ਦੀ ਕਮਾਈ ਦਾ ਮੀਟਰ ਬੜਾ ਅਵੱਲਾ ਹੈ। ਹਾਲ ਹੀ ਵਿਚ ਫਿਲਮਸਾਜ਼ ਜਤਿੰਦਰ ਮੌਹਰ ਦੀ ਫਿਲਮ 'ਮੌੜ' ਰਿਲੀਜ਼ ਹੋਈ। ਇਸ ਫਿਲਮ ਦੀ ਬਹੁਤ ਜ਼ਿਆਦਾ ਤਾਰੀਫ ਹੋਈ ਪਰ ਇਹ ਫਿਲਮ ਓਨੀ ਕਮਾਈ ਨਹੀਂ ਕਰ ਸਕੀ ਜਿੰਨੀ ਇਸ ਤੋਂ ਆਸ ਕੀਤੀ ਜਾ ਰਹੀ ਸੀ। ਉਂਝ, ਸਾਰਿਆਂ ਨੇ ਸਵੀਕਾਰ ਕੀਤਾ ਕਿ ਫਿਲਮ 'ਮੌੜ' ਪੰਜਾਬੀ ਸਿਨੇਮਾ ਦੇ ਇਤਿਹਾਸ ਦੀ ਖਾਸ ਫਿਲਮ ਹੋ ਨਿੱਬੜੀ ਹੈ। ਇਸ ਪੱਖ ਤੋਂ 'ਕੈਰੀ ਆਨ ਜੱਟਾ-3' ਵਧੇਰੇ ਕਮਾਈ ਕਰਨ ਵਾਲੀ ਸਭ ਤੋਂ ਮਾੜੀ ਫਿਲਮ ਬਣ ਗਈ ਹੈ।






*ਫਿਲਮ 'ਕੈਰੀ ਆਨ ਜੱਟਾ-3' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਇਕ ਦ੍ਰਿਸ਼।*



# ਰਾਜਸ਼ਿਰੀ ਦੇਸ਼ਪਾਂਡੇ ਦਾ ਰਾਜ

ਅਦਾਕਾਰਾ ਰਾਜਸ਼ਿਰੀ ਦੇਸ਼ਪਾਂਡੇ ਦਾ ਕਹਿਣਾ ਹੈ ਕਿ ਉਹ ਕੋਈ ਵੀ ਕਿਰਦਾਰ ਨਿਭਾਉਣ ਤੋਂ ਪਹਿਲਾਂ ਪੂਰੀ ਤਿਆਰੀ ਕਰਦੀ ਹੈ। ਉਹ ਆਪਣੇ ਕੰਮ ਨੂੰ ਪੂਰੀ ਗੰਭੀਰਤਾ ਨਾਲ ਲੈਂਦੀ ਹੈ। ਯਾਦ ਰਹੇ ਕਿ ਰਾਜਸ਼ਿਰੀ ਫਿਲਮਸਾਜ਼ ਪੈਨ ਨਲਿਨ ਦੀ ਫਿਲਮ 'ਐਂਗਰੀ ਇੰਡੀਅਨ ਗੌਡੈੱਸ' ਵਿਚ ਲਕਸ਼ਮੀ ਦੀ ਭੂਮਿਕਾ ਨਿਭਾਉਣ ਤੋਂ ਬਾਅਦ ਕੌਮਾਂਤਰੀ ਪੱਧਰ 'ਤੇ ਚਰਚਾ ਵਿਚ ਆਈ ਸੀ। ਫਿਰ ਉਸ ਨੇ ਸਨਲ ਕੁਮਾਰ ਸਸੀਧਰਨ ਦੀ ਫਿਲਮ 'ਸੈਕਸੀ ਦੁਰਗਾ' ਵਿਚ ਦੁਰਗਾ ਦਾ ਕਿਰਦਾਰ ਨਿਭਾਅ ਕੇ ਵਾਹ-ਵਾਹ ਖੱਟੀ। ਬੀ.ਬੀ.ਸੀ.-ਵੰਨ ਦੇ ਟੀ.ਵੀ. ਡਰਾਮੇ 'ਮੈਕਮਾਫੀਆ' ਨਾਲ ਤਾਂ ਉਸ ਦਾ ਡੰਕਾ ਹਰ ਥਾਂ ਵੱਜ ਗਿਆ ਸੀ।



Women Cultural Society of Indiana Presents
in association with Moodz Entertainment
Live performance by
Kulwinder Kally & Gurlez Akhtar
8 ਵਾਂ ਤੀਆਂ
ਦਾ ਮੇਲਾ
Photography Partner
Harjas Wedding Studio
DJ PARTNER
DJ BILLA
Jabbo Sisters
Amarjit Kaur & Daljit Kaur
Jessica kaur
Moodz Entertainment
Jasneet Palaha Ahluwalia
Harjas Media Group
Harpreet Priya
(Life worth living inc)
TICKET PRICES
$35
(FOOD INCLUDED)
Free Entry Kids Under 10
Performances :- Gidha,Bhangra,Dance,Live Singing
BLUE DIAMOND
BANQUET HALL
WHERE MEMORIES ARE MADE
5425 Thompson Rd Indianapolis IN 46237
Media Partner
Harjas TV
STARTS AT
1-7 PM
AUG
06 SUNDAY
2023
Contact Jabbo Sisters Daljit 317-308-8345 Amarjit 317-748-3477
Jessica Kaur +1 (310) 980-2186